# ਸਿਰਜਣਾ

ਜੁਲਾਈ-ਸਤੰਬਰ 2013 (ਅੰਕ 169)

**July- September 2013**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ



ਜੁਲਾਈ-ਸਤੰਬਰ 2013 **169** 30 ਰੁਪਏ

# ਸਿਰਜਣਾ

169
ਜੁਲਾਈ-ਸਤੰਬਰ 2013

ਸੰਪਾਦਕ : ਰਘਬੀਰ ਸਿੰਘ
Editor : Raghbir Singh



1728, ਸੈਕਟਰ 43-ਬੀ,
ਚੰਡੀਗੜ੍ਹ-160 022
ਫੋਨ : +91-172-2601693



**SIRJANA**
***1728, Sector 43-B,***
***Chandigarh-160 022***
***INDIA***
***Phone : +91-172-2601693***
***E-mail :***
***raghbirssirjana@yahoo.com***



Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


## ਇਸ ਅੰਕ ਵਿਚ


ਰਘਬੀਰ ਸਿੰਘ / ਸੰਪਾਦਕੀ ਨਿਬੰਧ / ਗ਼ਦਰੀ ਸੂਰਬੀਰਾਂ ਨੂੰ ਚੇਤੇ ਕਰਦਿਆਂ / 1

ਨੀਰੂ ਅਸੀਮ / ਪੰਜ ਕਵਿਤਾਵਾਂ / 10

ਨੂਰ ਸੰਤੋਖਪੁਰੀ / ਬੁੱਢਾ ਹੋ ਚੁੱਕਾ ਲੇਖਕ: ਸੱਤ ਕਵਿਤਾਵਾਂ / 13

ਗੁਲਜ਼ਾਰ ਸਿੰਘ ਸੰਧੂ / ਨਿਬੰਧ/ਮੈਂ ਤੇ ਮੇਰੀ ਰਚਨਾਕਾਰੀ / 17

ਹਰਜੀਤ ਅਟਵਾਲ / ਕਹਾਣੀ / ਧੁੱਪ ਦੇ ਪੈਰਾਂ ਹੇਠ / 45

ਹਰਪ੍ਰੀਤ ਸੇਖਾ / ਕਹਾਣੀ / ਅਗਨੀ ਪਰੀਖਿਆ / 51

ਜਿੰਦਰ / ਕਹਾਣੀ / ਕਿਤੇ ਕੋਈ ਹੈ/62

ਮੁਖਤਿਆਰ ਸਿੰਘ / ਕਹਾਣੀ / ਜਬ੍ਹਾੜੇ / 71

ਸੁਰਜੀਤ ਹਾਂਸ / ਰਿਵਿਊ ਨਿਬੰਧ / ਦੇਸ਼ ਕਾਲ ਵਾਲਾ ਦੇਸ਼ ਅਤੇ ਸਰਮਾਇਆ / 78

ਦੇਵਿੰਦਰ ਕੌਰ / ਨਿਬੰਧ / ਪੰਜਾਬੀ ਵਿਰਸਾ : ਗਲੋਬਲੀ ਪਰਿਪੇਖ / 84

ਸਤਿੰਦਰਪਾਲ ਸਿੰਘ / ਪੁਸਤਕ ਰਿਵਿਊ / ਚੇਤਿਆਂ ਦੀ ਚਿਲਮਨ / 90

ਡਾ. ਰਾਜਵੰਤ ਕੌਰ / ਪੁਸਤਕ ਰਿਵਿਊ / ਖੂਨ ਦੀ ਹੋਲੀ / 92

ਰਾਜਿੰਦਰਪਾਲ ਸਿੰਘ / ਪੁਸਤਕ ਰਿਵਿਊ / ਮੈਂ ਵੀ ਆਦਿ ਜੁਗਾਦਿ / 95

ਚੰਦਰ ਮੋਹਨ/ ਪੁਸਤਕ ਰਿਵਿਊ/ਜਲਾਵਤਨ/96



ਟਾਈਟਲ ਚਿੱਤਰ : ਦੇਵ    ਟਾਈਪ-ਸੈਟਿੰਗ ਅਤੇ ਡਿਜ਼ਾਈਨਿੰਗ: ਰਾਜਪ੍ਰੀਤ ਸਿੰਘ

ਚੰਦਾ-ਦਸ ਅੰਕ : ਦੇਸ : 300 ਰੁਪਏ, ਵਾਰਸ਼ਿਕ : 120 ਰੁਪਏ
ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 25 ਪੌਂਡ, 50 ਡਾਲਰ,ਵਾਰਸ਼ਿਕ:10 ਪੌਂਡ, 20 ਡਾਲਰ


*ਗ਼ਦਰ ਸ਼ਤਾਬਦੀ*

# *ਗ਼ਦਰੀ ਸੂਰਬੀਰਾਂ ਨੂੰ ਚੇਤੇ ਕਰਦਿਆਂ*

### *ਰਘਬੀਰ ਸਿੰਘ*

*ਇਹ ਵਰ੍ਹਾ, ਸਨ 2013, ਹਿੰਦੁਸਤਾਨ ਗ਼ਦਰ ਪਾਰਟੀ ਦੀ ਸਥਾਪਨਾ ਦੀ ਸ਼ਤਾਬਦੀ ਦਾ ਵਰ੍ਹਾ ਹੈ। ਭਾਵੇਂ ਅਮਰੀਕਾ ਦੇ ਪੱਛਮੀ ਤਟ ਉੱਤੇ ਅਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਵੱਖ ਵੱਖ ਰੂਪਾਂ ਵਿਚ ਕੌਮੀ ਭਾਵਨਾਵਾਂ ਦਾ ਪ੍ਰਗਟਾਅ ਕਈ ਵਰ੍ਹੇ ਪਹਿਲਾਂ ਹੀ ਹੋਣ ਲੱਗਾ ਸੀ ਪਰ ਇਹਨਾਂ ਭਾਵਨਾਵਾਂ ਦੇ ਠੋਸ ਪ੍ਰਗਟਾਅ ਵਜੋਂ ਜੱਥੇਬੰਦਕ ਤੌਰ 'ਤੇ ਗ਼ਦਰ ਪਾਰਟੀ ਇਕ ਸੌ ਸਾਲ ਪਹਿਲਾਂ ਸਨ 1913 ਵਿਚ ਵਜੂਦ ਵਿਚ ਆਈ ਸੀ। ਰਾਜਸੀ ਗ਼ੁਲਾਮੀ ਪ੍ਰਤੀ ਅਥਾਹ ਨਫਰਤ ਅਤੇ ਕੌਮੀ ਆਜ਼ਾਦੀ ਦੇ ਜਜ਼ਬੇ ਨਾਲ ਲਬਰੇਜ਼ ਸਾਧਾਰਨ ਕਿਰਤੀ ਘਰਾਂ ਦੇ ਜੰਮਪਲ ਲੋਕਾਂ ਨੇ ਇਸ ਪਾਰਟੀ ਦੀ ਸਥਾਪਨਾ ਕੀਤੀ ਸੀ। ਇਹ ਲੋਕ ਚੰਗੇ ਰੁਜ਼ਗਾਰ ਦੀ ਭਾਲ ਵਿਚ ਆਪਣੀ ਜੰਮਣ-ਭੋਂ ਤੋਂ ਹਜ਼ਾਰਾਂ ਮੀਲਾਂ ਦੂਰ, ਧਰਤੀ ਦੇ ਦੂਜੇ ਸਿਰੇ ਉੱਤੇ, ਪਹੁੰਚੇ ਸਨ। ਅਤੇ ਕੈਨੇਡਾ ਅਮਰੀਕਾ ਵਿਚ ਆ ਕੇ ਹੀ ਉਹਨਾਂ ਨੂੰ ਅਹਿਸਾਸ ਹੋਇਆ ਸੀ ਕਿ ਆਪਣੇ ਮੁਲਕ ਦੇ ਗ਼ੁਲਾਮ ਹੋਣ ਦਾ ਕੀ ਅਰਥ ਹੁੰਦਾ ਹੈ। ਏਸੇ ਅਹਿਸਾਸ ਵਿਚੋਂ ਆਪਣੀ ਨਿੱਜੀ ਭੁੱਖ ਤੇ ਤੋਟਾਂ ਨੂੰ ਵਿਸਾਰਕੇ ਉਹਨਾਂ ਨੇ ਦੇਸ਼ ਦੀ ਆਜ਼ਾਦੀ ਦਾ ਝੰਡਾ ਚੁੱਕ ਲਿਆ ਸੀ।*

*ਕੌਮੀ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿਚ ਇਹ ਤੱਥ ਹੁਣ ਅਕੱਟ ਰੂਪ ਵਿਚ ਪ੍ਰਵਾਨ ਕੀਤਾ ਜਾਣ ਲੱਗਾ ਹੈ ਕਿ ਅੰਗਰੇਜ਼ ਦੀ ਬਸਤੀਵਾਦੀ ਗੁਲਾਮੀ ਤੋਂ ਹਿੰਦੁਸਤਾਨ ਦੀ ਮੁਕਤੀ ਦੇ ਉਦੇਸ਼ ਨੂੰ ਸਭ ਤੋਂ ਪਹਿਲਾਂ ਜੇ ਕਿਸੇ ਜੱਥੇਬੰਦੀ ਨੇ ਏਜੰਡੇ ਉੱਤੇ ਲਿਆਂਦਾ ਸੀ ਤਾਂ ਉਹ ਸੋਹਣ ਸਿੰਘ ਭਕਨਾ ਦੀ ਪ੍ਰਧਾਨਗੀ ਵਿਚ ਅਮਰੀਕਾ ਵਿਚ 1913 ਵਿਚ ਸਥਾਪਤ ਹੋਈ ਹਿੰਦੁਸਤਾਨ ਗ਼ਦਰ ਪਾਰਟੀ ਹੀ ਸੀ। ਇਸ ਤੋਂ ਪਹਿਲਾਂ ਅੰਗਰੇਜ਼ੀ ਹਕੂਮਤ ਦੇ ਖ਼ਿਲਾਫ ਵਿਰੋਧ ਦੇ ਕਈ ਪ੍ਰਗਟਾਵੇ ਹੋਏ ਸਨ। ਵਿਰੋਧ ਦੇ ਅਜਿਹੇ ਪ੍ਰਗਟਾਵਿਆਂ ਵਿਚ 1857 ਦੇ ਗ਼ਦਰ ਨੂੰ ਬਹੁਤ ਅਹਿਮ ਥਾਂ ਹਾਸਲ ਹੈ। ਆਪਣੇ ਧਾਰਮਿਕ ਸਰੂਪ ਵਿਚ ਸਤਿਗੁਰੂ ਰਾਮ ਸਿੰਘ ਵੱਲੋਂ ਚਲਾਈ ਨਾਮਧਾਰੀ ਲਹਿਰ ਦਾ ਸਰਕਾਰੀ ਵਿਵਸਥਾ ਦਾ ਬਾਈਕਾਟ ਵੀ ਅਜਿਹੇ ਵਿਰੋਧ ਦਾ ਸ਼ਕਤੀਸ਼ਾਲੀ ਪ੍ਰਗਟਾਵਾ ਸੀ ਅਤੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ 'ਪਗੜੀ ਸੰਭਾਲ' ਵਾਲਾ ਅੰਦੋਲਨ ਵੀ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਲੋਕ-ਭਾਵਨਾ ਦਾ ਤਿੱਖਾ ਮੁਜ਼ਾਹਰਾ ਸੀ। ਪਰ ਇਕ ਨਿਸਚਤ ਰਾਜਸੀ ਮਨੋਰਥ ਵਜੋਂ ਮੁਕੰਮਲ ਕੌਮੀ ਆਜ਼ਾਦੀ ਦਾ ਨਾਅਰਾ ਸਭ ਤੋਂ ਪਹਿਲਾਂ ਗ਼ਦਰ ਪਾਰਟੀ ਵੱਲੋਂ ਹੀ ਬੁਲੰਦ ਕੀਤਾ ਗਿਆ ਸੀ।*

*ਕੌਮੀ ਆਜ਼ਾਦੀ ਦੇ ਲੰਮੇਂ ਸੰਘਰਸ਼ ਵਿਚ ਹਿੰਦੁਸਤਾਨ ਗ਼ਦਰ ਪਾਰਟੀ ਦਾ ਰੋਲ ਬਹੁਤ ਉੱਘਾ ਵੀ ਹੈ ਤੇ ਮਾਣ-ਮੱਤਾ ਵੀ। ਆਜ਼ਾਦੀ ਤੋਂ ਪਿੱਛੋਂ ਰਾਜ-ਸੱਤਾ ਉੱਤੇ ਅਧਿਕਾਰ ਪ੍ਰਾਪਤ ਕਰਨ ਵਾਲੀ ਧਿਰ ਨੇ ਸ਼ਾਂਤਮਈ ਅੰਦੋਲਨ ਨੂੰ ਵਧੇਰੇ ਮਹੱਤਵ ਦੇਣ ਦੇ ਆਸ਼ੇ ਨਾਲ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਵੱਖਰੀਆਂ ਪਾਰਟੀਆਂ ਤੇ ਲਹਿਰਾਂ ਦੀ ਦੇਣ ਨੂੰ ਜ਼ਿਆਦਾ ਉਘੜਨ ਨਹੀਂ ਦਿੱਤਾ। ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਲੈ ਕੇ 1947 ਵਿਚ ਦੇਸ਼ ਦੇ ਆਜ਼ਾਦੀ ਹਾਸਲ ਕਰ ਲੈਣ ਤਕ ਵੱਖ ਵੱਖ ਰੂਪਾਂ ਵਿਚ ਅਤੇ ਵੱਖ ਵੱਖ ਲਹਿਰਾਂ ਤੇ ਪਾਰਟੀਆਂ ਵਿਚਲੇ ਜੁਝਾਰੂ ਅੰਗ ਵਜੋਂ ਗ਼ਦਰ ਪਾਰਟੀ ਨਾਲ ਜੁੜੇ ਦੇਸ਼ ਭਗਤਾਂ ਨੇ ਬਹੁਤ ਵੱਡੀ ਦੇਣ ਦਿੱਤੀ ਹੈ। 1914 ਵਿਚ ਬਰਤਾਨੀਆਂ ਦੀ ਗੁਲਾਮੀ*

ਦੇ ਜੂਲ਼ੇ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗ਼ਦਰੀ ਸੂਰਬੀਰਾਂ ਨੇ ਬਦੇਸ਼ਾਂ ਵਿਚ ਵਸਦੇ ਹਿੰਦੀਆਂ ਨੂੰ ਦੇਸ਼ ਵੱਲ ਵਹੀਰਾਂ ਘੱਤਣ ਦਾ ਸੱਦਾ ਦਿੱਤਾ ਸੀ ਅਤੇ ਹਥਿਆਰਬੰਦ ਬਗ਼ਾਵਤ ਰਾਹੀਂ ਦੇਸ਼ ਆਜ਼ਾਦ ਕਰਾਉਣ ਦਾ ਬਿਗਲ ਵਜਾਇਆ ਸੀ। ਇਸਤੋਂ ਪਹਿਲਾਂ ਕਾਮਾਗਾਟਾ ਮਾਰੂ ਦੇ ਦੁਖਾਂਤ ਕਾਰਨ ਕੈਨੇਡਾ ਦੀ ਵੈਨਕੂਵਰ ਦੀ ਬੰਦਰਗਾਹ ਤੋਂ ਧੱਕੇ ਨਾਲ ਦੇਸ਼ ਪਰਤਾਏ ਗਏ ਇਸ ਜਹਾਜ਼ ਦੇ ਮੁਸਾਫਰਾਂ ਨੂੰ ਵੀ ਗ਼ਦਰੀਆਂ ਨੇ ਦੇਸ਼ ਭਗਤੀ ਦੀ ਚਿਣਗ ਲਾਈ ਸੀ ਅਤੇ ਬਜਬਜ ਘਾਟ ਵਰਗਾ ਖ਼ੂਨੀ ਸਾਕਾ ਵਰਤਿਆ ਸੀ। ਆਜ਼ਾਦੀ ਦੀ ਸ਼ਮ੍ਹਾ ਹੱਥ ਵਿਚ ਫੜੀ ਸੈਂਕੜਿਆਂ ਦੀ ਗਿਣਤੀ ਵਿਚ ਸਾਲ 1914 ਵਿਚ ਦੇਸ਼ ਪਰਤੇ ਗ਼ਦਰੀ ਸੂਰਬੀਰਾਂ ਨੇ ਹਿੰਦੁਸਤਾਨੀ ਫੌਜਾਂ ਵਿਚ ਬਗਾਵਤ ਫੈਲਾ ਕੇ 19 ਫਰਵਰੀ 1915 ਨੂੰ ਗ਼ਦਰ ਮਚਾਉਣ ਅਤੇ ਇਸ ਤਰ੍ਹਾਂ ਦੇਸ਼ ਨੂੰ ਫਰੰਗੀਆਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਬਦਕਿਸਮਤੀ ਨਾਲ ਉਹ ਆਪਣੇ ਇਸ ਯਤਨ ਵਿਚ ਸਫਲ ਨਹੀਂ ਸੀ ਰਹੇ, ਜਿਸ ਅਸਫਲਤਾ ਦੇ ਬਹੁਤ ਸਾਰੇ ਕਾਰਨ ਗਿਣਾਏ ਜਾ ਸਕਦੇ ਹਨ।

ਪਰ ਸੰਨ 1915 ਦੀ ਨਾਕਾਮ ਰਹਿ ਗਈ ਇਸ ਕੋਸ਼ਿਸ਼ ਵਿਚ ਗ਼ਦਰੀ ਦੇਸ਼ ਭਗਤਾਂ ਨੇ ਕੁਰਬਾਨੀ ਦੀ ਜੋ ਅਦੁਤੀ ਮਿਸਾਲ ਕਾਇਮ ਕੀਤੀ, ਉਹ ਭਾਰਤ ਦੇ ਆਜ਼ਾਦੀ ਸੰਗਰਾਮ ਦਾ ਇਕ ਸੁਨਹਿਰੀ ਕਾਂਡ ਹੋ ਨਿਬੜੀ। ਉਦੋਂ ਤਕ ਇੰਡੀਅਨ ਨੈਸ਼ਨਲ ਕਾਂਗਰਸ ਨੇ ਮੁਕੰਮਲ ਆਜ਼ਾਦੀ ਨੂੰ ਹਾਲੇ ਆਪਣੇ ਏਜੰਡੇ ਉੱਤੇ ਨਹੀਂ ਸੀ ਲਿਆਂਦਾ। ਆਜ਼ਾਦੀ ਪ੍ਰਾਪਤ ਕਰਨ ਦੀ ਖਾਤਰ ਗ਼ਦਰ ਪਾਰਟੀ ਦੀ ਇਸ ਪਹਿਲੀ ਹਥਿਆਰਬੰਦ ਜੱਥੇਬੰਦਕ ਮੁਹਿੰਮ ਨੂੰ ਕੁਦਰਤੀ ਹੀ ਫਰੰਗੀ ਸਰਕਾਰ ਨੇ ਸਾਜ਼ਿਸ਼ ਦਾ ਨਾਉਂ ਦਿੱਤਾ ਅਤੇ ਬੜੀ ਤੇਜ਼ੀ ਨਾਲ ਉਪਰੋ ਥਲੀ 'ਲਾਹੌਰ ਸਾਜ਼ਿਸ਼ ਕੇਸ' ਦੇ ਨਾਂ 'ਤੇ ਚਾਰ ਮੁਕੱਦਮੇ ਚਲਾ ਕੇ ਵੱਡੀ ਗਿਣਤੀ ਵਿਚ ਗ਼ਦਰੀ ਦੇਸ਼ ਭਗਤਾਂ ਨੂੰ ਫਾਂਸੀ, ਕਾਲੇ ਪਾਣੀ ਦੀ ਉਮਰ ਕੈਦ, ਘਰ-ਘਾਟ ਦੀ ਜ਼ਬਤੀ ਵਰਗੀਆਂ ਸਜ਼ਾਵਾਂ ਦਿੱਤੀਆਂ। ਫਾਂਸੀ ਲੱਗਕੇ ਦੇਸ਼ ਦੀ ਆਜ਼ਾਦੀ ਦੀ ਖਾਤਰ ਸ਼ਹੀਦ ਹੋਣ ਵਾਲੇ ਪਹਿਲੇ ਸੱਤ ਗ਼ਦਰੀ ਸੂਰਬੀਰਾਂ ਵਿਚ ਹੀ ਸ਼ਾਮਲ ਸੀ ਕਰਤਾਰ ਸਿੰਘ ਸਰਾਭਾ। 'ਲਾਹੌਰ ਸਾਜ਼ਿਸ਼ ਕੇਸ' ਦੇ ਇਹਨਾਂ ਮੁਕੱਦਮਿਆਂ ਤੋਂ ਬਿਨਾਂ ਬਰ੍ਹਮਾ ਵਿਚ ਮਾਂਡਲੇ ਸਾਜ਼ਸ਼ ਕੇਸ ਅਤੇ ਫੌਜ ਦੇ ਕੋਰਟ ਮਾਰਸ਼ਲ ਤੇ ਵੱਖ ਵੱਖ ਵਾਰਦਾਤਾਂ ਵਿਚ ਵਿਅਕਤੀਗਤ ਗ਼ਦਰੀਆਂ ਜਾਂ ਉਹਨਾਂ ਦੀਆਂ ਟੋਲੀਆਂ ਦੀ ਸਰਕਾਰੀ ਦਲਾਂ ਨਾਲ ਮੁੱਠਭੇੜ ਵਿਚ ਸ਼ਹੀਦੀ ਪਾਉਣ ਵਾਲੇ ਅਤੇ ਇਹਨਾਂ ਵਾਰਦਾਤਾਂ ਨੂੰ ਲੈਕੇ ਚਲਾਏ ਗਏ ਮੁਕੱਦਮਿਆਂ ਵਿਚ ਸਜ਼ਾ ਪਾਉਣ ਵਾਲੇ ਦੇਸ਼ ਭਗਤਾਂ ਦੀ ਗਿਣਤੀ ਇਹਨਾਂ ਤੋਂ ਵੱਖ ਹੈ। ਖੋਜੀਆਂ ਤੇ ਇਤਿਹਾਸਕਾਰਾਂ ਨੇ ਗ਼ਦਰੀ ਦੇਸ਼ ਭਗਤਾਂ ਦੀ ਗਿਣਤੀ ਕਿੰਨੇ ਹੀ ਸੈਂਕੜਿਆਂ ਵਿਚ ਕੀਤੀ ਹੈ, ਜਿੰਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਫਾਂਸੀ ਦੇ ਰੱਸੇ ਚੁੰਮੇ, ਫਰੰਗੀ ਸਰਕਾਰ ਦੀਆਂ ਕਾਲ਼ ਕੋਠੜੀਆਂ ਵਿਚ ਆਪਣੀ ਜ਼ਿੰਦਗੀ ਦੇ ਬਿਹਤਰੀਨ ਸਾਲ ਬਤੀਤ ਕੀਤੇ ਅਤੇ ਜੇਲ੍ਹਾਂ ਤੋਂ ਬਾਹਰ ਆ ਕੇ ਜਾਂ ਕਿਸੇ ਤਰੀਕੇ ਜਿਹਲਾਂ ਤੋਂ ਬਾਹਰ ਰਹਿ ਕੇ ਸਾਰੀ ਉਮਰ ਦੇਸ਼ ਦੇ ਲੇਖੇ ਲਾਈ। ਜਲ੍ਹਿਆਂਵਾਲੇ ਬਾਗ ਦੇ ਸਾਕੇ ਨੂੰ ਛੱਡਕੇ, ਜਿੱਥੇ ਸੈਂਕੜੇ ਬੇਗੁਨਾਹ ਜਨਰਲ ਡਾਇਰ ਦੇ ਹੁਕਮ ਨਾਲ ਗੋਲੀਆਂ ਦਾ ਨਿਸ਼ਾਨਾ ਬਣਾਏ ਗਏ ਸਨ, ਕੌਮੀ ਆਜ਼ਾਦੀ ਦੀ ਲਹਿਰ ਦੇ ਕਿਸੇ ਵੀ ਹੋਰ ਅੰਗ ਨੇ ਏਨੀਆਂ ਜ਼ਿਆਦਾ ਕਰਬਾਨੀਆਂ ਨਹੀਂ ਦਿੱਤੀਆਂ, ਜਿੰਨੀਆਂ ਗ਼ਦਰ ਪਾਰਟੀ ਦੇ ਕਾਰਕੁਨਾਂ ਨੇ । ਇਸ ਪੱਖ ਤੋਂ ਗ਼ਦਰ ਪਾਰਟੀ ਦੀ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਗਰਾਮ ਵਿਚ ਜੋ ਦੇਣ ਹੈ, ਉਹ ਲਾਮਿਸਾਲ ਹੈ।

1915 ਵਿਚ ਪਹਿਲੀ ਸੰਸਾਰ ਜੰਗ ਦੇ ਸਮੇਂ ਗ਼ਦਰ ਮਚਾ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਗ਼ਦਰ ਪਾਰਟੀ ਦਾ ਯਤਨ ਭਾਵੇਂ ਨਾਕਾਮ ਰਹਿ ਗਿਆ ਸੀ ਪਰ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ ਇਸ ਨੇ ਆਜ਼ਾਦੀ ਦੀ ਬੁਨਿਆਦ ਰੱਖ ਦਿੱਤੀ ਸੀ। ਅਕਸਰ ਭੁਲੇਖੇ ਵਸ ਇਸ ਤਰ੍ਹਾਂ ਦੀ ਗੱਲ ਕਰ



ਦਿੱਤੀ ਜਾਂਦੀ ਰਹੀ ਹੈ ਜਿਵੇਂ ਹਿੰਦੁਸਤਾਨ ਗ਼ਦਰ ਪਾਰਟੀ ਵੱਲੋਂ ਵਿਉਂਤੀ ਗਈ ਗ਼ਦਰ ਦੀ ਮੌਲਿਕ ਯੋਜਨਾ ਹੀ ਆਜ਼ਾਦੀ ਦੇ ਸੰਗਰਾਮ ਵਿਚ ਉਸਦੀ ਦੇਣ ਹੋਵੇ। 1915 ਦੀਆਂ ਘਟਨਾਵਾਂ ਦਾ ਜ਼ਿਕਰ ਤਾਂ ਭਾਵੇਂ ਪ੍ਰਸ਼ੰਸਾਭਾਵੀ ਸੁਰ ਵਿਚ ਹੀ ਹੁੰਦਾ ਰਿਹਾ ਹੈ, ਪਰ ਪ੍ਰਭਾਵ ਇਹ ਦਿੱਤਾ ਜਾਂਦਾ ਰਿਹਾ ਹੈ ਜਿਵੇਂ ਕੌਮੀ ਮੁਕਤੀ ਦੇ ਸੰਘਰਸ਼ ਦੇ ਇਤਿਹਾਸ ਵਿਚ ਗ਼ਦਰ ਪਾਰਟੀ ਇਕ ਛੋਟਾ ਜਿਹਾ ਕਾਂਡ ਹੋਵੇ। ਹਕੀਕਤ ਵਿਚ ਹਿੰਦੁਸਤਾਨ ਗ਼ਦਰ ਪਾਰਟੀ ਦਾ ਆਜ਼ਾਦੀ ਦੇ ਸੰਗਰਾਮ ਵਿਚ ਰੋਲ 1915 ਵਿਚ ਇਨਕਲਾਬ ਕਰਨ ਜਾਂ ਗ਼ਦਰ ਮਚਾਉਣ ਦੇ ਇਸ ਦੇ ਯਤਨ ਤੋਂ ਬਹੁਤ ਵਡੇਰਾ ਹੈ। ਇਹ ਰੋਲ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਇਸਦੀ ਲਾਮਿਸਾਲ ਕੁਰਬਾਨੀ ਦੇ ਹਵਾਲਿਆਂ ਤਕ ਸੀਮਤ ਨਹੀਂ ਰਹਿੰਦਾ, ਸਗੋਂ 1947 ਤਕ ਫੈਲਿਆ ਹੋਇਆ ਹੈ।

ਗ਼ਦਰ ਪਾਰਟੀ ਦੇ ਰੋਲ ਨੂੰ ਆਜ਼ਾਦੀ ਤੋਂ ਮਗਰੋਂ ਦੀ ਹਕੂਮਤ ਨੇ ਭਾਵੇਂ ਬਹੁਤਾ ਨਹੀਂ ਗੌਲ਼ਿਆ ਪਰ ਦੇਸ਼ ਦੀ ਆਮ ਜਨਤਾ ਵਿਚ ਤੇ ਦੇਸ਼ ਭਗਤੀ ਦੀ ਭਾਵਨਾ ਵਾਲੇ ਪਰਵਾਸੀ ਹਿੰਦੁਸਤਾਨੀਆਂ ਵਿਚ ਇਸ ਦੀ ਦੇਣ ਬਾਰੇ ਬਹੁਤ ਉਤਸ਼ਾਹ ਪਾਇਆ ਜਾਂਦਾ ਹੈ। ਦੇਸ ਬਦੇਸ਼ ਵਿਚ ਗ਼ਦਰੀ ਸ਼ਹੀਦਾਂ ਤੇ ਸੂਰਬੀਰਾਂ ਦੀ ਯਾਦ ਵਿਚ ਮੇਲੇ ਲਗਦੇ ਹਨ, ਜਿੱਥੇ ਉਹਨਾਂ ਦੀ ਕੁਰਬਾਨੀ ਨੂੰ ਕ੍ਰਿਤੱਗਤਾ ਤੇ ਸ਼ਰਧਾ ਦੀ ਭਾਵਨਾ ਨਾਲ ਚੇਤੇ ਕੀਤਾ ਜਾਂਦਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ,ਜਲੰਧਰ ਬਸਤੀਵਾਦੀ ਗ਼ੁਲਾਮੀ ਵਿਰੁੱਧ ਜੂਝਣ ਵਾਲੇ ਸਭਨਾਂ ਦੇਸ਼ ਭਗਤਾਂ ਦੀ ਯਾਦ ਨੂੰ ਪਰਿਪੱਕ ਕਰਨ ਦੇ ਯਤਨ ਕਰਦੀ ਹੋਈ ਕਈ ਪ੍ਰੋਗਰਾਮਾਂ ਦਾ ਆਯੋਜਨ ਕਰਦੀ ਹੈ, ਜਿੰਨ੍ਹਾਂ ਵਿਚੋਂ ਇਕ ਹਰ ਵਰ੍ਹੇ ਹੋਣ ਵਾਲਾ 'ਗ਼ਦਰੀ ਬਾਬਿਆਂ ਦਾ ਮੇਲਾ' ਜਨਤਾ ਦੀ ਵੱਡੀ ਖਿੱਚ ਦਾ ਕਾਰਨ ਬਣਦਾ ਹੈ। ਇੰਗਲੈਂਡ, ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੇ ਕਈ ਹੋਰ ਥਾਵਾਂ ਉੱਤੇ ਵੀ ਹਰ ਸਾਲ ਗ਼ਦਰੀ ਸੂਰਬੀਰਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮੇਲੇ ਲਗਦੇ ਹਨ, ਜਿੱਥੇ ਲੋਕ ਹੁਮ ਹੁਮਾ ਕੇ ਪੁੱਜਦੇ ਹਨ। ਅਮਰੀਕਾ ਦੀ ਕੈਲੇਫੋਰਨੀਆ ਸਟੇਟ ਵਿਚਲੇ ਸ਼ਹਿਰਾਂ ਸੈਕਰਾਮੈਂਟੋ, ਫਰੈਜ਼ਨੋ, ਯੂਬਾ ਸਿਟੀ ਵਿਚ ਲੱਗਣ ਵਾਲੇ ਮੇਲੇ ਵੀ ਏਸੇ ਕੜੀ ਦਾ ਹਿੱਸਾ ਹਨ। ਕੈਲੇਫੋਰਨੀਆ ਦੇ ਸ਼ਹਿਰਾਂ ਵਿਚ ਹੋਣ ਵਾਲੇ ਮੇਲਿਆਂ ਦਾ ਮਹੱਤਵ ਇਸ ਕਰਕੇ ਹੋਰ ਜ਼ਿਆਦਾ ਹੈ ਕਿ ਇਹ ਉਸ ਧਰਤੀ ਉੱਤੇ ਲੱਗਦੇ ਹਨ, ਜੋ ਆਜ਼ਾਦੀ ਤੇ ਦੇਸ਼ ਭਗਤੀ ਦੀ ਚਿਣਗ ਉਭਾਰਨ ਲਈ ਗ਼ਦਰੀਆਂ ਦੀ ਸਰਗਰਮੀ ਦਾ ਮੁਖ ਕੇਂਦਰ ਸੀ। ਔਰੀਗਨ ਤੇ ਵਾਸ਼ਿੰਗਟਨ ਸਟੇਟ ਵਿਚ ਪੋਰਟਲੈਂਡ, ਐਸਟੋਰੀਆ, ਸੇਂਟ ਜੌਹਨ, ਬਰੈਡਲਵਿਲੇ ਵਰਗੇ ਸ਼ਹਿਰਾਂ ਤੋਂ ਬਿਨਾਂ ਕੈਲੇਫੋਰਨੀਆ ਵਿਚ ਸੈਕਰਾਮੈਂਟੋ, ਸਟਾਕਟਨ, ਸਾਨ ਫ੍ਰਾਂਸਿਸਕੋ, ਫਰੈਜ਼ਨੋ, ਮੈਰਿਸਵਿਲ ਵਰਗੀਆਂ ਥਾਵਾਂ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਦਾ ਧੁਰਾ ਸਨ। ਏਥੋਂ ਹੀ ਗ਼ਦਰ ਪਾਰਟੀ ਵੱਲੋਂ ਵਿਉਂਤੇ ਗਏ ਪ੍ਰੋਗਰਾਮਾਂ ਨੇ ਆਜ਼ਾਦੀ ਦੇ ਸੰਗਰਾਮ ਨੂੰ ਇਤਿਹਾਸਕ ਮੋੜ ਦਿੱਤਾ ਸੀ। ਗ਼ਦਰ ਪਾਰਟੀ ਦਾ ਹੈਡਕੁਆਰਟਰ, ਜੋ ਯੁਗਾਂਤਰ ਆਸ਼ਰਮ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ, ਤਾਂ ਸ਼ੁਰੂ ਤੋਂ ਅਖੀਰ ਤਕ ਸਾਨ ਫ੍ਰਾਂਸਿਸਕੋ ਹੀ ਰਿਹਾ, ਪਰ 1914 ਤੋਂ ਮਗਰੋਂ ਦੇ ਸਾਲਾਂ ਵਿਚ ਕੈਲੇਫੋਰਨੀਆ ਵਿਚ ਸਭ ਤੋਂ ਵਧੇਰੇ ਸਰਗਰਮ ਗ਼ਦਰੀ ਇੰਪੀਰੀਅਲ ਵੈਲੀ ਅਥਵਾ ਸਟਾਕਟਨ, ਫਰੈਜ਼ਨੋ, ਸੈਕਰਾਮੈਂਟੋ, ਮੈਰਿਸਵਿਲ ਤੇ ਯੂਬਾ ਸਿਟੀ ਵਿਚ ਸਨ। ਅੰਗਰੇਜ਼ ਸਰਕਾਰ ਦੀ ਖੁਫੀਆ ਦਸਤਾਵੇਜ਼ 'ਗ਼ਦਰ ਡਾਇਰੈਕਟਰੀ' ਵਿਚ ਸਾਲ 1914 ਤੋਂ 1934 ਦਰਮਿਆਨ ਦੇਸ਼ ਬਦੇਸ਼ ਵਿਚ ਸਰਗਰਮ 'ਖੌਫਨਾਕ' ਗ਼ਦਰੀਆਂ ਦੀ ਸੂਚੀ ਵਿਚ ਸੈਂਕੜੇ ਨਾਂ ਉਹਨਾਂ ਹਿੰਦੁਸਤਾਨੀਆਂ ਦੇ ਹਨ ਜੋ ਮੈਰਿਸਵਿਲ, ਯੂਬਾ ਸਿਟੀ, ਵਾਲਨਟ ਗਰੋਵ, ਸਟਾਕਟਨ, ਫਰੈਜ਼ਨੋ ਵਿਚ ਗ਼ਦਰ ਪਾਰਟੀ ਦੇ ਉਦੇਸ਼ਾਂ ਦੀ ਪੂਰਤੀ ਲਈ ਕਈ ਤਰ੍ਹਾਂ ਨਾਲ ਕੰਮ ਕਰ ਰਹੇ ਸਨ ਅਤੇ ਜਿੰਨ੍ਹਾਂ ਦੀਆਂ ਸਰਗਰਮੀਆਂ ਉੱਤੇ ਨਿਗਾਹ ਰੱਖਣ ਦੀ ਫਰੰਗੀ ਸਰਕਾਰ ਲਗਾਤਾਰ ਕੋਸ਼ਿਸ਼ ਕਰ ਰਹੀ ਸੀ। ਐਨ ਏਸੇ ਤੱਥ ਕਰਕੇ ਹੀ ਕੁਝ ਸਮਾਂ ਪਹਿਲਾਂ

ਆਪਣੀ ਬਦੇਸ਼ ਫੇਰੀ ਬਾਰੇ ਲੇਖਾਂ ਦੀ ਲੜੀ ਵਿਚ ਸਾਡੇ ਪ੍ਰਤਿਸ਼ਠਤ ਲੇਖਕ ਗੁਲਜ਼ਾਰ ਸਿੰਘ ਸੰਧੂ ਨੇ ਜਦੋਂ ਕੈਲੇਫੋਰਨੀਅ ਦੀ ਯਾਤਰਾ ਦਾ ਵੇਰਵਾ ਦਿੱਤਾ ਸੀ ਤਾਂ ਉਸਨੇ ਇਹਨਾਂ ਲੇਖਾਂ ਨੂੰ 'ਗ਼ਦਰੀਆਂ ਦੀ ਧਰਤੀ ਉੱਤੇ' ਦਾ ਸਿਰਲੇਖ ਦਿੱਤਾ ਸੀ।

ਗ਼ਦਰ ਪਾਰਟੀ ਦੇ ਮੁੱਢਲੇ ਨਾਂ 'ਪੈਸੇਫਿਕ ਕੋਸਟ ਹਿੰਦੀ ਐਸੋਸੀਏਸ਼ਨ' ਵਾਲੀ ਸੰਸਥਾ ਦਾ ਜੱਥੇਬੰਦਕ ਢਾਂਚਾ ਐਸਟੋਰੀਆ, ਔਰੀਗਨ ਸਟੇਟ ਵਿਚ 1913 ਵਿਚ ਹੀ ਕਾਇਮ ਹੋਇਆ ਸੀ, ਜਿਸ ਅਨੁਸਾਰ ਪਾਰਟੀ ਦੇ ਮੁੱਢਲੇ ਪ੍ਰਧਾਨ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਸਨ। ਪਰ ਜਿਵੇਂ ਕਿ ਸੰਕੇਤ ਕੀਤਾ ਜਾ ਚੁੱਕਿਆ ਹੈ, ਸ਼ਾਂਤ ਮਹਾਂਸਾਗਰ ਦੇ ਕੰਢੇ ਦੀਆਂ ਅਮਰੀਕਨ ਰਿਆਸਤਾਂ, ਕੈਲੇਫੋਰਨੀਆ, ਔਰੀਗਨ, ਵਾਸ਼ਿੰਗਟਨ ਅਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਗ਼ਦਰ ਪਾਰਟੀ ਦੀ ਸੇਧ ਵਾਲੀ ਰਾਸ਼ਟਰੀ ਮੁਕਤੀ ਦੀ ਭਾਵਨਾ ਪਹਿਲਾਂ ਹੀ ਪ੍ਰਚੰਡ ਹੋ ਰਹੀ ਸੀ ਅਤੇ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਤਾਂ ਮੇਵਾ ਸਿੰਘ ਲੋਪੋਕੇ ਅਤੇ ਭਾਗ ਸਿੰਘ ਭਿਖੀਵਿੰਡ ਸ਼ਹੀਦ ਵੀ ਹੋ ਚੁੱਕੇ ਸਨ। ਪਾਰਟੀ ਦੇ ਬਾਕਾਇਦਾ ਤੌਰ 'ਤੇ ਜੱਥੇਬੰਦ ਹੋ ਜਾਣ ਪਿੱਛੋਂ ਦੂਰ-ਦੁਰਾਡੇ ਦੇਸ਼ਾਂ ਵਿਚ, ਜਿੱਥੇ ਵੀ ਹਿੰਦੁਸਤਾਨੀ ਵਸਦੇ ਸਨ, ਇਸਦਾ ਪ੍ਰਭਾਵ ਪਸਰ ਗਿਆ ਸੀ। ਇਹੀ ਕਾਰਨ ਹੈ ਕਿ ਬਹੁਤ ਥੋੜ੍ਹੇ ਸਮੇਂ ਦੇ ਵਕਫੇ ਨਾਲ ਹੀ ਇਸਦੇ ਸੱਦੇ ਉੱਤੇ ਅਮਰੀਕਾ ਤੇ ਕੈਨੇਡਾ ਤੋਂ ਬਿਨਾਂ ਵੱਖ ਵੱਖ ਏਸ਼ੀਆਈ ਦੇਸ਼ਾਂ ਵਿਚ ਕਮਾਈ ਕਰਨ ਗਏ ਲੋਕ ਦੇਸ਼ ਭਗਤੀ ਦੇ ਜਜ਼ਬੇ ਨਾਲ ਲਬਰੇਜ਼ ਹੋ ਕੇ ਦੇਸ਼ ਵੱਲ ਵਹੀਰਾਂ ਘੱਤ ਤੁਰੇ ਸਨ। 1915 ਦੇ ਇਸਦੇ ਗ਼ਦਰ ਮਚਾਉਣ ਦੇ ਯਤਨ ਵਿਚ ਕਿੰਨੇ ਤਾਂ ਫਾਂਸੀ ਦਾ ਰੱਸਾ ਚੁੰਮ ਗਏ। ਫਾਂਸੀ ਤੋਂ ਬਚ ਗਏ ਗ਼ਦਰੀ ਦੇਸ਼ ਭਗਤਾਂ ਨੇ ਆਪਣੇ ਕਾਜ਼ ਵੱਲੋਂ ਕਦੇ ਮੁਖ ਨਾ ਮੋੜਿਆ। ਸਗੋਂ ਉਹਨਾਂ ਨੇ ਬਦਲਦੇ ਸਮਿਆਂ ਤੇ ਹਾਲਤਾਂ ਅਨੁਸਾਰ ਆਜ਼ਾਦੀ ਦੇ ਮਿਸ਼ਨ ਨੂੰ ਅਗਾਂਹ ਲਿਜਾਣ ਲਈ ਆਪਣੀਆਂ ਸਰਗਰਮੀਆਂ ਜ਼ੋਰ ਸ਼ੋਰ ਨਾਲ ਜਾਰੀ ਰੱਖੀਆਂ। ਅੰਡੇਮਾਨ ਦੇ ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਅਤੇ ਦੇਸ਼ ਵਿਚਲੀਆਂ ਵੱਖ ਵੱਖ ਜੇਲ੍ਹਾਂ ਦੇ ਅੰਦਰ ਵੀ ਉਹਨਾਂ ਵੱਲੋਂ ਆਜ਼ਾਦੀ ਦੇ ਉਦੇਸ਼ ਦੀ ਪ੍ਰਾਪਤੀ ਲਈ ਭੁਖ ਹੜਤਾਲਾਂ ਤੇ ਰੋਹ ਵਿਦਰੋਹ ਦੇ ਹੋਰ ਸੰਭਵ ਢੰਗਾਂ ਰਾਹੀਂ ਲਗਾਤਾਰ ਸੰਘਰਸ਼ ਕਰਦੇ ਰਹਿਣ ਦੀਆਂ ਅਣਗਿਣਤ ਕਥਾਵਾਂ ਹਨ, ਜੋ ਅਤਿ ਦੀਆਂ ਮੁਸ਼ਕਲ ਹਾਲਤਾਂ ਵਿਚ ਵੀ ਆਪਣੇ ਆਦਰਸ਼ ਉੱਤੇ ਕਾਇਮ ਰਹਿਣ ਲਈ ਸਦੀਵੀ ਪ੍ਰੇਰਨਾ ਦਾ ਸੋਮਾ ਹਨ। ਸੈਲੂਲਰ ਜੇਲ੍ਹ ਵਿਚ ਕੈਦ ਭਾਨ ਸਿੰਘ ਸੁਨੇਤ ਵਰਗੇ ਬਹੁਤ ਸਾਰੇ ਗ਼ਦਰੀਆਂ ਨੇ ਜੇ ਕੋਰੜਿਆਂ ਦੀ ਮਾਰ ਸਹਿਣ ਅਤੇ ਚਤਰ ਸਿੰਘ ਵਰਗਿਆਂ ਨੇ ਮਹੀਨਿਆਂ ਬੱਧੀ ਪਿੰਜਰੇ ਵਿਚ ਰਹਿਣ ਦੇ ਤਸੀਹਿਆਂ ਦਾ ਸਿਦਕ ਦਿਲੀ ਨਾਲ ਮੁਕਾਬਲਾ ਕੀਤਾ ਤਾਂ ਕਾਲੇ ਪਾਣੀ ਤੋਂ ਦੇਸ਼ ਦੀਆਂ ਜੇਲ੍ਹਾਂ ਵਿਚ ਤਬਦੀਲ ਹੋਣ 'ਤੇ ਬਾਬਾ ਗੁਰਮੁਖ ਸਿੰਘ ਅਤੇ ਊਧਮ ਸਿੰਘ ਕਸੇਲ ਵਰਗਿਆਂ ਦੀਆਂ ਉਦਾਹਰਨਾਂ ਹਨ ਜਿੰਨ੍ਹਾਂ ਨੇ ਬੇੜੀਆਂ ਹੱਥਕੜੀਆਂ ਸਮੇਤ ਚਲਦੀ ਰੇਲ ਗੱਡੀ ਵਿਚੋਂ ਛਾਲਾਂ ਮਾਰਨ ਉਪਰੰਤ ਰੂਪੋਸ਼ ਰਹਿਕੇ ਸਾਲਾਂ ਸਾਲ ਆਜ਼ਾਦੀ ਦੇ ਸੰਗਰਾਮ ਵਿਚ ਲਗਾਤਾਰ ਹਿੱਸਾ ਪਾਇਆ। ਇੰਡੀਅਨ ਨੈਸ਼ਨਲ ਕਾਂਗਰਸ ਦੇ ਸ਼ਾਂਤਮਈ ਅੰਦੋਲਨ ਅਤੇ ਕਿਰਤੀ ਕਮਿਊਨਿਸਟ ਤੇ ਨੌਜਵਾਨ ਭਾਰਤ ਸਭਾ ਵਰਗੀਆਂ ਲਹਿਰਾਂ ਵਿਚ ਸ਼ਾਮਲ ਦੇਸ਼ ਭਗਤਾਂ ਨੇ ਮਗਰੋਂ ਜੇਲ੍ਹਾਂ ਵਿਚ ਜੋ ਸੰਘਰਸ਼ਮਈ ਸਰਗਰਮੀ ਜਾਰੀ ਰੱਖੀ, ਉਸਦੀ ਪ੍ਰੇਰਨਾਮਈ ਸ਼ੁਰੂਆਤ ਗ਼ਦਰੀ ਦੇਸ਼ ਭਗਤਾਂ ਵੱਲੋਂ ਹੀ ਹੋਈ ਸੀ।

ਗ਼ਦਰ ਪਾਰਟੀ ਪਹਿਲੀ ਅਜਿਹੀ ਸੰਗਠਤ ਲਹਿਰ ਸੀ ਜਿਸ ਵਿਚ ਮੁਖ ਰੋਲ ਆਮ ਜਨਤਾ ਵਿਚੋਂ ਆਏ ਸਾਧਾਰਨ ਵਰਕਰਾਂ ਨੇ ਨਿਭਾਇਆ। ਇਸ ਵਿਚ ਸ਼ਾਮਲ ਲੋਕਾਂ ਦਾ ਜਮਾਤੀ ਖਾਸਾ ਕਿਰਤੀ ਕਿਸਾਨਾਂ ਦਾ ਹੋਣ ਕਰਕੇ ਉਹਨਾਂ ਵਿਚ ਵ਼ਲ ਛਲ ਵਰਗੀ ਗੱਲ ਬਹੁਤ ਘੱਟ ਸੀ। ਇਹਨਾਂ ਲੋਕਾਂ ਨੂੰ ਉਚੇਰੀ ਵਿੱਦਿਆ ਹਾਸਲ ਕਰਨ ਦਾ ਕੋਈ ਮੌਕਾ ਨਹੀਂ ਸੀ ਮਿਲਿਆ। ਆਪਣਾ



ਜੀਵਨ-ਪੱਧਰ ਉੱਚਾ ਚੁੱਕਣ ਲਈ ਬਹੁਤ ਹਾਲਤਾਂ ਵਿਚ ਜ਼ਮੀਨਾਂ ਗਹਿਣੇ ਕਰਕੇ ਜਾਂ ਕਰਜ਼ਾ ਚੁੱਕਕੇ ਚੰਗੀ ਕਮਾਈ ਕਰਨ ਲਈ ਉਹ ਬਦੇਸ਼ਾਂ ਵਿਚ ਆਏ ਸਨ। ਬਾਹਰਲੇ ਮੁਲਕਾਂ ਵਿਚਲੇ ਆਪਣੇ ਅਨੁਭਵ ਵਿਚੋਂ ਆਜ਼ਾਦੀ ਦੇ ਰਾਹ ਦੇ ਪਾਂਧੀ ਬਣ ਜਾਣ ਵਾਲੇ ਇਹ ਸਾਧਾਰਨ ਲੋਕ ਸਿੱਖਿਆ ਦੇ ਮਹੱਤਵ ਨੂੰ ਸਮਝਦੇ ਹੋਏ ਪੜ੍ਹੇ-ਲਿਖੇ ਵਿਅਕਤੀਆਂ ਦੀ ਕਦਰ ਕਰਦੇ ਸਨ। ਏਸੇ ਲਈ ਬਹੁਤ ਹਾਲਤਾਂ ਵਿਚ ਆਪ ਪਿੱਛੇ ਰਹਿਕੇ ਉਹਨਾਂ ਪੜ੍ਹੇ-ਲਿਖੇ ਲੋਕਾਂ ਨੂੰ ਅੱਗੇ ਲਿਆਂਦਾ ਸੀ। ਲਾਲਾ ਹਰਦਿਆਲ ਨੂੰ ਲੀਡਰਸ਼ਿਪ ਸੰਭਾਲਣ ਲਈ ਕਹਿਣ ਪਿੱਛੇ ਇਹੀ ਭਾਵਨਾ ਕਾਰਜਸ਼ੀਲ ਸੀ। ਅਤੇ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਦਾ ਆਪਣੀਆਂ ਸਫਾਂ ਵਿਚ ਵਾਧਾ ਕਰਨ ਲਈ ਬਾਬਾ ਜਵਾਲਾ ਸਿੰਘ ਵਰਗੇ ਗ਼ਦਰੀਆਂ ਨੇ ਨੌਜਵਾਨਾਂ ਨੂੰ ਵਜ਼ੀਫੇ ਦੇ ਕੇ ਪੜ੍ਹਾਈ ਵਿਚ ਮਦਦ ਕਰਨ ਦੀ ਵਿਵਸਥਾ ਕੀਤੀ ਸੀ। ਦੇਸ਼ ਦੇ ਆਜ਼ਾਦ ਹੋਣ ਪਿੱਛੋਂ ਪੰਜਾਬ ਦੇ ਮੁਖ ਮੰਤਰੀ ਬਣਨ ਵਾਲੇ ਪਰਤਾਪ ਸਿੰਘ ਕੈਰੋਂ ਅਤੇ ਉਸਦੇ ਭਰਾ ਜਸਵੰਤ ਸਿੰਘ ਕੈਰੋਂ ਸਮੇਤ ਅੱਛਰ ਸਿੰਘ ਛੀਨਾ, ਹਜ਼ਾਰਾ ਸਿੰਘ ਹਮਦਮ, ਡਾ. ਭਾਗ ਸਿੰਘ, ਅਤੇ ਏਥੋਂ ਤਕ ਕਿ ਬਾਅਦ ਵਿਚ ਅਮਰੀਕਾ ਦੀ ਕਾਂਗਰਸ ਵਿਚ ਚੁਣੇ ਜਾਣ ਵਾਲੇ ਭਾਰਤੀ ਮੂਲ ਦੇ ਪਹਿਲੇ ਮੈਂਬਰ ਦਲੀਪ ਸਿੰਘ ਸੌਂਧ ਵਰਗੇ ਪੜ੍ਹਾਈ ਕਰਨ ਆਏ ਅਨੇਕਾਂ ਨੌਜਵਾਨਾਂ ਦੀ ਪਾਰਟੀ ਨੇ ਮਦਦ ਕੀਤੀ ਸੀ ਅਤੇ ਉਹਨਾਂ ਵਿਚ ਦੇਸ਼ ਭਗਤੀ ਦੀ ਚਿਣਗ ਪੈਦਾ ਕੀਤੀ ਸੀ। ਨਿਰਛਲਤਾ, ਸੁਆਰਥਹੀਣਤਾ, ਕੁਰਬਾਨੀ ਅਤੇ ਆਪਣੇ ਮਿਸ਼ਨ ਪ੍ਰਤੀ ਸੁਹਿਰਦਤਾ ਗ਼ਦਰ ਪਾਰਟੀ ਦੇ ਸੂਰਬੀਰਾਂ ਦੇ ਚਰਿੱਤਰ ਦਾ ਖਾਸ ਲੱਛਣ ਸੀ। ਰਾਜਾ ਮਹਿੰਦਰ ਪ੍ਰਤਾਪ ਜਿਹੇ ਸੁਪਨਸਾਜ਼ ਦੀ ਹਮਾਇਤ ਕਰਨਾ ਗ਼ਦਰੀਆਂ ਦੀ ਨਿਰਛਲਤਾ ਦਾ ਹੀ ਇਕ ਪ੍ਰਮਾਣ ਹੈ, ਜਿਸ ਅਨੁਸਾਰ ਹਿੰਦੁਸਤਾਨ ਦੀ ਫਰੰਗੀ ਸਰਕਾਰ ਨੂੰ ਚੁਪਾਸਿਉਂ ਘੇਰਨ ਲਈ ਨਿਪਾਲ, ਤਿੱਬਤ ਤੇ ਅਫਗਾਨਸਤਾਨ ਦੇ ਹਾਕਮਾਂ ਨਾਲ ਸੰਧੀਆਂ ਕਰਨ ਅਤੇ ਸਰਹੱਦਾਂ ਉੱਤੇ ਬਗ਼ਾਵਤੀ ਚੌਕੀਆਂ ਸਥਾਪਤ ਕਰਨ ਦੇ ਉਸਦੇ ਯੂਟੋਪੀਆਈ ਮਿਸ਼ਨ ਦੀ ਖਾਤਰ ਗ਼ਦਰ ਪਾਰਟੀ ਨੇ ਚੋਖੀ ਵੱਡੀ ਰਕਮ ਦੇ ਕੇ ਅਮਰੀਕਾ ਤੋਂ ਚੀਨ ਲਈ ਆਪਣੇ ਕਾਰਕੁਨ ਉਸਦੇ ਨਾਲ ਤੋਰ ਦਿੱਤੇ ਸਨ।

ਗ਼ਦਰ ਪਾਰਟੀ ਦੇ ਸੂਰਬੀਰਾਂ ਨੇ ਸ਼ੁਰੂ ਵਿਚ ਹਥਿਆਰਬੰਦ ਤਰੀਕਿਆਂ ਰਾਹੀਂ ਆਜ਼ਾਦੀ ਹਾਸਲ ਕਰਨ ਦਾ ਆਪਣਾ ਟੀਚਾ ਮਿਥਿਆ ਸੀ। ਵੇਲੇ ਦੀ ਸਮਝ ਤੇ ਉਦੋਂ ਦੇ ਹਾਲਾਤ ਮੁਤਾਬਕ ਉਹ ਸ਼ਾਇਦ ਹੋਰ ਕਿਸੇ ਤਰ੍ਹਾਂ ਸੋਚ ਵੀ ਨਹੀਂ ਸੀ ਸਕਦੇ। ਹਥਿਆਰ ਇਕੱਠੇ ਕਰਨਾ ਤੇ ਜੰਗੀ ਤਰਕੀਬਾਂ ਦੀ ਸਿਖਲਾਈ ਲੈਣਾ ਏਸੇ ਸਮਝ ਦਾ ਹਿੱਸਾ ਸੀ। ਬਸਤੀਵਾਦੀ ਅੰਗਰੇਜ਼ ਦੇ ਸਾਰੇ ਦੁਸ਼ਮਣ ਉਦੋਂ ਉਹਨਾਂ ਨੂੰ ਆਪਣੇ ਮਿੱਤਰ ਪ੍ਰਤੀਤ ਹੁੰਦੇ ਸਨ। ਇਸ ਲਈ ਅੰਗਰੇਜ਼ਾਂ ਦੇ ਦੁਸ਼ਮਣਾਂ ਨਾਲ ਸਾਂਝ ਭਿਆਲੀ ਪਾਉਣ ਤੋਂ ਗ਼ਦਰੀਆਂ ਨੂੰ ਕੋਈ ਝਿਜਕ ਨਹੀਂ ਸੀ। ਅਫ਼ਗਾਨਸਤਾਨ ਦਾ ਅਮਾਨਉੱਲਾ ਹੋਵੇ ਜਾਂ ਤੁਰਕੀ ਦਾ ਕਮਾਲ ਪਾਸ਼ਾ- ਸਭ ਅੰਗਰੇਜ਼ਾਂ ਦੇ ਖਿਲਾਫ ਹੋਣ ਕਰਕੇ ਗ਼ਦਰੀਆਂ ਨੂੰ ਆਪਣੇ ਸੰਗੀ ਜਾਪਦੇ ਸਨ। ਗ਼ਦਰੀਆਂ ਸਾਹਮਣੇ ਉਦੋਂ ਦੇਸ਼ ਭਗਤੀ ਦਾ ਹੋਰ ਕੋਈ ਮਾਡਲ ਵੀ ਨਹੀਂ ਸੀ। ਏਸੇ ਸਮਝ ਵਿਚੋਂ ਸੰਸਾਰ ਜੰਗ ਦੌਰਾਨ ਅੰਗਰੇਜ਼ ਦੀ ਵਿਰੋਧੀ ਸ਼ਕਤੀ ਜਰਮਨੀ ਤੋਂ ਸਹਾਇਤਾ ਹਾਸਲ ਕਰਨ ਉੱਤੇ ਵੀ ਉਹਨਾਂ ਨੂੰ ਕੋਈ ਉਜ਼ਰ ਨਹੀਂ ਸੀ। ਪਰ ਸਮੇਂ ਦੇ ਬੀਤਣ ਤੇ ਹਾਲਾਤ ਦੇ ਬਦਲਣ ਨਾਲ ਗ਼ਦਰੀਆਂ ਦੀ ਸਮਝ ਵਿਚ ਤਬਦੀਲੀ ਆਉਂਦੀ ਗਈ। ਉਹਨਾਂ ਨੂੰ ਸਮਝ ਪੈ ਗਈ ਕਿ ਨਾ ਤਾਂ ਕਿਸੇ ਬਦੇਸ਼ੀ ਤਾਕਤ ਦੀ ਹਮਾਇਤ ਹੀ ਉਹਨਾਂ ਦੇ ਦੇਸ਼ ਨੂੰ ਫਰੰਗੀ ਰਾਜ ਤੋਂ ਛੁਟਕਾਰਾ ਦੁਆ ਸਕਦੀ ਹੈ ਅਤੇ ਨਾ ਹੀ ਵਿਸ਼ਾਲ ਲੋਕਾਂ ਨੂੰ ਲਾਮਬੰਦ ਕੀਤੇ ਬਿਨਾਂ ਸਿਰਫ ਕੁਰਬਾਨੀ ਦੀ ਸ਼ੁਭ ਭਾਵਨਾ ਨਾਲ ਹੀ ਆਜ਼ਾਦੀ ਦਾ ਟੀਚਾ ਹਾਸਲ ਕੀਤਾ ਜਾ ਸਕਦਾ ਹੈ।

ਏਸ ਗੱਲ ਦੀ ਪ੍ਰਵਾਹ ਕੀਤੇ ਬਿਨਾਂ ਕਿ ਪਾਰਟੀ ਵਜੋਂ ਹਿੰਦੁਸਤਾਨ ਗ਼ਦਰ ਪਾਰਟੀ ਨੂੰ

ਕੋਈ ਵਿਸ਼ੇਸ਼ ਮਾਣ ਮਿਲਦਾ ਹੈ ਜਾਂ ਨਹੀਂ, ਆਪਣੇ ਪਹਿਲੇ ਯਤਨ ਦੀ ਅਸਫਲਤਾ ਪਿੱਛੋਂ ਗ਼ਦਰ ਪਾਰਟੀ ਨੇ ਦੇਸ਼ ਵਿਚ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਲੈ ਕੇ 1947 ਤਕ ਹਰ ਉਸ ਲਹਿਰ ਦਾ ਸਾਥ ਦਿੱਤਾ, ਜੋ ਉਸਦੀ ਸਮਝ ਅਨੁਸਾਰ ਦੇਸ਼ ਨੂੰ ਆਜ਼ਾਦੀ ਦੁਆਉਣ ਵਿਚ ਸਹਾਈ ਹੋ ਸਕਦੀ ਸੀ। ਪੰਜਾਬ ਵਿਚ ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਨੌਜਵਾਨ ਭਾਰਤ ਸਭਾ, ਕਿਰਤੀ, ਕਮਿਊਨਿਸਟ ਤੇ ਇੰਡੀਅਨ ਨੈਸ਼ਨਲ ਕਾਂਗਰਸ ਸਭ ਨੂੰ ਸਮੇਂ ਸਮੇਂ ਸਿਰਲੱਥ ਕਾਰਕੁਨਾਂ ਦੀ ਸਪਲਾਈ ਅਤੇ ਫੰਡਾਂ ਦੇ ਰੂਪ ਵਿਚ ਗ਼ਦਰ ਪਾਰਟੀ ਨੇ ਸਹਾਇਤਾ ਪੁਚਾਈ। ਗੁਰਦੁਆਰਾ ਸੁਧਾਰ ਲਹਿਰ ਤੋਂ ਸ਼ੁਰੂ ਹੋ ਕੇ ਪ੍ਰਚੰਡ ਰਾਸ਼ਟਰਵਾਦੀ ਰਾਜਨੀਤਕ ਲਹਿਰ ਵਜੋਂ ਉਭਰਨ ਵਿਚ ਅਕਾਲੀ ਲਹਿਰ ਨੇ ਜੋ ਰੂਪ ਵਟਾਇਆ, ਉਸ ਵਿਚ ਗ਼ਦਰੀ ਕਾਰਕੁਨਾਂ ਦਾ ਵੱਡਾ ਹੱਥ ਸੀ। ਜੈਤੋ ਦੇ ਮੋਰਚੇ ਵਿਚ ਸ਼ਾਮਲ ਹੋਣ ਲਈ ਕੈਨੇਡਾ ਤੋਂ ਤੁਰਿਆ ਜੱਥਾ ਜੇ ਬਦੇਸ਼ੀ ਹਿੰਦੁਸਤਾਨੀਆਂ ਵਿਚ ਗ਼ਦਰ ਪਾਰਟੀ ਦੇ ਪ੍ਰਭਾਵ ਦਾ ਪ੍ਰਤੀਕ ਸੀ ਤਾਂ 'ਪਰਦੇਸੀ ਖਾਲਸਾ', 'ਦੇਸ਼ ਸੇਵਕ', 'ਹਿੰਦੋਸਤਾਨ ਟਾਈਮਜ਼' ਵਰਗੇ ਅਕਾਲੀ ਲਹਿਰ ਦੇ ਪਰਚਿਆਂ ਨੂੰ ਜਾਰੀ ਕਰਨ ਲਈ ਗ਼ਦਰ ਪਾਰਟੀ ਨੇ ਹੀ ਬਦੇਸ਼ਾਂ 'ਚੋਂ ਫੰਡ ਜੁਟਾਏ ਸਨ। ਪਿਆਰਾ ਸਿੰਘ ਲੰਗੇਰੀ, ਭਾਗ ਸਿੰਘ ਕੈਨੇਡੀਅਨ, ਕਰਮ ਸਿੰਘ ਚੀਮਾ. ਈਸ਼ਰ ਸਿੰਘ ਮਰ੍ਹਾਣਾ ਵਰਗੇ ਨਾਮਵਰ ਗ਼ਦਰੀ ਅਤੇ ਉਹਨਾਂ ਦੇ ਹੋਰ ਸੰਗੀ ਜੇ ਵੀਹਵੀਂ ਸਦੀ ਦੇ ਤੀਜੇ ਦਹਾਕੇ ਵਿਚ ਪੰਜਾਬ ਵਿਚਲੀਆਂ ਰਾਸ਼ਟਰਵਾਦੀ ਲਹਿਰਾਂ ਦੇ ਮੁਖੀਆਂ ਵਿਚੋਂ ਸਨ ਤਾਂ ਬੱਬਰ ਅਕਾਲੀਆਂ ਦੇ ਜੁਝਾਰੂ ਕਾਰਨਾਮਿਆਂ ਵਿਚ ਉਹ ਕਰਮ ਸਿੰਘ ਬੱਬਰ ਤੇ ਕਰਮ ਸਿੰਘ ਦੌਲਤਪੁਰ ਦੇ ਰੂਪ ਵਿਚ ਪੇਸ਼ ਪੇਸ਼ ਸਨ। ਸ਼ਹੀਦ ਭਗਤ ਸਿੰਘ ਲਈ ਕਰਤਾਰ ਸਿੰਘ ਸਰਾਭਾ ਉਸਦਾ ਆਦਰਸ਼ ਤੇ ਪ੍ਰੇਰਨਾ ਸ੍ਰੋਤ ਸੀ। ਲਾਲਾ ਹਰਦਿਆਲ ਤੋਂ ਮਗਰੋਂ ਜਨਰਲ ਸਕੱਤਰ ਵਜੋਂ ਪਾਰਟੀ ਦੀ ਅਗਵਾਈ ਕਰਦੇ ਰਹੇ ਭਾਈ ਸੰਤੋਖ ਸਿੰਘ ਨੇ ਨਵੀਂ ਸੋਚ ਗ੍ਰਹਿਣ ਕਰਨ ਉਪਰੰਤ 1923 ਵਿਚ ਪੰਜਾਬ ਪਰਤ ਕੇ ਕਿਰਤੀ ਲਹਿਰ ਦਾ ਜਿਵੇਂ ਮੁੱਢ ਬੰਨ੍ਹਿਆਂ ਅਤੇ ਸਭ ਵੰਨਗੀਆਂ ਦੇ ਕੌਮਪ੍ਰਸਤਾਂ ਨੂੰ ਆਪਣੇ ਨਾਲ ਜੋੜਿਆ, ਉਹ ਆਪਣੇ ਆਪ ਵਿਚ ਇਕ ਸ਼ਾਨਦਾਰ ਬਿਰਤਾਂਤ ਹੈ। ਭਾਈ ਰਤਨ ਸਿੰਘ ਦੀ ਅਗਵਾਈ ਵਿਚ ਗ਼ਦਰ ਪਾਰਟੀ ਦੀਆਂ ਕੋਸ਼ਿਸ਼ਾਂ ਨਾਲ ਵੱਖ ਵੱਖ ਦੇਸ਼ਾਂ ਤੋਂ ਮਾਸਕੋ ਪਹੁੰਚਕੇ ਇਨਕਲਾਬੀ ਸਿੱਖਿਆ ਪ੍ਰਾਪਤ ਕਰਨ ਵਾਲੇ ਗ਼ਦਰੀਆਂ ਦੇ ਵੱਡੇ ਹਿੱਸੇ ਨੇ ਹੀ ਪੰਜਾਬ ਵਿਚ ਕਿਰਤੀ ਤੇ ਕਮਿਊਨਿਸਟ ਲਹਿਰ ਉਸਾਰੀ, ਜੋ 1947 ਤਕ ਆਜ਼ਾਦੀ ਦੀ ਲਹਿਰ ਦਾ ਇਕ ਸ਼ਕਤੀਸ਼ਾਲੀ ਅੰਗ ਸੀ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅਖੀਰ ਤੋਂ ਲੈ ਕੇ ਦੇਸ਼ ਦੇ ਆਜ਼ਾਦ ਹੋਣ ਤਕ ਪਾਰਟੀ ਦੇ ਸਾਨ ਫ੍ਰਾਂਸਿਸਕੋ ਵਿਚਲੇ ਕੇਂਦਰ ਵਿਚ ਜੱਥੇਬੰਦਕ ਸਥਿਤੀ ਦੇ ਪੱਖ ਤੋਂ ਕਈ ਉਤਰਾਅ-ਚੜ੍ਹਾ ਤਾਂ ਆਉਂਦੇ ਰਹੇ ਪਰ ਬਦੇਸ਼ੀ ਗ਼ੁਲਾਮੀ ਤੋਂ ਆਜ਼ਾਦੀ ਹਾਸਲ ਕਰਨ ਦੀ ਉਸਦੀ ਸਰਗਰਮੀ ਦੀ ਸੇਧ ਵਿਚ ਕੋਈ ਵਿਘਨ ਨਹੀਂ ਪਿਆ। ਇਹ ਸਰਗਰਮੀ ਮਹਿਜ਼ ਰਾਸ਼ਟਰਵਾਦ ਦੀ ਸਮਝ ਤੋਂ ਅਗਾਂਹ ਜਾਂਦੀ ਹੋਈ ਨਿਆਈਂ ਸਮਾਜਕ ਵਿਵਸਥਾ ਵਾਲੇ ਇਕ ਸੁਤੰਤਰ ਦੇਸ਼ ਦੀ ਉਸਾਰੀ ਕਰਨ ਵੱਲ ਸੇਧਿਤ ਸੀ। ਲੋਕ ਰਾਏ ਲਾਮਬੰਦ ਕਰਨ ਲਈ ਅਖ਼ਬਾਰਾਂ ਰਿਸਾਲਿਆਂ ਤੇ ਕਿਤਾਬਚਿਆਂ ਦੀ ਛਪਾਈ ਅਤੇ ਇਹਨਾਂ ਦੀ ਵੰਡ ਦੇ ਮਹੱਤਵ ਤੋਂ ਤਾਂ ਪਾਰਟੀ ਸ਼ੁਰੂ ਤੋਂ ਹੀ ਚੇਤੰਨ ਸੀ। ਸਮੇਂ ਸਮੇਂ ਪੰਜਾਬੀ, ਉਰਦੂ, ਹਿੰਦੀ ਤੇ ਅੰਗਰੇਜ਼ੀ ਵਿਚ 'ਸਪਤਾਹਕ ਗ਼ਦਰ', 'ਹਿੰਦੋਸਤਾਨ ਗ਼ਦਰ', 'ਯੁਗਾਂਤਰ', 'ਇੰਡੀਪੈਂਡੈਂਟ ਹਿੰਦੋਸਤਾਨ' ਵਰਗੇ ਪਰਚੇ ਜਾਰੀ ਕਰਨ ਤੋਂ ਬਿਨਾਂ ਇਹ ਵੱਖ ਵੱਖ ਮਸਲਿਆਂ ਉੱਤੇ ਕਿਤਾਬਚੇ ਪ੍ਰਕਾਸ਼ਤ ਕਰਦੀ ਰਹੀ ਸੀ। 'ਗ਼ਦਰ ਦੀ ਗੂੰਜ' ਦੇ ਸਿਰਲੇਖ ਵਾਲੀ ਇਸਦੀ ਕਾਵਿ-ਪੁਸਤਕ ਲੜੀ ਦਾ ਤਾਂ ਪੰਜਾਬੀ ਦੇ ਸੰਗਰਾਮੀ ਸਾਹਿਤ ਵਿਚ ਬਹੁਤ ਵੱਡਾ ਸਥਾਨ ਹੈ। ਗ਼ਦਰ ਪਾਰਟੀ ਦੀ ਇਹ ਪ੍ਰਕਾਸ਼ਤ ਸਮੱਗਰੀ ਹਰ ਉਸ ਦੇਸ਼ ਵਿਚ ਪਹੁੰਚਦੀ ਸੀ ਜਿੱਥੇ ਜਿੱਥੇ ਹਿੰਦੁਸਤਾਨੀ ਵਸੇ ਹੋਏ ਸਨ। ਇਹ



ਸਮੱਗਰੀ ਏਨੀ ਪ੍ਰਭਾਵਕਾਰੀ ਸੀ ਕਿ ਜਿੱਥੇ ਅੰਗਰੇਜ਼ ਹਾਕਮ ਇਸਨੂੰ ਲੋਕਾਂ ਦੇ ਹੱਥ ਪਹੁੰਚਣੋਂ ਰੋਕਣ ਲਈ ਹਰ ਹੀਲਾ ਵਰਤਦੇ ਸਨ, ਉੱਥੇ ਇਸਤੋਂ ਬਦਲਵੀਂ ਪੜ੍ਹਨ-ਸਮੱਗਰੀ ਬਦੇਸ਼ਾਂ ਵਿਚ ਵਸਦੇ ਹਿੰਦੁਸਤਾਨੀਆਂ ਤਕ ਪੁਚਾਉਣ ਲਈ ਵੀ ਕੋਸ਼ਿਸ਼ ਕਰਦੇ ਸਨ। ਸਮੇਂ ਦੇ ਵਕਫੇ ਨਾਲ ਛਪੀਆਂ ਗ਼ਦਰੀ ਪ੍ਰਕਾਸ਼ਨਾਵਾਂ ਵਿਚਲੇ ਆਜ਼ਾਦੀ ਦੇ ਸੁਨੇਹੇ ਦੀ ਤੱਤਕਾਲੀਨ ਸਾਰਥਿਕਤਾ ਤਾਂ ਹੈ ਹੀ ਸੀ, ਇਹ ਅੱਜ ਵੀ ਰਾਸ਼ਟਰਵਾਦੀ ਤੇ ਲੋਕ-ਹਿਤੈਸ਼ੀ ਭਾਵਨਾਵਾਂ ਨੂੰ ਜਗਾਉਣ ਵਿਚ ਬਹੁਤ ਸਾਰਥਕ ਹੈ। ਇੰਝ ਹੀ ਭਾਈ ਸੰਤੋਖ ਸਿੰਘ ਵੱਲੋਂ 1926 ਵਿਚ ਅੰਮ੍ਰਿਤਸਰ ਤੋਂ 'ਕਿਰਤੀ' ਮਾਸਕ ਪੱਤਰ ਦਾ ਪ੍ਰਕਾਸ਼ਨ ਇਕ ਬਹੁਤ ਹੀ ਅਹਿਮ ਘਟਨਾ ਸੀ ਜਿਸਨੇ ਪੰਜਾਬੀ ਪੱਤਰਕਾਰੀ ਨੂੰ ਅਸਲੋਂ ਨਵਾਂ ਮੁਹਾਣ ਦਿੱਤਾ। ਇਹ ਉਹ ਪਰਚਾ ਸੀ ਜਿਸਨੇ ਪਹਿਲੀ ਵਾਰ ਪੰਜਾਬੀ ਵਿਚ ਕੌਮਪ੍ਰਸਤੀ ਦੀਆਂ ਭਾਵਨਾਵਾਂ ਦੇ ਨਾਲ ਨਾਲ ਨਵੀਂ ਸਮਾਜਵਾਦੀ ਵਿਚਾਰਧਾਰਾ ਦਾ ਪਰਚਾਰ ਪ੍ਰਸਾਰ ਕੀਤਾ। ਇਸੇ ਪਰਚੇ ਵਿਚ ਹੀ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਛਪਦੀਆਂ ਰਹੀਆਂ ਸਨ। ਇਸ ਪਰਚੇ ਵਿਚ ਛਪੀਆਂ ਲਿਖਤਾਂ ਦਾ ਰਾਜਨੀਤਕ, ਵਿਚਾਰਧਾਰਕ ਤੇ ਸਾਹਿਤਕ ਪੱਖ ਤੋਂ ਬਹੁਤ ਇਤਿਹਾਸਕ ਮਹੱਤਵ ਹੋਣ ਦੇ ਨਾਲ ਨਾਲ ਇਹਨਾਂ ਵਿਚ ਦਰਸਾਈ ਗਈ ਪਹੁੰਚ ਦੀ ਸਮਕਾਲੀ ਪ੍ਰਸੰਗਕਤਾ ਵੀ ਬਣੀ ਹੋਈ ਹੈ।

ਸਾਨ ਫ੍ਰਾਂਸਿਸਕੋ ਵਿਚਲੇ ਪਾਰਟੀ ਦੇ ਕੇਂਦਰ ਨੇ ਦੇਸ਼ ਵਿਚ ਗ਼ਦਰੀ ਕਾਰਕੁਨਾਂ ਤੇ ਵੱਖ ਵੱਖ ਸੰਗਠਨਾਂ ਨਾਲ ਤਾਲਮੇਲ ਤਾਂ ਬਣਾਈ ਰੱਖਿਆ ਹੀ ਸੀ, ਵੱਖ ਵੱਖ ਦੇਸ਼ਾਂ ਵਿਚ ਪਾਰਟੀ ਦੀਆਂ ਬਾਕਾਇਦਾ ਇਕਾਈਆਂ ਕਾਇਮ ਕਰਕੇ ਉਹਨਾਂ ਦੇ ਕੰਮ ਵਿਚ ਮਜ਼ਬੂਤੀ ਵੀ ਲਿਆਂਦੀ ਸੀ। ਅਮਰੀਕਾ ਤੇ ਕੈਨੇਡਾ ਤਾਂ ਅਵੱਸ਼ ਇਸਦੀ ਸਰਗਰਮੀ ਦੀ ਮੁਖ ਭੂਮੀ ਸਨ। ਉਪਰੰਤ ਪਾਨਾਮਾ, ਅਰਜਨਟਾਈਨਾ, ਬਰਾਜ਼ੀਲ, ਵੈਨਜ਼ਵੇਲਾ, ਮੈਕਸੀਕੋ, ਨਿਊਜ਼ੀਲੈਂਡ, ਫਿਜੀ, ਕੇਨੀਆ, ਟਾਂਗਾਨੀਕਾ, ਜਾਪਾਨ, ਸਿੰਗਾਪੁਰ, ਫਿਲਪਾਈਨ, ਜਾਵਾ, ਸਮਾਟਰਾ, ਮਲਾਇਆ, ਚੀਨ, ਥਾਈਲੈਂਡ, ਈਰਾਨ, ਅਫ਼ਗਾਨਸਤਾਨ ਅਤੇ ਯੂਰਪ ਦੇ ਕਈ ਦੇਸ਼ਾਂ ਵਿਚ ਇਸਦੀਆਂ ਸਰਗਰਮ ਇਕਾਈਆਂ ਸਨ। ਮਾਸਕੋ ਨਾਲ ਤਾਂ ਇਸਦਾ ਪੱਕਾ ਰਿਸ਼ਤਾ ਸੀ ਜਦਕਿ ਅਫ਼ਗਾਨਸਤਾਨ, ਇਟਲੀ ਤੇ ਫਰਾਂਸ ਵਿਚ ਅੰਤਰਰਾਸ਼ਟਰੀ ਤਾਲਮੇਲ ਲਈ ਇਸਦੇ ਪੱਕੇ ਟਿਕਾਣੇ ਸਨ। ਬਦੇਸ਼ਾਂ ਵਿਚਲੀਆਂ ਗ਼ਦਰ ਪਾਰਟੀ ਦੀਆਂ ਸਾਰੀਆਂ ਇਕਾਈਆਂ ਗ਼ਦਰ ਅਖ਼ਬਾਰ ਤੇ ਹੋਰ ਪ੍ਰਕਾਸ਼ਤ ਸਮੱਗਰੀ ਵੰਡਣ, ਫੰਡ ਇਕੱਠਾ ਕਰਨ, ਮਾਸਕੋ ਵਿਚ ਇਨਕਲਾਬੀ ਸਿਖਲਾਈ ਲਈ ਕਾਰਕੁਨ ਭੇਜਣ ਅਤੇ ਦੇਸ਼ ਵਿਚ ਆਜ਼ਾਦੀ ਦੇ ਸੰਘਰਸ਼ ਨਾਲ ਸੰਬੰਧਤ ਘਟਨਾਵਾਂ ਨੂੰ ਲੈਕੇ ਮੀਟਿੰਗਾਂ ਤੇ ਜਲਸੇ ਕਰਨ ਦਾ ਕੰਮ ਕਰਦੀਆਂ ਸਨ। ਕਿਸੇ ਵੀ ਹੋਰ ਕੌਮੀ ਸੰਗਠਨ ਨੇ ਬਦੇਸ਼ਾਂ ਵਿਚ ਏਨੀ ਮਾਰ ਨਹੀਂ ਕੀਤੀ ਜਿੰਨੀ ਗ਼ਦਰ ਪਾਰਟੀ ਨੇ। ਅੱਛਰ ਸਿੰਘ ਛੀਨਾ, ਡਾ. ਭਾਗ ਸਿੰਘ, ਨਿਧਾਨ ਸਿੰਘ ਮਹੇਸਰੀ, ਦਰਸ਼ਨ ਸਿੰਘ ਕਨੇਡੀਅਨ, ਹਰਜਾਪ ਸਿੰਗ ਮਾਹਲਪੁਰ, ਜੋ ਮਗਰੋਂ ਦੇਸ਼ ਵਿਚ ਉੱਘੇ ਰਾਜਨੀਤਕ ਆਗੂ ਬਣੇ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ, ਗ਼ਦਰ ਪਾਰਟੀ ਦੀਆਂ ਵੱਖ ਵੱਖ ਦੇਸ਼ਾਂ ਵਿਚਲੀਆਂ ਬਰਾਂਚਾਂ ਦੀ ਹੀ ਪੈਦਾਵਾਰ ਸਨ। 1914 ਤੋਂ ਮਗਰੋਂ ਦੂਜੀ ਵਾਰ ਫਿਰ 1930 ਵਿਚ ਪਾਰਟੀ ਨੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖ਼ਾਤਰ ਗ਼ਦਰੀਆਂ ਨੂੰ ਵੱਡੀ ਪੱਧਰ ਉੱਤੇ ਦੇਸ਼ ਪਰਤਣ ਦਾ ਸੱਦਾ ਦਿੱਤਾ ਸੀ। ਏਸੇ ਸੱਦੇ ਉੱਤੇ ਨਾ ਸਿਰਫ ਕੈਨੇਡਾ ਤੇ ਅਮਰੀਕਾ ਤੋਂ ਸਗੋਂ ਮਾਸਕੋ ਰਾਹੀਂ ਸਿੱਖਿਆ ਪ੍ਰਾਪਤ ਕਰਕੇ ਆਉਣ ਵਾਲੇ ਇਨਕਲਾਬੀਆਂ ਸਮੇਤ ਹੋਰ ਬਹੁਤ ਦੇਸ਼ਾਂ ਵਿਚੋਂ ਗ਼ਦਰੀ ਹਿੰਦੁਸਤਾਨ ਵਿਚ ਆ ਕੇ ਕਿਰਤੀਆਂ, ਕਮਿਊਨਿਸਟਾਂ, ਅਕਾਲੀਆਂ ਜਾਂ ਕਾਂਗਰਸੀਆਂ ਵਜੋਂ ਆਜ਼ਾਦੀ ਦੇ ਸੰਗਰਾਮ ਵਿਚ ਕੁੱਦ ਪਏ ਸਨ। ਸਗੋਂ ਸੱਚ ਤਾਂ ਇਹ ਹੈ ਕਿ ਵੱਡੀ ਗਿਣਤੀ ਵਿਚ ਦੇਸ਼ ਪਰਤੇ ਇਹ ਗ਼ਦਰੀ ਹੀ, ਭਾਵੇਂ ਆਮ ਵਰਕਰ ਸਨ ਜਾਂ ਲੀਡਰ, ਪੰਜਾਬ ਵਿਚ ਕੌਮੀ ਆਜ਼ਾਦੀ ਦੀ ਲਹਿਰ ਦਾ ਧੁਰਾ ਸਨ।

ਏਸ ਦੇ ਉਲਟ ਕੁਝ ਲੋਕ ਅਜਿਹੇ ਵੀ ਸਨ ਜੋ ਪਿਛਲੀ ਸਦੀ ਦੇ ਤੀਜੇ ਦਹਾਕੇ ਵਿਚ ਆਜ਼ਾਦੀ ਦੀ ਲਹਿਰ ਵਿਚ ਭਾਗ ਲੈਂਦੇ ਹੋਏ ਬਦੇਸ਼ ਚਲੇ ਗਏ ਸਨ ਤੇ ਉੱਥੇ ਜਾ ਕੇ ਗ਼ਦਰ ਪਾਰਟੀ ਦੇ ਪ੍ਰਭਾਵ ਕਾਰਨ ਉਹਨਾਂ ਦੀ ਦੇਸ਼ ਭਗਤੀ ਦੀ ਭਾਵਨਾ ਹੋਰ ਵੀ ਪ੍ਰਚੰਡ ਹੋ ਗਈ ਸੀ। ਇੰਝ ਉਹ ਨਾ ਸਿਰਫ ਆਜ਼ਾਦੀ ਦੇ ਮੁਖ ਸੰਗਰਾਮੀਆਂ ਵਜੋਂ ਸਗੋਂ ਆਮ ਲੋਕਾਈ ਦੇ ਹਿਤਾਂ ਵਿਚ ਜੂਝਣ ਵਾਲੇ ਸੂਰਮਿਆਂ ਵਜੋਂ ਉਭਰੇ ਸਨ। ਤੇਜਾ ਸਿੰਘ ਸੁਤੰਤਰ ਅਜਿਹੇ ਹੀ ਉੱਘੇ ਦੇਸ਼ ਭਗਤਕ ਆਗੂਆਂ ਵਿਚ ਸ਼ਾਮਲ ਸੀ ਜਿਸਨੇ ਮਗਰਲੇ ਵਰ੍ਹਿਆਂ ਵਿਚ ਬਦੇਸ਼ਾਂ ਵਿਚ ਗ਼ਦਰ ਪਾਰਟੀ ਦੇ ਕੰਮ-ਕਾਰ ਨੂੰ ਬਹੁਤ ਪ੍ਰਫੁੱਲਤ ਕੀਤਾ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਪਿਤਾ ਹਰਨਾਮ ਸਿੰਘ ਬਾਸੀ ਵੀ ਪਾਨਾਮਾ ਦੀ ਬਰਾਂਚ ਨਾਲ ਜੁੜੇ ਉਹ ਗ਼ਦਰੀ ਸਨ ਜਿੰਨ੍ਹਾਂ ਬਦੇਸ਼ ਜਾਣ ਤੋਂ ਪਹਿਲਾਂ ਵੀ ਅਕਾਲੀ ਲਹਿਰ ਵਿਚ ਕੈਦ ਕੱਟੀ ਸੀ ਅਤੇ ਮਗਰੋਂ ਹੋਰ ਸੈਂਕੜੇ ਗ਼ਦਰੀਆਂ ਵਾਂਗ ਦੇਸ਼ ਪਰਤਕੇ ਕੌਮੀ ਲਹਿਰ ਦਾ ਅੰਗ ਬਣੇ ਸਨ। ਦੇਸ਼ ਪਰਤਕੇ 1947 ਤੋਂ ਪਹਿਲਾਂ ਤੇ ਮਗਰੋਂ ਲੋਕ ਲਹਿਰਾਂ ਵਿਚ ਜੂਝਣ ਵਾਲੇ ਬਾਬਾ ਗੁਰਮੁਖ ਸਿੰਘ, ਸੋਹਣ ਸਿੰਘ ਭਕਨਾ, ਕਰਮ ਸਿੰਘ ਚੀਮਾ, ਅਰੂੜ ਸਿੰਘ ਚੂਹੜਚੱਕ, ਦੁੱਲਾ ਸਿੰਘ ਜਲਾਲਦੀਵਾਲ, ਹਰਨਾਮ ਸਿੰਘ ਕੋਟਲਾ ਨੌਧ ਸਿੰਘ, ਬੂਝਾ ਸਿੰਘ, ਭਗਤ ਸਿੰਘ ਬਿਲਗਾ ਵਰਗੇ ਸੈਂਕੜੇ ਗ਼ਦਰੀ ਬਾਬੇ ਨਾ ਕੇਵਲ ਆਜ਼ਾਦੀ ਦੇ ਸੰਗਰਾਮ ਵਿਚ ਸਗੋਂ ਆਜ਼ਾਦੀ ਹਾਸਲ ਹੋਣ ਤੋਂ ਪਿੱਛੋਂ ਵੀ ਆਪਣੇ ਜੀਵਨ ਦੇ ਆਖਰੀ ਪਲਾਂ ਤਕ ਜਨਤਕ ਸੇਵਾ ਵਿਚ ਲੱਗੇ ਰਹੇ।

ਰਾਸ਼ਟਰਵਾਦ ਤੋਂ ਸ਼ੁਰੂ ਕਰਕੇ ਅੰਤਰਰਾਸ਼ਟਰੀ ਦਿੱਖ ਵਾਲੀ ਲਹਿਰ ਵਿਚ ਵਟਣਾ ਗ਼ਦਰ ਪਾਰਟੀ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕਰਦਾ ਹੈ। ਪਹਿਲੀ ਸੰਸਾਰ ਜੰਗ ਦੌਰਾਨ ਪਾਰਟੀ ਸਹਿਜੇ ਹੀ ਜਰਮਨੀ ਦੀ ਹਮਾਇਤੀ ਹੋ ਗਈ ਸੀ। ਆਪਣੀ ਨਿਰਪੱਖਤਾ ਛੱਡਕੇ ਅਮਰੀਕਾ ਜਦੋਂ ਇਸ ਜੰਗ ਵਿਚ ਅੰਗਰੇਜ਼ ਦਾ ਇਤਹਾਦੀ ਬਣ ਗਿਆ ਤਾਂ ਇਸਨੇ ਅਮਰੀਕਾ ਵਿਚਲੇ ਜਰਮਨੀ ਦੂਤਾਵਾਸ ਦੇ ਅਧਿਕਾਰੀਆਂ ਤੇ ਕੁਝ ਹੋਰ ਲੋਕਾਂ ਸਮੇਤ ਹਿੰਦੁਸਤਾਨ ਗ਼ਦਰ ਪਾਰਟੀ ਦੇ ਆਗੂਆਂ ਉੱਤੇ ਮੁਕੱਦਮਾ ਚਲਾਇਆ ਸੀ, ਜੋ ਸਾਨ ਫ੍ਰਾਂਸਿਸਕੋ ਕੇਸ ਵਜੋਂ ਜਾਣਿਆਂ ਜਾਂਦਾ ਹੈ। ਇਸ ਕੇਸ ਵਿਚ ਭਾਈ ਸੰਤੋਖ ਸਿੰਘ, ਗਿਆਨੀ ਭਗਵਾਨ ਸਿੰਘ, ਨਿਧਾਨ ਸਿੰਘ ਮਹੇਸਰੀ, ਗੋਪਾਲ ਸਿੰਘ ਸੋਹੀ, ਬਿਸ਼ਨ ਸਿੰਘ ਹਿੰਦੀ ਆਦਿ ਗ਼ਦਰੀ ਕਾਰਕੁਨਾਂ ਨੂੰ ਛੇ ਮਹੀਨੇ ਤੋਂ ਲੈ ਕੇ ਦੋ ਸਾਲ ਤਕ ਦੀ ਜੇਲ੍ਹ ਦੀਆਂ ਸਜ਼ਾਵਾਂ ਹੋਈਆਂ ਸਨ। ਇਹ ਮੁਕੱਦਮਾ ਹਿੰਦੁਸਤਾਨ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਇਸ ਕਰਕੇ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ ਕਿ ਇਸ ਮੁਕੱਦਮੇ ਕਰਕੇ ਹੀ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਨ ਵਾਲੀ ਇਕ ਜੁਝਾਰੂ ਜੱਥੇਬੰਦੀ ਵਜੋਂ ਇਹ ਅੰਤਰਰਾਸ਼ਟਰੀ ਪੱਧਰ 'ਤੇ ਧਿਆਨ ਖਿੱਚਣ ਦੇ ਸਮਰੱਥ ਹੋ ਸਕੀ ਸੀ। ਇਸ ਮੁਕੱਦਮੇ ਦੌਰਾਨ ਅਤੇ ਇਸਤੋਂ ਮਗਰੋਂ ਅਮਰੀਕਾ ਤੋਂ ਗ਼ਦਰੀਆਂ ਦੇ ਦੇਸ਼-ਨਿਕਾਲੇ ਦੇ ਮੁਕੱਦਮੇ ਦੌਰਾਨ ਪਾਰਟੀ ਨੂੰ ਜਮਹੂਰੀ, ਅਗਾਂਹਵਧੂ ਅਨਸਰਾਂ ਤੇ ਮਜ਼ਦੂਰ ਜੱਥੇਬੰਦੀਆਂ ਵੱਲੋਂ ਜੋ ਹਮਾਇਤ ਮਿਲੀ, ਉਹ ਪਰਤਵੇਂ ਰੂਪ ਵਿਚ ਹਿੰਦੁਸਤਾਨ ਦੀ ਕੌਮੀ ਲਹਿਰ ਦੀ ਕੌਮਾਂਤਰੀ ਪੱਧਰ 'ਤੇ ਵੱਡੀ ਹਮਾਇਤ ਸੀ। ਏਸੇ ਪ੍ਰਸੰਗ ਵਿਚ ਅਮਰੀਕਾ ਦੇ ਇਕ ਰਹਿ ਚੁੱਕੇ ਸੈਕਟਰੀ ਔਫ ਸਟੇਟ ਨੇ ਬ੍ਰਿਟਿਸ਼ ਬਸਤੀਵਾਦ ਦੇ ਵਿਰੋਧ ਵਿਚ ਸਟੈਂਡ ਲਿਆ ਸੀ ਅਤੇ ਅਮਰੀਕੀ ਮੂਲ ਦੀ ਇਕ ਔਰਤ ਐਗਨਿਸ ਸਮੈਡਲੀ ਨੇ ਆਜ਼ਾਦੀ ਦੇ ਜੁਝਾਰੂ ਸੂਰਮੇ ਦੱਸਕੇ ਗ਼ਦਰੀਆਂ ਦੇ ਹੱਕ ਵਿਚ ਵਿਆਪਕ ਲੋਕ ਰਾਏ ਉਭਾਰਨ ਦਾ ਕੰਮ ਕੀਤਾ ਸੀ।

ਜੇ ਗ਼ਦਰ ਪਾਰਟੀ ਨੂੰ ਹਿੰਦੁਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਮਰੀਕਾ ਵਿਚਲੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੇ ਸੰਗਠਨਾਂ ਦੀ ਹਮਾਇਤ ਮਿਲਣ ਲੱਗੀ ਸੀ ਤਾਂ ਇਸਨੇ ਵੀ ਕਿਸੇ ਵੀ ਕੌਮ ਦੇ ਆਜ਼ਾਦੀ ਦੇ ਸੰਘਰਸ਼ ਦੀ ਹਮਾਇਤ ਨੂੰ ਆਪਣਾ ਮਿਸ਼ਨ ਬਣਾ ਲਿਆ ਸੀ। ਸਿੱਟੇ ਵਜੋਂ



ਆਇਰਲੈਂਡ, ਚੀਨ ਤੇ ਮਿਸਰ ਦੇ ਕੌਮਪ੍ਰਸਤਾਂ ਨਾਲ ਗ਼ਦਰੀ ਮੋਢੇ ਨਾਲ ਮੋਢਾ ਜੋੜਕੇ ਤੁਰਦੇ ਰਹੇ। ਆਪਣੇ ਵੱਲੋਂ ਪ੍ਰਕਾਸ਼ਤ ਕਿਤਾਬਚਿਆਂ ਵਿਚ ਪਾਰਟੀ ਇਹਨਾਂ ਦੇਸ਼ਾਂ ਦੀਆਂ ਕੌਮੀ ਲਹਿਰਾਂ ਬਾਰੇ ਜਾਣਕਾਰੀ ਤੇ ਇਹਨਾਂ ਦੀ ਹਮਾਇਤ ਵਾਲੀ ਸਮੱਗਰੀ ਵੀ ਛਾਪਦੀ ਸੀ। ਜੇ ਸਾਨ ਫ੍ਰਾਂਸਿਸਕੋ ਵਿਚ ਆਇਰਸ਼ ਕੌਮੀ ਲੀਡਰ ਡੀ ਵਲੇਰਾ ਦੇ ਮਾਣ ਵਿਚ ਉਸ ਵੇਲੇ ਪਾਰਟੀ ਦੇ ਮੁਖੀ ਗੋਪਾਲ ਸਿੰਘ ਸੋਹੀ ਦੀ ਅਗਵਾਈ ਵਿਚ ਸਮਾਗਮ ਰਚਾਇਆ ਗਿਆ ਸੀ ਤਾਂ ਚੀਨ ਵਿਚ ਗ਼ਦਰੀਆਂ ਨੇ ਬਾਕਾਇਦਾ ਉੱਥੋਂ ਦੀ ਕੌਮੀ ਲਹਿਰ ਵਿਚ ਸ਼ਿਰਕਤ ਕੀਤੀ ਸੀ। ਚੀਨ ਵਿਚ ਸ਼ਿੰਘਾਈ, ਹਾਨਕੋਅ ਤੇ ਨਾਨਕਿੰਗ ਵਿਚ ਪਾਰਟੀ ਦੇ ਸਰਗਰਮ ਅੱਡੇ ਸਨ। ਏਥੋਂ ਪ੍ਰਕਾਸ਼ਤ ਹੁੰਦੇ ਰਹੇ 'ਹਿੰਦ ਜਗਾਵਾ' ਤੇ 'ਗ਼ਦਰ ਢੰਡੋਰਾ' ਨਾਂ ਦੇ ਪਰਚੇ ਦੋਹਾਂ ਕੌਮੀ ਲਹਿਰਾਂ ਦੇ ਦੂਹਰੇ ਪਰਚਾਰ ਦਾ ਕੰਮ ਕਰਦੇ ਸਨ। ਚੀਨ ਵਿਚ ਪਾਰਟੀ ਦੇ ਕੰਮ ਦੇ ਪ੍ਰਭਾਵ ਤੋਂ ਡਰ ਕੇ ਹੀ ਉਸ ਵੇਲੇ ਦੀ ਉੱਥੋਂ ਦੀ ਬਸਤੀਵਾਦੀ ਸਰਕਾਰ ਨੇ ਕਈ ਗ਼ਦਰੀ ਦੇਸ਼ ਭਗਤਾਂ ਉੱਤੇ ਮੁਕੱਦਮੇ ਚਲਾ ਕੇ ਉਹਨਾਂ ਨੂੰ ਜੇਲ੍ਹਾਂ ਵਿਚ ਡੱਕਿਆ ਸੀ ਅਤੇ ਦਸੌਂਧਾ ਸਿੰਘ ਢਾਡਾ, ਸੱਜਣ ਸਿੰਘ ਤੇ ਗੇਂਦਾ ਸਿੰਘ ਵਰਗੇ ਗ਼ਦਰੀਆਂ ਨੂੰ ਦੇਸ਼-ਨਿਕਾਲਾ ਦਿੱਤਾ ਸੀ।

ਅੰਗਰੇਜ਼ ਬਸਤੀਵਾਦੀਆਂ ਦੇ ਵਿਰੁੱਧ ਲੜਦਿਆਂ ਹੋਇਆਂ ਆਪਣੇ ਦੇਸ਼ ਲਈ ਗ਼ਦਰੀਆਂ ਦਾ ਪਿਆਰ ਡੁਲ੍ਹ ਡੁਲ੍ਹ ਪੈਂਦਾ ਸੀ। 'ਗ਼ਦਰ ਦੀ ਗੂੰਜ' ਵਿਚਲੀਆਂ ਕਵਿਤਾਵਾਂ ਪੰਜਾਬੀ ਵਿਚ ਦੇਸ਼ ਭਗਤੀ ਦੇ ਕਾਵਿ ਦਾ ਉਤਮ ਨਮੂਨਾ ਹਨ। ਬਦੇਸ਼ ਵਿਚ ਵਿਚਰਦਿਆਂ ਗ਼ਦਰੀਆਂ ਨੇ ਆਪਣੇ ਦੇਸ਼ ਨੂੰ ਨਹੀਂ ਭੰਡਿਆ, ਉਸਦੀ ਗ਼ਲਤ ਵਿਵਸਥਾ ਦੀ ਆਲੋਚਨਾ ਕੀਤੀ ਸੀ। ਇੰਝ ਹੀ ਅਮਰੀਕਾ ਦੀ ਧਰਤੀ ਉੱਤੇ ਰਹਿੰਦਿਆਂ ਬਸਤੀਵਾਦ ਦੇ ਵਿਰੋਧ ਵਿਚ ਅਮਰੀਕਾ ਦੇ ਸੰਘਰਸ਼ ਦੇ ਇਤਿਹਾਸ ਦੀ ਪ੍ਰਸ਼ੰਸਾ ਕਰਦਿਆਂ ਇਸਨੂੰ ਆਪਣੀ ਢਾਲ ਵਜੋਂ ਵਰਤਿਆ। ਅਮਰੀਕਾ ਦੇ ਜਮਹੂਰੀ ਢਾਂਚੇ ਤੋਂ ਪ੍ਰਭਾਵਤ ਹੁੰਦਿਆਂ ਹੋਇਆਂ ਇਕ ਸਮੇਂ ਇਸਨੇ 'ਯੂਨਾਈਟਡ ਸਟੇਟਸ ਔਫ ਇੰਡੀਆ' ਦਾ ਸੰਕਲਪ ਵੀ ਸਾਹਮਣੇ ਲਿਆਂਦਾ ਸੀ।

ਕੌਮੀ ਭਾਵਨਾ ਅਤੇ ਅਸੀਮ ਕੁਰਬਾਨੀ ਦਾ ਚਿੰਨ੍ਹ ਹੋਣ ਤੋਂ ਅਗਾਂਹ ਸਾਡੇ ਲਈ ਗ਼ਦਰ ਪਾਰਟੀ ਦੀ ਸਭ ਤੋਂ ਵੱਧ ਪ੍ਰਸੰਗਕਤਾ ਹੈ ਇਸਦੇ ਸੈਕੂਲਰ ਚਰਿੱਤਰ ਵਿਚ। ਪਾਰਟੀ ਵਿਚ ਜ਼ਾਤ ਪਾਤ ਜਾਂ ਧਰਮ ਦੇ ਵਖੇਵੇਂ ਲਈ ਕੋਈ ਥਾਂ ਨਹੀਂ ਸੀ। ਇਸਦੇ ਮੈਂਬਰਾਂ ਵਿਚ ਹਿੰਦੂ, ਮੁਸਲਿਮ, ਸਿੱਖ ਸਭ ਧਰਮਾਂ ਦੇ ਲੋਕ ਸ਼ਾਮਲ ਸੀ ਪਰ ਧਾਰਮਿਕ ਵਿਸ਼ਵਾਸ ਹਰਿਕ ਦਾ ਨਿੱਜੀ ਮਾਮਲਾ ਸੀ। ਇਸਦੇ ਕੇਂਦਰੀ ਦਫਤਰ ਯੁਗਾਂਤਰ ਆਸ਼ਰਮ ਵਿਚ ਕੰਮ ਕਰਨ ਵਾਲੇ ਸਾਰੇ ਕਾਰਕੁਨ ਸਾਂਝੇ ਲੰਗਰ ਵਿਚ ਇਕੋ ਥਾਂ ਬੈਠਕੇ ਖਾਣਾ ਖਾਂਦੇ ਸਨ। ਜ਼ਾਤ ਪਾਤ ਜਾਂ ਧਾਰਮਿਕ ਵਖੇਵਿਆਂ ਵਿਚ ਵੰਡੇ ਉਦੋਂ ਦੇ ਹਿੰਦੁਸਤਾਨ ਲਈ ਇਹ ਬਹੁਤ ਹੀ ਅਗਾਂਹਵਧੂ ਗੱਲ ਸੀ। ਧਰਮ ਦੇ ਨਾਂ ਉੱਤੇ ਲੋਕਾਂ ਵਿਚ ਵੰਡੀਆਂ ਪਾਉਣ ਅਤੇ ਸੁਆਰਥ ਲਈ ਧਰਮ-ਸਥਾਨਾਂ ਤੇ ਧਾਰਮਿਕ ਸੱਤਾ ਦੀ ਦੁਰਵਰਤੋਂ ਦੇ ਅੱਜੋਕੇ ਸਮਾਚਾਰਾਂ ਦੇ ਪ੍ਰਸੰਗ ਵਿਚ ਗ਼ਦਰ ਪਾਰਟੀ ਦਾ ਧਰਮ-ਨਿਰਪੇਖ ਉਦਾਰਵਾਦੀ ਵਿਹਾਰ ਬਹੁਤ ਮਹੱਤਤਾ ਰੱਖਦਾ ਹੈ।

ਲੋਕ ਸਿਆਣਪ ਦਾ ਇਕ ਕਥਨ ਹੈ; 'ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਣ'। ਅਗਲੀ ਪੀੜ੍ਹੀ ਨੂੰ ਆਪਣੇ ਪੁਰਖਿਆਂ ਦੀ ਬਾਤ ਪਾਉਂਦੇ ਰਹਿਣਾ ਚਾਹੀਦਾ ਹੈ। ਗ਼ਦਰੀ ਸੂਰਬੀਰ ਤਾਂ ਸਾਡੇ ਅਜਿਹੇ ਪੁਰਖੇ ਹਨ, ਜਿੰਨ੍ਹਾਂ ਦੇ ਕੀਤੇ ਕੰਮਾਂ ਨੂੰ ਜਿੰਨਾ ਚੇਤੇ ਕੀਤਾ ਜਾਵੇ ਅਤੇ ਜਿੰਨਾ ਵੀ ਜਸ ਗਾਇਨ ਕੀਤਾ ਜਾਵੇ, ਉਨਾ ਹੀ ਥੋੜ੍ਹਾ ਹੈ।□□

[1728, ਸੈਕਟਰ 43-ਬੀ, ਚੰਡੀਗੜ੍ਹ]

# ਪੰਜ ਕਵਿਤਾਵਾਂ/ਨੀਰੂ ਅਸੀਮ

## ਨਹੀਂ ਔੜੇ

ਮਿੱਟੀ ਦਾ ਤੱਪੜ ਵਿਛਾ ਕੇ
ਚੱਲ ਰਹੇ ਕਾਦਰ ਦੇ ਸਕੂਲ 'ਚ
ਮੈਂ ਸਿੱਖਣੇ ਚਾਹੇ ਤੇ ਲਿਖਣੇ ਚਾਹੇ
ਕੁਝ ਈਮਾਨਦਾਰ ਸ਼ਬਦ...
ਹੌਲੇ
ਬਨਫਸ਼ੇ ਦੇ ਫੁੱਲਾਂ ਵਰਗੇ...
ਕੁਝ ਨਿਰਮਲ
ਪਾਣੀ ਦੀਆਂ ਬੂੰਦਾਂ ਵਰਗੇ...
ਤੇ ਮੈਨੂੰ ਨਹੀਂ ਔੜੇ...

ਕੋਈ ਮੇਰੀ ਸ਼ਬਦ ਯੋਜਨਾ ਨੂੰ
ਬੰਨ੍ਹਦਾ ਰਿਹਾ ਵੱਟੇ

ਇਸ ਤਰ੍ਹਾਂ ਡੁੱਬੇ ਪਤਾਲ ਗੰਗਾ 'ਚ
ਸਵਾਲ ਤੇ ਜਵਾਬ ਮੇਰੇ
ਸਾਧੂਆਂ ਦੀਆਂ ਦੀਆਂ ਮਿਰਤਕ ਦੇਹਾਂ ਨੂੰ
ਡੋਬਿਆ ਜਾਂਦੈ ਪੱਥਰ ਬੰਨ੍ਹ ਕੇ ਜਿਵੇਂ☐☐

## ਅਜੇ ਤਾਂ

ਤੇਰੇ ਕੋਲ
ਸਮੇਂ ਦੀ ਅੱਖ ਹੋਣ ਦਾ ਦਾਅਵਾ ਹੈ

ਤੂੰ ਆਪਣੇ ਦਾਅਵੇ 'ਚ ਧਸ ਗਿਐਂ
ਸਾਰੀਆਂ ਸਥਿਤੀਆਂ
ਤੇਰੀਆਂ ਤਫਸੀਲਾਂ ਬਣ ਬਣ
ਲੰਘ ਰਹੀਆਂ ਨੇ

ਨਵੀਆਂ ਤਫਸੀਲਾਂ ਦੇ
ਸ਼ੁਕਰਾਣੂਆਂ ਤੇ ਆਂਡਿਆਂ ਤੋਂ ਜੰਮ ਰਹੀਆਂ ਨੇ

ਤੂੰ ਰੋਕ ਸਾਧਨਾਂ ਦੇ ਅਗਿਆਨ ਨੂੰ
ਪ੍ਰੇਮ ਕਰਦਾ ਕਰਦਾ
ਪ੍ਰਜਣਨ ਤੋਂ ਡਰਨ ਲੱਗਦੈਂ

ਹਿੰਸਕ ਹੋ ਜਾਨੈਂ

ਇਹ ਨਸ਼ਵਰ ਸੰਸਾਰ
ਕੁਦਰਤੀ ਕਾਰਣਾਂ, ਮਨੁੱਖੀ ਆਫਤਾਂ ਜਾਂ ਤੇਰੇ ਹੱਥੋਂ



ਮਰਦਾ ਹੋਇਆ
ਸਤੁਤੀ-ਗਾਨ 'ਚ ਤੇਰਾ ਵੀ ਵੰਦਨ ਕਰ ਰਿਹੈ

ਤੈਨੂੰ ਆਪਣਾ ਝੰਡਾ ਫੜ ਕੇ
ਹਨੇਰੇ 'ਚ ਖੜ੍ਹਨਾ ਸੋਹਣਾ ਲੱਗਦੈ

ਕੁਝ ਵਿਕਲਪ ਹਨ, ਯਕੀਨਨ
ਜਿੰਨ੍ਹਾਂ ਨੂੰ ਫਿਲਹਾਲ ਤੂੰ ਨਕਾਰ ਰਿਹੈਂ...☐☐

## ਤੁਰਦਿਆਂ

ਮੈਂ ਉਧਰ ਗਈ
ਜਿੱਧਰ ਸਾਰੇ ਗਏ...

ਮੈਂ ਉੱਥੇ ਪਹੁੰਚੀ
ਜਿੱਥੇ ਸਾਰੇ ਪਹੁੰਚੇ...

ਕਈਆਂ ਨੇ ਕਿਹਾ
ਇਹ ਅਸੀਂ ਕਿੱਥੇ ਆ ਗਏ...

ਮੈਂ ਕਿਹਾ
ਇਹ ਮੈਂ ਕਿੱਥੇ ਆ ਗਈ....☐☐

## ਨਜ਼ਮ

ਤੇਰਾ ਤਸੱਵਰ ਕਰਦਿਆਂ
ਇਹ ਐਵੇਂ ਹੀ ਮੁਖਰ ਹੋ ਜਾਂਦੇ ਨੇ
ਮੇਰੇ ਸੁਪਨਿਆਂ ਦੀ ਇਬਾਰਤ ਪੜ੍ਹ ਕੇ
ਪਰੇਸ਼ਾਨ ਨਾ ਹੋਇਆ ਕਰ...

ਮਨ ਦੇ ਵਿਹੜੇ
ਸੱਧਰਾਂ ਦੀ ਗੋਦੀ ਖੇਡਦੇ
ਇਹ ਤਾਂ ਤਮਾਸ਼ਬੀਨ ਨੇ...

ਆ ਰਹੀ ਹੈ ਵਿਦਾਅ ਦੀ ਘੜੀ
ਇਹ ਵਿਹੜਾ ਛੁੱਟਦਾ ਜਾ ਰਿਹੈ...

ਵੇਖ... !!!
ਮਹੀਨ ਪਲ... !!!

ਤੁਪਕਾ ਤੁਪਕਾ
ਤੇਰੇ 'ਚ ਤਰਿੱਪ ਰਹੇ... !!!

ਸੁਣ... !

ਸ਼ਹਿਨਾਈ ਦੀ ਧੁਨ...
ਦੂਰ ਤਕ ਸਾਡੇ ਨਾਲ
ਰੋਸ਼ਨੀ ਕਰ ਰਹੀ ਹੈ ਸਫਰ...

ਆਵਾਜ਼ਾਂ ਤੇਰੇ ਤੇ ਮੇਰੀਆਂ
ਬਰਾਤੀ ਨੇ...
ਮਿਲਣ ਪਲਾਂ ਤਕ
ਸਾਨੂੰ ਛੱਡਣ ਆਈਆਂ ਨੇ...

ਇਕ ਹੋ ਜਾਣ ਦਾ ਸਮਾਂ ਹੈ
ਏਕਾਦਾਰ...

ਮੁੱਕ ਜਾਣ ਦਾ ਸਮਾਂ ਹੈ
ਨਿਰਾਕਾਰ...❑❑

## ਆਚਮਨ ਕਰ

ਬਹੁਤ ਹੈ
ਤੇਰੀ ਹਥੇਲੀ ਦਾ ਨੀਰ ਮੇਰੇ ਲਈ
ਤੇਰੇ ਲੋਕ ਤੋਂ ਮੇਰੇ ਤਕ ਦੂਰੀ
ਇਕ ਸਾਹ ਤੋਂ ਲੰਮੀ ਤਾਂ ਨਹੀਂ...

ਆਚਮਨ ਕਰ...

ਇਕੋ ਘੁੱਟ
ਤੇਰੇ ਅਰਪਿਤ ਜਲ ਦੀ
ਪੂਰਕ ਤੋਂ ਕੁੰਭਕ ਤਕ ਤੁਰਦੀ
ਜਗਾ ਲਏਗੀ ਕੁੰਡਲਿਨੀ...

ਮੇਰੀ ਨਾਭੀ 'ਚੋਂ ਉੱਠ ਕੇ
ਤੇਰੇ ਮਸਤਕ ਤਕ
ਸੱਤ ਦਵਾਰ ਤੈਅ ਕਰਦੀ
ਹੋ ਜਾਏਗੀ ਵਿਰਾਟ 'ਚ ਲੁਪਤ...

ਇੰਨੀ ਕੁ ਤਾਂ ਖਾਹਿਸ਼ ਹੈ
ਲੁਪਤ ਹੋ ਜਾਣ ਦੀ...

ਤੂੰ ਕਿੱਥੇ ਹੈਂ...ਮਨ...ਮੀਤ...
ਕਿਹੜੇ ਯੁੱਗ...ਕਿਹੜੇ ਲੋਕ 'ਚ...

ਆਚਮਨ ਕਰ...❑❑

**[265 Morningmist St. Brampton, Ontario Canada L6R 2B8]**



## ਬੁੱਢਾ ਹੋ ਚੁੱਕਾ ਲੇਖਕ: ਸੱਤ ਕਵਿਤਾਵਾਂ/ ਨੂਰ ਸੰਤੋਖਪੁਰੀ

### ਇਕ

ਬੁੱਢਾ ਹੋ ਚੁੱਕਾ ਲੇਖਕ
ਹਾਲੇ ਹੋਰ ਬਹੁਤ ਕੁਝ ਲਿਖਣਾ ਲੋਚਦਾ
ਅਣਕਹੇ ਨੂੰ ਕਹਿ ਦੇਣਾ ਚਾਹੁੰਦਾ
ਕਿਉਂਕਿ ਦੁੱਖਾਂ-ਤਕਲੀਫਾਂ ਸਹਿੰਦਾ ਰਿਹਾ
ਤੇ ਗ਼ਮ ਹੰਢਾਉਂਦਾ ਰਿਹਾ
ਇਸ ਲਈ ਉਹ ਸਾਰੀ ਉਮਰ ਕਲਮ ਨਾਲ
ਸ਼ਬਦ ਬੀਜਦਾ ਰਿਹਾ
ਭਾਵਨਾਵਾਂ ਉਗਾਉਂਦਾ ਰਿਹਾ
ਚਾਨਣ ਫੈਲਾਉਂਦਾ ਰਿਹਾ, ਰਾਹਾਂ ਰੁਸ਼ਨਾਉਂਦਾ ਰਿਹਾ
ਖੁਦ ਮੋਹ ਨੂੰ ਤਰਸਦਾ ਰਿਹਾ, ਹੰਝੂ ਪੀਂਦਾ ਰਿਹਾ
ਲੋਕਾਂ 'ਚ ਮੋਹ ਵੰਡਦਾ ਰਿਹਾ, ਹਾਸੇ ਖਿੰਡਾਉਂਦਾ ਰਿਹਾ।

ਕਈ ਸੰਪਾਦਕਾਂ ਦੀ ਹਉਮੈ ਦਾ ਸ਼ਿਕਾਰ ਬਣਿਆ
ਕਈ ਆਲੋਚਕਾਂ ਦੀ ਬੇਰੁਖ਼ੀ ਦਾ ਨੂੰ ਝੇਲਿਆ
ਐਪਰ ਆਪਣੇ ਅਕੀਦੇ ਦਾ ਪੱਕਾ ਰਿਹਾ
ਆਪਣੇ ਨਿਸ਼ਾਨੇ 'ਤੇ ਡਟਿਆ ਰਿਹਾ
ਸੱਚ 'ਤੇ ਪਹਿਰਾ ਦਿੰਦਾ ਰਿਹਾ
ਆਮ ਲੋਕਾਂ ਦੇ ਹੱਕਾਂ ਲਈ ਲੜਦਾ ਰਿਹਾ
ਲੋਕ-ਲਹਿਰਾਂ 'ਚ ਵਧ-ਚੜ੍ਹ ਕੇ ਹਿੱਸਾ ਲੈਂਦਾ ਰਿਹਾ।

ਪਹਿਲਾਂ ਸਾਰੀ ਉਮਰ
'ਅਖ਼ਬਾਰੀ ਸਾਹਿਤ' ਨੂੰ ਭੰਡਦਾ ਰਿਹਾ
ਲੇਕਿਨ ਹੁਣ ਕਿਸੇ ਅਖ਼ਬਾਰ ਵਿਚ
ਹਫ਼ਤਾਵਾਰੀ ਕਾਲਮ ਲਿਖਣਾ ਲੋਚਦਾ ਹੈ
ਬੁੱਢਾ ਹੋ ਚੁੱਕਾ ਲੇਖਕ
ਅਣਕਹੇ ਨੂੰ ਕਹਿ ਦੇਣਾ ਚਾਹੁੰਦਾ ਹੈ
ਸਾਹਿਤ ਅਕਾਦਮੀ ਪੁਰਸਕਾਰ ਦਾ
ਤੇ ਗਿਆਨਪੀਠ ਪੁਰਸਕਾਰ ਦਾ
ਉਹ ਖੁਦ ਨੂੰ ਸਮਝਦਾ ਹੈ ਹੱਕਦਾਰ
ਸ਼ਾਇਦ ਸਾਹਿਤ ਦਾ ਮਿਲ ਜਾਵੇ ਸ਼ਿਰੋਮਣੀ ਇਨਾਮ
ਉਸ ਨੂੰ ਇਸ ਗੱਲ ਦਾ ਹੈ ਇੰਤਜ਼ਾਰ।❑❑

### ਦੋ

ਬੁੱਢਾ ਹੋ ਚੁੱਕਾ ਲੇਖਕ
ਇਹ ਮੰਨਣ ਨੂੰ ਤਿਆਰ ਨਹੀਂ
ਕਿ ਉਹ ਬੁੱਢਾ ਹੋ ਚੁੱਕਾ

ਕਿ ਉਹ ਥੱਕ-ਹਾਰ ਹੈ ਚੁੱਕਾ
ਹੁਣ ਮੌਤ ਵੱਲ ਹੈ ਕਦਮ ਵਧਾ ਚੁੱਕਾ।

ਬੁੱਢਾ ਹੋ ਚੁੱਕਾ ਲੇਖਕ
ਦਾੜ੍ਹੀ ਮੁੱਛਾਂ ਕਾਲੀਆਂ ਕਰਦਾ
ਬੁਢਾਪੇ ਤੋਂ ਤ੍ਰਹਿੰਦਾ
ਉਨਾਭੀ ਪੱਗ ਬੰਨ੍ਹਦਾ, ਗੁਲਾਬੀ ਕਮੀਜ਼ ਪਹਿਨਦਾ
ਮੂੰਗੀਆ ਰੰਗ ਦੀ ਪੈਂਟ ਪਾਉਂਦਾ
ਵਾਰ-ਵਾਰ ਸ਼ੀਸ਼ੇ 'ਚ ਚਿਹਰਾ ਹੈ ਤੱਕਦਾ
ਚਿਹਰੇ ਦੀਆਂ ਝੁਰੜੀਆਂ ਨੂੰ ਲੈ ਕੇ ਝੂਰਦਾ
ਜੁਆਨ ਜ਼ਨਾਨੀਆਂ ਵੱਲ ਚੋਰੀ-ਚੋਰੀ ਝਾਕਦਾ
ਉਹ ਖੁਦ ਨੂੰ ਹਾਲੇ ਵੀ ਜੁਆਨ ਹੈ ਸਮਝਦਾ। ❑❑

## ਤਿੰਨ

ਬੁੱਢਾ ਹੋ ਚੁੱਕਾ ਲੇਖਕ
ਆਮ ਬੁੱਢਿਆਂ ਵਾਂਗ ਚਿੜਚਿੜਾ ਵੀ ਹੋ ਗਿਆ
ਕਈ ਗੱਲਾਂ ਕਾਰਨ ਘਰਦਿਆਂ ਨਾਲ ਝਗੜਦਾ
ਨੂੰਹਾਂ-ਪੁੱਤਾਂ 'ਤੇ ਰੋਅਬ ਪਾਉਣਾ ਚਾਹੁੰਦਾ
ਪਤਨੀ 'ਤੇ ਆਪਣੀ ਹਰੇਕ ਖਿੱਝ ਲਾਹੁੰਦਾ।

ਬੁੱਢਾ ਹੋ ਚੁੱਕਾ ਲੇਖਕ
ਹਰ ਤਰ੍ਹਾਂ ਦੇ ਪਰਹੇਜ਼ ਦਾ ਮੁਥਾਜ ਹੋਇਆ
ਸ਼ੂਗਰ, ਹਾਈਪਰਟੈਂਸ਼ਨ, ਗਦੂਦ ਰੋਗ ਤੋਂ ਪੀੜਤ ਹੋਇਆ
ਦੁਖਦੇ ਗੋਡਿਆਂ ਤੋਂ ਲਾਚਾਰ
ਤੁਰਨ 'ਚ ਅਵਾਜ਼ਾਰ
ਵਾਰ-ਵਾਰ ਨਜ਼ਰ ਵਾਲੀ ਐਨਕ ਸਾਫ਼ ਕਰਦਾ
ਹਰ ਕਿਸੇ ਵੱਲ ਸ਼ੱਕ ਦੀ ਨਿਗ੍ਹਾ ਨਾਲ ਹੈ ਤੱਕਦਾ
ਜਦੋਂ ਕੁਝ ਵੀ ਸੋਚ ਤੇ ਲਿਖ ਨਾ ਰਿਹਾ ਹੋਵੇ
ਉਦੋਂ ਟੀ.ਵੀ. ਚੈਨਲ ਬਦਲ-ਬਦਲ ਕੇ ਵੇਖਦਾ
ਆਮ ਰਿਟਾਇਰਡ ਮੁਲਾਜ਼ਮਾਂ ਵਾਂਗ ਵਕਤ ਗੁਜ਼ਾਰਦਾ। ❑❑

## ਚਾਰ

ਬੁੱਢਾ ਹੋ ਚੁੱਕਾ ਲੇਖਕ
ਆਪਣਾ ਮੋਬਾਇਲ ਫੋਨ ਹਰ ਵੇਲੇ ਸਵਿੱਚ-ਆਨ ਹੈ ਰੱਖਦਾ
ਕਿਸੇ ਵੀ ਤਰਫ਼ ਤੋਂ ਖੁਸ਼ਖ਼ਬਰੀਆਂ
ਜਾਂ ਆਪਣੀ ਤਾਰੀਫ਼ ਤੇ ਵਡਿਆਈ
ਹਰ ਵੇਲੇ ਸੁਣਨ ਦੀ ਤਾਂਘ ਹੈ ਰੱਖਦਾ
ਮਨਚਲੇ-ਮਨਚਲੀਆਂ ਵੱਲੋਂ ਭੇਜੇ



'ਐਸੇ-ਵੈਸੇ' ਐੱਸ. ਐੱਮ. ਐੱਸ. ਵੇਖ ਕੇ ਮੁਸਕਰਾਉਂਦਾ
ਅੱਜੋਕੇ 'ਚਾਲੂ ਯੁੱਗ' ਨੂੰ ਬੁੜ ਬੁੜ ਕਰਕੇ ਬੁਰਾ-ਭਲਾ ਕਹਿੰਦਾ
ਉਹ ਇਸ ਅੱਜੋਕੇ 'ਚਾਲੂ ਯੁਗ' ਨੂੰ
ਸਮੇਂ ਦੀ ਸਕਰੀਨ ਤੋਂ ਡਿਲੀਟ ਹੈ ਕਰ ਦੇਣਾ ਚਾਹੁੰਦਾ। ❑❑

## ਪੰਜ

ਬੁੱਢਾ ਹੋ ਚੁੱਕਾ ਲੇਖਕ
ਰਾਤ ਨੂੰ ਸਰ੍ਹਾਣੇ ਦਵਾਈਆਂ ਰੱਖ ਲੰਮਾ ਪੈਂਦਾ
ਤੇ ਸਾਰੀ ਰਾਤ ਉੱਸਲਵੱਟੇ ਲੈਂਦਾ
ਨੀਂਦ ਵਾਲੀ ਦਵਾਈ ਖਾ ਕੇ ਵੀ
ਨੀਂਦ ਨੂੰ ਉਡੀਕਦਾ ਰਹਿੰਦਾ
ਦੁਨੀਆਂ ਨੂੰ ਬਦਲ ਦੇਣ ਦੇ
ਜਾਗੋ-ਮੀਟੀ 'ਚ ਸੁਪਨੇ ਲੈਂਦਾ
ਸਾਹਿਤ ਦੇ ਸਤਿਕਾਰ ਬਾਰੇ ਚਿੰਤਨ ਕਰਦਾ
ਸਾਹਿਤ ਦੀ ਸਾਰਥਕਤਾ ਦਾ ਮੁਲਾਂਕਣ ਕਰਦਾ
ਤੇ ਤੜਕੇ ਉੱਠ ਮੰਜੇ 'ਤੇ ਬਹਿ ਜਾਂਦਾ
ਧਾਰਮਿਕ ਸਥਾਨਾਂ ਦੇ ਸਪੀਕਰਾਂ ਦੇ ਰੌਲੇ 'ਤੇ
ਖਿੱਝਦਾ ਰਹਿੰਦਾ, ਖਪਦਾ ਰਹਿੰਦਾ
ਫਿਰ ਸੋਟੀ ਫੜ ਰਫ਼ਾਹਾਜਤ ਲਈ ਹੈ ਤੁਰ ਪੈਂਦਾ। ❑❑

## ਛੇ

ਬੁੱਢਾ ਹੋ ਚੁੱਕਾ ਲੇਖਕ
ਸੋਟੀ ਦਾ ਸਹਾਰਾ ਲੈ ਕੇ
ਆਪਣੀ ਨਿੱਜੀ ਲਾਇਬਰੇਰੀ 'ਚ ਪਹੁੰਚਦਾ
ਕਿਤਾਬਾਂ ਵੱਲ ਮੋਹ ਨਾਲ ਵੇਖਦਾ
ਕਿਤਾਬਾਂ ਤੋਂ ਘੱਟਾ-ਮਿੱਟੀ ਝਾੜਦਾ
ਕਬੂਤਰਾਂ ਵਾਂਗ ਹੱਥਾਂ 'ਚ ਫੜਦਾ
ਉਹਨਾਂ ਨੂੰ ਪਿਆਰ ਕਰਦਾ
ਮੱਥੇ ਨਾਲ ਲਾਉਂਦਾ, ਚੁੰਮਦਾ
ਉਹਨਾਂ ਨਾਲ ਗੱਲਾਂ ਕਰਦਾ, ਹਉਕੇ ਭਰਦਾ
ਅੱਖਾਂ ਵਿਚ ਹੰਝੂ ਭਰਦਾ ਤੇ ਸੋਚਦਾ
ਕਿ ਮੇਰੇ ਮਰਨ ਤੋਂ ਬਾਅਦ
ਕੌਣ ਇਹਨਾਂ ਨੂੰ ਪੜ੍ਹੇਗਾ, ਪਿਆਰ ਕਰੇਗਾ?
ਕੌਣ ਸ਼ਬਦਾਂ ਦਾ ਸਤਿਕਾਰ ਕਰੇਗਾ?
ਕਿਉਂਕਿ ਮੇਰੇ ਵਿਰਸੇ ਦੇ ਵਾਰਿਸ
ਦੌਲਤ ਕਮਾਉਣ 'ਚ ਰੁੱਝੇ ਨੇ ਰਹਿੰਦੇ
ਅਸਲੀ ਦੌਲਤ ਵੱਲੋਂ ਅੱਖਾਂ ਮੀਚੀ ਨੇ ਰੱਖਦੇ।

ਬੁੱਢਾ ਹੋ ਚੁੱਕਾ ਲੇਖਕ
ਫਿਰ ਇਹ ਸੋਚ ਕੇ ਜ਼ਾਰ ਜ਼ਾਰ ਰੋ ਪੈਂਦਾ
ਕਿ ਮੇਰੇ ਤੋਂ ਬਾਅਦ ਇਹ ਕਿਤਾਬਾਂ
ਕਿਸੇ ਕਬਾੜੀਏ ਦੀ ਤੱਕੜੀ 'ਚ ਤੁਲ ਜਾਣਗੀਆਂ
ਜਿਵੇਂ ਇਕ ਕਸਾਈ ਦੀ ਤੱਕੜੀ ਵਿਚ
ਮੀਟ ਦੀਆਂ ਬੋਟੀਆਂ ਨੇ ਤੋਲੀਆਂ ਜਾਂਦੀਆਂ। ❑❑

## ਸੱਤ

ਬੁੱਢਾ ਹੋ ਚੁੱਕੇ ਲੇਖਕ ਦੀ ਇਹ ਦਿਲੀ ਇੱਛਾ ਹੈ
ਕਿ ਮਰਨ ਤੋਂ ਬਾਅਦ ਵੀ ਉਹਦੀ ਪ੍ਰਸਿੱਧੀ ਕਾਇਮ ਰਹੇ
ਉਸ ਦੇ ਸ਼ਬਦਾਂ ਦੀ ਚਮਕਦੀ ਲੋਅ
ਸੂਰਜ ਦੀ ਰੌਸ਼ਨੀ 'ਚ ਸ਼ਾਮਲ ਹੋ ਜਾਵੇ
ਚੰਨ ਦੀ ਚਾਨਣੀ ਵਿਚ ਘੁਲ-ਮਿਲ ਜਾਵੇ
ਉਸ ਦੇ ਵਿਚਾਰਾਂ ਦੀ ਚਮਕ
ਤਾਰਿਆਂ ਦੀ ਚਮਕ 'ਚ ਨਜ਼ਰ ਆਵੇ
ਉਸ ਦੀਆਂ ਖ਼ਾਹਿਸ਼ਾਂ ਦੀਆਂ ਨਦੀਆਂ ਦਾ ਪਾਣੀ
ਪਿਆਸੇ ਖੇਤਾਂ ਦੀ ਪਿਆਸ ਬੁਝਾਵੇ
ਖ਼ੁਸ਼ਕ ਬੁੱਲ੍ਹਾਂ ਦੀ ਤਰਾਵਟ ਬਣ ਜਾਵੇ
ਭੁੱਖੇ ਢਿੱਡਾਂ ਦੀ ਭੁੱਖ ਮਿਟਾਵੇ
ਉਸ ਦੀਆਂ ਆਸਾਂ ਦੇ ਫੁੱਲਾਂ ਦੀ ਮਹਿਕ
ਇਧਰ-ਉਧਰ ਹਰ ਪਾਸੇ ਫੈਲ ਜਾਵੇ
ਉਸ ਦੀਆਂ ਹਸਰਤਾਂ ਦੇ ਸਾਰੇ ਰੰਗ
ਤਿਤਲੀਆਂ ਦੇ ਖੰਭਾਂ ਦੇ ਰੰਗ ਬਣ ਜਾਵਣ
ਉਸ ਦੀਆਂ ਅੱਖਾਂ ਦੇ ਸੁਪਨੇ
ਝੁੱਗੀਆਂ ਦੇ ਵਿਹੜੇ 'ਚ ਹਾਸੇ-ਖੇੜੇ ਲੈ ਆਵਣ
ਇੱਥੇ ਮਜ਼ਦੂਰ ਤੇ ਕਾਮੇ ਗੀਤ ਖੁਸ਼ੀ ਦੇ ਗਾਵਣ।

ਬੁੱਢਾ ਹੋ ਚੁੱਕਾ ਲੇਖਕ
ਅਕਸਰ ਇਸ ਤਰ੍ਹਾਂ ਹੈ ਸੋਚਦਾ
ਕਿ ਜੇਕਰ ਉਹ ਲੇਖਕ ਨਾ ਹੁੰਦਾ
ਤਾਂ ਮਨੁੱਖ ਹੋਣ ਦਾ ਅਹਿਸਾਸ ਉਸ ਨੂੰ ਕਦੇ ਮਹਿਸੂਸ ਨਾ ਹੁੰਦਾ
ਤੇ ਮਨੁੱਖ ਹੋਣ ਦਾ ਸੁਆਦ ਉਹ ਰੱਜ-ਰੱਜ ਨਾ ਮਾਣਦਾ
ਮੋਹ, ਪਿਆਰ, ਹਮਦਰਦੀ, ਰਹਿਮ, ਪਰਉਪਕਾਰ
ਉਹ ਇਹਨਾਂ ਭਾਵਨਾਵਾਂ ਤੋਂ ਸੱਖਣਾ ਹੀ ਰਹਿ ਜਾਂਦਾ। ❑❑

| ਬੀ/X-925, ਮੁਹੱਲਾ ਸੰਤੋਖਪੁਰਾ, ਵਿਨੇ ਨਗਰ ਕਲੋਨੀ, ਜਲੰਧਰ-144 004, ਮੋਬਾਇਲ: 98722 54990 |



# ਮੈਂ ਤੇ ਮੇਰੀ ਰਚਨਾਕਾਰੀ

## ਗੁਲਜ਼ਾਰ ਸਿੰਘ ਸੰਧੂ

ਮੈਂ ਅੱਸੀਆਂ ਨੂੰ ਢੁੱਕਣ ਵਾਲਾ ਹਾਂ। ਹੁਣ ਮੈਨੂੰ ਇਹ ਕੋਈ ਨਹੀਂ ਪੁੱਛਦਾ ਕਿ ਮੈਂ ਨਵਾਂ ਕੀ ਲਿਖਿਆ ਹੈ। ਮੇਰੇ ਕੋਲ ਕੁਝ ਲਿਖਣ ਵਾਲਾ ਹੈ ਜਾਂ ਨਹੀਂ। ਇਹੀਉ ਪੁੱਛਿਆ ਜਾਂਦਾ ਹੈ ਕਿ ਸਿਹਤ ਦਾ ਕੀ ਹਾਲ ਹੈ। ਪਹਿਲੀਆਂ ਵਿਚ ਮੈਂ ਇਸ ਦਾ ਉੱਤਰ 'ਚੜ੍ਹਦੀ ਕਲਾ' ਦਿੰਦਾ ਸਾਂ। ਫਿਰ 'ਇਕ ਨੰਬਰ' ਕਹਿਣ ਲੱਗ ਪਿਆ। ਉਸ ਤੋਂ ਪਿੱਛੋਂ 'ਹਾਲੀ ਤਕ ਠੀਕ ਹੈ'। ਅੱਜ ਕੱਲ ਮੇਰਾ ਉੱਤਰ ਕੇਵਲ ਇਕ ਸ਼ਬਦ ਤਕ ਸੀਮਤ ਹੋ ਗਿਆ ਹੈ-'ਚੱਲਦੈ!' ਇਸ ਨੂੰ ਸ਼ੁੱਧ ਭਾਸ਼ਾ ਵਿਚ ਦੱਸਣਾ ਹੋਵੇ ਤਾਂ 'ਚੱਲਦਾ ਏ' ਕਹਾਂਗੇ।

ਕਹਿਣ ਦਾ ਭਾਵ ਇਹ ਹੈ ਕਿ ਹੁਣ ਮੈਂ ਉਸ ਗੇਂਦ ਵਾਂਗ ਹਾਂ ਜਿਹੜੀ ਰੁੜ੍ਹ ਤਾਂ ਰਹੀ ਹੈ ਪਰ ਇਸ ਦਾ ਰੁੜ੍ਹਨਾ ਰੁਕਣ ਵਾਲਾ ਹੈ। ਮਿਰਜ਼ਾ ਗ਼ਾਲਿਬ ਨੇ ਉਮਰਾ ਦੇ ਘੋੜੇ ਦੀ ਏਸ ਅਵਸਥਾ ਨੂੰ ਇੰਝ ਬਿਆਨ ਕੀਤਾ ਸੀ:

*ਰੌਅ ਮੇਂ ਹੈ ਰਖਸ਼ ਏ ਉਮਰ ਕਹਾਂ ਦੇਖੀਏ ਥਮੇਂ*
*ਨਾ ਹਾਥ ਬਾਗ ਪਰ ਹੈ ਨਾ ਪਾ ਹੈ ਰਕਾਬ ਮੇਂ*

ਮੇਰੀ ਅਵਸਥਾ ਜਾਨਣ ਸਾਰ ਮੈਨੂੰ ਵਰਚਾਉਣ ਦੀ ਭਾਵਨਾ ਨਾਲ ਆਪਣੇ ਸ਼ਬਦਾਂ ਵਿਚ ਉਤਸ਼ਾਹ ਭਰ ਕੇ ਉਹ ਮੈਨੂੰ ਸਵੈ ਜੀਵਨੀ ਲਿਖਣ ਦੀ ਸਲਾਹ ਦੇ ਕੇ ਚੁੱਪ ਹੋ ਜਾਂਦੇ ਹਨ। ਮੇਰਾ ਇਹ ਕਰਨ ਨੂੰ ਜੀਅ ਤਾਂ ਕਰਦਾ ਹੈ ਪਰ ਘੌਲ ਹੋ ਜਾਂਦੀ ਹੈ। ਮੈਂ ਹਾਲ ਦੀ ਘੜੀ ਆਪਣੇ ਜੀਵਨ ਤੇ ਰਚਨਾਕਾਰੀ ਦਾ ਸਾਰ ਦੇ ਕੇ ਸੁਰਖਰੂ ਹੁੰਦਾ ਹਾਂ।

ਮੈਂ ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ ਸਮਰਾਲਾ ਦੇ ਪਿੰਡ ਕੋਟਲਾ ਬਡਲਾ, ਆਪਣੇ ਨਾਨਕੇ ਘਰ ਜੰਮਿਆਂ ਸਾਂ। ਉਸ ਪਿੰਡ ਦੇ ਆਲੇ-ਦੁਆਲੇ ਫਤਹਿਗੜ੍ਹ ਸਾਹਿਬ, ਮਾਛੀਵਾੜਾ, ਮੋਰਿੰਡਾ ਤੇ ਚਮਕੌਰ ਦੀ ਗੜ੍ਹੀ ਕੇਵਲ ਪੰਦਰਾਂ ਮੀਲ ਦੀ ਦੂਰੀ 'ਤੇ ਸਨ। ਕਵੀਸ਼ਰ ਲੋਕ ਇਨ੍ਹਾਂ ਥਾਵਾਂ ਦੇ ਗੁਣ ਗਾਉਂਦੇ। ਗੁਰੂ ਗੋਬਿੰਦ ਸਿੰਘ ਦੇ ਚਾਰੇ ਸਾਹਿਬਜ਼ਾਦਿਆਂ ਨੂੰ ਹੱਸ ਹੱਸ ਕੇ ਸ਼ਹੀਦੀਆਂ ਪਾਉਂਦੇ ਦਰਸਾਉਂਦੇ। ਗੁਰੂ ਸਾਹਿਬ ਨੂੰ ਮਾਛੀਵਾੜੇ ਦੇ ਜੰਗਲ ਵਿਚ ਖੂਹ ਦੀ ਟਿੰਡ ਦਾ ਸਰ੍ਹਾਣਾ ਬਣਾ ਕੇ ਘੂਕ ਸੁੱਤਾ ਦੱਸਦੇ। ਇਸ ਮਿੱਟੀ ਨਾਲੋਂ ਭਾਗਾਂ ਵਾਲੀ ਹੋਰ ਕਿਹੜੀ ਧਰਤੀ ਹੋ ਸਕਦੀ ਸੀ। ਖੇਤਾਂ ਵਿਚ ਮਿਰਗ ਸਨ। ਚੁੰਗੀਆਂ ਭਰਦੇ। ਡਾਰਾਂ ਦੀਆਂ ਡਾਰਾਂ।

ਮੇਰਾ ਦਾਦਕਾ ਪਿੰਡ ਸੂਨੀ ਹੈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਠਾਣਾ ਮਾਹਿਲਪੁਰ ਵਿਚ। ਏਸ ਪਿੰਡ ਵਿਚ ਰੇਤ ਤਾਂ ਸੀ, ਮਿਰਗ ਨਹੀਂ ਸਨ। ਮੋਰ ਬੜੇ ਸਨ। ਪਿੰਡ ਦੇ ਬੋਹੜਾਂ ਪਿੱਪਲਾਂ 'ਤੇ ਆਮ ਹੀ ਦੇਖੇ ਜਾ ਸਕਦੇ ਸਨ। ਸਵੇਰੇ ਸਵੇਰੇ ਮੋਰਾਂ ਨੂੰ ਚੋਗਾ ਪਾਉਣਾ ਮੇਰੀ ਦਾਦੀ ਦਾ ਧਰਮ ਸੀ। ਆਪਣੇ ਕੋਠੇ ਦੀ ਛੱਤ ਉੱਤੇ ਮੋਰਾਂ ਨੂੰ ਚੋਗ ਚੁਗਦੇ ਵੇਖਣਾ ਮੈਨੂੰ ਵੀ ਚੰਗਾ ਲਗਦਾ ਸੀ। ਸਵੇਰੇ ਸ਼ਾਮ ਖੇਤਾਂ ਵਿਚ ਪਾਇਲ ਪਾਉਂਦੇ ਜਾਂ ਪਿੱਪਲਾਂ ਉੱਤੇ ਪੀਊ ਪੀਊ ਕਰਦੇ ਮੋਰਾਂ ਨਾਲੋਂ ਵੀ ਚੰਗਾ। ਮੋਰ ਸਾਡੇ ਕਾਬੂ ਵਿਚ ਹੁੰਦੇ ਸਨ। ਸਾਡੇ ਐਨ ਆਪਣੇ।

ਮੈਨੂੰ ਮੋਰਾਂ ਦੇ ਖੰਭਾਂ ਨਾਲ ਵੀ ਮੋਹ ਰਿਹਾ ਹੈ। ਜਦੋਂ ਵੀ ਸਾਡੇ ਖੇਤਾਂ ਵਿਚ ਕੋਈ ਮੋਰ ਪਾਇਲ ਪਾਉਂਦਾ ਸੀ, ਉਸ ਦਾ ਇਕ-ਅੱਧ ਖੰਭ ਟੁੱਟ ਕੇ ਗਿਰਨਾ ਆਮ ਸੀ। ਖੇਤਾਂ ਵਿਚ ਖੇਡਦੇ ਬਾਲਕਾਂ ਲਈ ਇਸ ਡਿੱਗੇ ਹੋਏ ਖੰਭ ਨੂੰ ਭੱਜ ਕੇ ਚੁੱਕਣਾ ਬਹੁਤ ਵੱਡੀ ਖੇਡ ਸੀ। ਸਿਰ ਧੜ ਦੀ ਬਾਜ਼ੀ ਵਰਗੀ। ਜਿਸ ਕਿਸੇ ਨੇ ਦੂਜਿਆਂ ਨਾਲੋਂ ਵੱਧ ਖੰਭ ਇਕੱਠੇ ਕੀਤੇ ਹੁੰਦੇ, ਉਸ ਦਾ ਰੁਤਬਾ

ਨਾਇਕ ਵਰਗਾ ਹੁੰਦਾ।

ਮੈਂ ਮ੍ਰਿਗ-ਮੀਨ-ਪੰਖੇਰੂ ਦੇ ਸੱਚ ਨੂੰ ਮੰਨਦਾ ਹਾਂ। ਇਹ ਤਿੰਨੋਂ ਜਾਨਦਾਰ ਹਨ। ਜੇ ਕੋਈ ਰੱਬ ਹੈ ਤਾਂ ਇਨ੍ਹਾਂ ਵਿਚ ਹੀ ਵਸਦਾ ਹੈ। ਮੇਰੇ ਪਿੰਡ ਵਿਚ ਮੀਨ ਤਾਂ ਸੀ ਪਰ ਟੋਭੇ ਦੇ ਗੰਧਲੇ ਪਾਣੀ ਵਿਚ ਪਲਣ ਵਾਲੀ। ਜੇ ਕਦੇ ਚੋਅ ਦੇ ਪਾਣੀ ਵਿਚ ਵੀ ਪਲਦੀ ਸੀ ਤਾਂ ਛੇਤੀ ਖ਼ਤਮ ਹੋ ਜਾਂਦੀ ਸੀ। ਮੈਨੂੰ ਉਸ ਦੇ ਮਰਨ ਉੱਤੇ ਤਰਸ ਆਉਂਦਾ ਸੀ। ਮੈਨੂੰ ਮੋਰਾਂ,ਹਿਰਨਾਂ ਤੇ ਮੱਛੀਆਂ ਦੇ ਮੋਹ ਨੇ ਵੱਡਿਆਂ ਕੀਤਾ। ਇਨ੍ਹਾਂ ਦੇ ਬੋਲ ਹੀ ਮੇਰੇ ਲਈ ਰੱਬ ਦੇ ਬੋਲ ਹਨ। ਮੇਰੀ ਰਚਨਾਕਾਰੀ ਦਾ ਭੇਦ ਵੀ ਇਨ੍ਹਾਂ ਬੋਲਾਂ ਵਿਚ ਹੈ। ਮੇਰੀਆਂ ਲਿਖਤਾਂ ਵਿਚ ਵੀ ਮੇਰੇ ਨਾਨਕਿਆਂ ਤੇ ਦਾਦਕਿਆਂ ਦਾ ਸੱਚ ਸਮਾਇਆ ਮਿਲੇਗਾ ।

ਮੈਂ ਪਹਿਲੇ ਅੱਖਰ ਆਪਣੇ ਨਾਨਕੇ ਘਰ ਦੀ ਬੈਠਕ ਵਿਚ ਬਹਿ ਕੇ ਪਾਏ ਸਨ। ਨਾਨੀ ਨੇ ਮੇਰੇ ਲਈ ਖੇਤ ਦੀ ਰੇਤ ਮੰਗਵਾ ਕੇ ਉਸ ਨੂੰ ਆਟਾ ਛਾਨਣ ਵਾਲੀ ਛਾਨਣੀ ਵਿਚ ਛਾਣਿਆ ਸੀ। ਊੜਾ ਐੜਾ ਤੇ ਈੜੀ ਸੱਜੇ ਹੱਥ ਦੀ ਉਂਗਲੀ ਨਾਲ ਸੁਥਰੀ ਤੇ ਮਹੀਨ ਰੇਤ ਵਿਚ ਹੀ ਉੱਕਰੇ ਸਨ। ਅਸੀਂ ਵੱਡੇ ਹੋ ਕੇ ਲੱਕੜ ਦੀ ਫੱਟੀ ਉੱਤੇ ਲਿਖਣ ਲੱਗੇ। ਫੱਟੀ ਨੂੰ ਗਾਚਣੀ ਨਾਲ ਸਾਫ਼ ਕਰਕੇ ਲਿਖਣ ਦੇ ਯੋਗ ਬਣਾਇਆ ਜਾਂਦਾ। ਕਲਮ ਦੀ ਨੋਕ ਤੇਜ਼ ਧਾਰ ਵਾਲੇ ਚਾਕੂ ਨਾਲ ਘੜੀ ਜਾਂਦੀ ਤੇ ਸਿਆਹੀ ਨੂੰ ਗੂੜ੍ਹੀ ਤੇ ਪੱਕੀ ਕਰਨ ਲਈ ਉਸ ਵਿਚ ਕਿੱਕਰ ਦਾ ਗੂੰਦ ਪਾਇਆ ਜਾਂਦਾ ਸੀ। ਚੰਗੇ ਗੂੰਦ ਵਾਲੀ ਕਿੱਕਰ ਲੱਭਣ ਵਾਲੇ ਦੀ ਝੰਡੀ ਮੰਨੀ ਜਾਂਦੀ ਸੀ। ਇਹ ਸਾਰੇ ਕੰਮ ਅਸੀਂ ਆਪ ਕਰਦੇ ਸਾਂ। ਮਾਪੇ ਤੇ ਮਾਸਟਰ ਕੇਵਲ ਦੇਖਦੇ ਸਨ ਕਿ ਅਸੀਂ ਕਿੰਨੀ ਕੁ ਸਫ਼ਾਈ ਰੱਖਦੇ ਸਾਂ। ਜੇ ਕਦੀ ਸਾਂਭ-ਸੰਭਾਲ ਕਰਦਿਆਂ ਕੱਪੜਿਆਂ 'ਤੇ ਸਿਆਹੀ ਡੁੱਲ੍ਹ ਜਾਂਦੀ ਤਾਂ ਇਸ ਨੂੰ ਚੰਗਾ ਸ਼ਗਨ ਮੰਨਿਆ ਜਾਂਦਾ ਸੀ। ਖ਼ਾਸ ਕਰਕੇ ਇਮਤਿਹਾਨਾਂ ਵਾਲੇ ਦਿਨ।

1947 ਦੇ ਮਾਰਚ ਮਹੀਨੇ ਮੈਂ ਅੱਠਵੀਂ ਸ਼੍ਰੇਣੀ ਦਾ ਇਮਤਿਹਾਨ ਏ. ਐੱਸ. ਹਾਈ ਸਕੂਲ ਖੰਨਾ ਵਿਚ ਦੇ ਕੇ ਨੌਂਵੀਂ ਜਮਾਤ ਵਾਸਤੇ ਆਪਣੇ ਜੱਦੀ ਖੇਤਰ ਮਾਹਿਲਪੁਰ ਦਾਖ਼ਲ ਹੋਇਆ। ਇਹ ਵਰ੍ਹਾ ਮੇਰੇ ਲਈ ਉਰਦੂ ਜ਼ੁਬਾਨ ਤੋਂ ਮੂੰਹ ਮੋੜ ਕੇ ਪੰਜਾਬੀ ਵੱਲ ਪਰਤਣ ਦਾ ਵੀ ਸੀ। ਦੇਸ਼-ਵੰਡ ਤੋਂ ਪਹਿਲਾਂ ਆਰੀਆ ਹਾਈ ਸਕੂਲ ਖੰਨਾ ਵਿਚ ਪੰਜਾਬੀ ਪੜ੍ਹਨ ਜਾਂ ਪੜ੍ਹਾਉਣ ਵੱਲ ਧਿਆਨ ਨਹੀਂ ਸੀ ਦਿੱਤਾ ਜਾਂਦਾ।

ਮੈਂ ਆਪਣੇ ਦਾਦਕੇ ਪਿੰਡ ਆ ਕੇ ਖਾਲਸਾ ਹਾਈ ਸਕੂਲ ਮਾਹਿਲਪੁਰ ਵਿਚ ਪੜ੍ਹਨ ਲੱਗਿਆ ਤਾਂ ਮੈਂ ਪੰਜਾਬੀ ਨਹੀਂ ਸੀ ਚੁਣੀ। ਸਾਇੰਸ ਪੜ੍ਹਨ ਨੂੰ ਹੀ ਪਹਿਲ ਦਿੱਤੀ ਸੀ। ਜਦੋਂ ਸਾਇੰਸ ਪੜ੍ਹਦਿਆਂ ਤਿੰਨ ਮਹੀਨੇ ਲੰਘ ਗਏ ਤਾਂ ਮੇਰੇ ਸਾਇੰਸ ਅਧਿਆਪਕ ਬਖਤਾਵਰ ਸਿੰਘ ਨੇ ਮੈਨੂੰ ਸਮਝਾਇਆ ਕਿ ਇਹ ਮੇਰੇ ਵੱਸ ਦਾ ਰੋਗ ਨਹੀਂ। ਮੇਰੇ ਕੋਲ ਸਾਇੰਸ ਤੋਂ ਨਿਜਾਤ ਪਾਉਣ ਦਾ ਚਾਰਾ ਇਹ ਸੀ ਕਿ ਮੈਂ ਹਿੰਦੀ ਜਾਂ ਪੰਜਾਬੀ ਪੜ੍ਹਦਾ। ਮੈਂ ਉਰਦੂ ਪੜ੍ਹਦਾ ਆਇਆ ਸਾਂ। ਹਿੰਦੀ ਔਖੀ ਲਗਦੀ ਸੀ ਤੇ ਪੰਜਾਬੀ ਪੜ੍ਹੀ ਨਹੀਂ ਸੀ। 'ਕੋਈ ਮੁਸ਼ਕਲ ਨਹੀਂ' ਕਹਿ ਕੇ ਸਾਇੰਸ ਵਾਲਾ ਮਾਸਟਰ ਮੈਨੂੰ ਪੰਜਾਬੀ ਅਧਿਆਪਕ ਦੇ ਪੱਲੇ ਲਾ ਆਇਆ।

ਮਾਤ ਭਾਸ਼ਾ ਹੋਣ ਕਰਕੇ ਮੈਂ ਪੰਜਾਬੀ ਪੜ੍ਹਨ ਵਿਚ ਛੇਤੀ ਹੀ ਰਵਾਂ ਹੋ ਗਿਆ। ਸਕੂਲ ਤੋਂ ਕਾਲਿਜ ਵਿਚ ਪ੍ਰਵੇਸ਼ ਕਰਨ ਤਕ ਮੈਂ ਪੰਜਾਬੀ ਪੜ੍ਹਨ ਵਾਲੇ ਪ੍ਰਮੁੱਖ ਵਿਦਿਆਰਥੀਆਂ ਵਿਚ ਗਿਣਿਆ ਜਾਣ ਲੱਗਿਆ। ਮੈਨੂੰ ਪੜ੍ਹਾਉਣ ਵਾਲਿਆਂ ਨੇ ਮੈਨੂੰ ਕਾਲਿਜ ਵੱਲੋਂ ਕੱਢੇ ਜਾਂਦੇ 'ਚਿੱਟਾ ਬਾਜ਼' ਨਾਂ ਦੇ ਰਸਾਲੇ ਦੇ ਪੰਜਾਬੀ ਭਾਗ ਦਾ ਵਿਦਿਆਰਥੀ ਸੰਪਾਦਕ ਥਾਪ ਦਿੱਤਾ। ਕਾਲਿਜ ਮੈਗਜ਼ੀਨ ਦੀ ਇਹ ਸੰਪਾਦਕੀ ਮੇਰੇ ਦਿੱਲੀ ਜਾ ਕੇ 'ਫਤਹਿ' ਸਪਤਾਹਕ ਤੇ 'ਪ੍ਰੀਤਮ' ਮਾਸਕ ਦੀ ਨੌਕਰੀ ਕਰਨ ਵਿਚ ਵੀ ਸਹਾਈ ਹੋਈ ਤੇ ਪਿੱਛੋਂ ਜਾ ਕੇ ਸਰਕਾਰੀ ਸੰਪਾਦਕੀਆਂ ਵਿਚ ਵੀ।



ਮੇਰੇ ਸੰਪਾਦਕੀ ਕਾਰਜ ਮੈਨੂੰ ਰੇਡੀਉ ਤੇ ਟੈਲੀਵੀਜ਼ਨ ਵੱਲ ਵੀ ਖਿੱਚ ਕੇ ਲੈ ਗਏ। ਮੈਂ ਦੋ ਸਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਉੱਥੋਂ ਦੇ ਸੰਚਾਰ ਕੇਂਦਰ ਦਾ ਮੁਖੀ ਰਿਹਾ। ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰਤਾ ਤੇ ਜਨ ਸੰਚਾਰ ਵਿਭਾਗ ਦਾ ਮੁਖੀ ਵੀ। ਵਿਚ ਵਿਚਾਲੇ 'ਪੰਜਾਬੀ ਟ੍ਰਿਬਿਊਨ' ਤੇ 'ਦੇਸ਼ ਸੇਵਕ' ਦੀ ਸੰਪਾਦਕੀ ਦਾ ਕਾਰਨ ਵੀ ਮੇਰੀ ਪੰਜਾਬੀ ਦੀ ਪੜ੍ਹਾਈ ਹੀ ਬਣੀ।

ਮਾਹਿਲਪੁਰ ਵਿਚ ਪੜ੍ਹਦੇ ਸਮੇਂ ਮੈਂ 'ਪ੍ਰੀਤ ਲੜੀ', 'ਲੋਕ ਸਾਹਿਤ' ਤੇ 'ਪੰਜ ਦਰਿਆ' ਪੜ੍ਹਨ ਲੱਗਿਆ। ਇਹ ਰਸਾਲੇ ਸਾਨੂੰ ਲਾਇਬਰੇਰੀ ਵਿਚ ਪੜ੍ਹਨ ਨੂੰ ਮਿਲ ਜਾਂਦੇ ਸਨ। ਸਹਿਜੇ ਸਹਿਜੇ ਮੈਂ 'ਪ੍ਰੀਤ ਲੜੀ' ਦਾ ਪੱਕਾ ਗਾਹਕ ਬਣ ਗਿਆ ਤੇ ਕਈ ਸਾਲ ਰਿਹਾ। ਜਦੋਂ ਮੈਂ 'ਪ੍ਰੀਤ ਲੜੀ' ਦੇ ਨਾਲ ਨਾਲ 'ਬਾਲ ਸੰਦੇਸ਼' ਵੀ ਲੈਣ ਲੱਗ ਪਿਆ ਤਾਂ ਮੇਰੇ ਦਿਲ ਵਿਚ ਆਈ ਕਿ ਬੱਚਿਆਂ ਲਈ ਕੋਈ ਚੰਗੀ ਚੀਜ਼ ਲਿਖਾਂ। ਮੈਨੂੰ ਲੋਕਾਂ ਦੇ ਸੁਭਾਅ ਅਤੇ ਤੌਰ-ਤਰੀਕੇ ਜਾਨਣ ਦਾ ਸ਼ੌਕ ਸੀ। ਆਪਣੇ ਇਸ ਸ਼ੌਕ ਦੀ ਪਾਲਣਾ ਖ਼ਾਤਰ ਮੈਂ ਆਪਣੇ ਨਾਨਕਿਆਂ ਦੇ ਉਸ ਬਜ਼ੁਰਗ ਬਾਰੇ ਲਿਖਿਆ ਜਿਸ ਦੇ ਪੰਜ ਪੁੱਤ ਸਨ। ਇਕ ਦਿਨ ਉਸ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਚੂਹਾ ਨਿਕਲ ਆਇਆ ਜਿਸ ਨੇ ਉਸ ਦੇ ਪੰਜ ਦੇ ਪੰਜ ਪੁੱਤਰਾਂ ਦੀ ਪੇਸ਼ ਨਹੀਂ ਜਾਣ ਦਿੱਤੀ। ਚੂਹਾ ਡਟ ਕੇ ਖਲੋ ਗਿਆ। ਜਦੋਂ ਵੀ ਕਿਸੇ ਦੀ ਡਾਂਗ ਉਸ ਦੇ ਸਿਰ ਵੱਲ ਜਾਂਦੀ, ਉਹ ਏਧਰ ਓਧਰ ਹੋ ਜਾਂਦਾ। ਇਹ ਬਜ਼ੁਰਗ ਰਿਸ਼ਤੇ ਵਿਚ ਮੇਰਾ ਪੜਨਾਨਾ ਸੀ ਪਰ ਅਸੀਂ ਸਾਰੇ ਉਸ ਨੂੰ ਬਾਬਾ ਕਹਿ ਕੇ ਬੁਲਾਉਂਦੇ ਸਾਂ। ਉਹਨੂੰ ਹਰ ਗੱਲ ਵਧਾ ਚੜ੍ਹਾ ਕੇ ਕਰਨ ਦੀ ਆਦਤ ਸੀ। ਇਕ ਵਾਰ ਬਾਬੇ ਨੇ ਦੱਸਿਆ ਕਿ ਉਹ ਮਹਾਰਾਜਾ ਪਟਿਆਲਾ ਨੂੰ ਮਿਲ ਕੇ ਆਇਆ ਤਾਂ ਪੈਂਤੀ ਚਾਲ੍ਹੀ ਮੀਲ ਦੀ ਘੋੜ ਸਵਾਰੀ ਨੇ ਉਸ ਦਾ ਪਿੰਡਾ ਏਨਾ ਤਪਾ ਦਿੱਤਾ ਕਿ ਉਹਦੇ ਉੱਤੇ ਰੋਟੀ ਪੱਕ ਸਕਦੀ ਸੀ। ਕਿਸੇ ਹਨੇਰੀ ਦਾ ਜ਼ਿਕਰ ਕਰਦਿਆਂ ਉਸ ਨੇ ਦੱਸਿਆ ਕਿ ਹਨੇਰੀ ਵਾਲੀ ਰਾਤ ਉਹ ਮਾਤਾ ਰਾਣੀ ਵਾਲੇ ਟਿੱਬੇ ਉੱਤੇ ਜਾ ਸੁੱਤਾ ਤਾਂ ਹਨੇਰੀ ਦਾ ਅਜਿਹਾ ਬੁੱਲਾ ਆਇਆ ਕਿ ਉਸ ਦਾ ਸਾਰਾ ਸਰੀਰ ਰੇਤ ਵਿਚ ਦੱਬਿਆ ਗਿਆ। ਉਸ ਨੇ ਆਪਣੇ ਆਪ ਨੂੰ ਰੇਤ ਵਿਚੋਂ ਕੱਢਿਆ ਤਾਂ ਦੂਜੇ ਬੁੱਲੇ ਨੇ ਦੱਬ ਲਿਆ। ਬੁੱਲੇ ਆਉਂਦੇ ਗਏ ਤੇ ਬਾਬਾ ਇਨ੍ਹਾਂ ਦੀ ਰੇਤ ਦੇ ਉੱਤੇ ਚੜ੍ਹਦਾ ਗਿਆ। ਹਨੇਰੀ ਤਾਂ ਥੰਮ੍ਹ ਗਈ ਪਰ ਬਾਬਾ ਰਾਤ ਭਰ ਉੱਥੇ ਹੀ ਸੁੱਤਾ ਰਿਹਾ। ਸਵੇਰੇ ਦਿਨ ਚੜ੍ਹੇ ਉਸ ਨੂੰ ਜਾਗ ਆਈ ਤਾਂ, ਉਸ ਦੇ ਦੱਸਣ ਅਨੁਸਾਰ, ਉਸ ਦੇ ਥੱਲੇ ਵਾਲਾ ਰੇਤ ਦਾ ਟਿੱਬਾ ਕੋਠੇ ਜਿੱਡਾ ਉੱਚਾ ਹੋ ਚੁੱਕਾ ਸੀ। ਮੈਂ ਇਸ ਬਾਬੇ ਦਾ ਸ਼ਬਦ-ਚਿੱਤਰ ਲਿਖਿਆ ਜਿਹੜਾ 'ਬਾਲ ਸੰਦੇਸ਼' ਦੇ ਸੰਪਾਦਕ ਨਵਤੇਜ ਸਿੰਘ ਨੇ ਬੜੇ ਪਿਆਰ ਨਾਲ ਛਾਪਿਆ। ਇਹ ਮੇਰੀ ਪਹਿਲੀ ਰਚਨਾ ਸੀ।

ਕਾਲਿਜ ਦੀ ਪੜ੍ਹਾਈ ਕਰਕੇ ਜਦੋਂ ਮੈਂ ਨੌਕਰੀ ਦੀ ਭਾਲ ਵਿਚ ਦਿੱਲੀ ਗਿਆ ਤਾਂ 'ਸੈਨਿਕ ਸਮਾਚਾਰ' ਵਿਚ ਅਮਰ ਸਿੰਘ ਸੋਢੀ ਪੰਜਾਬੀ ਵਿਭਾਗ ਦਾ ਸੰਪਾਦਕ ਸੀ। ਮੈਨੂੰ 'ਫਤਹਿ' ਤੇ 'ਪ੍ਰੀਤਮ' ਦੀ ਨੌਕਰੀ ਤੋਂ ਮਸਾਂ ਸੌ ਰੁਪਏ ਮਹੀਨਾ ਮਿਲਦੇ ਸਨ। ਇਕ ਦਿਨ ਉਸਨੇ ਮੈਨੂੰ ਕਿਹਾ ਕਿ ਉਹ ਇਕ ਲਿਖਤ ਦੇ ਵੀਹ ਰੁਪਏ ਦਿੰਦੇ ਹਨ। ਮੈਂ ਆਪਣੇ ਤਾਏ ਨਾਹਰ ਸਿੰਘ ਦਾ ਨਾਂ ਬਖਤਾਵਰ ਸਿੰਘ ਰੱਖ ਕੇ ਇਕ ਲੇਖ ਉਹਨਾਂ ਨੂੰ ਭੇਜਿਆ ਤਾਂ ਮੈਨੂੰ ਉਸਦੇ ਵੀਹ ਰੁਪਏ ਮਿਲੇ। 'ਧੰਨੇ ਦਾ ਚਾਚਾ' ਤੇ 'ਜਮਾਂ ਦਾ ਬਾਪੂ' ਨਾਂ ਦੀਆਂ ਕਹਾਣੀਆਂ ਵੀ ਏਸੇ ਵਿਧਾ ਵਿਚ ਹੀ ਲਿਖੀਆਂ।

ਕਹਾਣੀ ਕਿਵੇਂ ਲਿਖੀ ਜਾਂਦੀ ਹੈ, ਮੈਂ ਸੰਤੋਖ ਸਿੰਘ ਧੀਰ ਤੋਂ ਸਿੱਖੀ। ਉਸਦਾ ਪਿੰਡ ਡਡਹੇੜੀ ਮੇਰੇ ਨਾਨਕ ਪਿੰਡ ਦੇ ਨੇੜੇ ਸੀ। ਉਹ ਮੇਰੇ ਨਾਨਕਿਆਂ ਦੀ ਬੋਲੀ ਲਿਖਦਾ ਜਿਹੜੀ ਮੈਨੂੰ ਆਪਣੀ ਹੀ ਲਗਦੀ। ਰਹਿੰਦੀ ਖੂੰਹਦੀ ਕਸਰ ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ, ਰਾਜਿੰਦਰ ਸਿੰਘ ਬੇਦੀ ਤੇ ਸਆਦਤ ਹਸਨ ਮੰਟੋ ਦੀਆਂ ਕਹਾਣੀਆਂ ਪੜ੍ਹਨ ਨਾਲ ਨਿਕਲ ਗਈ।

ਮੈਂ ਚੰਗਾ ਪਾੜ੍ਹਾ ਨਹੀਂ। ਕੋਈ ਵੀ ਚੀਜ਼ ਪੜ੍ਹਾਂ ਨੀਂਦ ਆ ਜਾਂਦੀ ਹੈ। ਪਰ ਮੈਨੂੰ ਦੇਖਣ ਦਾ ਬੜਾ ਸ਼ੌਕ ਹੈ। ਸਾਈਕਲ, ਮੋਟਰ ਸਾਈਕਲ ਤੇ ਕਾਰ ਚਲਾ ਕੇ ਮੈਂ ਅੱਧਾ ਭਾਰਤ ਦੇਖਿਆ ਹੈ। ਭਾਰਤ ਸਰਕਾਰ ਦੀ ਨੌਕਰੀ ਕਰਦੇ ਸਮੇਂ ਲਗਪਗ ਸਾਰੇ ਹੀ ਰਾਜ ਦੇਖੇ ਹਨ ਤੇ ਦੁਨੀਆਂ ਦੇ ਕਈ ਦੇਸ਼। ਇਹਨਾਂ ਸਫਰਾਂ ਦੇ ਕੁਝ ਵੇਰਵੇ ਮੇਰੀ ਪੁਸਤਕ '25 ਮੁਲਕ 75 ਗੱਲਾਂ' ਵਿਚ ਦਰਜ ਹਨ। ਇਹਨਾਂ ਸਫਰਾਂ ਨੇ ਮੈਨੂੰ ਉਹ ਲੋਕ ਮਿਲਾਏ ਹਨ ਜਿਹਨਾਂ ਨੂੰ ਮਿਲਣਾ ਹਰ ਕਿਸੇ ਨੂੰ ਨਸੀਬ ਨਹੀਂ ਹੁੰਦਾ। ਇਹੀਓ ਮੇਰੀ ਰਚਨਾਕਾਰੀ ਦਾ ਧੁਰਾ ਹਨ। ਮੇਰੀਆਂ ਕਹਾਣੀਆਂ ਦਾ ਆਧਾਰ ਤੇ ਮੇਰੇ ਨਾਵਲਾਂ ਦਾ ਸੋਮਾ। ਮੇਰੇ ਦੂਜੇ ਪੰਜਾਬੀ ਲੇਖਕਾਂ ਨਾਲੋਂ ਵੱਖਰੇ ਹੋਣ ਦਾ ਕਾਰਨ ਵੀ ਇਹੀਉ ਹਨ ਤੇ ਲੇਖਕ ਵਜੋਂ ਛੇਤੀ ਪਹਿਚਾਣੇ ਜਾਣ ਦਾ ਕਾਰਨ ਵੀ।

ਮੇਰੀ ਕਿਸੇ ਰਚਨਾ ਦਾ ਕਿਸੇ ਹੋਰ ਦੀ ਨਕਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੇਰੀ ਕਹਾਣੀ ਕਿਵੇਂ ਬਣਦੀ ਹੈ, ਕੁਝ ਸੰਬੰਧਤ ਘਟਨਾਵਾਂ ਦਾ ਹਵਾਲਾ ਦਿੰਦਾ ਹਾਂ।

ਸਾਡੇ ਸਭ ਤੋਂ ਨੇੜੇ ਦਾ ਇਲਾਕਾ ਹਿਮਾਚਲ ਹੈ। ਏਥੇ ਮੈਂ ਬਹੁਤ ਵਾਰੀ ਗਿਆ ਹਾਂ। ਹਿਮਾਚਲ ਵਿਚ ਡਲਹੌਜ਼ੀ ਮੇਰੀ ਮਨਪਸੰਦ ਥਾਂ ਰਹੀ ਹੈ। ਮੈਂ ਡਲਹੌਜ਼ੀ ਦੀ ਮਾਲ ਉੱਤੇ ਅਨੇਕਾਂ ਸ਼ਾਮਾਂ ਗੁਜ਼ਾਰੀਆਂ ਹਨ। ਏਥੇ ਸ਼ਿਮਲੇ ਜਿੰਨਾ ਭੀੜ-ਭੜੱਕਾ ਨਹੀਂ ਹੁੰਦਾ। ਅਰੁਣਾਚਲ ਦੇ ਪਹਾੜਾਂ ਜਿੰਨੀ ਤਨਹਾਈ ਵੀ ਨਹੀਂ। ਇਕ ਵਾਰੀ ਮੈਂ ਡਲਹੌਜ਼ੀ ਤੋਂ ਖਜਿਆਰ ਰਾਹੀਂ ਚੰਬੇ ਤਕ ਤੁਰ ਕੇ ਜਾਣ ਦਾ ਨਿਸ਼ਚਾ ਕਰ ਲਿਆ। ਰਸਤੇ ਵਿਚ ਮੈਨੂੰ ਤਿੰਨ ਬੰਦੇ ਹੋਰ ਮਿਲ ਗਏ। ਉਨ੍ਹਾਂ ਵਿਚੋਂ ਇਕ ਮੈਥੋਂ ਛੋਟਾ ਸੀ, ਇਕ ਵੱਡਾ ਅਤੇ ਇਕ ਉਸ ਤੋਂ ਵੀ ਵੱਡਾ। ਰਸਤੇ ਦੀਆਂ ਉਚਾਣਾਂ ਨਿਵਾਣਾਂ ਤੇ ਫੁੱਲ ਬੂਟੇ ਸਰਾਹੁੰਦੇ ਅਸੀਂ ਖਜਿਆਰ ਪਹੁੰਚ ਗਏ।

ਖਜਿਆਰ ਪਹਾੜਾਂ ਵਿਚ ਘਿਰੀ ਹੋਈ ਬਹੁਤ ਹੀ ਸੁੰਦਰ ਥਾਂ ਹੈ। ਏਥੇ ਰਹਿਣ ਦੀਆਂ ਥਾਵਾਂ ਨਹੀਂ ਸਨ। ਅਸੀਂ ਰਾਤ ਤਕ ਪੈਦਲ ਚੰਬੇ ਪਹੁੰਚਣਾ ਸੀ। ਖਜਿਆਰ ਤੋਂ ਚੰਬੇ ਦਾ ਰਾਹ ਸੌਖਾ ਨਹੀਂ ਸੀ। ਪੌੜੀਨੁਮਾ ਰਸਤਾ ਸੀ ਜਿਸ ਦਾ ਕੋਈ ਪੌਡਾ ਇਕ ਫੁੱਟ ਦਾ ਸੀ ਤੇ ਕੋਈ ਦੋ ਫੁੱਟ ਤੋਂ ਵੀ ਉੱਚਾ। ਕਈ ਥਾਵਾਂ 'ਤੇ ਸਾਨੂੰ ਥੱਲੇ ਉਤਰਨ ਵਾਸਤੇ ਏਦਾਂ ਛਾਲ ਮਾਰਨੀ ਪੈਂਦੀ ਸੀ ਜਿਵੇਂ ਉੱਚੀ ਕੰਧ ਉੱਤੋਂ ਛਾਲ ਮਾਰੀਦੀ ਹੈ। ਇਕ ਪੜਾਅ ਉੱਤੇ ਜਾ ਕੇ ਵਾਦੀ ਵਰਗੀ ਥਾਂ ਆ ਗਈ। ਅਸੀਂ ਚਾਰੇ ਹੀ ਬੜੇ ਖੁਸ਼ ਕਿ ਪੌੜੀਆਂ ਟੱਪਣ ਤੋਂ ਸਾਹ ਮਿਲਿਆ। ਖੇਤਾਂ ਵਿਚ ਪਹਾੜਨਾਂ ਧਾਨ ਬੀਜਦੇ ਸਮੇਂ ਖੁਸ਼ੀ ਦੇ ਗੀਤ ਗਾ ਰਹੀਆਂ ਸਨ। ਅਸੀਂ ਜਾਣ ਬੁੱਝ ਕੇ ਉਨ੍ਹਾਂ ਦੇ ਬਹੁਤ ਕੋਲੋਂ ਦੀ ਲੰਘੇ। ਇਕ ਮੁਟਿਆਰ ਨੇ ਖੇਤ ਦੀ ਗਿੱਲੀ ਮਿੱਟੀ ਸਾਡੇ ਵੱਲ ਵਗਾਹ ਮਾਰੀ। ਅਸੀਂ ਬੜੇ ਖੁਸ਼ ਕਿ ਸਾਨੂੰ ਉਨ੍ਹਾਂ ਦੀ ਸੁੱਟੀ ਮਿੱਟੀ ਲੱਗ ਗਈ ਹੈ।

ਉਨ੍ਹਾਂ ਔਰਤਾਂ ਵਿਚ ਗੀਤ ਦੀ ਲੀਡ ਦੇਣ ਵਾਲੀ ਔਰਤ ਬਹੁਤ ਸੁਹਣੀ ਸੀ। ਅਸੀਂ ਚੰਬੇ ਪਹੁੰਚ ਕੇ ਰਾਤ ਦੇ ਖਾਣੇ ਸਮੇਂ ਉਸ ਦੀਆਂ ਗੱਲਾਂ ਕਰਨ ਲੱਗ ਪਏ। ਮੈਥੋਂ ਛੋਟਾ ਕਹਿੰਦਾ ਉਹ ਅਠਾਰਾਂ ਸਾਲ ਦੀ ਸੀ। ਉਹਦੇ ਹਾਣ ਦੀ। ਮੈਥੋਂ ਵੱਡਾ ਕਹਿਣ ਲੱਗਾ 25 ਸਾਲ ਦੀ ਸੀ। ਉਹਦਾ ਹਾਣ। ਤੇ ਉਸ ਤੋਂ ਵੱਡਾ ਕਹਿਣ ਲੱਗਾ ਕਿ ਉਹ ਭਰ ਜਵਾਨ ਸੀ। ਉਸ ਦੀ ਹਾਣੀ। ਤਕਰੀਬਨ ਤੀਹ ਸਾਲ ਦੀ। ਮੈਨੂੰ ਜਾਪਦਾ ਸੀ ਉਹ ਮੇਰੇ ਹਾਣ ਦੀ ਸੀ, ਮਸਾਂ ਇੱਕੀ ਸਾਲ ਦੀ। ਇਹੀਓ ਗੱਲ ਇਕ ਵਾਰੀ ਫੇਰ ਸ਼ੁਰੂ ਹੋ ਗਈ ਤੇ ਅਸੀਂ ਸਾਰਿਆਂ ਨੇ ਆਪੋ ਆਪਣਾ ਅੰਦਾਜ਼ਾ ਦੁਹਰਾਇਆ। ਅੰਦਾਜ਼ਾ ਬਦਲਿਆਂ ਉਹ ਹੁਸੀਨਾ ਬਦਲਣ ਵਾਲੇ ਦੇ ਹਾਣ ਦੀ ਨਹੀਂ ਸੀ ਰਹਿੰਦੀ।

ਵਾਪਸ ਦਿੱਲੀ ਪਹੁੰਚਣ 'ਤੇ ਇਹੀਓ ਘਟਨਾ ਮੈਂ ਆਪਣੇ ਇਕ ਮਿੱਤਰ ਨੂੰ ਦੱਸੀ ਤਾਂ ਇਸ ਦਾ ਤੱਤ ਵੀ ਨਿਕਲ ਆਇਆ। ਉਹ ਇਹ ਕਿ ਖ਼ੂਬਸੂਰਤੀ ਹਰ ਇਕ ਦੇ ਹਾਣ ਦੀ ਹੁੰਦੀ ਹੈ। ਜੇ ਨਹੀਂ ਵੀ ਹੁੰਦੀ ਤਾਂ ਹਰ ਇਕ ਨੂੰ ਆਪਣੇ ਹਾਣ ਦੀ ਲਗਦੀ ਹੈ। ਮੇਰੀ 'ਹੁਸਨ ਦੇ ਹਾਣੀ' ਪੁਸਤਕ



ਇਸ ਸੱਚ ਦੀ ਹਾਣੀ ਹੈ। ਪੁਸਤਕ ਦਾ ਨਾਂ ਉਸ ਕਹਾਣੀ ਦੇ ਨਾਂ 'ਤੇ ਹੈ ਜਿਹੜੀ ਮੈਂ ਉਸ ਔਰਤ ਦੇ ਹੁਸਨ ਬਾਰੇ ਲਿਖੀ ਸੀ।

ਮੈਂ 1953 ਤੋਂ 1983 ਤਕ ਦਿੱਲੀ ਰਿਹਾ ਹਾਂ। ਲੰਮਾ ਸਮਾਂ ਪੰਡਾਰਾ ਰੋਡ ਦੀ ਸਰਕਾਰੀ ਕਾਲੋਨੀ ਵਿਚ। ਪੰਜਾਬ ਦੇ ਲੋਕ ਸੰਪਰਕ ਵਿਭਾਗ ਦਾ ਦਿੱਲੀ ਵਿਚਲਾ ਪ੍ਰਤੀਨਿਧ ਸਾਡੇ ਨਾਲ ਦੇ ਫਲੈਟ ਵਿਚ ਰਹਿੰਦਾ ਸੀ। ਉਸ ਦੇ ਫਲੈਟ ਦੀ ਛੱਤ ਵਿਚਕਾਰ ਕੇਵਲ ਢਾਈ ਫੁੱਟ ਦੀ ਕੰਧ ਸੀ। ਸਾਡੇ ਘਰ ਦੀ ਬਿੱਲੀ ਉਨ੍ਹਾਂ ਦੀ ਛੱਤ ਉੱਤੇ ਜਾ ਸਕਦੀ ਸੀ ਤੇ ਉਨ੍ਹਾਂ ਦੀ ਕੁੱਤੀ ਸਾਡੀ ਛੱਤ ਉੱਤੇ। ਸਾਰੀ ਕਾਲੋਨੀ ਵਿਚ ਪੰਜ ਸੱਤ ਘਰਾਂ ਤੋਂ ਬਿਨਾਂ ਸਾਡਾ ਕਿਸੇ ਨਾਲ ਵਰਤ ਵਿਹਾਰ ਨਹੀਂ ਸੀ। ਸਾਡੇ ਆਪਣੇ ਬੱਚੇ ਨਾ ਹੋਣ ਕਾਰਨ ਬੱਚਿਆਂ ਵਾਲੇ ਸਾਨੂੰ ਨਹੀਂ ਸਨ ਬੁਲਾਉਂਦੇ। ਜੇ ਕਦੀ ਚਲੇ ਵੀ ਜਾਂਦੇ ਤਾਂ ਸਾਨੂੰ ਏਦਾਂ ਜਾਪਦਾ ਜਿਵੇਂ ਉਨ੍ਹਾਂ ਦੀ ਪ੍ਰਾਈਵੇਸੀ ਵਿਚ ਦਖ਼ਲ ਦੇ ਰਹੇ ਹਾਂ।

ਇਕ ਵਾਰੀ ਸਾਹਮਣੇ ਘਰ ਵਿਚੋਂ ਆਈ ਉੱਚੀ ਆਵਾਜ਼ ਨੇ ਮੈਨੂੰ ਜਗਾ ਦਿੱਤਾ। ਪਤਾ ਲੱਗਿਆ ਕਿ ਉਸ ਘਰ ਦੇ ਮੁਖੀ ਦੀ ਅਚਾਨਕ ਮੌਤ ਹੋ ਗਈ ਸੀ। ਮੈਂ ਇਕੱਲਾ ਸਾਂ। ਮੇਰੀ ਬੀਵੀ ਸਰਕਾਰੀ ਕੰਮ ਦਿੱਲੀ ਤੋਂ ਦੌਰੇ 'ਤੇ ਗਈ ਹੋਈ ਸੀ। ਘਰ ਦੇ ਮੁਖੀ ਦੀ ਮੌਤ ਤੋਂ ਪਿੱਛੋਂ ਉਸ ਘਰ ਵਿਚ ਛੋਟੇ ਬੱਚਿਆਂ ਤੋਂ ਬਿਨਾਂ ਮਰਨ ਵਾਲੇ ਦੀ ਵਿਧਵਾ ਸੀ ਜਿਸ ਨੂੰ ਮੈਂ ਕਦੀ ਹੈਲੋ ਤਕ ਨਹੀਂ ਸੀ ਕੀਤੀ। ਮੈਂ ਫ਼ੈਸਲਾ ਕੀਤਾ ਕਿ ਮੈਨੂੰ ਓਸ ਘਰ ਜਾਣ ਦੀ ਲੋੜ ਨਹੀਂ।

ਮੈਂ ਦਫ਼ਤਰ ਜਾਣ ਲਈ ਤਿਆਰ ਹੋ ਰਿਹਾ ਸਾਂ ਕਿ ਮੇਰੇ ਪੈਰਾਂ ਉੱਤੇ ਸਾਡਾ ਪਾਲਿਆ ਹੋਇਆ ਬਲੂੰਗੜਾ ਆ ਕੇ ਬਹਿ ਗਿਆ। ਉਹ ਬੀਮਾਰ ਤੇ ਥੱਕਿਆ ਹੋਇਆ ਜਾਪਦਾ ਸੀ। ਜਿਵੇਂ ਮਰਨ ਕਿਨਾਰੇ ਹੋਵੇ। ਮੈਂ ਉਸ ਨੂੰ ਚੁੱਕ ਕੇ ਵੇਖਣ ਲੱਗਿਆ ਤਾਂ ਉਸ ਦੀ ਗਰਦਨ ਲੁੜਕ ਗਈ। ਮੈਨੂੰ ਇਹ ਨਤੀਜਾ ਕੱਢਦਿਆਂ ਦੇਰ ਨਹੀਂ ਲੱਗੀ ਕਿ ਉਸ ਨੂੰ ਸਾਡੀ ਸਾਂਝੀ ਛੱਤ ਵਾਲਿਆਂ ਨੇ ਮਰਨ ਦੀ ਗੋਲੀ ਖਿਲਾ ਛੱਡੀ ਸੀ। ਉਨ੍ਹਾਂ ਦੇ ਘਰ ਬੱਚੇ ਨੇ ਜਨਮ ਲਿਆ ਸੀ। ਇਹ ਬੱਚਾ ਦੋ ਭਰੂਣਾਂ ਤੋਂ ਪਿੱਛੋਂ ਹੋਇਆ ਸੀ। ਉਨ੍ਹਾਂ ਨੂੰ ਸਾਡੇ ਬਲੂੰਗੜੇ ਤੋਂ ਬੜਾ ਡਰ ਲਗਦਾ ਸੀ। ਉਨ੍ਹਾਂ ਨੇ ਕਿਹਾ ਵੀ ਸੀ ਕਿ ਅਸੀਂ ਬਲੂੰਗੜੇ ਨੂੰ ਬੰਨ੍ਹ ਕੇ ਰੱਖਿਆ ਕਰੀਏ। ਸਾਨੂੰ ਬਲੂੰਗੜਾ ਬੰਨ੍ਹਣ ਦੀ ਜਾਚ ਨਹੀਂ ਸੀ। ਮੇਰੇ ਮਨ ਵਿਚ ਮਰੇ ਹੋਏ ਬਲੂੰਗੜੇ ਲਈ ਮੋਹ ਜਾਗ ਪਿਆ। ਮੈਂ ਆਪਣੇ ਦਫ਼ਤਰ ਟੈਲੀਫ਼ੋਨ ਕਰ ਦਿੱਤਾ ਕਿ ਮੈਂ ਲੇਟ ਆਵਾਂਗਾ ਤੇ ਦਫ਼ਤਰ ਜਾਣ ਦੀ ਥਾਂ ਬਲੂੰਗੜੇ ਦੀ ਲਾਸ਼ ਨੂੰ ਕੰਢੇ ਲਾਉਣ ਬਾਰੇ ਸੋਚਣ ਲੱਗ ਪਿਆ।

ਇਕ ਹੋਰ ਘਟਨਾ ਕਰਜ਼ਨ ਰੋਡ ਐਪਾਰਟਮੈਂਟਸ ਦੀ ਹੈ। ਉੱਥੇ ਮੇਰੀ ਬੀਵੀ ਦੀ ਸਹੇਲੀ ਕਰਤਾਰ ਕੌਰ ਰਿਹਾ ਕਰਦੀ ਸੀ। ਕਰਤਾਰ ਦੀ ਗਵਾਂਢਣ ਪੁਲਿਸ ਦੀ ਅਫ਼ਸਰ ਸੀ। ਉਨ੍ਹਾਂ ਦੋਹਾਂ ਤੋਂ ਉਪਰਲੀ ਮੰਜ਼ਲ ਵਿਚ ਉਨ੍ਹਾਂ ਦੀ ਇਕ ਹੋਰ ਸਹੇਲੀ ਰਹਿੰਦੀ ਸੀ, ਜਿਹੜੀ ਦੋ ਧੀਆਂ ਦੀ ਮਾਂ ਸੀ। ਧੀਆਂ ਸਕੂਲੇ ਪੜ੍ਹਨ ਜਾਂਦੀਆਂ ਸਨ। ਉਸ ਨੂੰ ਸਦਾ ਧੀਆਂ ਦੀ ਫ਼ਿਕਰ ਲੱਗੀ ਰਹਿੰਦੀ ਸੀ। ਉਨ੍ਹਾਂ ਦੀ ਪੜ੍ਹਾਈ ਦੀ, ਆਉਣ ਵਾਲੀ ਜਵਾਨੀ ਦੀ ਤੇ ਹੋਣ ਵਾਲੇ ਵਿਆਹਾਂ ਦੀ। ਧੀਆਂ ਵਾਲੀ ਮਾਂ ਦੇ ਘਰ ਕਿਸੇ ਸਰਕਾਰੀ ਡਰਾਈਵਰ ਦੀ ਪਤਨੀ ਝਾੜੂ ਪੋਚਾ ਕਰਦੀ ਸੀ। ਇਕ ਦਿਨ ਉਸ ਨੂੰ ਡਸਟਿੰਗ ਕਰਦਿਆਂ ਧੀਆਂ ਦੀ ਮਾਂ ਦੇ ਕਾਫੀ ਸਾਰੇ ਪੈਸੇ ਦਿਖਾਈ ਦੇ ਗਏ। ਉਸ ਨੇ ਇਨ੍ਹਾਂ ਵਿਚੋਂ ਏਨੇ ਕੁ ਪੈਸੇ ਖਿਸਕਾ ਲਏ ਜਿੰਨਿਆਂ ਦਾ ਥੋੜ੍ਹੇ ਕੀਤੇ ਪਤਾ ਨਾ ਲੱਗ ਸਕੇ। ਧੀਆਂ ਦੀ ਮਾਂ ਨੇ ਦਫ਼ਤਰ ਪਹੁੰਚਣ ਤੋਂ ਪਿੱਛੋਂ ਗਿਣੇ ਤਾਂ ਘੱਟ ਸਨ। ਉਹ ਸਮਝ ਗਈ ਕਿ ਪੋਚੇ ਵਾਲੀ ਨੇ ਚੋਰੀ ਕੀਤੇ ਹਨ। ਉਸ ਨੇ ਦਫ਼ਤਰੋਂ ਘਰ ਪਹੁੰਚ ਕੇ ਪੋਚੇ ਵਾਲੀ ਨੂੰ ਸੱਦਿਆ। ਉਹ ਪੈਰਾਂ ਉੱਤੇ ਪਾਣੀ ਨਾ ਪੈਣ ਦੇਵੇ। ਜਦੋਂ ਉਸ ਨੂੰ ਹੋਰ ਡਾਂਟਿਆ ਤਾਂ ਉਹ ਆਪਣੇ ਪਤੀ ਨੂੰ ਨਾਲ ਲੈ ਕੇ ਆ ਗਈ, ਜਿਸ ਦੀ ਡਿਊਟੀ ਕਿਸੇ ਵੱਡੇ ਅਫ਼ਸਰ ਨਾਲ ਲੱਗੀ ਹੋਈ ਸੀ। ਦੋਵੇਂ ਮੀਆਂ ਬੀਵੀ ਮੈਡਮ ਨੂੰ ਅੱਖਾਂ ਦਿਖਾ ਕੇ

ਚਲੇ ਗਏ, ਜਿਵੇਂ ਉਨ੍ਹਾਂ ਉੱਤੇ ਝੂਠਾ ਦੋਸ਼ ਲਾਇਆ ਗਿਆ ਹੋਵੇ।

ਚੋਰੀ ਵਾਲੀ ਗੱਲ ਪੁਲਿਸ ਵਿਚ ਕੰਮ ਕਰਦੀ ਕਰਤਾਰ ਦੀ ਸਹੇਲੀ ਕੋਲ਼ ਪਹੁੰਚ ਗਈ। ਉਸ ਨੇ ਕਰਜ਼ਨ ਰੋਡ ਠਾਣੇ ਦੇ ਐੱਸ.ਐੱਚ.ਓ. ਨੂੰ ਕਿਹਾ ਕਿ ਪੋਚੇ ਵਾਲੀ ਨੂੰ ਸਬਕ ਸਿਖਾਵੇ। ਜਦੋਂ ਚੋਰੀ ਹੋਈ ਸੀ, ਘਰ ਵਿਚ ਕੋਈ ਨਹੀਂ ਸੀ। ਪੈਸੇ ਉਸ ਨੇ ਚੁਰਾਏ ਸਨ ਪਰ ਸਬੂਤ ਕੋਈ ਨਹੀਂ ਸੀ। ਐੱਸ.ਐੱਚ.ਓ. ਨੇ ਪੋਚੇ ਵਾਲੀ ਨੂੰ ਥਾਣੇ ਬੁਲਾ ਭੇਜਿਆ। ਐੱਸ.ਐੱਚ.ਓ. ਕੱਬਾ ਸੀ। ਝਾੜੂ ਪੋਚੇ ਵਾਲੀ ਥਾਣੇ ਜਾਣ ਦੀ ਥਾਂ ਚੋਰੀ ਕੀਤੇ ਪੈਸੇ ਮੈਡਮ ਨੂੰ ਪਰਤਾ ਗਈ।

ਮੈਂ ਇਨ੍ਹਾਂ ਦੋਵੇਂ ਘਟਨਾਵਾਂ ਬਾਰੇ ਦੋ ਕਹਾਣੀਆਂ ਲਿਖੀਆਂ। ਬਲੂੰਗੜੇ ਦੀ ਮੌਤ ਵਾਲੀ ਕਹਾਣੀ ਦਾ ਨਾਂ 'ਸਬੰਧ' ਰੱਖਿਆ ਤੇ ਦੂਜੀ ਦਾ ਨਾਇਕਾ ਦੇ ਨਾਂ 'ਤੇ 'ਮਿਸ ਸੌਫ਼ਟ'।

1965 ਦੀ ਭਾਰਤ-ਪਾਕਿ ਲੜਾਈ ਤੋਂ ਪਿੱਛੋਂ ਮੇਰਾ ਅਤੇ ਤਾਰਾ ਸਿੰਘ ਕਾਮਿਲ ਦਾ ਭਾਰਤੀ ਫੌਜਾਂ ਵੱਲੋਂ ਜਿੱਤਿਆ ਇਲਾਕਾ ਦੇਖਣ ਦਾ ਪ੍ਰੋਗਰਾਮ ਬਣ ਗਿਆ। ਸਾਨੂੰ ਇਸਦਾ ਸੱਦਾ ਭਾਰਤ ਸਰਕਾਰ ਵਿਚ ਕੰਮ ਕਰਦੀ ਸੁਰਜੀਤ ਕੌਰ ਵੱਲੋਂ ਵੀ ਮਿਲਿਆ ਜਿਹੜੀ ਇਕ ਸਾਲਮ ਬੱਸ ਕਰ ਕੇ ਆਪਣੇ ਦਫਤਰ ਦੇ ਸਾਰੇ ਅਮਲੇ ਨੂੰ ਉੱਥੇ ਲੈ ਕੇ ਜਾ ਰਹੀ ਸੀ। ਉਹ ਮਾਝੇ ਦੇ ਪਿੰਡ ਨੌਸ਼ਹਿਰਾ ਪੰਨੂਆਂ ਦੀ ਜੰਮਪਲ ਸੀ ਤੇ ਅਸੀਂ ਉਸਦੇ ਭਰਾ ਗੁਰਬਚਨ ਸਿੰਘ ਪੰਨੂੰ ਨੂੰ ਦਿੱਲੀ ਵਿਚ ਮਿਲੇ ਹੋਏ ਸਾਂ। ਉਹ ਤਾਰਾ ਸਿੰਘ ਦਾ ਚੰਗਾ ਮਿੱਤਰ ਬਣ ਚੁੱਕਿਆ ਸੀ ਤੇ ਮੇਰਾ ਵੀ। ਉਹਦਾ ਸਹੁਰਾ ਪਿੰਡ ਬੁਰਜ ਸੀ ਜਿਹੜਾ ਬਾਰਡਰ ਤੋਂ ਕੇਵਲ ਦੋ ਮੀਲ ਸੀ। ਅਸੀਂ ਪਹਿਲਾ ਪੜਾਅ ਬੁਰਜ ਕੀਤਾ।

ਪਾਕਿਸਤਾਨ ਕੋਲੋਂ ਜਿੱਤੇ ਹੋਏ ਪਿੰਡ ਨੌਸ਼ਹਿਰਾ ਭਡਾਣਾ ਵਿਚ ਦੋ ਬੁੱਢੇ ਮੁਸਲਮਾਨ ਤੇ ਇਕ ਇਸਤਰੀ ਰਹਿ ਗਏ ਸਨ। ਇਨ੍ਹਾਂ ਨੂੰ ਉਨ੍ਹਾਂ ਦੇ ਸਾਕ ਸੰਬੰਧੀ ਉੱਥੇ ਹੀ ਛੱਡ ਕੇ ਆਪਣੀ ਜਾਨ ਬਚਾ ਕੇ ਉੱਥੋਂ ਜਾ ਚੁੱਕੇ ਸਨ। ਭਾਰਤੀ ਫੌਜ ਉਨ੍ਹਾਂ ਨੂੰ ਰਸਦ ਪਾਣੀ ਦੇ ਦਿੰਦੀ ਸੀ ਤੇ ਉਹ ਤਿੰਨੋਂ ਆਪਣਾ ਖਾਣਾ ਆਪ ਬਣਾ ਕੇ ਇਕ ਟੱਬਰ ਦੇ ਜੀਆਂ ਵਾਂਗ ਰਹਿ ਰਹੇ ਸਨ। ਅਸੀਂ ਉਨ੍ਹਾਂ ਨਾਲ ਗੱਲਾਂ ਕੀਤੀਆਂ। ਉਨ੍ਹਾਂ ਨੂੰ ਕੋਈ ਦੁੱਖ ਨਹੀਂ ਸੀ। ਫੇਰ ਵੀ ਵਡੇਰੀ ਉਮਰ ਦੇ ਬੁੱਢੇ ਨੇ ਮੰਗ ਪਾ ਹੀ ਦਿੱਤੀ। ਉਹ ਚਾਹੁੰਦਾ ਸੀ ਕਿ ਉਸ ਨੂੰ ਜੰਤਰੀ ਪਹੁੰਚਾ ਦਿੱਤੀ ਜਾਵੇ। ਉਸ ਨੂੰ ਫੌਜੀ ਕਾਰਵਾਈ ਨੇ ਦਿਨ ਤੇ ਵਾਰ ਭੁਲਾ ਛੱਡੇ ਸਨ, ਜਿਹੜੇ ਹੁਣ ਫੌਜੀਆਂ ਦੇ ਦੱਸਿਆਂ ਉਸ ਨੂੰ ਸਮਝ ਨਹੀਂ ਸਨ ਪੈਂਦੇ। ਉਸ ਦਾ ਅਸਲੀ ਦੁੱਖ ਇਹ ਸੀ ਕਿ ਉਸ ਨੇ ਜੁਮੇ ਯਾਨੀ ਸ਼ੁੱਕਰਵਾਰ ਦੇ ਦਿਨ ਮਸੀਤੇ ਜਾਣਾ ਹੁੰਦਾ ਸੀ ਤੇ ਜੰਤਰੀ ਤੋਂ ਬਿਨਾਂ ਉਹਦੇ ਲਈ ਦਿਨ ਦਾ ਹਿਸਾਬ ਰੱਖਣਾ ਸੰਭਵ ਨਹੀਂ ਸੀ। ਮੈਨੂੰ ਉਸ ਦੀ ਬੇਬਸੀ ਤੋਂ ਏਦਾਂ ਜਾਪਿਆ ਜਿਵੇਂ ਉਹ ਖਾਣ ਪਹਿਨਣ ਵਿਚ ਪੂਰੀ ਤਰ੍ਹਾਂ ਸੁਤੰਤਰ ਹੋਵੇ ਪਰ ਹੋਵੇ ਕੈਦੀ। ਮੈਨੂੰ ਉਹ ਸੁਤੰਤਰ ਕੈਦੀ ਜਾਪਿਆ।

ਅਸੀਂ ਦੂਜੇ ਦਿਨ ਮੋਟਰ ਸਾਈਕਲ ਭਜਾਉਂਦੇ ਵਾਹਗੇ ਪਹੁੰਚ ਗਏ। ਸਾਨੂੰ ਏਥੇ ਗੋਪਾਲ ਸਿੰਘ ਪੁਰਾ ਨਾਂ ਦਾ ਉਹ ਪਿੰਡ ਵੇਖਣ ਨੂੰ ਮਿਲਿਆ, ਜਿਸ ਦੇ ਵਸਨੀਕ ਬਾਕੀ ਮਾਲ ਅਸਬਾਬ ਤਾਂ ਆਪਣੇ ਨਾਲ ਲੈ ਗਏ ਸਨ ਪਰ ਘਰਾਂ ਦੇ ਖ਼ਤ ਪੱਤਰ ਅਤੇ ਸਕੂਲੀ ਬੱਚਿਆਂ ਦੀਆਂ ਪੁਸਤਕਾਂ ਉਵੇਂ ਦੀਆਂ ਉਵੇਂ ਪਈਆਂ ਸਨ। ਬੱਚਿਆਂ ਦੀਆਂ ਕਾਪੀਆਂ ਵਿਚ ਉਨ੍ਹਾਂ ਦੇ ਲਿਖੇ ਲੇਖ ਤੇ ਚਿੱਠੀਆਂ ਪੜ੍ਹ ਕੇ ਮੈਨੂੰ ਆਪਣੇ ਬਚਪਨ ਦੇ ਦਿਨ ਚੇਤੇ ਆ ਗਏ। ਇਨ੍ਹਾਂ ਘਰਾਂ ਵਿਚ ਅਜਿਹੇ ਖ਼ਤ ਵੀ ਸਨ ਜਿੰਨ੍ਹਾਂ ਵਿਚ ਵੰਡ ਸਮੇਂ ਭੁਗਤੀਆਂ ਔਕੜਾਂ ਤੋਂ ਪਿੱਛੋਂ ਦੇ ਕਠਿਨ ਜੀਵਨ ਦਾ ਜ਼ਿਕਰ ਸੀ। ਰਿਸ਼ਤੇਦਾਰਾਂ ਦੀ ਬੇਪ੍ਰਵਾਹੀ, ਬਦਸਲੂਕੀ, ਗ਼ਰੀਬੀ ਅਤੇ ਬੇਰੁਜ਼ਗਾਰੀ। ਇਹ ਸਭ ਕੁਝ ਭਾਰਤ ਵਿਚ ਵੀ ਹੁੰਦਾ ਸੀ। ਮੈਨੂੰ ਏਦਾਂ ਜਾਪਿਆ ਜਿਵੇਂ ਮੈਂ ਆਪਣੇ ਹੀ ਪਿੰਡ ਵਿਚ ਘੁੰਮ ਰਿਹਾ ਹੋਵਾਂ ਤੇ ਇਹ ਗੱਲਾਂ ਮੇਰੇ ਆਪਣੇ ਪਿੰਡ ਬਾਰੇ ਹੀ ਹੋਣ। ਇਹ ਮੈਨੂੰ ਮੇਰੀ ਆਪਣੀ ਹੀ ਦਾਸਤਾਂ ਜਾਪੀ। ਮੇਰੀ ਕਹਾਣੀ 'ਆਪਣੀ ਗੱਲ' ਇਸ ਘਟਨਾ ਬਾਰੇ ਹੈ।



ਓਥੋਂ ਵਾਪਸੀ 'ਤੇ ਜਿਹੜਾ ਭਾਣਾ ਵਰਤਿਆ ਉਹ ਮੈਨੂੰ ਸਿਰ ਤੋਂ ਪੈਰਾਂ ਤਕ ਝੰਜੋੜ ਗਿਆ। ਅਸੀਂ ਸ਼ਾਮ ਸਿੰਘ ਅਟਾਰੀ ਦੀ ਸਮਾਧ 'ਤੇ ਰੁਕੇ ਤਾਂ ਦੁਨੀਆਂ ਹੀ ਬਦਲ ਗਈ। ਹੁਣ ਤਕ ਅਸੀਂ ਜੇਤੂ ਸਾਂ। ਪਰ ਸਾਡੀ ਜਿੱਤ ਇਕ ਦਮ ਹਾਰ ਵਿਚ ਬਦਲ ਗਈ ਜਦੋਂ ਅਸੀਂ ਸ਼ਾਮ ਸਿੰਘ ਅਟਾਰੀ ਦੀ ਸਮਾਧ ਉੱਤੇ ਉੱਕਰੇ ਹੇਠ ਲਿਖੇ ਬੋਲ ਪੜ੍ਹੇ:

*ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ*
*ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ*

ਮੇਰੇ ਮਨ ਵਿਚ ਸਿੱਖਾਂ ਤੇ ਮੁਸਲਮਾਨਾਂ ਦੀ ਵੰਡ ਤੋਂ ਪਹਿਲਾਂ ਦੀ ਸਾਂਝ ਅਤੇ ਦੋਸਤੀ ਦੇ ਚਿਤਰ ਘੁੰਮਣ ਲੱਗੇ। ਮੈਨੂੰ ਆਪਣਾ ਆਪ ਹਾਰੇ ਹੋਏ ਜੇਤੂ ਵਰਗਾ ਲੱਗਿਆ। ਨੈਪੋਲੀਅਨ ਵਰਗਾ। ਮੈਂ ਆਪਣੀ ਇਸ ਫੇਰੀ ਬਾਰੇ ਕਈ ਕਹਾਣੀਆਂ ਲਿਖੀਆਂ। 'ਸੁਤੰਤਰ ਕੈਦੀ', 'ਸੋਨੇ ਦੀ ਇੱਟ', 'ਆਪਣੀ ਗੱਲ' ਅਤੇ 'ਨੈਪੋਲੀਅਨ'।

'ਨੈਪੋਲੀਅਨ' ਦੇ ਛਪਦਿਆਂ ਸਾਰ ਬਲਰਾਜ ਸਾਹਨੀ ਦੀ ਏਨੀ ਪਿਆਰੀ ਚਿੱਠੀ ਆਈ ਕਿ ਮਨ ਬਾਗ਼ ਬਾਗ਼ ਹੋ ਗਿਆ। ਉਸ ਨੇ ਮੈਨੂੰ ਲਿਖਿਆ ਕਿ ਮੈਂ ਇਸ ਕਹਾਣੀ ਨੂੰ ਉਰਦੂ ਵਿਚ ਤਰਜਮਾ ਕਰਾ ਕੇ ਪਾਕਿਸਤਾਨ ਵਿਚ ਛਪਵਾਵਾਂ। ਮੇਰੀ ਸੁਸਤ ਮਿਜ਼ਾਜੀ ਨੇ ਬਲਰਾਜ ਸਾਹਨੀ ਦੀ ਇੱਛਾ ਤਾਂ ਪੂਰੀ ਨਾ ਹੋਣ ਦਿੱਤੀ, ਪਰ ਪਾਕਿਸਤਾਨ ਫੇਰੀ ਦੀਆਂ ਇਨ੍ਹਾਂ ਕਹਾਣੀਆਂ ਨੇ ਮੇਰੇ ਕੋਲ਼ੋਂ ਮੇਰਾ ਨਵਾਂ ਸੰਗ੍ਰਹਿ ਛਪਵਾ ਦਿੱਤਾ, 'ਸੋਨੇ ਦੀ ਇੱਟ'।

ਅਸੀਂ ਅੰਮ੍ਰਿਤਸਰ ਪਹੁੰਚੇ ਤਾਂ ਸੁਰਜੀਤ ਦੀ ਮਤਰੇਈ ਮਾਂ ਦੇ ਮਜੀਠਾ ਰੋਡ ਵਾਲੇ ਘਰ ਚਲੇ ਗਏ। ਮਾਹੌਲ ਏਥੇ ਵੀ ਭੈਅ ਵਾਲਾ ਸੀ। ਰੇਡੀਉ ਉੱਤੇ ਖਬਰ ਆ ਚੁੱਕੀ ਸੀ ਕਿ ਰਾਤ ਨੂੰ ਹਵਾਈ ਜਹਾਜ਼ਾਂ ਦੀ ਬੰਬਾਰੀ ਦਾ ਡਰ ਹੈ। ਬੰਬਾਰ ਜਹਾਜ਼ਾਂ ਨੂੰ ਫੁੰਡਣ ਲਈ ਮਾਤਾ ਦੇ ਘਰ ਦੇ ਅੱਗੇ ਹੀ ਤੋਪਾਂ ਬੀੜੀਆਂ ਹੋਈਆਂ ਸਨ ਤੇ ਤੋਪਚੀ ਉੱਥੇ ਟਿਕੇ ਹੋਏ ਸਨ। ਮਾਤਾ ਦਾ ਸਾਰਾ ਗਵਾਂਢ ਖਾਲੀ ਹੋ ਗਿਆ ਸੀ। ਉਹ ਵੀ ਘਰ ਛੱਡਣ ਦਾ ਫੈਸਲਾ ਕਰ ਚੁੱਕੀ ਸੀ। ਮਾਤਾ ਦੇ ਟੱਬਰ ਦਾ ਤੋਪਚੀਆਂ ਨੂੰ ਆਸਰਾ ਸੀ, ਪਰ ਉਹ ਉਸ ਨੂੰ ਮਜਬੂਰ ਕਰਕੇ ਨਹੀਂ ਸਨ ਰੱਖਣਾ ਚਾਹੁੰਦੇ।

ਤੋਪਚੀ ਸੈਨਿਕਾਂ ਦਾ ਰਸੋਈਆ ਸਾਡੇ ਲਈ ਚਾਹ ਲੈ ਕੇ ਆ ਗਿਆ। ਤੋਪਚੀਆਂ ਦਾ ਸਰਦਾਰ ਉਸ ਦੇ ਪਿੱਛੇ ਪਿੱਛੇ ਸੀ। ਮੈਂ ਤੋਪਚੀਆਂ ਕੋਲ਼ੋਂ ਦੁਸ਼ਮਣ ਦੇ ਹਵਾਈ ਜਹਾਜ਼ਾਂ ਨੂੰ ਡੇਗਣ ਦੀਆਂ ਵਿਧੀਆਂ ਸਮਝ ਆਇਆ ਸੀ। ਮੈਨੂੰ ਪੂਰਨ ਤਸੱਲੀ ਸੀ ਕਿ ਸਾਡੇ ਤੋਪਚੀ ਦੁਸ਼ਮਣ ਦੇ ਜਹਾਜ਼ ਨੂੰ ਨੇੜੇ ਨਹੀਂ ਫਟਕਣ ਦਿੰਦੇ। ਅਸੀਂ ਮਾਤਾ ਨੂੰ ਦੱਸਿਆ ਕਿ ਉਹ ਕਿੰਨੀ ਭਾਗਾਂ ਵਾਲੀ ਹੈ, ਜਿਸ ਦੇ ਦਰ ਉੱਤੇ ਉਸ ਦੀ ਰਾਖੀ ਲਈ ਤੋਪਾਂ ਗੱਡੀਆਂ ਹੋਈਆਂ ਹਨ। ਮਾਹੌਲ ਬਦਲਿਆ ਦੇਖ ਕੇ ਤੋਪਚੀਆਂ ਦਾ ਸਰਦਾਰ ਹੌਸਲਾ ਕਰਕੇ ਬੋਲਿਆ, 'ਮੈਂ ਕਹਿਣਾ ਤਾਂ ਨਹੀਂ ਚਾਹੁੰਦਾ, ਪਰ ਮਾਤਾ ਜੀ! ਜਦੋਂ ਤਕ ਅਸੀਂ ਜਿਊਂਦੇ ਹਾਂ, ਤੁਹਾਡੀ ਵਾਅ ਵੱਲ ਵੀ ਕੋਈ ਨਹੀਂ ਤੱਕ ਸਕਦਾ। ਜੇ ਅਸੀਂ ਮਰ ਗਏ ਤਾਂ ਰੱਬ ਰਾਖਾ।' ਤੋਪਚੀ ਦੇ ਬੋਲ ਵਿਚ ਭਾਵੇਂ ਪੂਰਾ ਕਰਾਰ ਸੀ, ਪਰ ਜਿਸ ਵੇਲੇ ਤੇ ਜਿਸ ਸਥਿਤੀ ਵਿਚ ਉਸ ਨੇ ਇਹ ਵਾਕ ਕਿਹਾ, ਉਸ ਨਾਲ ਸਾਡੇ ਗਲ਼ੇ ਗੱਚ ਨਾਲ ਭਰ ਗਏ।

ਮਾਤਾ ਨੇ ਉੱਪਰ ਨੂੰ ਤੱਕਿਆ। ਉਸ ਨੂੰ ਜਾਪਿਆ ਜਿਵੇਂ ਤੋਪਚੀ ਤੇ ਉਸ ਦਾ ਪਰਿਵਾਰ ਇਕ ਦੂਜੇ ਦੀ ਬਾਂਹ ਬਣੀ ਖਲੋਤੇ ਸਨ। ਏਸ ਤਰ੍ਹਾਂ ਜਿਵੇਂ ਉਸ ਮਾਤਾ ਦੇ ਦੋ ਪਰਿਵਾਰ ਹੋਣ। ਇਕ ਪਰਿਵਾਰ ਦੀ ਇਹ ਆਪਣੀ ਜਨਮ ਭੋਂ ਸੀ। ਦੂਜਾ ਪਰਿਵਾਰ ਸੈਂਕੜੇ ਮੀਲਾਂ ਦਾ ਪੈਂਡਾ ਕਰਕੇ ਇਸ ਦੀ ਰੱਖਿਆ ਲਈ ਆਇਆ ਹੋਇਆ ਸੀ। ਉਸ ਨੇ ਤੱਕਿਆ ਤੋਪਚੀ ਚਿਹਰਿਆਂ 'ਤੇ ਭੋਰਾ ਜਿੰਨਾ ਵੀ ਭੈਅ ਨਹੀਂ ਸੀ। 'ਆਓ ਪੁੱਤਰ ਬਹਿ ਜਾਓ', ਮਾਤਾ ਨੇ ਸਾਂਝਾ ਜਿਹਾ ਸੱਦਾ ਦਿੱਤਾ ਤੇ ਘਰ ਛੱਡਣ ਦਾ ਖਿਆਲ ਤਿਆਗ ਦੇ ਨਿਸਚਿੰਤ ਹੋ ਗਈ। ਮੈਂ ਇਹ ਕਹਾਣੀ ਲਿਖੀ ਤੇ ਨਾਂ ਰੱਖਿਆ

'ਸਾਂਝੀ ਮਾਂ' । ਇਹ ਕਹਾਣੀ ਵੀ 'ਸੋਨੇ ਦੀ ਇੱਟ' ਵਿਚ ਸ਼ਾਮਲ ਹੈ। 'ਸਾਂਝੀ ਮਾਂ' ਦੇ ਘਰ ਵਾਲੀ ਇਹ ਮਿਲਣੀ ਮੈਨੂੰ ਸੁਰਜੀਤ ਦੇ ਏਨਾ ਨੇੜੇ ਲੈ ਆਈ ਕਿ ਦਿੱਲੀ ਪਰਤਣ ਤੋਂ ਪਿੱਛੋਂ ਮੈਂ ਉਸ ਨੂੰ ਆਪਣੀ ਜੀਵਨ ਸਾਥਣ ਬਣਾਉਣ ਦਾ ਫੈਸਲਾ ਕਰ ਲਿਆ।

ਮੇਰੇ ਵਿਆਹ ਵਾਲੇ ਦਿਨ 11 ਮਾਰਚ 1966 ਨੂੰ ਮੇਰੀ ਬਰਾਤ ਵਿਚ ਸੰਤ ਸਿੰਘ ਸੇਖੋਂ, ਮੋਹਨ ਸਿੰਘ, ਸਾਧੂ ਸਿੰਘ ਹਮਦਰਦ, ਕੁਲਵੰਤ ਸਿੰਘ ਵਿਰਕ, ਐੱਸ.ਐੱਸ.ਮੀਸ਼ਾ, ਸ਼ਿਵ ਕੁਮਾਰ, ਪ੍ਰੋਫੈਸਰ ਪ੍ਰੀਤਮ ਸਿੰਘ, ਹਰਭਜਨ ਸਿੰਘ ਰਤਨ, ਰਵਿੰਦਰ ਰਵੀ, ਦੇਸ ਰਾਜ ਗੋਇਲ ਤੇ ਐੱਮ. ਆਰ.ਰਾਜਾਗੋਪਾਲਨ ਆਦਿ ਕਈ ਲੇਖਕ ਤੇ ਪੱਤਰਕਾਰ ਸ਼ਾਮਲ ਸਨ।

ਇਹ ਸਬੱਬ ਦੀ ਗੱਲ ਹੈ ਕਿ 11 ਮਾਰਚ ਵਾਲੇ ਦਿਨ ਹੀ ਪੰਜਾਬੀ ਸੂਬਾ ਬਣਾਏ ਜਾਣ ਦਾ ਐਲਾਨ ਹੋਇਆ। ਇਸ ਐਲਾਨ ਦੇ ਪਿਛੋਕੜ ਵਿਚ ਵੀ 1965 ਦੀ ਜੰਗ ਵਿਚ ਸਿੱਖ ਸੈਨਿਕਾਂ ਤੇ ਸੀਮਾ ਨੇੜੇ ਦੇ ਪੰਜਾਬੀਆਂ ਵੱਲੋਂ ਜੰਗ ਵਿਚ ਪਾਇਆ ਯੋਗਦਾਨ ਸੀ। ਪੰਜਾਬੀਆਂ ਨੇ ਇਹ ਸੂਬਾ ਜੰਗ ਜਿੱਤ ਕੇ ਲਿਆ, ਜਿਸ ਦੇ ਫਲਸਰੂਪ ਮੈਂ ਵੀ ਵਿਆਹੁਤਾ ਜੀਵਨ ਵਿਚ ਬੰਨ੍ਹਿਆ ਗਿਆ। ਸੰਨ 1965 ਤੋਂ ਸੁਰਜੀਤ ਐੱਸ.ਕੇ.ਸੰਧੂ ਹੋ ਗਈ। ਯਾਨੀ ਸੁਰਜੀਤ ਕੌਰ ਸੰਧੂ। ਮੇਰੀ ਜੀਵਨ ਸਾਥਣ। ਭਾਰਤ ਤੇ ਪਾਕਿਸਤਾਨ ਵਾਂਗ ਸਾਡੇ ਵਿਚਕਾਰ ਵੀ ਅਮਨ ਤੇ ਸ਼ਾਂਤੀ ਦੇ ਦੌਰ ਚੱਲਦੇ ਰਹਿੰਦੇ ਹਨ। ਲੜਾਈ ਹੁੰਦਿਆਂ ਵੀ ਦੇਰ ਨਹੀਂ ਲੱਗਦੀ ਤੇ ਜੰਗਬੰਦੀ ਵੀ ਐਵੇਂ ਕਿਵੇਂ ਹੋ ਜਾਂਦੀ ਹੈ।

ਮੈਂ 1965 ਦਾ ਪਾਕਿਸਤਾਨ ਵੀ ਤੱਕਿਆ ਹੈ ਤੇ 1971 ਦਾ ਵੀ। ਦੋਵੇਂ ਵਾਰੀ ਬਾਰਡਰ ਉੱਤੇ ਖਲੋ ਕੇ ਜਾਂ ਬਾਰਡਰ ਤੋਂ ਪਾਰ ਇਕ ਦੋ ਮੀਲ ਅੱਗੇ ਜਾ ਕੇ। ਮੈਨੂੰ 1971 ਦਾ ਪਾਕਿਸਤਾਨ ਕੇਵਲ ਦੂਰਬੀਨ ਨਾਲ ਦੇਖਣ ਨੂੰ ਮਿਲਿਆ। ਮੇਰੀ ਪਤਨੀ ਦਾ ਭਤੀਜਾ ਮੇਜਰ ਪ੍ਰੀਤਿੰਦਰ ਪੰਨੂੰ 1971 ਦੀ ਜੰਗ ਸਮੇਂ ਰਾਣੀਆਂ ਖੇਤਰ ਵਿਚ ਰਾਵੀ ਦੇ ਏਸ ਪਾਰ ਤਾਇਨਾਤ ਸੀ। ਬਾਰਡਰ ਦੇ ਪਿੰਡ ਰਾਣੀਆਂ ਵਿਚ ਉਹਨਾਂ ਦਾ ਫੌਜੀ ਕੈਂਪ ਸੀ। ਟਿਊਬਵੈੱਲ ਦੇ ਕੋਠੇ ਉੱਤੇ ਚੜ੍ਹ ਕੇ ਮੈਂ ਦੂਰਬੀਨ ਨਾਲ ਰਾਵੀ ਅਤੇ ਰਾਵੀ ਤੋਂ ਪਾਰ ਦੀ ਧਰਤੀ ਦੇ ਦਰਸ਼ਨ ਕੀਤੇ। ਜੰਗਬੰਦੀ ਹੋਣ ਕਾਰਨ ਬਾਰਡਰ ਉੱਤੇ ਪੂਰਨ ਸ਼ਾਂਤੀ ਸੀ ਤੇ ਆਪੋ ਵਿਚ ਦੇ ਰਿਸ਼ਤੇ ਸੁਖਾਵੇਂ ਸਨ।

ਮੇਜਰ ਪਨੂੰ ਨੇ ਦੱਸਿਆ ਕਿ ਈਦ ਵਾਲੇ ਦਿਨ ਸਾਡੇ ਜਵਾਨ ਰਾਵੀ ਪਾਰ ਕਰਕੇ ਉਹਨਾਂ ਨੂੰ ਵਿਸਕੀ ਦੀ ਪੇਟੀ ਦੇ ਕੇ ਆਏ ਸਨ ਅਤੇ ਗੁਰਪੁਰਬ 'ਤੇ ਉਹਨਾਂ ਦੇ ਜਵਾਨ ਉਸੇ ਤਰ੍ਹਾਂ ਰਾਵੀ ਪਾਰ ਕਰਕੇ ਸਾਡੇ ਲਈ ਡਰਾਈ ਫਰੂਟ ਦਾ ਟੋਕਰਾ ਲੈ ਕੇ ਆਏ ਸਨ। ਜਦੋਂ ਅਸੀਂ ਟਿਊਬਵੈੱਲ ਦੇ ਕੋਠੇ ਉੱਤੇ ਚੜ੍ਹ ਕੇ ਰਾਵੀ ਪਾਰ ਦੇ ਉਹਨਾਂ ਜਵਾਨਾਂ ਨੂੰ ਰੁਮਾਲ ਲਹਿਰਾਇਆ ਤਾਂ ਉਹਨਾਂ ਨੇ ਵੀ ਇਸ ਦੁਆ ਸਲਾਮ ਦਾ ਰੁਮਾਲ ਲਹਿਰਾ ਕੇ ਉੱਤਰ ਦਿੱਤਾ। 'ਜੇ ਕੱਲ੍ਹ ਨੂੰ ਜੰਗ ਛਿੜ ਜਾਏ?' ਦੇ ਉੱਤਰ ਵਿਚ ਸਾਡੇ ਭਤੀਜੇ ਨੇ ਇਕ ਹੀ ਫਿਕਰਾ ਬੋਲਿਆ, 'ਫੇਰ ਤੂੰ ਕੌਣ ਤੇ ਮੈਂ ਕੌਣ'।

ਇਕ ਕਹਾਣੀ ਪੰਜਾਬ ਦੇ ਕਾਲੇ ਦਿਨਾਂ ਦੀ ਹੈ। ਅੱਸੀਵਿਆਂ ਦੀ। ਮੈਂ ਨੀਲਾ ਤਾਰਾ ਓਪਰੇਸ਼ਨ ਵੇਲੇ ਵੀ ਦਿੱਲੀ ਸਾਂ ਤੇ ਇੰਦਰਾ ਗਾਂਧੀ ਦੀ ਹੱਤਿਆ ਸਮੇਂ ਵੀ। ਪਹਿਲੇ ਓਪਰੇਸ਼ਨ ਦੇ ਦਿਨਾਂ ਵਿਚ ਪੰਜਾਬੀਆਂ ਨੇ ਕੀ ਭੋਗਿਆ, ਉਹ ਮੈਂ ਅੱਖੀਂ ਨਹੀਂ ਤੱਕਿਆ ਸੀ। ਪਰ ਇੰਦਰਾ ਦੇ ਕਤਲ ਪਿੱਛੋਂ ਮੇਰੇ ਵਰਗਿਆਂ ਨਾਲ ਕੀ ਬੀਤੀ, ਉਸਦਾ ਚਸ਼ਮਦੀਦ ਗਵਾਹ ਸਾਂ। ਇੰਦਰਾ ਕਾਂਡ ਤੋਂ ਤੁਰੰਤ ਪਿੱਛੋਂ ਮੈਂ ਟ੍ਰਿਬਿਊਨ ਟਰੱਸਟ ਦੀ ਨੌਕਰੀ ਕਰਨ ਲੱਗਾ। ਦਿੱਲੀ ਛੱਡ ਕੇ ਚੰਡੀਗੜ੍ਹ ਆ ਗਿਆ। ਦਿੱਲੀ ਪੁਲਿਸ ਨੇ ਜਿਹੜੀਆਂ ਅੱਖਾਂ ਇੰਦਰਾ ਕਾਂਡ ਸਮੇਂ ਮੀਟੀ ਰੱਖੀਆਂ ਸਨ, ਪੰਜਾਬ ਆ ਕੇ ਇਹਨਾਂ ਅੱਖਾਂ ਦੇ ਖੁੱਲ੍ਹੀਆਂ ਹੋਣ ਦੇ ਦਰਸ਼ਨ ਹੋਏ। ਏਥੇ ਰੋਜ਼ ਲੁੱਟ ਮਾਰ ਤੇ ਬਲਾਤਕਾਰੀ ਦੇ ਨਾਲ ਪੈਸੇ ਬਟੋਰਨ ਲਈ ਬੰਦਿਆਂ ਦੀ ਚੁੱਕ-ਚੁਕਾਈ ਵੀ ਸ਼ਾਮਲ ਹੋ ਚੁੱਕੀ ਸੀ। ਆਮ ਆਦਮੀ ਪੁਲਿਸ ਦੇ ਜ਼ੁਲਮਾਂ ਨਾਲੋਂ ਅਤਿਵਾਦੀ ਜ਼ੁਲਮਾਂ ਦੀ ਚੱਕੀ ਵਿਚ ਵਧੇਰੇ ਪਿਸ ਰਿਹਾ ਸੀ। ਹਥਿਆਰਹੀਣ



ਸਕੂਲ ਮਾਸਟਰ, ਡਾਕੀਏ, ਬਿਜਲੀ ਕਾਮੇ ਤੇ ਪੱਤਰਕਾਰ ਦਿਨ ਦਿਹਾੜੇ ਕਤਲ ਕਰ ਦਿੱਤੇ ਜਾਂਦੇ ਸਨ। ਦੂਜੇ ਬੰਨੇ ਬਾਗ਼ੀ ਹੋਏ ਮੁੰਡਿਆਂ ਦੇ ਮਾਪੇ ਤਾਂ ਕੀ, ਸਾਰੇ ਦੇ ਸਾਰੇ ਰਿਸ਼ਤੇਦਾਰ ਪੁਲਿਸ ਕਰਮਚਾਰੀਆਂ ਦੀਆਂ ਝਿੜਕਾਂ ਤੇ ਡੰਡਿਆਂ ਦਾ ਸ਼ਿਕਾਰ ਹੋ ਰਹੇ ਸਨ।

ਖੰਨਾ ਮੰਡੀ ਲਾਗਲਾ ਮੇਰਾ ਨਾਨਕਾ ਪਿੰਡ ਕੋਟਲਾ ਬਡਲਾ ਅਤਿਵਾਦੀਆਂ ਦਾ ਹਮਦਰਦ ਸੀ। ਇਸ ਪਿੰਡ ਦੇ ਸ਼ਮਸ਼ੇਰ ਸਿੰਘ ਨੂੰ 1984 ਦੇ ਦਿੱਲੀ ਦੰਗਾਕਾਰੀਆਂ ਨੇ ਬੇਰਹਿਮੀ ਨਾਲ ਕਤਲ ਕੀਤਾ ਸੀ ਤੇ ਉਸਦੇ ਦੋ ਛੋਟੇ ਛੋਟੇ ਬੱਚੇ ਘਰ ਵਿਚ ਸਾੜ ਦਿੱਤੇ ਸਨ। ਇਕ ਦਿਨ ਪੁਲਿਸ ਵਾਲਿਆਂ ਨੇ ਉਸ ਪਿੰਡ ਦੇ ਬਾਹਰ ਵਾਲੇ ਖੂਹ 'ਤੇ ਉੱਗੀਆਂ ਫਸਲਾਂ ਦੀ ਤਲਾਸ਼ੀ ਤੋਂ ਕੁਝ ਵੀ ਨਾ ਮਿਲਣ 'ਤੇ ਪਿੰਡ ਦੀ ਧੀ ਨੂੰ ਗਾਲ੍ਹਾਂ ਕੱਢੀਆਂ ਤੇ ਪਿੰਡ ਦੇ ਸਰਪੰਚ ਦੇ ਥੱਪੜ ਮਾਰਿਆ। ਪਿੰਡ ਦੇ ਲੋਕਾਂ ਦੀ ਆਪਣੇ ਸਰਪੰਚ ਤੇ ਪਿੰਡ ਦੀ ਧੀ ਨਾਲ ਹਮਦਰਦੀ ਸੀ ਪਰ ਹਥਿਆਰਬੰਦ ਪੁਲਿਸ ਦੇ ਸਾਹਮਣੇ ਬੇਬਸ ਸਨ। ਮੈਂ ਇਸ ਬੇਬਸੀ ਨੂੰ ਭਲੀ ਭਾਂਤ ਸਮਝਦਾ ਸੀ। ਆਪਣੇ ਨਾਨਕੇ ਪਿੰਡ ਦੀ ਘਟਨਾ ਨੂੰ ਆਧਾਰ ਬਣਾ ਕੇ ਕਹਾਣੀ ਲਿਖਣਾ ਚਾਹੁੰਦਾ ਸਾਂ। ਆਪਣੇ ਸੁਭਾਅ ਦੀ ਸੁਸਤੀ ਤੇ ਨਵੀਂ ਨੌਕਰੀ ਵਿਚ ਰੁੱਝਿਆ ਹੋਣ ਕਰਕੇ ਲਿਖਣ ਲਈ ਸਮਾਂ ਨਾ ਕੱਢ ਸਕਿਆ।

ਉਹਨਾਂ ਦਿਨਾਂ ਵਿਚ ਹੀ 'ਆਰਸੀ' ਰਸਾਲੇ ਵਿਚ ਅਜੀਤ ਕੌਰ ਦੀ ਲਿਖੀ 'ਨਾ ਮਾਰੋ' ਨਾਂ ਦੀ ਅਤਿਵਾਦੀਆਂ ਤੇ ਪੁਲਿਸ ਦੀ ਖਹਿਬਾਜ਼ੀ ਤੋਂ ਪੈਦਾ ਹੋਈ ਇਕ ਘਟਨਾ ਬਾਰੇ ਬਹੁਤ ਹੀ ਭਾਵੁਕ ਕਹਾਣੀ ਛਪੀ। ਇਸ ਕਹਾਣੀ ਦੀ ਨਾਇਕਾ ਇਕ ਅਤਿਵਾਦੀ ਨੂੰ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋਇਆ ਤੱਕ ਕੇ ਅਤਿਵਾਦੀਆਂ ਦੇ ਸ਼ਿਕਾਰ ਹੋਏ ਆਪਣੇ ਪੁੱਤ ਦਾ ਦੁੱਖ ਭੁੱਲ ਕੇ ਉਸਦੀ ਤਰਫਦਾਰ ਹੋ ਬਹਿੰਦੀ ਹੈ। ਕਹਾਣੀ ਵਿਚ ਨਾਇਕਾ ਦਾ ਉਸ ਅਤਿਵਾਦੀ ਪ੍ਰਤੀ ਭਾਵੁਕ ਰਿਸ਼ਤਾ ਮੈਨੂੰ ਅਸਲੀਅਤ ਤੋਂ ਦੂਰ ਜਾਪਿਆ।

ਅਜੀਤ ਕੌਰ ਦੀ ਕਹਾਣੀ 'ਨਾ ਮਾਰੋ' ਨੇ ਮੈਨੂੰ ਆਪਣੇ ਵਾਲੀ ਕਹਾਣੀ ਲਿਖਣ ਲਈ ਪ੍ਰੇਰਿਆ। ਮੇਰੇ ਮਿੱਤਰ ਪ੍ਰਕਾਸ਼ਕ ਅਤੇ 'ਆਰਸੀ' ਦੇ ਸੰਪਾਦਕ ਭਾਪਾ ਪ੍ਰੀਤਮ ਸਿੰਘ ਦਾ ਦਿੱਲੀ ਤੋਂ ਟੈਲੀਫੋਨ ਆਇਆ ਕਿ ਉਹ ਚੰਡੀਗੜ੍ਹ ਆ ਰਿਹਾ ਹੈ ਤੇ ਇਕ ਦਿਨ ਮੇਰੇ ਘਰ ਹੀ ਰਹੇਗਾ। ਮੈਂ ਵਾਹੋਦਾਹੀ ਅਪਣੀ ਕਹਾਣੀ ਲਿਖੀ। ਮੇਰੀ ਕਹਾਣੀ ਦਾ ਨਾਇਕ ਬੱਗਾ ਸਿੰਘ ਇੰਦਰਾ ਗਾਂਧੀ ਦੇ ਹੱਤਿਆ ਕਾਂਡ ਤੋਂ ਪਿੱਛੋਂ ਦਿੱਲੀ ਤੋਂ ਬਚ ਕੇ ਪੰਜਾਬ ਆਇਆ ਕੇਸਧਾਰੀ ਸਿੱਖ ਹੈ। ਉਹ ਆਪਣੇ ਮਾਪਿਆਂ ਨੂੰ ਦੱਸੇ ਬਿਨਾਂ ਪੰਜਾਬ ਦੇ ਅਤਿਵਾਦੀਆਂ ਨਾਲ ਰਲ ਜਾਂਦਾ ਹੈ। ਦਿੱਲੀ ਦੰਗਿਆਂ ਦੇ ਬਦਲੇ ਦੀ ਭਾਵਨਾ ਤੇ ਆਪਣੀ ਸੂਰਮਗਤੀ ਸਦਕਾ ਉਹ ਆਪਣੇ ਇਲਾਕੇ ਵਿਚ ਹਰ ਕਿਸੇ ਦਾ ਨਾਇਕ ਬਣ ਜਾਂਦਾ ਹੈ। ਪੰਜਾਬ ਪੁਲਿਸ ਉਸਨੂੰ ਝੂਠਾ ਮੁਕਾਬਲਾ ਦਿਖਾ ਕੇ ਖਤਮ ਕਰ ਦਿੰਦੀ ਹੈ।

ਜਦੋਂ ਬੱਗਾ ਸਿੰਘ ਦੇ ਪਿੰਡ ਦੇ ਖੂਹ ਦੀਆਂ ਫਸਲਾਂ ਵਿਚ ਕਿਸੇ ਅਤਿਵਾਦੀ ਨੂੰ ਭਾਲਦੀ ਪੁਲਿਸ ਨਾਕਾਮ ਰਹਿਣ ਤੋਂ ਪਿੱਛੋਂ ਪਿੰਡ ਦੀ ਧੀ ਨੂੰ ਗਾਲ੍ਹ ਕੱਢ ਕੇ ਸਰਪੰਚ ਦੇ ਥੱਪੜ ਮਾਰਦੀ ਹੈ ਤਾਂ ਪਿੰਡ ਵਾਸੀਆਂ ਨੂੰ ਇਹ ਗੱਲ ਬਹੁਤ ਮਾੜੀ ਲਗਦੀ ਹੈ। ਪਿੰਡ ਦਾ ਸਰਪੰਚ ਬੱਗਾ ਸਿੰਘ ਦਾ ਮਿੱਤਰ ਰਹਿ ਚੁੱਕਿਆ ਸੀ। ਬੱਗਾ ਸਿੰਘ ਦੀ ਬੇਬੇ ਨੂੰ ਉਸ ਦੇ ਚਿਹਰੇ ਵਿਚੋਂ ਆਪਣੇ ਮਰ ਚੁੱਕੇ ਪੁੱਤਰ ਬੱਗਾ ਸਿੰਘ ਦਾ ਚਿਹਰਾ ਦਿਖਾਈ ਦਿੰਦਾ ਸੀ। ਇਸ ਘਟਨਾ ਤੋਂ ਪਿੱਛੋਂ ਉਹ ਬੱਗੇ ਦੀ ਬੇਬੇ ਨੂੰ ਮਿਲਣ ਗਿਆ ਤਾਂ ਉਸਦਾ ਉਦਾਸ ਉਤਰਿਆ ਹੋਇਆ ਚਿਹਰਾ ਵੇਖ ਕੇ ਬੇਬੇ ਦੀ ਹੂਕ ਨਿਕਲ ਗਈ। ਬੇਬੇ ਨੂੰ ਰੋਂਦੀ ਦੇਖ ਬੱਗਾ ਸਿੰਘ ਦਾ ਪਿਤਾ ਵੀ ਪਿੰਡ ਉੱਤੇ ਆਏ ਮਾੜੇ ਦਿਨਾਂ ਦੀ ਗੱਲ ਕਰਨ ਲੱਗ ਪਿਆ। ਪੁਲਿਸ ਤਾਂ ਜਾ ਚੁੱਕੀ ਸੀ ਪਰ ਪਿੰਡ ਮਸਾਣਾਂ ਵਾਂਗ ਸੁੱਤਾ ਪਿਆ ਸੀ। ਸਭਨਾਂ ਦੇ ਹਉਕੇ ਸੁਣਾਈ ਦੇ ਰਹੇ ਸਨ। ਬੇਬੇ ਦੇ ਸਭ ਤੋਂ ਵੱਧ।

ਪਿੰਡ ਨੂੰ ਹਉਕੇ ਭਰਦਾ ਸੁਣ ਕੇ ਪਿੰਡ ਦੀ ਸਭ ਤੋਂ ਸਿਆਣੀ ਤੇ ਬੁੱਢੀ ਔਰਤ ਉਹਨਾਂ

ਨੂੰ ਟੁੱਟ ਕੇ ਪੈਂਦੀ ਹੈ। ਉਹ ਰੋਣ ਧੋਣ ਤੋਂ ਵਰਜਦੀ ਹੋਈ ਇਕ ਹੀ ਵਾਕ ਬੋਲਦੀ ਹੈ, 'ਏਸ ਤਰ੍ਹਾਂ ਨਹੀਂ ਰੋਵੀਦਾ, ਏਸ ਤਰ੍ਹਾਂ ਤਾਂ ਬਿੱਲੀਆਂ ਰੋਂਦੀਆਂ ਹਨ।' ਉਸਨੇ ਇਹ ਵੀ ਕਿਹਾ ਕਿ ਬਿੱਲੀਆਂ ਦਾ ਰੋਣ ਨਹਿਸ਼ ਹੁੰਦਾ ਹੈ। ਉਸਦੀ ਗੱਲ ਦੇ ਅਰਥ ਬਹੁਤ ਡੂੰਘੇ ਸਨ। ਮੈਂ ਕਹਾਣੀ ਲਿਖ ਕੇ ਭਾਪਾ ਪ੍ਰੀਤਮ ਸਿੰਘ ਨੂੰ ਫੜਾ ਦਿੱਤੀ। 'ਆਰਸੀ' ਵਿਚ ਛਪਣ ਲਈ। ਇਸਦਾ ਨਾਂ 'ਰੁਦਨ ਬਿੱਲੀਆਂ ਦਾ' ਰੱਖਿਆ, ਜੋ ਮੇਰੇ ਮਗਰੋਂ ਛਪਣ ਵਾਲੇ ਕਹਾਣੀ ਸੰਗ੍ਰਹਿ ਦਾ ਨਾਂ ਵੀ ਸੀ।

ਮੈਨੂੰ ਲੇਖਕ ਬਣਾਉਣ ਵਿਚ ਦੇਸ਼- ਵੰਡ ਦਾ ਬਹੁਤ ਦਖਲ ਹੈ। ਮੈਂ ਉਸ ਸਮੇਂ 13-14 ਸਾਲ ਦਾ ਸਾਂ। ਅਸ਼ਰਫ ਉਲ ਮਖਲੂਕਾਤ ਵਜੋਂ ਜਾਣੇ ਜਾਂਦੇ ਮਨੁੱਖ ਨੇ ਸੀਮਾ ਦੇ ਉਸ ਪਾਰ ਤੇ ਏਸ ਪਾਰ ਜਿਹੜੀ ਵਹਿਸ਼ਤ ਦਿਖਾਈ, ਉਹ ਕਿਸੇ ਨੂੰ ਭੁੱਲਣ ਵਾਲੀ ਨਹੀਂ। ਮੈਂ ਉਸਦਾ ਚਸ਼ਮਦੀਦ ਗਵਾਹ ਹਾਂ। ਖਾਸ ਕਰਕੇ ਏਧਰਲੇ ਮਨੁੱਖਾਂ ਦੀ ਵਹਿਸ਼ਤ ਦਾ।

ਮੈਂ ਪਿੰਡ ਸੂਨੀ ਦੇ ਮੁਸਲਮਾਨਾਂ ਨੂੰ ਗਵਾਂਢੀ ਪਿੰਡਾਂ ਦੇ ਹਿੰਦੂ ਸਿੱਖ ਦੰਗਾਕਾਰੀਆਂ ਦੇ ਹੱਥੋਂ ਵੱਢੇ ਟੁੱਕੇ ਜਾਂਦੇ ਤੇ ਬਰਬਾਦ ਹੁੰਦੇ ਤੱਕਿਆ। ਉਨ੍ਹਾਂ ਦੀਆਂ ਨੂੰਹਾਂ ਧੀਆਂ ਨੂੰ ਉਨ੍ਹਾਂ ਦੇ ਹੀ ਗੱਡਿਆਂ ਵਿਚ ਬਿਠਾ ਕੇ ਅਗਵਾ ਕਰਦਿਆਂ ਤੇ ਉਨ੍ਹਾਂ ਦੇ ਘਰਾਂ ਦਾ ਕੀਮਤੀ ਸਮਾਨ ਲੁੱਟ ਹੁੰਦਿਆਂ। ਦੰਗਾਕਾਰੀਆਂ ਦੀ ਨਫ਼ਰੀ ਤੇ ਉਨ੍ਹਾਂ ਕੋਲ ਹਥਿਆਰਾਂ ਦੀ ਗਿਣਤੀ ਏਨੀ ਜ਼ਿਆਦਾ ਸੀ ਕਿ ਸਾਡੇ ਪਿੰਡ ਵਾਲੇ ਉਨ੍ਹਾਂ ਦੀ ਕੋਈ ਰੱਖਿਆ ਨਹੀਂ ਸਨ ਕਰ ਸਕੇ। ਇਸ ਦਾ ਬਹੁਤ ਘਿਨਾਉਣਾ ਪੱਖ ਇਹ ਸੀ ਕਿ ਦੋ ਚਾਰ ਦਿਨ ਪਹਿਲਾਂ ਇਨ੍ਹਾਂ ਹੀ ਦੰਗਾਕਾਰੀਆਂ ਦਾ ਇਕ ਟੋਲਾ ਘੋੜੀਆਂ ਉੱਤੇ ਚੜ੍ਹ ਕੇ ਸਾਡੇ ਪਿੰਡ ਦੇ ਮੁਸਲਮਾਨਾਂ ਨੂੰ ਹੋਕਾ ਦੇ ਕੇ ਕਹਿ ਗਿਆ ਸੀ ਕਿ ਜੇ ਉਨ੍ਹਾਂ ਨੇ ਪਾਕਿਸਤਾਨ ਜਾਣ ਤੋਂ ਬਚਣਾ ਹੈ ਤਾਂ ਉਨ੍ਹਾਂ ਨੂੰ ਅੰਮ੍ਰਿਤ ਛਕ ਕੇ ਸਿੰਘ ਸਜ ਜਾਣਾ ਚਾਹੀਦਾ ਹੈ।ਆਪਣੀ ਜਨਮ ਭੋਇੰ ਦਾ ਮੋਹ ਤੇ ਨਵੀਂ ਧਰਤ ਦਾ ਖ਼ੌਫ਼ ਹੀ ਐਸਾ ਸੀ ਕਿ ਸਾਡੇ ਪਿੰਡ ਦੇ ਮੁਸਲਮਾਨਾਂ ਦਾ ਬੱਚਾ ਬੱਚਾ ਸਿੰਘ ਸਜ ਗਿਆ ਤੇ ਉਨ੍ਹਾਂ ਨੇ ਪੰਜ ਕੱਕਿਆਂ ਦੇ ਨਾਲ ਆਪਣੇ ਸਿਰਾਂ 'ਤੇ ਪੀਲੇ ਪਟਕੇ ਜਾਂ ਪੀਲੀਆਂ ਚੁੰਨੀਆਂ ਓੜ੍ਹ ਲਈਆਂ। ਇਹ ਪਟਕੇ ਤੇ ਚੁੰਨੀਆਂ ਹੀ ਦੰਗਾਕਾਰੀਆਂ ਦੀ ਵਹਿਸ਼ਤ ਦਾ ਸ਼ਿਕਾਰ ਹੋਈਆਂ। ਇਨ੍ਹਾਂ ਨੂੰ ਪਛਾਨਣਾ ਸਹਿਲ ਸੀ। ਕਿਸੇ ਨੂੰ ਪੁੱਛਣ ਦੀ ਲੋੜ ਨਹੀਂ ਸੀ ਕਿ ਉਹ ਮੁਸਲਮਾਨ ਹੈ ਵੀ ਸਨ ਜਾਂ ਨਹੀਂ। ਉਨ੍ਹਾਂ ਦੇ ਸਿਰਾਂ ਉੱਤੇ ਛਾਈ ਨਵੀਂ ਨਵੀਂ ਸਿੱਖੀ ਉਨ੍ਹਾਂ ਦੇ ਮੁਸਲਮਾਨਾਂ ਤੋਂ ਸਿੱਖ ਸਜੇ ਹੋਣ ਦਾ ਪੱਕਾ ਸਬੂਤ ਸੀ। ਅਸੀਂ ਸੂਨੀ ਪਿੰਡ ਦੇ ਰਹਿਣ ਵਾਲੇ ਸਾਰੇ ਲੋਕ ਏਸ ਤਰ੍ਹਾਂ ਮਹਿਸੂਸ ਕਰ ਰਹੇ ਸਾਂ ਜਿਵੇਂ ਮੁਸਲਮਾਨਾਂ ਦੀ ਲੁੱਟ ਖਸੁੱਟ ਤੇ ਬੇਇੱਜ਼ਤੀ ਉਨ੍ਹਾਂ ਦੀ ਨਹੀਂ ਸਾਡੀ ਆਪਣੀ ਹੋਈ ਸੀ। ਪਰ ਮੁੱਠੀ ਭਰ ਪਿੰਡ ਦੀ ਏਨੀ ਵੱਡੀ ਗਿਣਤੀ ਵਿਚ ਪਹੁੰਚੇ ਦੰਗਾਕਾਰੀਆਂ ਦੀ ਦਹਿਸ਼ਤ ਅੱਗੇ ਕੋਈ ਪੇਸ਼ ਨਹੀਂ ਸੀ ਗਈ।

ਫੇਰ ਦੋ ਤਿੰਨ ਮਹੀਨੇ ਪਿੱਛੋਂ ਸਾਡੇ ਪਿੰਡ ਤੋਂ ਅਗਵਾ ਕੀਤੀਆਂ ਦੋ ਕੁੜੀਆਂ ਆਪਣੇ ਅਗਵਾ ਕਰਨ ਵਾਲਿਆਂ ਨੂੰ ਚਕਮਾ ਦੇ ਕੇ ਕਿਸੇ ਨਾ ਕਿਸੇ ਤਰ੍ਹਾਂ ਮੇਰੇ ਤਾਏ ਦੇ ਘਰ ਆ ਵੜੀਆਂ ਸਨ। ਮੇਰਾ ਤਾਇਆ ਚਾਰ ਧੀਆਂ ਦਾ ਪਿਤਾ ਸੀ ਤੇ ਸੇਵਾ-ਮੁਕਤ ਫੌਜੀ। ਉਹਦੇ ਕੋਲ ਬੰਦੂਕ ਸੀ ਤੇ ਪਿੰਡ ਦੇ ਬਾਕੀ ਘਰਾਂ ਵਿਚ ਵੀ ਉਦੋਂ ਤਕ ਬਰਛੇ, ਛਵ੍ਹੀਆਂ ਤੇ ਟਾਕੂਏ ਆ ਚੁੱਕੇ ਸਨ। ਉਨ੍ਹਾਂ ਦੇ ਅਗਵਾਕਾਰ ਇਨ੍ਹਾਂ ਕੁੜੀਆਂ ਨੂੰ, ਜਿਨ੍ਹਾਂ ਨੂੰ ਅਸੀਂ ਆਪਣੇ ਪਿੰਡ ਦੀਆਂ ਧੀਆਂ ਮੰਨਦੇ ਸਾਂ, ਇਕ ਵਾਰ ਫੇਰ ਅਗਵਾ ਕਰਨ ਆਏ ਤਾਂ ਮੇਰੇ ਤਾਏ ਦੇ ਅੱਧੇ ਬੋਲ 'ਤੇ ਅਗਵਾਕਾਰੀਆਂ ਉੱਤੇ ਸਾਰੇ ਦਾ ਸਾਰਾ ਪਿੰਡ ਇੰਝ ਵਰ੍ਹਿਆ ਕਿ ਘੜੀ ਪਲ ਵਿਚ ਤਿੰਨੋਂ ਦੇ ਤਿੰਨ ਅਗਵਾਕਾਰ ਮੌਤ ਦੇ ਘਾਟ ਉਤਾਰ ਦਿੱਤੇ।

ਇਸ ਜਿੱਤ ਤੋਂ ਪਿੱਛੋਂ ਮੇਰੇ ਪਿੰਡ ਦੇ ਲੋਕਾਂ ਦੇ ਚਿਹਰੇ ਦਾ ਜਲਾਲ ਵੇਖਣ ਵਾਲਾ ਸੀ। ਮੈਂ ਇਹ ਜਲਾਲ ਆਪਣੀ ਅੱਖੀਂ ਵੇਖਿਆ ਸੀ। ਮਾਰੇ ਜਾਣ ਵਾਲੇ ਤਿੰਨੇ ਅਗਵਾਕਾਰ ਸਿੱਖ ਸਨ।



ਜਿਨ੍ਹਾਂ ਮੁਸਲਮਾਨ ਕੁੜੀਆਂ ਦੀ ਰਾਖੀ ਲਈ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਮਾਰ ਛੱਡਿਆ ਸੀ, ਉਨ੍ਹਾਂ ਦਾ ਸਾਡੇ ਪਿੰਡ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਉਨ੍ਹਾਂ ਦੇ ਮਾਪੇ ਪਾਕਿਸਤਾਨ ਜਾ ਚੁੱਕੇ ਸਨ। ਪਰ ਸਾਡੇ ਪਿੰਡ ਨੇ ਉਸ ਬੇਇੱਜ਼ਤੀ ਦਾ ਬਦਲਾ ਲੈ ਲਿਆ ਸੀ ਜਿਹੜੀ ਅਗਵਾਕਾਰਾਂ ਦੇ ਦੰਗਈ ਸਾਥੀਆਂ ਨੇ ਕੀਤੀ ਸੀ। ਜਾਂ ਪਿੰਡ ਨੇ ਇਉਂ ਸਮਝੀ ਸੀ।

ਜਦੋਂ ਇਹ ਸਾਕਾ ਹੋਇਆ, ਮੈਂ ਸਾਹਿਤ-ਰਚਨਾ ਨਹੀਂ ਸੀ ਕਰਦਾ। ਕਹਾਣੀ ਲਿਖਣ ਦੀ ਜਾਚ ਆ ਜਾਣ ਤੋਂ ਪਿੱਛੋਂ ਮੈਂ ਦੇਸ਼-ਵੰਡ ਦੇ ਇਸ ਵਰਤਾਰੇ ਬਾਰੇ ਦੋ ਕਹਾਣੀਆਂ ਲਿਖੀਆਂ। ਪਿੰਡ ਦੀ ਬੇਇੱਜ਼ਤੀ ਵਾਲੀ ਕਹਾਣੀ 'ਸ਼ਹੀਦ' ਸਿਰਲੇਖ ਥੱਲੇ ਮੇਰੇ ਪਹਿਲੇ ਕਹਾਣੀ ਸੰਗ੍ਰਹਿ ਵਿਚ ਦਰਜ ਹੈ। ਇਸ ਨੂੰ ਬੰਬਈ ਤੋਂ ਨਿਕਲਦੇ ਮਾਸਕ ਪਰਚੇ 'ਚੇਤਨਾ' ਨੇ ਛਾਪਿਆ ਤੇ ਪਰਚੇ ਦੇ ਸਰਪ੍ਰਸਤ ਅਤੇ ਸਲਾਹਕਾਰ ਰਾਜਿੰਦਰ ਸਿੰਘ ਬੇਦੀ ਨੇ ਮੈਨੂੰ ਏਨੀ ਪਿਆਰੀ ਚਿੱਠੀ ਲਿਖੀ ਕਿ ਮੈਂ ਉਹ ਚਿੱਠੀ ਕਈ ਦਹਾਕੇ ਆਪਣੀਆਂ ਮਾਣ-ਮੱਤੀਆਂ ਪ੍ਰਾਪਤੀਆਂ ਵਾਲੇ ਖਾਨੇ ਵਿਚ ਰੱਖੀ ਰੱਖੀ । ਦੂਜੀ ਘਟਨਾ ਵਾਲੀ ਕਹਾਣੀ ਦਾ ਨਾਂ 'ਅਮਰ ਕਥਾ' ਹੈ। ਇਹ ਮੈਂ 1971 ਵਿਚ ਹੋਈ ਭਾਰਤ-ਪਾਕਿ ਜੰਗ ਦੇ ਪਿਛੋਕੜ ਵਿਚ ਲਿਖੀ। ਆਕਾਸ਼ਵਾਣੀ ਤੋਂ ਬੰਗਲਾਦੇਸ਼ੀ ਮਹਿਲਾਵਾਂ ਦੇ ਉਧਾਲਿਆਂ ਤੇ ਬਲਾਤਕਾਰ ਦੀਆਂ ਖਬਰਾਂ ਸੁਣ ਕੇ। ਜਿਸ ਸੰਗ੍ਰਹਿ ਵਿਚ ਮੇਰੀ ਇਹ ਕਹਾਣੀ ਸ਼ਾਮਲ ਹੈ, ਉਸਦਾ ਨਾਂ ਵੀ 'ਅਮਰ ਕਥਾ' ਰੱਖਿਆ। ਏਸ ਪੁਸਤਕ ਦੇ ਆਧਾਰ ਉੱਤੇ ਮੈਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ।

ਸਾਡੇ ਪਿੰਡ ਤੋਂ ਪਾਕਿਸਤਾਨ ਜਾਣ ਵਾਲੇ ਮੁਸਲਮਾਨਾਂ ਦੇ ਘਰ ਤਾਂ ਢਹਿ ਢੇਰੀ ਹੋ ਚੁੱਕੇ ਹਨ ਪਰ ਉਨ੍ਹਾਂ ਦੀ ਮਸੀਤ ਹਾਲੀ ਵੀ ਕਾਇਮ ਹੈ। ਹੁਣ ਹਿਮਾਚਲ ਛੱਡ ਕੇ ਸਾਡੇ ਪਿੰਡ ਵਸਣ ਵਾਲੇ ਗੁਜਰਾਂ ਨੇ ਇਸਨੂੰ ਕਲੀ ਕਰਵਾ ਕੇ ਵਰਤਣਾ ਸ਼ੁਰੂ ਕਰ ਦਿੱਤਾ ਹੈ। ਮੇਰੇ ਪਿੰਡ ਦੇ ਮੁਸਲਮਾਨਾਂ ਦਾ ਇਹ ਸੰਤਾਪ ਤੇ ਸਾਡੇ ਪਿੰਡ ਵਾਲਿਆਂ ਵੱਲੋਂ ਉਨ੍ਹਾਂ ਦੀ ਕੁੜੀਆਂ ਨੂੰ ਮੁੜ ਚੁੱਕਣ ਸਮੇਂ ਮਾਰ ਮੁਕਾਉਣਾ ਮੇਰੇ ਮਨ ਉੱਤੇ ਹਾਲੀ ਵੀ ਹਾਵੀ ਹੈ। ਹੁਣ ਮੇਰੀ ਪਤਨੀ ਸੁਰਜੀਤ ਕੌਰ ਨੇ ਏਸ ਸਾਕੇ ਦੀ ਯਾਦ ਵਿਚ ਪਿੰਡ ਦਾ ਪ੍ਰਵੇਸ਼ ਦੁਆਰ ਵੀ ਉਸਾਰਿਆ ਹੈ। ਇਸ ਪ੍ਰਵੇਸ਼ ਦੁਆਰ ਨੂੰ ਅਸੀਂ 'ਦਰਵਾਜ਼ਾ ਅਮਰ ਕਥਾ ਪਿੰਡ ਸੂਨੀ' ਨਾਂ ਦਿੱਤਾ ਹੈ।

ਮੈਂ 1998 ਵਿਚ ਪਹਿਲੀ ਵਾਰ ਪਾਕਿਸਤਾਨ ਗਿਆ। ਸਾਡੇ ਨਾਲ ਦਾ ਗੁਰਮਿੰਦਰ ਸਿੰਘ ਅਸਲ ਵਿਚ ਤਰਨਤਾਰਨ ਲਾਗਲੇ ਪਿੰਡ ਜੌਹਲਾਂ ਭੇਲਾਂ ਦੇ ਮੁਸਲਮਾਨਾਂ ਦਾ ਪੁੱਤਰ ਸੀ। ਹੁਣ ਉਸ ਦੇ ਮਾਪੇ ਜਹਾਨੀਆਂ ਨੇੜੇ ਚੱਕ ਨੰਬਰ 92 ਵਿਚ ਰਹਿ ਰਹੇ ਸਨ। ਅਸੀਂ ਉੱਥੇ ਗਏ। ਗੁਰਮਿੰਦਰ ਸਿੰਘ, ਜਿਸ ਦਾ ਅਸਲੀ ਤੇ ਬਚਪਨ ਦਾ ਨਾਂ ਅਮਾਨਤ ਉੱਲਾ ਸੀ, ਦੇ ਪਿੰਡ ਵਾਲਿਆਂ ਨੂੰ ਸਾਡੇ ਉੱਥੇ ਜਾਣ ਦੀ ਖ਼ਬਰ ਮਿਲ ਚੁੱਕੀ ਸੀ। ਉਹ ਸਾਡੀ ਉਡੀਕ ਵਿਚ ਸਨ। ਜਦੋਂ ਗੁਰਮਿੰਦਰ ਸਿੰਘ ਪਿੰਡ ਪਹੁੰਚਣ ਪਿੱਛੋਂ ਆਪਣੀ ਭਾਣਜੀ ਨਾਲ ਗੱਲਾਂ ਕਰ ਰਿਹਾ ਸੀ ਤਾਂ ਪਿੰਡ ਦਾ ਇਕ ਵਿਅਕਤੀ ਮੇਰੇ ਨਾਲ ਗੱਲਾਂ ਕਰਨ ਲੱਗ ਪਿਆ। ਉਹ ਦਿੱਲੀ ਦੇ ਇਕ ਖੱਤਰੀ ਪਰਿਵਾਰ ਵਿਚੋਂ ਸੀ। ਉਸ ਦੇ ਮਾਪੇ 1928 ਵਿਚ ਅੰਗਰੇਜ਼ਾਂ ਦੀਆਂ ਵਸਾਈਆਂ ਬਾਰਾਂ ਵਿਚ ਉੱਥੇ ਚਲੇ ਗਏ ਸਨ ਤੇ ਉਸ ਦੇ ਪਰਿਵਾਰ ਨੇ ਵੀ ਦੇਸ਼-ਵੰਡ ਸਮੇਂ ਆਪਣੀ ਜੰਮਪਲ ਧਰਤੀ ਦੇ ਹੱਕ ਵਿਚ ਮੁਸਲਮਾਨ ਹੋ ਕੇ ਉੱਥੇ ਹੀ ਰਹਿਣਾ ਪ੍ਰਵਾਨ ਕਰ ਲਿਆ ਸੀ। ਉਸ ਦਾ ਹਿੰਦੂ ਨਾਂ ਚਮਨ ਲਾਲ ਸੀ। ਉਹ ਵੰਡ ਸਮੇਂ ਦਸ ਸਾਲ ਦਾ ਸੀ ਅਤੇ ਮੁਸਲਮਾਨ ਹੋ ਕੇ ਇਲਮਦੀਨ ਬਣ ਗਿਆ ਸੀ।

ਚਾਹ ਪਾਣੀ ਤੇ ਖਾਣ ਪੀਣ ਦਾ ਸਮਾਂ ਹੋਇਆ ਤਾਂ ਪਤਾ ਨਹੀਂ ਕਿਹੜੇ ਵੇਲੇ ਇਲਮਦੀਨ ਉੱਥੋਂ ਖਿਸਕ ਗਿਆ। ਪੁੱਛਣ 'ਤੇ ਪਤਾ ਲੱਗਿਆ ਕਿ ਉਹ ਨੇੜਲੀ ਮਸੀਤ ਵਿਚ ਚਲਾ ਗਿਆ ਸੀ। ਉਸ ਦਾ ਨਮਾਜ਼ ਪੜ੍ਹਨ ਦਾ ਸਮਾਂ ਹੋ ਗਿਆ ਸੀ। ਏਧਰ ਗੁਰਮਿੰਦਰ ਸਿੰਘ ਨੇ ਚਾਹ ਪੀਣ ਤੋਂ

ਨਾਂਹ ਕਰ ਦਿੱਤੀ। ਹੁਣ ਤਕ ਉਹ ਮਾਣ ਮਰਯਾਦਾ ਵਜੋਂ ਪੱਕਾ ਸਿੱਖ ਹੋ ਚੁੱਕਿਆ ਸੀ। ਆਮ ਸਿੱਖ ਨਾਲੋਂ ਕਿਤੇ ਵੱਧ। ਉਹ ਸਾਡੇ ਸਾਰਿਆਂ ਕੋਲੋਂ ਆਗਿਆ ਲੈ ਕੇ ਕਾਰ ਵਿਚ ਆ ਬੈਠਿਆ। ਉਸ ਦੇ ਰਹਿਰਾਸ ਦੇ ਪਾਠ ਕਰਨ ਦਾ ਸਮਾਂ ਸੀ। ਉਹ ਪਾਠ ਕਰਨ ਲੱਗ ਪਿਆ।

ਇਸ ਅਰਸੇ ਵਿਚ ਚਮਨ ਲਾਲ ਤੋਂ ਇਲਮਦੀਨ ਬਣਿਆ ਸਾਡਾ ਜਾਣੂ ਨਮਾਜ਼ ਪੜ੍ਹ ਕੇ ਵਾਪਸ ਆ ਚੁੱਕਿਆ ਸੀ। ਜਦੋਂ ਉਸ ਨੂੰ ਪਤਾ ਲੱਗਿਆ ਕਿ ਅਮਾਨਤ ਉੱਲਾ ਤੋਂ ਗੁਰਮਿੰਦਰ ਸਿੰਘ ਬਣਿਆ ਮੇਰਾ ਸਾਥੀ ਰਹਿਰਾਸ ਦਾ ਪਾਠ ਕਰਨਾ ਚਾਹੁੰਦਾ ਹੈ ਤਾਂ ਉਹ ਕਾਰ ਕੋਲ ਜਮ੍ਹਾਂ ਹੋਏ ਬੱਚਿਆਂ ਨੂੰ ਕਾਰ ਤੋਂ ਦੂਰ ਰੱਖਣ ਲਈ ਪਹਿਰੇ 'ਤੇ ਖੜ੍ਹਾ ਹੋ ਗਿਆ। ਪੈਦਾਇਸ਼ੀ ਧਰਮ ਨਾਲੋਂ ਪਾਲਣ ਪੋਸਣ ਵੇਲੇ ਦਾ ਧਰਮ ਕਿੰਨਾ ਸ਼ਕਤੀਸ਼ਾਲੀ ਹੁੰਦਾ ਹੈ, ਇਸ ਦਾ ਚਾਨਣ ਮੈਨੂੰ ਉਸ ਫੇਰੀ ਤੋਂ ਹੋਇਆ। ਮੈਂ ਇਸ ਘਟਨਾ ਬਾਰੇ ਜਿਹੜੀ ਕਹਾਣੀ ਲਿਖੀ, ਉਸ ਦਾ ਨਾਂ 'ਉਹ ਰੱਬ ਤੇਰਾ ਇਹ ਰੱਬ ਮੇਰਾ' ਰੱਖਿਆ।

ਮੇਰਾ ਸੁਭਾਅ ਵੱਡੇ ਤੇ ਬਹੁਤਾ ਸਮਾਂ ਲੈਣ ਵਾਲੇ ਕੰਮ ਕਰਨ ਤੋਂ ਭੱਜਦਾ ਹੈ। ਮੈਂ ਉਦਮ ਕਰ ਲੈਂਦਾ ਹਾਂ। ਮਿਹਨਤ ਵੀ। ਪਰ ਮੈਂ ਗਿੱਲੇ ਪੀਹਣ ਤੋਂ ਡਰਦਾ ਹਾਂ। ਛੋਟੇ ਤੇ ਪ੍ਰਭਾਵੀ ਕੰਮਾਂ ਵੱਲ ਖਿੱਚਿਆ ਜਾਂਦਾ ਹਾਂ। ਸਰੋਦੀ ਕਵਿਤਾ ਪੜ੍ਹਦਾ ਹਾਂ, ਕਹਾਣੀ ਲਿਖਦਾ ਹਾਂ। ਨਾਵਲ ਮੈਂ ਨਹੀਂ ਪੜ੍ਹਦਾ। ਉਂਝ ਮਨ ਹੀ ਮਨ ਵਿਚ ਮੈਂ ਨਾਵਲ ਦੇ ਆਕਾਰ ਦੀ ਕੋਈ ਵੱਡੀ ਰਚਨਾ ਕਰਨ ਬਾਰੇ ਸਦਾ ਹੀ ਸੋਚਦਾ ਰਿਹਾ ਹਾਂ। ਇਸੇ ਸੋਚ ਦਾ ਪ੍ਰਤੀਫਲ ਮੈਂ 50ਵਿਆਂ ਦੇ ਅੰਤ ਵਿਚ ਆਰਸੀ ਪ੍ਰਕਾਸ਼ਨ,ਦਿੱਲੀ ਲਈ ਟੌਮਸ ਹਾਰਡੀ ਦੇ ਨਾਵਲ 'ਟੈੱਸ ਆਫ ਦੀ ਡਰਵਰਬਿਲ' ਦਾ ਸੰਖਿਪਤ ਅਨੁਵਾਦ ਅਤੇ ਖ਼ੁਸ਼ਵੰਤ ਸਿੰਘ ਦੀ 'ਟ੍ਰੇਨ ਟੂ ਪਾਕਿਸਤਾਨ' ਦਾ ਖੁੱਲ੍ਹਾ ਅਨੁਵਾਦ ਕੀਤਾ। ਇਹ ਕੰਮ ਮੈਂ ਆਪਣੇ ਸ਼ੌਕ ਦੀ ਪੂਰਤੀ ਲਈ ਕੀਤਾ ਸੀ, ਭਾਵੇਂ ਦੋਹਾਂ ਕਿਤਾਬਾਂ ਦੇ ਮੈਨੂੰ ਭੇਟਾ ਵਜੋਂ ਉੱਕੇ ਪੁੱਕੇ ਸੌ ਰੁਪਏ ਹੀ ਮਿਲੇ ਸਨ। ਪਿੱਛੋਂ ਜਾ ਕੇ ਦੋ ਰੂਸੀ ਨਾਵਲਾਂ ਦਾ ਪੰਜਾਬੀ ਅਨੁਵਾਦ ਵੀ ਇਸੇ ਧਾਰਨਾ ਅਧੀਨ ਕੀਤਾ। ਰੂਸੀ ਨਾਵਲ ਨਵੇਂ ਰੂਸ ਦੇ ਨੌਜਵਾਨਾਂ ਦੀਆਂ ਉਮੰਗਾਂ ਤੇ ਕੰਮਾਂ ਧੰਦਿਆਂ ਦਾ ਬਹੁਤ ਹੀ ਖ਼ੂਬਸੂਰਤ ਚਿਤਰਨ ਪੇਸ਼ ਕਰਦੇ ਸਨ। ਇਕ ਚੰਗੇਰੇ ਜੀਵਨ ਦੀ ਇੱਛਾ ਜੋ ਉਸ ਵੇਲੇ ਰੂਸੀ ਜੀਵਨ ਦਾ ਅਕੀਦਾ ਬਣ ਚੁੱਕਾ ਸੀ। ਮੈਂ ਮੌਲਿਕ ਨਾਵਲ ਨਾ ਲਿਖ ਸਕਿਆ।

ਇਨ੍ਹਾਂ ਹੀ ਦਿਨਾਂ ਵਿਚ ਮੇਰੇ ਇਕ ਮਿੱਤਰ ਦੀ ਪਤਨੀ ਮਰ ਗਈ। ਦੋ ਚਾਰ ਦਿਨ ਬਿਮਾਰ ਰਹਿ ਕੇ ਅਹਿ ਗਈ ਔਹ ਗਈ। ਉਸ ਦੀ ਇਕ ਬਿਟੀਆ ਵੀ ਸੀ। ਮੇਰੇ ਮਿੱਤਰ ਨੂੰ ਬਿਟੀਆ ਦਾ ਪਾਲਣ ਪੋਸਣ ਸਤਾਉਣ ਲੱਗਿਆ ਤਾਂ ਉਸ ਨੇ ਮੂੰਹ ਤੂੰਹ ਲੱਗਦੀ ਇਕ ਸਹੇਲੀ ਦਾ ਸਾਥ ਮੰਗਣਾ ਚਾਹਿਆ। ਉਸ ਦੀ ਉਹ ਸਹੇਲੀ ਮਿੱਤਰ ਦੀ ਬਿਟੀਆ ਨੂੰ ਬੜਾ ਪਿਆਰ ਕਰਦੀ ਸੀ। ਹੋ ਸਕਦਾ ਹੈ ਉਸ ਨੇ ਮਿੱਤਰ ਦੀ ਬਿਟੀਆ ਨੂੰ ਏਸੇ ਲਈ ਪਿਆਰਿਆ ਹੋਵੇ ਕਿ ਮੇਰਾ ਮਿੱਤਰ ਉਹਦੇ ਆਪਣੇ ਵੱਲ ਖਿੱਚਿਆ ਜਾਵੇ। ਉਸ ਦਾ ਇਹ ਯਤਨ ਬਿਰਥਾ ਨਹੀਂ ਗਿਆ। ਉਨ੍ਹਾਂ ਨੇ ਦਿੱਲੀ ਵਿਚ ਮਜਨੂੰ ਟਿੱਲੇ ਦੇ ਗੁਰਦੁਆਰੇ ਜਾ ਕੇ ਆਪਣੇ ਆਪ ਨੂੰ ਵਿਆਹ ਦੇ ਬੰਧਨ ਵਿਚ ਬੰਨ੍ਹ ਲਿਆ। ਗਵਾਹੀ ਲਈ ਮੈਂ ਵੀ ਹਾਜ਼ਰ ਹੋਇਆ।

ਸਾਨੂੰ ਸਭ ਨੂੰ ਜਾਪਿਆ ਕਿ ਮੇਰੇ ਮਿੱਤਰ ਦੀ ਲੀਹੋਂ ਲੱਥੀ ਗੱਡੀ ਮੁੜ ਲੀਹੇ ਪੈ ਗਈ ਹੈ। ਇਕ ਸੰਖੇਪ ਤੇ ਸੰਤੁਸ਼ਟ ਪਰਿਵਾਰ। ਮੀਆਂ, ਬੀਵੀ ਤੇ ਬਾਲੜੀ। ਤਿੰਨਾਂ ਵਿਚੋਂ ਬਾਲੜੀ ਸਭ ਤੋਂ ਪਿਆਰੀ ਤੇ ਆਏ ਗਏ ਦਾ ਮਨ ਜਿੱਤਣ ਵਾਲੀ। ਪਰ ਇਸ ਖ਼ੁਸ਼ੀ ਦੇ ਪਲ ਥੋੜ੍ਹ ਚਿਰੇ ਸਨ। ਛੇਤੀ ਹੀ ਨਵੀਂ ਆਈ ਵਹੁਟੀ ਨੂੰ ਪਿਤਾ ਵੱਲੋਂ ਬਿਟੀਆ ਨੂੰ ਦਿੱਤਾ ਜਾਂਦਾ ਪਿਆਰ ਚੁਭਣ ਲੱਗ ਪਿਆ। ਉਨ੍ਹਾਂ ਨੇ ਬਾਜ਼ਾਰ ਜਾਣਾ ਹੁੰਦਾ ਤਾਂ ਪਿਤਾ ਆਪਣੀ ਬਿਟੀਆ ਨੂੰ ਪਹਿਲਾ ਸਥਾਨ ਦਿੰਦਾ ਤੇ ਪਤਨੀ ਨੂੰ ਦੂਜਾ। ਕਹਿ ਸਕਦੇ ਹਾਂ ਕਿ ਬਿਟੀਆ ਆਪਣੀਆਂ ਪਿਆਰੀਆਂ ਤੇ ਮੋਹਣੀਆਂ ਹਰਕਤਾਂ ਸਦਕਾ



ਪਤਨੀ ਨਾਲੋਂ ਵਧੇਰੇ ਧਿਆਨ ਖਿੱਚ ਲੈਂਦੀ ਸੀ। ਜੇ ਬਿਟੀਆ ਉਸ ਦੀ ਦੂਜੀ ਪਤਨੀ ਦੀ ਆਪਣੀ ਬੇਟੀ ਹੁੰਦੀ, ਫੇਰ ਵੀ ਤਾਂ ਉਸ ਦਾ ਸਥਾਨ ਪਤਨੀ ਤੋਂ ਪਹਿਲਾਂ ਵਾਲਾ ਹੋਣਾ ਸੀ। ਪਤਨੀ ਨੂੰ ਇਹ ਗੱਲ ਮਨਜ਼ੂਰ ਨਹੀਂ ਸੀ। ਤੇ ਫੇਰ ਇਕ ਦਿਨ ਮੇਰੇ ਮਿੱਤਰ ਦੀ ਇਹ ਪਤਨੀ ਉਸ ਨੂੰ ਅਲਵਿਦਾ ਕਹਿ ਕੇ ਚੁੱਪ ਚੁਪੀਤੇ ਤੁਰ ਗਈ।

ਮੈਂ ਇਸ ਕਥਾ ਨੂੰ ਰੂਪ ਧਾਰਦੇ ਤੇ ਟੁੱਟਦੇ ਵੇਖਿਆ ਸੀ। ਮੈਂ ਇਹਦੇ ਬਾਰੇ ਇਕ ਨਿੱਕੀ ਕਹਾਣੀ ਲਿਖਣੀ ਚਾਹੁੰਦਾ ਸਾਂ, ਪਰ ਕਥਾ ਦਾ ਆਕਾਰ ਏਨਾ ਨਿੱਕਾ ਨਹੀਂ ਸੀ। ਉਹਨੀਂ ਦਿਨੀਂ ਜਲੰਧਰ ਤੋਂ ਛਪਦੇ ਇਕ ਪਰਚੇ 'ਸੰਕੇਤ' ਨੇ ਲੰਮੀ ਕਹਾਣੀ ਅੰਕ ਕੱਢਣ ਦਾ ਐਲਾਨ ਕੀਤਾ। ਲੰਮੀ ਕਹਾਣੀ ਅੰਕ ਦਾ ਫੁਰਨਾ ਇਸ ਗੱਲ ਤੋਂ ਫੁਰਿਆ ਸੀ ਕਿ ਇਸ ਰਸਾਲੇ ਕੋਲ ਪਹਿਲਾਂ ਹੀ ਇਕ ਬਹੁਤ ਲੰਮੇਂ ਆਕਾਰ ਦੀ ਕਹਾਣੀ ਛਪਣ ਲਈ ਆਈ ਹੋਈ ਸੀ। 'ਸੰਕੇਤ' ਦੇ ਇਸ ਅੰਕ ਲਈ ਮੈਨੂੰ ਵੀ ਕਹਾਣੀ ਭੇਜਣ ਵਾਸਤੇ ਸੱਦਾ ਦਿੱਤਾ ਗਿਆ। ਮੇਰੇ ਮਿੱਤਰ ਵਾਲੀ ਘਟਨਾ ਮੇਰੀਆਂ ਆਮ ਕਹਾਣੀਆਂ ਦੇ ਆਕਾਰ ਵਿਚ ਫਿੱਟ ਨਹੀਂ ਸੀ ਆ ਰਹੀ। ਮੈਂ ਇਸ ਅੱਖੀਂ ਡਿੱਠੀ ਘਟਨਾ ਨੂੰ ਲੰਮੀ ਕਹਾਣੀ ਦਾ ਰੂਪ ਦਿੱਤਾ। ਪਾਤਰਾਂ ਦੇ ਨਾਂ ਬਦਲੇ ਤੇ ਚੈਪਟਰਾਂ ਦੀ ਤਰਤੀਬ ਬਣਾਈ। ਮੈਂ ਕਹਾਣੀ ਦਾ ਨਾਂ 'ਗਮਲੇ ਦੀ ਵੇਲ' ਰੱਖਿਆ। ਮੇਰੇ ਵਿਚਾਰ ਅਨੁਸਾਰ ਮੇਰੇ ਮਿੱਤਰ ਦੀ ਪਤਨੀ ਗਮਲੇ ਦੀ ਉਸ ਵੇਲ ਮਾਤਰ ਸੀ ਜਿਸ ਦੀ ਆਪਣੀ ਔਲਾਦ ਨਾ ਹੋਣ ਕਾਰਨ ਉਹ ਘਰ ਵਿਚ ਪਹਿਲਾਂ ਤੋਂ ਰਹਿ ਰਹੇ ਦੋ ਜੀਵਾਂ ਦੀ ਜ਼ਮੀਨ ਵਿਚ ਉੱਗੀ ਸੀ। ਉਹਦੇ ਲਈ ਇਹ ਜ਼ਮੀਨ ਗਮਲੇ ਮਾਫ਼ਕ ਸੀ ਜਿਹੜੀ ਕਾਫੀ ਨਹੀਂ ਸੀ। ਉਹ ਵਡੇਰੀ ਧਰਤੀ ਵਿਚ ਵਿਗਸਣ ਲਈ ਗਮਲੇ ਵਾਲੀ ਮਿੱਟੀ ਨੂੰ ਅਲਵਿਦਾ ਕਹਿ ਕੇ ਤੁਰ ਗਈ।

ਇਹ ਲੰਮੀ ਕਹਾਣੀ ਮੇਰੇ ਲਿਖੇ ਜਾਣ ਵਾਲੇ ਨਾਵਲ ਦੀ ਧੀ ਬਣੀ। ਇਸ ਨੇ ਮੈਨੂੰ ਨਾਵਲ ਲਿਖਣ ਵੱਲ ਤੋਰਿਆ ਤੇ ਮੈਂ ਇਕ ਨਾਵਲ ਵੀ ਲਿਖ ਲਿਆ। ਇਸ ਨਾਵਲ ਦਾ ਜਨਮ ਰੇਲ ਦੇ ਡੱਬੇ ਵਿਚ ਹੋਇਆ, ਨਵੀਂ ਦਿੱਲੀ ਤੋਂ ਕਲਕੱਤੇ ਲਈ ਉਦੋਂ ਨਵੀਂ ਨਵੀਂ ਸ਼ੁਰੂ ਹੋਈ ਰਾਜਧਾਨੀ ਐਕਸਪ੍ਰੈੱਸ ਦੇ ਡੱਬੇ ਵਿਚ। ਭਰ ਗਰਮੀ ਦੇ ਦਿਨ ਸਨ। ਗੱਡੀ ਨੂੰ ਠੰਢਾ ਕਰਨ ਵਾਲੀ ਮਸ਼ੀਨ ਖਰਾਬ ਸੀ। ਸੀਟਾਂ ਤਪਣ ਲੱਗੀਆਂ ਤੇ ਜਿਸਮ ਮੁੜ੍ਹਕੇ ਨਾਲ ਪਾਣੀ ਪਾਣੀ ਹੋ ਗਿਆ। ਮੈਂ ਮੁਸਾਫ਼ਰਾਂ ਦੀ ਬੇਚੈਨੀ ਦੇ ਵੱਖ-ਵੱਖ ਰੂਪ ਪੜ੍ਹਨ ਲੱਗਿਆ।

ਇਕ ਵਿਦੇਸ਼ੀ ਗੋਰਾ ਬਨਿਆਣ ਕਮੀਜ਼ ਲਾਹ ਕੇ ਆਪਣੀ ਸੀਟ ਤੋਂ ਉੱਠਿਆ ਤੇ ਡੱਬੇ ਦੀਆਂ ਸੀਟਾਂ ਵਿਚਕਾਰਲੀ ਖਾਲੀ ਥਾਂ ਵਿਚ ਟਹਿਲਣ ਲੱਗਿਆ। ਮੇਰੇ ਖੱਬੇ ਹੱਥ ਬੈਠਾ ਮੇਰੇ ਨਾਲੋਂ ਵਡੇਰੀ ਉਮਰ ਦਾ ਮੁਸਾਫਰ ਵੀ ਉਹਦੇ ਵੱਲ ਤੱਕਣ ਲੱਗ ਪਿਆ। ਸਾਨੂੰ ਦੋਹਾਂ ਨੂੰ ਉਸ ਦਾ ਇੰਝ ਤੁਰਨਾ ਫਿਰਨਾ ਓਪਰਾ ਜਾਪਿਆ। ਅਸੀਂ ਉਹਦੇ ਇਸ ਵਤੀਰੇ ਦੀਆਂ ਗੱਲਾਂ ਕਰਨ ਲੱਗ ਪਏ। 'ਇਹ ਬਾਹਰਲੇ ਲੋਕ ਵੀ ਅਜੀਬ ਸੁਭਾਅ ਦੇ ਮਾਲਕ ਹਨ', ਆਪਣੇ ਆਪ ਨੂੰ ਰਾਮਾ ਮੈਨਨ ਕਹਿਣ ਵਾਲੀ ਸਵਾਰੀ ਨੇ ਇਕ ਲੰਮੀ ਕਹਾਣੀ ਛੇੜ ਲਈ। ਉਹ ਕੇਰਲ ਦੇ ਮਾਲਾਬਾਰ ਇਲਾਕੇ ਦਾ ਵਸਨੀਕ ਸੀ। ਉਸ ਨੇ ਦੱਸਿਆ ਕਿ ਉਸ ਦੀ ਆਂਟੀ ਦੇ ਘਰ ਇਕ ਵਿਦੇਸ਼ੀ ਆ ਕੇ ਕਹਿਣ ਲੱਗਾ ਕਿ ਉਹ ਕਿਸੇ ਭਾਰਤੀ ਕੁੜੀ ਨਾਲ ਵਿਆਹ ਕਰਾਉਣਾ ਚਾਹੁੰਦਾ ਹੈ ਪਰ ਉਹ ਬਹੁਤੀ ਪੜ੍ਹੀ-ਲਿਖੀ ਨਹੀਂ ਹੋਣੀ ਚਾਹੀਦੀ। ਉਸ ਦੀ ਉਮਰ ਬਹੁਤ ਛੋਟੀ ਹੋਣੀ ਚਾਹੀਦੀ ਹੈ। ਜ਼ਿੰਦਗੀ ਦੀਆਂ ਰਮਜ਼ਾਂ ਸਮਝਣ ਵਾਲੀ। ਉਹ ਉਸ ਨੂੰ ਖ਼ੁਦ ਹੀ ਪੜ੍ਹਾਏਗਾ। ਉਸ ਨੂੰ ਦੱਸਿਆ ਗਿਆ ਸੀ ਕਿ ਏਸ ਤਰ੍ਹਾਂ ਆਪਣੀ ਮਰਜ਼ੀ ਨਾਲ ਸਿਧਾਏ ਜਾਣ ਵਾਲੀ ਅੱਲ੍ਹੜ ਕੁੜੀ ਉਸ ਨੂੰ ਏਸ਼ੀਆ ਵਿਚ ਹੀ ਮਿਲ ਸਕਦੀ ਸੀ ਤੇ ਏਸ਼ੀਆ ਵਿਚੋਂ ਕੇਵਲ ਭਾਰਤ ਵਿਚ ਤੇ ਉਹ ਵੀ ਕਿਸੇ ਅਨਾਥ ਘਰ ਤੋਂ। ਮੈਨਨ ਦੀ ਆਂਟੀ ਨੇ ਵਿਦੇਸ਼ੀ ਪ੍ਰਾਹੁਣੇ ਨੂੰ ਗਾਂਧੀਗ੍ਰਾਮ ਦੀ ਦੱਸ ਪਾਈ, ਜਿੱਥੇ ਇਕ ਚੰਗਾ ਅਨਾਥ ਆਸ਼ਰਮ ਸੀ। ਮੈਨਨ

ਦੇ ਦੱਸਣ ਅਨੁਸਾਰ ਗੋਰੇ ਨੇ ਗਾਂਧੀਗ੍ਰਾਮ ਆਸ਼ਰਮ ਜਾ ਕੇ ਉਹ ਕੁੜੀ ਚੁਣੀ, ਜਿਹੜੀ ਸਭ ਤੋਂ ਊਂਧੀ ਕੇ ਸਭ ਤੋਂ ਸੁਸਤ ਸੀ। ਸਦਾ ਹੀ ਕੁਝ ਨਾ ਕੁਝ ਸੋਚਦੇ ਰਹਿਣ ਵਾਲੀ ਕੁੜੀ ਸੀ ਉਹ।

ਆਸ਼ਰਮ ਵਾਲਿਆਂ ਨੇ ਕਦੀ ਸੋਚਿਆ ਤਕ ਨਹੀਂ ਸੀ ਕਿ ਵਿਦੇਸ਼ੀ ਗੋਰੇ ਨੂੰ ਕਾਲੀ ਕਲੂਤਰੀ ਪਰ ਤਿੱਖੇ ਨੈਣ ਨਕਸ਼ਾਂ ਵਾਲੀ ਇਹ ਕੁੜੀ ਪਸੰਦ ਆਵੇਗੀ। ਮੈਨਨ ਦੀ ਆਂਟੀ ਨੂੰ ਪਿੱਛੋਂ ਜਾ ਕੇ ਪਤਾ ਲੱਗਿਆ ਕਿ ਵਿਦੇਸ਼ੀ ਗੋਰਾ ਇੰਜੀਨੀਅਰ ਸੀ ਤੇ ਅਮਰੀਕਾ ਵਿਚ ਜਿਸ ਔਰਤ ਨਾਲ ਵਿਆਹਿਆ ਹੋਇਆ ਸੀ, ਉਹਦੇ ਵਾਂਗ ਹੀ ਪੜ੍ਹੀ-ਲਿਖੀ ਹੋਣ ਕਾਰਨ ਉਹਦੇ ਨਾਲ ਉਹ ਹਰ ਗੱਲ 'ਤੇ ਆਢਾ ਲਾਈ ਰੱਖਦੀ ਸੀ। ਉਹ ਆਪਣੀ ਬੀਵੀ ਦੀ ਪੜ੍ਹਾਈ ਤੇ ਵਿੱਦਿਆ ਤੋਂ ਏਨਾ ਸਤਿਆ ਕਿ ਹੁਣ ਉਸ ਨੂੰ ਤਲਾਕ ਦੇ ਕੇ ਏਸ਼ੀਆ ਤੋਂ ਘੱਟ ਪੜ੍ਹੀ ਹੋਈ ਬੀਵੀ ਢੂੰਡਣ ਆਇਆ ਸੀ।

ਕਹਾਣੀ ਦੀ ਰੌਚਕਤਾ ਨੇ ਮੈਨੂੰ ਸਫਰ ਦਾ ਦੁੱਖ ਭੁਲਾ ਦਿੱਤਾ ਤੇ ਗੱਡੀ ਦੇ ਡੱਬੇ ਵਿਚਲੀ ਗਰਮੀ ਚੁਭਣੋਂ ਹਟ ਗਈ। ਮੈਂ ਰਾਜਧਾਨੀ ਐਕਸਪ੍ਰੈੱਸ ਵਿਚ ਬੈਠਿਆਂ ਹੀ ਆਪਣੇ ਮਨ ਨਾਲ ਫੈਸਲਾ ਕੀਤਾ ਕਿ ਮੈਂ ਇਸ ਵਿਸ਼ੇ ਉੱਤੇ ਨਾਵਲ ਲਿਖਾਂਗਾ। ਵਾਪਸ ਦਿੱਲੀ ਆ ਕੇ ਮੈਂ ਆਪਣੀ ਪਤਨੀ ਸੁਰਜੀਤ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਹ ਗਾਂਧੀਗ੍ਰਾਮ ਦੀ ਸਲਾਹਕਾਰ ਡਾਕਟਰ ਸੁੰਦਰਮ ਰਾਮਾਚੰਦਰਨ ਨੂੰ ਚੰਗੀ ਤਰ੍ਹਾਂ ਜਾਣਦੀ ਸੀ ਅਤੇ ਜੇ ਮੈਂ ਚਾਹਾਂ ਤਾਂ ਗਾਂਧੀਗ੍ਰਾਮ ਜਾ ਕੇ ਓਥੋਂ ਦੀ ਅਸਲੀ ਜ਼ਿੰਦਗੀ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦਾ ਸਾਂ।

ਇਕ ਮਹੀਨੇ ਦੀ ਛੁੱਟੀ ਲੈ ਕੇ ਮੈਂ ਭਾਰਤ ਸਰਕਾਰ ਦੇ ਲੀਵ ਟ੍ਰੈਵਲ ਕਨਸੈਸ਼ਨ ਦੀ ਵਰਤੋਂ ਕਰਦਾ ਸੁਰਜੀਤ ਸਮੇਤ ਗਾਂਧੀਗ੍ਰਾਮ ਜਾ ਵੜਿਆ। ਕਹਾਣੀ ਸੱਚੀ ਸੀ ਪਰ ਇਸਨੂੰ ਲਿਖਤੀ ਰੂਪ ਓਦੋਂ ਮਿਲਿਆ ਜਦੋਂ ਮੈਂ ਉਹ ਥਾਵਾਂ ਤੇ ਲੋਕ ਦੇਖ ਲਏ ਜਿਨ੍ਹਾਂ ਦਾ ਚਿਤਰਨ ਮੈਂ ਇਸ ਵਿਚ ਕਰਨਾ ਸੀ। ਨਾਇਕ, ਨਾਇਕਾ ਤੇ ਹੋਰ ਪਾਤਰ।

ਨਾਵਲ ਵਿਚ ਵਿਕਟਰ ਨਾਂ ਦਾ ਅਮਰੀਕਨ ਇੰਜੀਨੀਅਰ ਗਾਂਧੀਗ੍ਰਾਮ ਅਨਾਥ ਆਸ਼ਰਮ ਦੀ ਜਿਸ ਕ੍ਰਿਸ਼ਨਾ ਨੂੰ ਵਿਆਹ ਲਈ ਚੁਣਦਾ ਹੈ, ਉਹ ਸੱਚ ਮੁੱਚ ਹੀ ਸ਼ਰਮਾਕਲ ਤੇ ਚੁੱਪ ਰਹਿਣੀ ਹੈ। ਉਸ ਦੇ ਚੁੱਪ ਰਹਿਣ ਦਾ ਮੂਲ ਕਾਰਨ ਇਹ ਹੈ ਕਿ ਉਸ ਨੂੰ ਆਪਣੇ ਪਿਛੋਕੜ ਬਾਰੇ ਭੁਲੇਖਾ ਹੈ। ਉਹ ਸਮਝਦੀ ਹੈ ਕਿ ਉਸ ਨੂੰ ਉਹਦੇ ਮਾਪਿਆਂ ਨੇ ਫਾਲਤੂ ਸਮਝ ਕੇ ਸੁੱਟ ਛੱਡਿਆ ਸੀ। ਵਿਆਹ ਤੋਂ ਪਿੱਛੋਂ ਉਹ ਪਹਿਲਾ ਕੰਮ ਇਹ ਕਰਦੀ ਹੈ ਕਿ ਆਪਣੇ ਪਤੀ ਨੂੰ ਉਸ ਪਿੰਡ ਲੈ ਕੇ ਜਾਂਦੀ ਹੈ ਜਿੱਥੋਂ ਦੇ ਲੋਕ ਹੜ੍ਹਾਂ ਦਾ ਸ਼ਿਕਾਰ ਹੋ ਗਏ ਸਨ। ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਮਾਪੇ ਤਾਂ ਖ਼ੁਦ ਹੀ ਹੜ੍ਹ ਦੇ ਪਾਣੀ ਵਿਚ ਰੁੜ੍ਹ ਚੁੱਕੇ ਹਨ, ਤਾਂ ਉਹ ਆਪਣੇ ਆਪ ਨੂੰ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋਈ ਦੇਖ ਮਾਪਿਆਂ ਬਾਰੇ ਇਹ ਸੋਚਣੋਂ ਹਟ ਜਾਂਦੀ ਹੈ ਕਿ ਉਨ੍ਹਾਂ ਨੇ ਉਸ ਨੂੰ ਫਾਲਤੂ ਸਮਝ ਕੇ ਸੁੱਟ ਛੱਡਿਆ ਸੀ। ਉਸ ਦੇ ਜੀਵਨ ਵਿਚ ਬਹੁਤ ਵੱਡਾ ਮੋੜ ਆਉਂਦਾ ਹੈ ਤੇ ਉਹ ਬੜੀ ਸਫਲ ਇਸਤਰੀ ਹੋ ਕੇ ਉਭਰਦੀ ਹੈ। ਉਸ ਆਸ਼ਰਮ ਦੇ ਹੋਰ ਬੱਚੇ ਵੀ ਇਸੇ ਤਰ੍ਹਾਂ ਸਫਲ ਹੁੰਦੇ ਹਨ।

ਮੈਂ ਨਾਵਲ ਦਾ ਨਾਂ 'ਕੰਧੀਂ ਜਾਏ' ਰੱਖਿਆ ਤੇ ਭਾਪਾ ਪ੍ਰੀਤਮ ਸਿੰਘ ਨੇ ਇਸਨੂੰ ਚਾਅ ਨਾਲ ਛਾਪਿਆ। ਮਗਰੋਂ ਇਸ ਨੂੰ 'ਲੋਕਗੀਤ' ਪ੍ਰਕਾਸ਼ਨ ਵਾਲਿਆਂ ਨੇ ਨਵੇ ਨਾਂ 'ਧਰੂ ਤਾਰੇ' ਥੱਲੇ ਛਾਪਿਆ। ਇਸ ਦਾ ਅੰਗਰੇਜ਼ੀ ਰੂਪ 'ਪੋਲ ਸਟਾਰਜ਼' ਪੰਜਾਬੀ ਯੂਨੀਵਰਸਿਟੀ ਛਾਪ ਰਹੀ ਹੈ ਤੇ ਹਿੰਦੀ ਰੂਪ 'ਧਰੂਵ ਤਾਰੇ' ਨੈਸ਼ਨਲ ਬੁੱਕ ਟਰੱਸਟ, ਇੰਡੀਆ,ਨਵੀਂ ਦਿੱਲੀ। ਬੁੱਕ ਟਰੱਸਟ ਵਾਲਿਆਂ ਨੇ ਇਸ ਨੂੰ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਛਾਪਣ ਲਈ ਚੁਣ ਲਿਆ ਹੈ।

ਮੇਰੇ ਇਸ ਨਾਵਲ ਦੇ ਪ੍ਰਵਾਨ ਹੋਣ ਦਾ ਅਸਲੀ ਕਾਰਨ ਇਸਦਾ ਹਿੰਦੀ ਭਾਸ਼ਾ ਵਿਚ ਅਨੁਵਾਦ ਹੋਣਾ ਬਣਿਆ। ਬੁੱਕ ਟਰੱਸਟ ਨੇ ਇਸਨੂੰ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਕੇ ਛਾਪਣ ਵਾਸਤੇ ਏਸ ਲਈ ਚੁਣਿਆ ਕਿ ਇਸਦਾ ਧਰਾਤਲ ਤੇ ਇਸਦੀ ਕਹਾਣੀ ਪੰਜਾਬੀ ਦੇ ਦੂਜੇ



ਨਾਵਲਾਂ ਨਾਲੋਂ ਵੱਖਰੀ ਹੈ। ਇਹ ਗੱਲ ਡਾ. ਰਘਬੀਰ ਸਿੰਘ ਵੱਲੋਂ ਲਿਖੇ ਇਸਦੇ ਮੁੱਖ ਬੰਦ ਵਿਚ ਵੀ ਬਹੁਤ ਵਧੀਆ ਢੰਗ ਨਾਲ ਉਭਾਰੀ ਗਈ ਹੈ।

ਏਸ ਪ੍ਰਾਪਤੀ ਨੇ ਮੇਰੇ ਮਨ ਵਿਚ ਵਸੇ ਹੋਏ ਉਸ ਨਾਵਲ ਦੀ ਨੀਂਹ ਰੱਖੀ ਜਿਸਦਾ ਧਰਾਤਲ ਹਿਟਲਰ ਦੇ ਸਮਿਆਂ ਦੀ ਜਰਮਨੀ ਹੈ। ਮੈਨੂੰ ਦੋ ਭੈਣ ਭਰਾਵਾਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ ਜਿਹੜੇ ਹਿਟਲਰ ਦੀ ਹਾਰ ਵਾਲੇ ਦਿਨ ਪੰਜ ਸਾਲ ਤੋਂ ਵੀ ਛੋਟੀ ਉਮਰ ਦੇ ਸਨ। ਭਰਾ ਵੱਡਾ ਸੀ ਤੇ ਭੈਣ ਛੋਟੀ। ਉਹਨਾਂ ਦੀ ਮਾਂ ਹਿਟਲਰ ਦੀ ਅਨਿਨ ਭਗਤਣੀ ਸੀ। ਜੇਤੂ ਸੈਨਿਕਾਂ ਦਾ ਸ਼ਿਕਾਰ ਹੋਣ ਤੋਂ ਡਰਦੀ ਉਹ ਆਪਣੇ ਦੋਵੇਂ ਬੱਚਿਆਂ ਦੀ ਪਰਵਾਹ ਕੀਤੇ ਬਿਨਾਂ ਕਿਸੇ ਮਰਦ ਨਾਲ ਅਮਰੀਕਾ ਚਲੇ ਗਈ, ਜਿੱਥੋਂ ਕਦੀ ਵੀ ਨਹੀਂ ਪਰਤੀ।

ਉਹ ਬੱਚੇ ਕਿਵੇਂ ਪਲੇ, ਕਿਵੇਂ ਪੜ੍ਹੇ ਤੇ ਕਿਹੜੀਆਂ ਕਠਿਨਾਈਆਂ ਵਿਚੋਂ ਲੰਘੇ, ਮੇਰੇ ਲਈ ਬੜੇ ਹੀ ਦੁੱਖ ਵਾਲੀ ਗੱਲ ਸੀ। ਭਰਾ ਨੂੰ ਆਪਣੀ ਭੈਣ ਸੱਠ ਸਾਲ ਪਿੱਛੋਂ ਲੱਭੀ। ਘਾਲਣਾ ਘਾਲ ਕੇ। ਮੈਂ ਇਸ ਬਾਰੇ ਨਾਵਲ ਲਿਖਣਾ ਚਾਹੁੰਦਾ ਸਾਂ। 'ਧਰੂ ਤਾਰੇ' ਦੀ ਪ੍ਰਵਾਨਗੀ ਨੇ ਮੈਨੂੰ ਹਿਟਲਰ ਦੀਆਂ ਕਰਤੂਤਾਂ ਬਾਰੇ ਨਵਾਂ ਨਾਵਲ ਲਿਖਣ ਲਈ ਪ੍ਰੇਰਿਆ। ਮੈਂ ਏਸ ਕੰਮ ਲਈ ਦੋ ਵਾਰੀ ਜਰਮਨੀ ਗਿਆ ਅਤੇ ਨਵੀਂ ਦਿੱਲੀ ਦੇ ਜਰਮਨ ਦੂਤਾਵਾਸ ਵਿਚ ਹੀ ਨਹੀਂ, ਓਥੋਂ ਦੇ ਮੈਕਸ ਮਯੂਲਰ ਭਵਨ ਦੀ ਲਾਇਬਰੇਰੀ ਵਿਚ ਬਹਿ ਕੇ ਉਹ ਸਾਹਿਤ ਪੜ੍ਹਿਆ ਜੋ ਉਸ ਵੇਲੇ ਦੀ ਜਰਮਨੀ ਦੀ ਤਸਵੀਰ ਖਿੱਚਦਾ ਸੀ। ਮੈਨੂੰ ਏਸ ਕੰਮ ਵਾਸਤੇ ਬਹੁਤ ਮਿਹਨਤ ਕਰਨੀ ਪਈ ਹੈ ਪਰ ਮੈਨੂੰ ਏਸ ਗੱਲ ਦੀ ਤਸੱਲੀ ਹੈ ਕਿ ਮੈਂ ਉਸ ਕਹਾਣੀ ਨੂੰ ਉਹ ਰੂਪ ਤੇ ਸੇਧ ਦੇਣ ਵਿਚ ਸਫਲ ਹੋਇਆ ਹਾਂ ਜਿਹੜੀ ਮੇਰੇ ਮਨ ਵਿਚ ਸੀ। ਮੈਂ ਆਪਣੇ ਇਸ ਨਾਵਲ ਦਾ ਨਾਂ 'ਗੋਰੀ ਹਿਰਨੀ' ਰੱਖਿਆ ਹੈ ਤੇ ਇਸਨੂੰ ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਨੇ ਆਪਣੇ ਸਮਾਚਾਰ ਪੱਤਰ 'ਅਜੀਤ' ਵਿਚ ਲੜੀਵਾਰ ਪ੍ਰਕਾਸ਼ਤ ਕਰਨ ਲਈ ਚੁਣ ਲਿਆ ਹੈ।

ਮੇਰੀ ਰਚਨਾਕਾਰੀ ਦਾ ਇਕ ਹੋਰ ਪਹਿਲੂ ਕਾਲਮ ਨਵੀਸੀ ਹੈ। ਇਸ ਦਾ ਜਨਮ ਕਿਵੇਂ ਤੇ ਕਿੱਥੋਂ ਹੋਇਆ, ਇਹ ਵੀ ਇਕ ਕਹਾਣੀ ਹੈ: ਮੈਂ 1980 ਵਿਚ ਅਮਰੀਕਾ ਗਿਆ ਤਾਂ ਈਸਟਨ ਤੋਂ ਛਪਦੇ ਕਿਰਸਾਨੀ ਤੇ ਪੇਂਡੂ ਜੀਵਨ ਨਾਲ ਸੰਬੰਧਤ ਇਕ ਰਸਾਲੇ 'ਡੈਲਮਾਰਵਾ ਫਾਰਮਰ' ਦੇ ਅਮਲੇ ਨੇ ਮੈਨੂੰ ਉੱਥੋਂ ਦੀ ਖੇਤੀਬਾੜੀ ਦਾ ਭਾਰਤੀ ਖੇਤੀਬਾੜੀ ਨਾਲ ਟਾਕਰਾ ਕਰਕੇ ਲਿਖਣ ਲਈ ਕਿਹਾ। ਮੈਨੂੰ ਇਸ ਕੰਮ ਲਈ ਮੋਟਰ ਵੀ ਦਿੱਤੀ। ਮੈਂ ਇਕ ਨੀਲਾਮੀ ਵੇਖਣ ਜਾਣਾ ਸੀ।ਮੇਰੇ ਕੋਲ ਮੋਟਰ, ਮੰਜ਼ਿਲ ਤੇ ਪੈਟਰੋਲ ਸਭ ਕੁਝ ਸੀ ਪਰ ਕੰਮ 'ਤੇ ਜਾਣ ਦਾ ਰਾਹ ਨਹੀਂ ਸੀ ਲੱਭ ਰਿਹਾ। ਮੈਂ ਦਫਤਰ ਦਾ ਸਮਾਂ ਹੋਣ ਤਕ ਦਫ਼ਤਰ ਦੀ ਲਾਬੀ ਵਿਚ ਬੈਠਾ ਅਖ਼ਬਾਰ ਦੇ ਅਮਲੇ ਦੀ ਉਡੀਕ ਕਰਨ ਲੱਗਿਆ। ਸਭ ਤੋਂ ਪਹਿਲਾਂ ਉਹੀਓ ਮੇਮ ਕੁੜੀ ਆਈ ਜਿਹੜੀ ਮੈਨੂੰ ਕਾਰ ਦੀਆਂ ਚਾਬੀਆਂ ਤੇ ਮੁਫਤ ਗੈਸ ਲੈਣ ਵਾਲਾ ਕਾਰਡ ਦੇ ਕੇ ਗਈ ਸੀ। ਮੈਨੂੰ ਵਿੰਹਦੇ ਸਾਰ ਮਸਲਾ ਸਮਝ ਗਈ। ਆਪਣੇ ਅਫਸਰ ਨਾਲ ਫੋਨ 'ਤੇ ਗੱਲ ਕਰਕੇ ਕਹਿਣ ਲੱਗੀ, 'ਆਓ ਚੱਲੀਏ।' ਮਤਲਬ ਸਪੱਸ਼ਟ ਸੀ ਕਿ ਉਹ ਆਪਣਾ ਕੰਮ ਛੱਡ ਕੇ ਮੇਰੇ ਨਾਲ ਮੇਰੇ ਕੰਮ ਲਈ ਜਾ ਰਹੀ ਸੀ। ਉਸ ਨੇ ਮੇਰੇ ਕੋਲੋਂ ਗੱਡੀ ਦੀ ਚਾਬੀ ਫੜਨ ਤੋਂ ਨਾਂਹ ਕਰ ਦਿੱਤੀ। ਉਹ ਨਹੀਂ ਸੀ ਚਾਹੁੰਦੀ ਕਿ ਮੇਰਾ ਝਾਕਾ ਨਾ ਖੁੱਲ੍ਹੇ। ਵਾਕਸਵੈਗਨ ਸਟਾਰਟ ਕਰਨ ਤੋਂ ਪਿੱਛੋਂ ਦੋ ਚਾਰ ਵਾਰ ਖੱਬੇ ਸੱਜੇ ਮੁੜ ਕੇ ਅਸੀਂ ਸਿੱਧੀ ਸੜਕ 'ਤੇ ਪੈ ਗਏ। ਧੁੰਦ ਸਾਫ ਹੋ ਚੁੱਕੀ ਸੀ। ਮੌਸਮ ਹੋਰ ਵੀ ਸਾਫ ਤੇ ਕੁੜੀ ਉਸ ਤੋਂ ਵੀ ਸਾਫ।

ਕੁੜੀ ਦਾ ਨਾਂ ਪੀਟਰਸ ਸੀ। ਮੈਂ ਗੱਡੀ ਚਲਾਉਂਦਾ ਪੀਟਰਸ ਨੂੰ ਇੰਡੀਆ ਵਿਚ ਹੋਣ ਵਾਲੀ ਨੀਲਾਮੀ ਦੀਆਂ ਗੱਲਾਂ ਦੱਸਦਾ ਜਾ ਰਿਹਾ ਸਾਂ। ਮੈਨੂੰ ਅਚਾਨਕ ਹੀ ਟੌਮਸ ਹਾਰਡੀ ਦੇ ਇਕ ਨਾਵਲ ਦੀ ਘਟਨਾ ਚੇਤੇ ਆ ਗਈ। ਨਾਵਲ ਦਾ ਸ਼ਰਾਬੀ ਨਾਇਕ ਹੈਨਚਰਡ ਕਾਸਟਰਬ੍ਰਿਜ ਕਸਬੇ

ਦੇ ਇਕ ਭਰੇ ਮੇਲੇ ਵਿਚ ਆਪਣੀ ਬੀਵੀ ਦੀ ਨੀਲਾਮੀ ਬੋਲ ਦਿੰਦਾ ਹੈ। ਇਹ ਘਟਨਾ ਦੱਸਣ ਦਾ ਭਾਵ ਪੱਛਮ ਨੂੰ ਛੁਟਿਆਉਣਾ ਸੀ। 'ਸ਼ਰਾਬ ਦੇ ਨਸ਼ੇ ਵਿਚ ਤਾਂ ਕਿਸੇ ਵੀ ਦੇਸ਼ ਦਾ ਬੰਦਾ ਏਦਾਂ ਕਰ ਸਕਦਾ ਹੈ, ਪੱਛਮ ਨੂੰ ਪੂਰਬ ਦੇ ਟਾਕਰੇ ਵਿਚ ਏਦਾਂ ਦੀ ਗੱਲ ਦਾ ਹਵਾਲਾ ਦੇ ਕੇ ਛੁਟਿਆਉਣਾ ਫਾਊਲ ਪਲੇਅ ਹੋਵੇਗਾ।' ਪੀਟਰਸ ਨੇ ਟਿੱਪਣੀ ਕੀਤੀ। ਅਸੀਂ ਹੱਸਦੇ ਹਸਾਉਂਦੇ ਉਜਾੜ ਬੀਆਬਾਨ ਵਿਚ ਜਾ ਕੇ ਜੰਗਲੀ ਰੁੱਖਾਂ ਦੇ ਝੁਰਮਟ ਵਿਚ ਘਿਰੇ ਉਸ ਮਹਿਲ ਕੋਲ ਪਹੁੰਚ ਗਏ ਜਿਸ ਵਿਚਲੇ ਸਾਮਾਨ ਦੀ ਨੀਲਾਮੀ ਬਾਰੇ ਮੈਂ ਕਿਸਾਨੀ ਪਰਚੇ ਲਈ ਆਪਣੀ ਰਿਪੋਰਟ ਲਿਖਣੀ ਸੀ। ਸਮਾਨ ਵਿਚ ਮੇਜ਼, ਕੁਰਸੀਆਂ, ਬੈੱਡ, ਬਿਸਤਰੇ, ਕੰਬਲ, ਸਰ੍ਹਾਣੇ, ਸੋਫੇ, ਪਾਇਦਾਨ, ਕਿਚਨ ਦੇ ਬਰਤਨ, ਛੱਤਾਂ ਦੇ ਫਾਨੂਸ ਤੇ ਦਰਵਾਜ਼ੇ ਖਿੜਕੀਆਂ ਦੇ ਪਰਦਿਆਂ ਤੋਂ ਲੈ ਕੇ ਬੱਚਿਆਂ ਦੇ ਪੁਰਾਣੇ ਸਾਈਕਲ, ਖੇਡਾਂ ਅਤੇ ਖਿਡੌਣੇ ਸਭ ਕੁਝ ਸੀ।

ਹਰ ਵਸਤ ਕਰੀਨੇ ਨਾਲ ਸਜਾ ਕੇ ਰੱਖੀ ਹੋਈ ਸੀ ਤੇ ਉਸ ਉੱਤੇ ਉਸ ਦੀ ਕੀਮਤ ਦੀ ਪਰਚੀ ਚਿਪਕਾਈ ਹੋਈ ਸੀ। ਵੇਚਣ ਵਾਲੇ ਅਮਲੇ ਦਾ ਕੰਮ ਖਰੀਦਦਾਰ ਨੂੰ ਵਸਤਾਂ ਦੇ ਗੁਣ ਤੇ ਸਿਫ਼ਤਾਂ ਦੱਸਣ ਤੋਂ ਸਿਵਾ ਹੋਰ ਕੋਈ ਨਹੀਂ ਸੀ। ਕਿਸੇ ਨੂੰ ਕਿਸੇ ਚੀਜ਼ ਦਾ ਮੁੱਲ ਘਟਾਉਣ ਜਾਂ ਵਧਾਉਣ ਦਾ ਕੋਈ ਹੱਕ ਨਹੀਂ ਸੀ। ਜਿਹੜੀ ਵੀ ਚੀਜ਼ ਕਿਸੇ ਨੂੰ ਪਸੰਦ ਆ ਜਾਂਦੀ, ਉਹ ਖਰੀਦਣ ਉਪਰੰਤ ਪੈਕ ਕਰਵਾ ਕੇ ਤੁਰਦਾ ਹੁੰਦਾ। ਕੋਈ ਸੌਦੇਬਾਜ਼ੀ ਨਹੀਂ। ਕੋਈ ਗੜਬੜ ਘੁਟਾਲਾ ਨਹੀਂ।

ਅਖ਼ਬਾਰ ਦੇ ਦਫ਼ਤਰ ਪਰਤ ਕੇ ਮੈਂ ਪੀਟਰਸ ਦਾ ਧੰਨਵਾਦ ਕੀਤਾ ਅਤੇ ਕਾਗ਼ਜ਼ ਲੈ ਕੇ ਰਿਪਰੋਟ ਲਿਖਣ ਲੱਗਿਆ। ਮੈਂ ਅਮਰੀਕੀ ਨੀਲਾਮੀ ਨੂੰ ਇੰਡੀਅਨ ਨੀਲਾਮੀ ਨਾਲੋਂ ਨੀਰਸ ਲਿਖਣਾ ਠੀਕ ਨਾ ਸਮਝਿਆ। ਦੋਹਾਂ ਦੇਸ਼ਾਂ ਦੀਆਂ ਨੀਲਾਮੀਆਂ ਦਾ ਸਾਧਾਰਨ ਜਿਹਾ ਵਰਨਣ ਕਰਕੇ ਮੈਂ ਹਾਰਡੀ ਦੇ ਨਾਵਲ ਵਿਚ ਨਾਵਲ ਦੇ ਨਾਇਕ ਵੱਲੋਂ ਆਪਣੀ ਪਤਨੀ ਦੀ ਨੀਲਾਮੀ ਵਾਲਾ ਸੀਨ ਲਿਖ ਕੇ ਮਾਨਵੀ ਨੀਲਾਮੀ ਦਾ ਨਕਸ਼ਾ ਬੰਨ੍ਹ ਦਿੱਤਾ। ਦਰਸ਼ਕਾਂ ਦੀ ਉਦਾਸੀ, ਮੇਮਾਂ ਦਾ ਰੋਹ ਅਤੇ ਗੁੱਡਿਆਂ ਦੇ ਆਵਾਜ਼ੇ ਤੇ ਰੋਣਾ ਧੋਣਾ ਵੀ ਪਾ ਦਿੱਤਾ। ਮੈਂ ਆਪਣੀ ਮੌਲਿਕਤਾ ਨੂੰ ਥਾਪੀ ਦਿੱਤੀ ਤੇ ਲਿਖੇ ਹੋਏ ਕਾਗ਼ਜ਼ ਅਖ਼ਬਾਰ ਦੇ ਸੰਪਾਦਕ ਨੂੰ ਫੜਾ ਕੇ ਅਗਲੇ ਦਿਨ ਵਾਸਤੇ ਦਿੱਤੇ ਜਾਣ ਵਾਲੇ ਕੰਮ ਦੀ ਉਡੀਕ ਕਰਨ ਲੱਗਿਆ।

ਮੇਰੇ ਵੱਲੋਂ ਮਹਿਲ ਦੇ ਸਾਮਾਨ ਦੀ ਨੀਲਾਮੀ ਤੇ ਭਾਰਤੀ ਮੰਡੀਆਂ ਦੀ ਨਕਸ਼ਾਕਸ਼ੀ ਅਤੇ ਇਸ ਵਿਚ ਟੌਮਸ ਹਾਰਡੀ ਦੇ ਇਕ ਨਾਇਕ ਵੱਲੋਂ ਸ਼ਰਾਬੀ ਹੋ ਕੇ ਭਰੇ ਮੇਲੇ ਵਿਚ ਆਪਣੀ ਪਤਨੀ ਵੇਚਣ ਦਾ ਜ਼ਿਕਰ ਅਖ਼ਬਾਰ ਦੇ ਸਾਰੇ ਅਮਲੇ ਨੂੰ ਪਸੰਦ ਆਇਆ। ਖ਼ਾਸ ਕਰਕੇ ਅਖ਼ਬਾਰ ਦੇ ਸੰਪਾਦਕ ਬਰੂਸ ਨੂੰ। ਅਗਲੇ ਦਿਨ ਮੈਨੂੰ ਭਾਰਤੀ ਖੇਤੀ ਦਾ ਕੋਈ ਤਜਰਬਾ ਲਿਖਣ ਲਈ ਕਿਹਾ ਗਿਆ। ਮੈਨੂੰ ਵਾਹੀ ਖੇਤੀ ਛੱਡਿਆਂ ਪੰਜੀ ਸਾਲ ਹੋ ਚੁੱਕੇ ਸਨ। ਸਾਡੀ ਖੇਤੀ ਹਲ, ਸੁਹਾਗਾ, ਖੂਹ ਦੀ ਗਾਧੀ ਤੇ ਫਸਲਾਂ ਦੀ ਗੁੱਡ ਗੁਡਾਈ, ਕਟਾਈ ਅਤੇ ਗਹਾਈ ਤਕ ਹੀ ਸੀਮਤ ਹੁੰਦੀ ਸੀ। ਫੇਰ ਵੀ ਲਿਖਣ ਵਾਲਾ ਬਹੁਤ ਕੁਝ ਸੀ। ਇੰਡੀਆ ਹਰੀ ਕ੍ਰਾਂਤੀ ਦੇ ਦੌਰ ਵਿਚੋਂ ਲੰਘ ਰਿਹਾ ਸੀ। ਮੈਂ ਉਨ੍ਹਾਂ ਦਿਨਾਂ ਦਾ ਅਨੁਭਵ ਲਿਖਿਆ। ਉਹ ਇਹ ਕਿ ਮੈਂ ਹਰ ਹਫਤੇ ਦਿੱਲੀ ਤੋਂ 8-10 ਕਿਲੋ ਨਵਾਂ ਬੀਜ ਲੈ ਕੇ ਆਉਂਦਾ ਤੇ ਰਾਤੋ ਰਾਤ ਪਿੰਡ ਪਹੁੰਚ ਜਾਂਦਾ। ਸ਼ਨੀਵਾਰ, ਐਤਵਾਰ ਦੋ ਦਿਨ ਪਿੰਡ ਵਿਚ ਕੰਮ ਕਰਕੇ ਰਾਤ ਦਿੱਲੀ ਪਹੁੰਚ ਜਾਂਦਾ।

ਇਕ ਵਾਰੀ ਮੇਰੇ ਕੋਲ ਪਛੇਤੀ ਕਣਕ ਦਾ ਬੀਜ ਏਨਾ ਜਮ੍ਹਾਂ ਹੋ ਗਿਆ ਕਿ ਦੋ ਕਨਾਲ ਕਣਕ ਬੀਜੀ ਜਾ ਸਕਦੀ ਸੀ। ਸੇਂਜੀ ਵਾਲੇ ਖੇਤਾਂ ਵਿਚ ਨਵੀਂ ਕਣਕ ਲਈ ਕੋਈ ਥਾਂ ਨਹੀਂ ਸੀ। ਮਾਰੂ ਫਸਲ ਉੱਗ ਚੁੱਕੀ ਸੀ। ਮੇਰਾ ਬਾਪ ਉੱਗੀ ਹੋਈ ਫਸਲ ਨੂੰ ਵਾਹੁਣ ਲਈ ਤਿਆਰ ਨਹੀਂ ਸੀ। ਮੈਂ ਵੀ ਪਿੱਛੇ ਹਟਣ ਵਾਲਾ ਨਹੀਂ ਸੀ। ਮੇਰਾ ਲਿਆਂਦਾ ਹੋਇਆ ਪਛੇਤੀ ਕਣਕ ਦਾ ਬੀਜ ਬੀਜੇ ਜਾਣ ਲਈ ਲੂਹਰੀਆਂ ਲੈ ਰਿਹਾ ਸੀ । ਮੈਂ ਬੀਜ ਨਾਲੋਂ ਵੀ ਬਹੁਤਾ ਕਾਹਲਾ ਸਾਂ। ਬਾਪ ਕਿਸੇ



ਹਾਲਤ ਵਿਚ ਵੀ ਉੱਗੇ ਹੋਏ ਪੌਦਿਆਂ ਨੂੰ ਨਸ਼ਟ ਹੁੰਦਾ ਨਹੀਂ ਸੀ ਦੇਖਣਾ ਚਾਹੁੰਦਾ।

ਹਲ ਵਾਹੁਣਾ ਮੇਰੇ ਲਈ ਕੋਈ ਨਵਾਂ ਕੰਮ ਨਹੀਂ ਸੀ। ਬਾਪ ਨਾ ਹੀ ਮੰਨਿਆ ਤਾਂ ਅਗਲੀ ਸਵੇਰ ਹਲ ਜੋੜ ਕੇ ਮੈਂ ਉਹ ਖੇਤ ਵਾਹ ਮਾਰਿਆ ਜਿਸ ਵਿਚ ਕਣਕ ਉੱਗੀ ਹੋਈ ਸੀ। ਮੇਰੇ ਹਲ ਜੋਤਣ ਦੀ ਖ਼ਬਰ ਤਾਂ ਬਾਪ ਨੂੰ ਲੱਗ ਚੁੱਕੀ ਸੀ ਪਰ ਉਸ ਨੇ ਜਵਾਨ ਪੁੱਤ ਨਾਲ ਆਢਾ ਲੈਣਾ ਠੀਕ ਨਾ ਸਮਝਿਆ। ਜਦੋਂ ਤਕ ਬਾਪ ਖੇਤ ਆਇਆ, ਮੈਂ ਖਾਦ ਰਲਾ ਕੇ ਨਵਾਂ ਬੀਜ ਬੀਜਣ ਦੀ ਤਿਆਰੀ ਕਰ ਰਿਹਾ ਸਾਂ। ਗਵਾਂਢੀ ਪਿੰਡ ਮਜਾਰਾ ਡੀਂਗਰੀਆਂ ਦੀ ਬੰਬੀ ਦਾ ਪਾਣੀ ਆਪਣੇ ਖੇਤ ਲਿਆਉਣ ਲਈ ਖਾਲ ਪੁੱਟੀ ਜਾ ਚੁੱਕੀ ਸੀ। ਨਵਾਂ ਬੀਜ ਪੂਰਾ ਨਾ ਹੋਣ ਕਾਰਨ ਮੈਂ ਦੋ ਤਿੰਨ ਕਿਆਰਿਆਂ ਵਿਚ ਪਹਿਲਾਂ ਵਾਲੀ ਕਣਕ ਛੋਲਿਆਂ ਦੀ ਮਾਰੂ ਫਸਲ ਉਸੇ ਤਰ੍ਹਾਂ ਰਹਿਣ ਦਿੱਤੀ ਸੀ। ਇਹ ਥਾਂ ਬਾਪ ਨੇ ਬੀਜੀ ਹੋਈ ਸੀ। ਉਹ ਆਪਣੇ ਵਾਲੀ ਥਾਂ ਵਿਚ ਖਲੋ ਕੇ ਬੋਲਿਆ, 'ਦੇਖ ਮੱਲਾ! ਤੈਂ ਆਪਣੀ ਮਰਜ਼ੀ ਕਰ ਲਈ। ਹੁਣ ਮੇਰੇ ਵਾਲੀਆਂ ਕਿਆਰੀਆਂ ਨਾ ਪੁੱਟੀਂ। ਦੇਖਾਂਗੇ ਜਿਹੜੇ ਤੇਰੀ ਬੀਜੀ ਕਣਕ ਨੂੰ ਅੰਗੂਰ ਲੱਗਣਗੇ।'

ਨਵੇਂ ਬੀਜਾਂ ਤੋਂ ਪੈਦਾ ਹੋਈ ਕਣਕ ਦੀ ਟਹਿਕ ਨਿਆਰੀ ਸੀ। ਪਰ ਬਾਪੂ ਦਾ ਮਨ ਨਹੀਂ ਸੀ ਮੰਨਦਾ ਕਿ ਇਸ ਨੂੰ ਵੀ ਉਸੇ ਤਰ੍ਹਾਂ ਦੀ ਬੱਲੀ ਪਵੇਗੀ ਜਿਸ ਤਰ੍ਹਾਂ ਦੀ ਉਨ੍ਹਾਂ ਦੀ ਬੀਜੀ ਕਣਕ ਨੂੰ ਪੈਣੀ ਸੀ। ਨਵੀਂ ਫਸਲ ਤੇਜ਼ੀ ਨਾਲ ਵਧੀ। ਬੱਲੀਆਂ ਲੱਗੀਆਂ। ਦਾਣੇ ਮੋਟੇ ਤੇ ਝਾੜ ਆਮ ਨਾਲੋਂ ਦੁੱਗਣਾ। ਕਿਸੇ ਨੂੰ ਵਿਸ਼ਵਾਸ ਨਾ ਆਵੇ ਕਿ ਜਨਵਰੀ ਦੇ ਪਹਿਲੇ ਹਫ਼ਤੇ ਸਮੇਂ ਨਾਲੋਂ ਦੋ ਮਹੀਨੇ ਪਿੱਛੋਂ ਬੀਜੀ ਕਣਕ ਵੀ ਏਨਾ ਝਾੜ ਦੇ ਸਕਦੀ ਹੈ। ਮੇਰਾ ਬਾਪ ਵੀ ਚੁੱਪ ਤੇ ਪਿੰਡ ਦੇ ਬਾਕੀ ਬੰਦੇ ਵੀ ਚੁੱਪ। ਜੇ ਕੋਈ ਬੋਲਦਾ ਸੀ ਤਾਂ ਸਿਰਫ ਮੈਂ। ਮੇਰੀ ਜੁਗਤੀ ਸਫਲ ਹੋ ਗਈ ਸੀ। ਇਹੀਓ ਕਹਾਣੀ ਮੈਂ ਅਗਲੇ ਦਿਨ ਦੀ ਕਾਰਵਾਈ ਵਜੋਂ ਅਮਰੀਕੀ ਅਖ਼ਬਾਰ ਲਈ ਲਿਖ ਛੱਡੀ।

ਮੇਰੀਆਂ ਦੋ ਕਹਾਣੀਆਂ ਦੀ ਕਾਰਗੁਜ਼ਾਰੀ ਨੇ 'ਡੈਲਮਾਰਵਾ ਫਾਰਮਰ' ਦੇ ਸਮੁੱਚੇ ਅਮਲੇ ਵਿਚ ਮੇਰੀ ਪੜ੍ਹਤ ਵਧਾ ਦਿੱਤੀ ਸੀ। ਅਗਾਂਹ ਉਨ੍ਹਾਂ ਕੋਲ ਮੇਰੇ ਲਈ ਦੋ ਤਿੰਨ ਕੰਮ ਸਨ। ਮੈਂ ਕੋਈ ਵੀ ਚੁਣ ਸਕਦਾ ਸਾਂ। ਮੈਂ ਉਨ੍ਹਾਂ ਦਾ ਨੇੜਲਾ ਮੁਰਗੀਖਾਨਾ ਦੇਖਣ ਨੂੰ ਪਹਿਲ ਦਿੱਤੀ। ਇਸ ਮੁਰਗੀਖਾਨੇ ਨੂੰ ਜਾਣ ਵਾਲੀ ਸੜਕ ਸਿੱਧੀ ਸੀ ਤੇ ਪੈਂਡਾ ਛੋਟਾ। ਹੁਣ ਤਕ ਪੀਟਰਸ ਨੇ ਮੈਨੂੰ ਸੱਜੇ ਹੱਥ ਗੱਡੀ ਚਲਾਉਣ ਦੇ ਤੌਰ-ਤਰੀਕੇ ਦੱਸ ਦਿੱਤੇ ਸੀ। ਮੈਂ ਮੁਰਗੀਖਾਨੇ ਨੂੰ ਜਾਂਦੀ ਸੜਕ ਦਾ ਨਕਸ਼ਾ ਦੇਖ ਰਿਹਾ ਸਾਂ ਕਿ ਮੇਰੀ ਵਾਕਸਵੈਗਨ ਦੇ ਦੂਜੇ ਪਾਸੇ ਦਾ ਦਰਵਾਜ਼ਾ ਖੋਲ੍ਹ ਕੇ ਪੀਟਰਸ ਮੇਰੇ ਨਾਲ ਆ ਬੈਠੀ। ਮੈਨੂੰ ਉਸ ਦੀ ਲੋੜ ਨਹੀਂ ਸੀ। ਪਰ ਉਸ ਨੇ ਦੱਸਿਆ ਕਿ ਇਸ ਵਾਰੀ ਐਡੀਟਰ ਬਰੂਸ ਨੇ ਉਸ ਨੂੰ ਧੱਕਾ ਦੇ ਕੇ ਮੇਰੇ ਪਿੱਛੇ ਭੇਜਿਆ ਸੀ। ਉਹ ਚਾਹੁੰਦਾ ਸੀ ਕਿ ਪੀਟਰਸ ਮੇਰੇ ਨਾਲ ਰਹਿ ਕੇ ਮੇਰਾ ਕਹਾਣੀ ਲਿਖਣ ਦਾ ਤਰੀਕਾ ਦੇਖੇ ਤੇ ਸਿੱਖੇ।

ਸੰਨ 1980 ਦਾ ਇਹ ਪੋਲਟਰੀ ਫਾਰਮ ਇੰਡੀਆ ਦੇ ਪੋਲਟਰੀ ਫਾਰਮ ਨਾਲੋਂ ਬਹੁਤਾ ਵੱਖਰਾ ਨਹੀਂ ਸੀ। ਬੱਸ ਏਨੀ ਗੱਲ ਸੀ ਕਿ ਉਨ੍ਹਾਂ ਦੇ ਫਾਰਮ ਦਾ ਆਕਾਰ ਮੇਰੇ ਇੰਡੀਆ ਵਿਚ ਦੇਖੇ ਫਾਰਮਾਂ ਨਾਲੋਂ ਚਾਰ ਗੁਣਾ ਸੀ। ਉਸ ਵਿਚਲੀ ਸਫਾਈ ਦਸ ਗੁਣਾ ਤੇ ਉਸ ਵਿਚ ਵਰਤੀਆਂ ਜਾਂਦੀਆਂ ਮਸ਼ੀਨਾਂ ਤੇ ਦੂਜੇ ਯੰਤਰਾਂ ਦੀ ਦਿੱਖ ਹੋਰ ਵੀ ਹੈਰਾਨ ਕਰਨ ਵਾਲੀ। ਅਸੀਂ ਮੁਰਗੇ ਮੁਰਗੀਆਂ ਦੀ ਸਾਂਭ-ਸੰਭਾਲ ਵਾਲੇ ਖੁੱਡਿਆਂ ਵਿਚੋਂ ਲੰਘਦੇ ਉਨ੍ਹਾਂ ਦੀਆਂ ਕਲਗੀਆਂ, ਪੂਛਾਂ ਤੇ ਪਰਾਂ ਦੇ ਰੰਗਾਂ ਦੀ ਗੱਲ ਕਰਦੇ ਰਹੇ। ਸਭ ਕੁਝ ਬੜਾ ਚੰਗਾ ਲੱਗ ਰਿਹਾ ਸੀ। ਪੀਟਰਸ ਕਰਕੇ ਹੋਰ ਵੀ ਚੰਗਾ। ਉਸ ਨੂੰ ਨੌਕਰੀ ਸ਼ੁਰੂ ਕੀਤਿਆਂ ਹਾਲੀ ਸਾਲ ਖੰਡ ਦਾ ਸਮਾਂ ਹੋਇਆ ਸੀ ਤੇ ਉਸ ਨੇ ਖ਼ਬਰਾਂ ਲਿਖਣ ਤੇ ਖ਼ਬਰਾਂ ਦੇ ਸੰਪਾਦਨ ਦਾ ਬਹੁਤ ਸਾਰਾ ਕੰਮ ਹਾਲੀ ਸਿਖਣਾ ਸੀ। ਉਹ ਹਰ ਵਾਰੀ ਇਹ ਜਾਨਣਾ ਚਾਹੁੰਦੀ ਸੀ ਕਿ ਮੈਂ ਜੋ ਕੁਝ ਵੇਖ ਰਿਹਾ ਸਾਂ, ਉਸ ਨੂੰ ਕਿਵੇਂ ਲਿਖਾਂਗਾ।

ਮੈਨੂੰ ਜਿਹੜੇ ਦ੍ਰਿਸ਼ ਨੇ ਅਤਿਅੰਤ ਹੈਰਾਨ ਕੀਤਾ, ਉਹ ਨੰਨ੍ਹੇ ਚੂਚਿਆਂ ਦੀਆਂ ਚੁੰਝਾਂ ਕੱਟਣ ਨਾਲ ਸੰਬੰਧ ਰੱਖਦਾ ਸੀ। ਚੁੰਝਾਂ ਕੱਟਣ ਲਈ ਚੂਚੇ ਅੰਦਰੋਂ ਕੜਾਹੀਆਂ ਵਿਚ ਭਰੇ ਆਉਂਦੇ ਸਨ। ਉਨ੍ਹਾਂ ਦੀ ਚੁੰਝ ਫੜ ਕੇ ਇਕ ਨਿੱਕੇ ਜਿਹੇ ਟੋਕੇ ਵਾਲੀ ਮਸ਼ੀਨ ਵਿਚ ਦੇ ਦਿੱਤੀ ਜਾਂਦੀ ਸੀ ਤੇ ਚੁੰਝ ਕੱਟੀ ਜਾਣ ਤੋਂ ਪਿੱਛੋਂ ਚੂੰ ਚੂੰ ਕਰਦੇ ਚੂਚੇ ਨੂੰ ਇਕ ਨੀਲੇ ਲਾਲ ਰੰਗ ਦੀ ਦਵਾਈ ਨਾਲ ਭਰੇ ਪਾਣੀ ਵਿਚ ਸੁੱਟ ਕੇ ਚੁੱਕ ਲਿਆ ਜਾਂਦਾ ਸੀ। ਕਈ ਚੂਚੇ ਬੇਹੋਸ਼ੀ ਦੀ ਅਵਸਥਾ ਵਿਚ ਚਲੇ ਜਾਂਦੇ ਸਨ। ਇਕ ਦੋ ਫੀ ਸਦੀ ਮਰ ਵੀ ਜਾਂਦੇ ਸਨ। ਪਰ ਜਦੋਂ ਅਸੀਂ ਇਨ੍ਹਾਂ ਦੇ ਕੋਲੋਂ ਦੀ ਲੰਘ ਕੇ ਦੋ ਚਾਰ ਪੜਾਅ ਹੋਰ ਲੰਘਣ ਤੋਂ ਪਿੱਛੋਂ ਉਸ ਪੜਾਅ ਦੇ ਚੂਚੇ ਵੇਖਦੇ ਹਾਂ ਜਦੋਂ ਉਹ ਇਕ ਦੂਜੇ ਨਾਲ ਲੜ ਭਿੜ ਰਹੇ ਹੁੰਦੇ ਹਨ ਤਾਂ ਪਹਿਲਾਂ ਦੇਖਿਆ ਜ਼ੁਲਮ ਭੁੱਲ ਜਾਂਦਾ ਹੈ। ਜੇ ਉਨ੍ਹਾਂ ਦੀਆਂ ਚੁੰਝਾਂ ਹੁੰਦੀਆਂ ਤਾਂ ਉਨ੍ਹਾਂ ਨੇ ਲੜ ਕੇ ਲਹੂ ਲੁਹਾਣ ਹੋ ਜਾਣਾ ਸੀ।

ਮੈਂ ਆਪਣੀ ਰਿਪੋਰਟ ਵਿਚ ਇਸ ਘਟਨਾ ਦੇ ਅੰਤ 'ਤੇ ਉਸ ਚੂਚੇ ਦਾ ਜ਼ਿਕਰ ਕੀਤਾ ਜਿਹੜਾ ਮੇਰੀ ਮਾਂ ਨੇ ਮੇਰੇ ਬਚਪਨ ਦੇ ਦਿਨਾਂ ਵਿਚ ਬੜੇ ਚਾਵਾਂ ਨਾਲ ਪਾਲ਼ਿਆ ਸੀ ਪਰ ਪਤੰਗ ਉਡਾਉਂਦਿਆਂ ਬੇਧਿਆਨੀ ਵਿਚ ਮੇਰੇ ਪੈਰ ਥੱਲੇ ਆ ਕੇ ਮਰ ਗਿਆ ਸੀ । ਮੇਰੀ ਮਾਂ ਦੇ ਰੋਂਦਿਆਂ ਕੁਰਲਾਂਦਿਆਂ ਉਸ ਨੂੰ ਮੈਂ ਤੇ ਮੇਰੇ ਬਾਪ ਨੇ ਭੁੰਨ ਕੇ ਖਾ ਲਿਆ ਸੀ। ਅੰਤ ਕੁਰਣਾਮਈ ਸੀ। ਸਭ ਨੇ ਬਹੁਤ ਪਸੰਦ ਕੀਤਾ।

ਅਗਲੇ ਦਿਨ ਦੇ ਕੰਮ ਲਈ ਮੈਨੂੰ ਅਮਰੀਕਨ ਸਿੰਚਾਈ ਦੇਖਣ ਭੇਜਿਆ ਗਿਆ। ਇੰਡੀਆ ਵਿਚ ਚਰਸੇ ਤੋਂ ਟਿਊਬਵੈੱਲ ਦੀ ਸਿੰਚਾਈ ਤਕ ਪਹੁੰਚਣ ਵਿਚ ਕਈ ਸਦੀਆਂ ਲੱਗੀਆਂ ਸਨ। ਪਰ ਏਥੋਂ ਦੀ ਗੱਲ ਕੁਝ ਹੋਰ ਹੀ ਸੀ। ਜਿਹੜੀ ਸਿੰਚਾਈ ਦੇ ਦਰਸ਼ਨ ਮੈਂ ਕੀਤੇ ਉਹ ਹੈਰਾਨ ਕਰਨ ਵਾਲੀ ਸੀ। ਉੱਥੇ ਖੂਹ, ਚਰਸ, ਹਲਟ ਤੇ ਟਿਊਬਵੈੱਲ ਕੁਝ ਵੀ ਨਹੀਂ ਸੀ। ਕੇਵਲ ਛਿੜਕਵੀਂ ਸਿੰਚਾਈ ਦਾ ਵਾਰਾ ਪਹਿਰਾ ਸੀ। ਇਸ ਨੂੰ ਫੁਹਾਰਾ-ਸਿੰਚਾਈ ਵੀ ਕਹਿ ਸਕਦੇ ਹਾਂ।

ਫੁਹਾਰਾ ਸਿੰਚਾਈ ਵਿਚ ਬੂੰਦ ਭਰ ਪਾਣੀ ਵੀ ਅਜਾਈਂ ਨਹੀਂ ਜਾਂਦਾ। ਇਹ ਮੀਂਹ ਵਾਂਗ ਵਰ੍ਹਦਾ ਹੈ ਤੇ ਮੀਂਹ ਵਾਂਗ ਧਰਤੀ ਤੋਂ ਉੱਪਰ ਦੀਆਂ ਫਸਲਾਂ ਨੂੰ ਨੌਂ ਬਰ ਨੌਂ ਕਰਦਾ ਚਲਾ ਜਾਂਦਾ ਹੈ। ਏਥੇ ਪਾਣੀ ਦੀ ਵਰਖਾ ਬੱਦਲ ਨਹੀਂ ਕਰਦੇ, ਵਿਗਿਆਨੀ ਕਰਦੇ ਹਨ। ਮੈਂ ਅਮਰੀਕਨ ਸਿੰਚਾਈ ਦਾ ਟਾਕਰਾ ਮੱਧ ਭਾਰਤ ਦੇ ਇਕ ਪਿੰਡ ਵਿਚ ਵੇਖੇ ਉਸ ਹਲਟ ਨਾਲ ਕੀਤਾ, ਜਿਸ ਦਾ ਬੈੜ ਲੱਕੜ ਦਾ ਸੀ ਤੇ ਟਿੰਡਾਂ ਮਿੱਟੀ ਦੀਆਂ। ਅੱਧੇ ਤੋਂ ਵੱਧ ਪਾਣੀ ਵਿਅਰਥ ਜਾਂਦਾ ਸੀ।

ਇਨ੍ਹਾਂ ਅਮਰੀਕੀ ਗੱਲਾਂ ਵੱਲ ਮੁੜ ਪਰਤਣ ਤੋਂ ਪਹਿਲਾਂ ਮੈਂ ਇਕ ਇੰਡੀਅਨ ਘਟਨਾ ਵੀ ਦੱਸਣਾ ਚਾਹਾਂਗਾ। ਮੈਂ ਆਪਣੀ ਪਤਨੀ ਸਮੇਤ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਆਪਣੇ ਪਿੰਡ ਗਿਆ ਹੋਇਆ ਸੀ। ਸਵੇਰ ਦੀ ਅਖਬਾਰ ਵਿਚ ਬਹੁਤ ਵੱਡਾ ਇਸ਼ਤਿਹਾਰ ਪੜ੍ਹਿਆ। ਭਾਸ਼ਾ ਵਿਭਾਗ ਨੇ ਆਪਣਾ ਵਾਰਸ਼ਿਕ ਇਨਾਮ-ਵੰਡ ਸਮਾਰੋਹ ਆਨੰਦਪੁਰ ਦੇ ਹੋਲਾ ਮਹੱਲਾ ਸਮਾਗਮ ਨਾਲ ਜੋੜਿਆ ਹੋਇਆ ਸੀ। ਸੰਨ 1970 ਹੋਵੇਗਾ ਜਾਂ ਇਕ ਸਾਲ ਅੱਗੇ ਪਿੱਛੇ।

ਸਨਮਾਨੇ ਜਾਣ ਵਾਲੇ ਸੱਜਣਾਂ ਵਿਚ ਹਰਿਭਜਨ ਸਿੰਘ ਤੇ ਸੂਬਾ ਸਿੰਘ ਵੀ ਸਨ। ਹਰਿਭਜਨ ਸਿੰਘ ਨੂੰ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ ਮਿਲਣਾ ਸੀ ਤੇ ਸੂਬਾ ਸਿੰਘ ਨੂੰ ਸ਼੍ਰੋਮਣੀ ਪੱਤਰਕਾਰ ਦਾ। ਸਬੱਬ ਨਾਲ ਦੋਵੇਂ ਰਾਮਗੜ੍ਹੀਏ ਸਨ ਤੇ ਪੰਜਾਬ ਦਾ ਮੁਖ ਮੰਤਰੀ ਜ਼ੈਲ ਸਿੰਘ ਵੀ ਇਸੇ ਬਰਾਦਰੀ ਵਿਚੋਂ ਸੀ। ਮੇਰੀ ਸਾਰਿਆਂ ਨਾਲ ਬਣਦੀ ਸੀ। ਮੇਰੀ ਖੁਲ੍ਹੀ ਦਾੜ੍ਹੀ ਕਾਰਨ ਬਹੁਤੇ ਲੋਕ ਮੈਨੂੰ ਵੀ ਰਾਮਗੜ੍ਹੀਆ ਹੀ ਸਮਝਦੇ ਸਨ। ਮੈਂ ਰਾਮਗੜ੍ਹੀਆਂ ਦੀ ਚੜ੍ਹਤ ਵਾਲੇ ਸਮਾਗਮ 'ਤੇ ਕਿਵੇਂ ਨਾ ਜਾਂਦਾ! ਕੋਟ ਫਤੂਹੀ ਵਾਲੀ ਛੋਟੀ ਭੈਣ ਬਲਵਿੰਦਰ ਤੋਂ ਉਸਦਾ ਮੋਟਰ ਸਾਈਕਲ ਮੰਗ ਕੇ ਤੇ ਆਪਣੀ ਪਤਨੀ ਨੂੰ ਪਿੱਛੇ ਬਿਠਾ ਕੇ 'ਨੰਦਪੁਰ' ਜਾ ਵੜਿਆ। ਸਾਡੇ ਲੋਕ ਪੂਰਾ ਆਨੰਦਪੁਰ ਨਹੀਂ



ਸਨ ਬੋਲਦੇ, ਆਨੰਦਪੁਰ ਸਾਹਿਬ ਕਹਿਣਾ ਤਾਂ ਬਹੁਤ ਪਿੱਛੋਂ ਦੀ ਗੱਲ ਹੈ। 'ਨੰਦਪੁਰ' ਵਿਚ ਸਿੱਖੀ ਠਾਠ ਦਾ ਹੜ੍ਹ ਆਇਆ ਪਿਆ ਸੀ। ਨਿਹੰਗਾਂ ਦੇ ਜ਼ੱਰਾਬਖਤਰ, ਘੋੜੇ, ਤਲਵਾਰਾਂ ਤੇ ਨੇਜੇ। ਤੰਬੂਆਂ ਵਿਚ ਭੰਗ ਦੇ ਚੁਬੱਚੇ ਤੇ ਥੰਮੀਆਂ ਨਾਲੋਂ ਵੱਡੇ ਭੰਗ ਘੋਟਣੇ। ਇਕ ਇਕ ਘੋਟਣੇ ਨੂੰ ਕਈ ਕਈ ਨਿਹੰਗ ਤੇ ਨਿਹੰਗਣੀਆਂ ਸਾਂਭ ਰਹੇ ਸਨ।

ਐਨੇ ਵੱਡੇ ਇਕੱਠ ਵਿਚ ਨਾ ਹੀ ਸੂਬਾ ਸਿੰਘ ਲੱਭਿਆ ਨਾ ਹਰਿਭਜਨ ਸਿੰਘ। ਭਾਸ਼ਾ ਵਿਭਾਗ ਦਾ ਡਾਇਰੈਕਟਰ ਤਾਂ ਕਿੱਥੋਂ ਲੱਭਣਾ ਸੀ। ਰਾਤ ਨੂੰ ਰਹਿਣ ਵਾਲੀ ਥਾਂ ਨਾ ਮਿਲਣ 'ਤੇ ਅਸੀਂ ਮੋਟਰ ਸਾਈਕਲ ਸਟਾਰਟ ਕਰਕੇ ਨਾਲ ਦੇ ਪਿੰਡ ਦੇ ਇਕ ਆਮ ਜਿਹੇ ਘਰ ਵਿਚ ਪਨਾਹ ਲਈ। ਉਨ੍ਹਾਂ ਦੇ ਘਰ ਪਹਿਲਾਂ ਵੀ ਬਹੁਤ ਪ੍ਰਾਹੁਣੇ ਸਨ। ਪਰ ਸਾਡੇ ਮੋਟਰ ਸਾਈਕਲ ਦਾ ਰੁਅਬ ਪੈ ਗਿਆ। ਦਿੱਲੀ ਦੇ ਵਾਸੀ ਹੋਣ ਦਾ ਵੀ। ਸਾਨੂੰ ਸੌਣ ਲਈ ਮੰਜੀ ਮਿਲ ਗਈ। ਪਤੀ ਪਤਨੀ ਇਕ ਹੀ ਮੰਜੀ 'ਤੇ ਕੁੰਭਕਰਨ ਵਾਲੀ ਨੀਂਦ ਸੁੱਤੇ।

ਸਮਾਗਮ ਵਿਚ ਗਿਆਨੀ ਜ਼ੈਲ ਸਿੰਘ ਨੇ ਸੂਬਾ ਸਿੰਘ ਬਾਰੇ ਬੋਲਦਿਆਂ ਕਿਹਾ ਕਿ ਸੂਬਾ ਤਾਂ ਜ਼ੈਲ ਤੋਂ ਵੱਡਾ ਹੁੰਦਾ ਹੈ। ਉਹਦੇ ਬਾਰੇ ਦੱਸਣ ਵਾਲਾ ਜ਼ੈਲ ਸਿੰਘ ਕੌਣ ਹੈ। ਜਦੋਂ ਸੂਬਾ ਸਿੰਘ ਦੀ ਵਾਰੀ ਆਈ ਤਾਂ ਉਸਨੇ ਭੰਡਾਂ ਵਾਲੇ ਅੰਦਾਜ਼ ਵਿਚ ਕਿਹਾ ਕਿ ਉਸ ਸੂਬੇ ਨੂੰ ਕੀ ਜਾਣੀਏਂ ਜਿਸਨੂੰ ਜ਼ੈਲ ਦੇ ਥੱਲੇ ਕੰਮ ਕਰਨਾ ਪੈ ਜਾਵੇ। ਸੂਬਾ ਸਿੰਘ ਉਨ੍ਹੀਂ ਦਿਨੀਂ ਮੁੱਖ ਮੰਤਰੀ ਜ਼ੈਲ ਸਿੰਘ ਦਾ ਪ੍ਰੈੱਸ ਸੈਕਟਰੀ ਸੀ। ਬਹੁਤ ਹਾਸਾ ਪਿਆ। ਹਰਿਭਜਨ ਸਿੰਘ ਤੇ ਬਾਕੀ ਦੇ ਪੁਰਸਕਾਰ ਵਿਜੇਤਾਵਾਂ ਬਾਰੇ ਕੀ ਗੱਲਾਂ ਹੋਈਆਂ, ਮੈਨੂੰ ਚੇਤੇ ਨਹੀਂ। ਦੂਜੇ ਦਿਨ ਆਖਰੀ ਜਲੂਸ ਵੇਖ ਕੇ ਅਸੀਂ ਵਾਪਸ ਕੋਟ ਫਤੂਹੀ ਆ ਗਏ ਤੇ ਉੱਥੋਂ ਆਪਣੀ ਦਿੱਲੀ।

ਦਿੱਲੀ ਪਹੁੰਚਿਆ ਹੀ ਸਾਂ ਕਿ 'ਕੌਮੀ ਏਕਤਾ' ਦੇ ਸੰਪਾਦਕ ਰਾਜਿੰਦਰ ਸਿੰਘ ਭਾਟੀਆ ਦਾ ਫੋਨ ਆ ਗਿਆ ਕਿ ਮੈਂ ਹੋਲਾ ਮਹੱਲਾ ਦੇ ਸਮਾਗਮ ਬਾਰੇ ਉਹਨਾਂ ਦੇ ਪਰਚੇ ਲਈ ਕੁਝ ਲਿਖ ਦਿਆਂ। 'ਕੌਮੀ ਏਕਤਾ' ਵਿਕਣ ਵਾਲਾ ਪਰਚਾ ਸੀ। ਪੜ੍ਹਿਆ ਵੀ ਜਾਂਦਾ ਸੀ। ਉਸਦਾ ਸੰਪਾਦਕ ਮੈਨੂੰ ਖੁਦ ਬੇਨਤੀ ਕਰ ਰਿਹਾ ਸੀ। ਅੰਨ੍ਹਾ ਕੀ ਮੰਗੇ ਦੋ ਅੱਖਾਂ। ਮੈਂ ਕਾਗਜ਼ ਚੁੱਕੀ ਤੇ ਉਪਰ ਲਿਖੀਆਂ ਗੱਲਾਂ ਨੂੰ ਮਿਰਚ ਮਸਾਲਾ ਲਾ ਕੇ ਰਿਪੋਰਟ ਲਿਖ ਦਿੱਤੀ।

ਇਸ ਵਾਰੀ ਦੀ ਫੇਰੀ ਦਾ ਬਚਪਨ ਦੀ 'ਨੰਦਪੁਰ' ਫੇਰੀ ਨਾਲ ਟਾਕਰਾ ਵੀ ਕੀਤਾ। ਕਿਵੇਂ ਮੈਂ ਆਪਣੇ ਬਾਪੂ ਨਾਲ ਸਾਈਕਲ 'ਤੇ ਅੱਗੇ ਪਿੱਛੇ ਬਹਿੰਦਾ ਤੇ ਕੋਹਾਂ ਦੇ ਕੋਹ ਤੁਰਦਾ ਨੂਰਪੁਰ ਬੇਦੀ ਬਿਸਰਾਮ ਕਰਕੇ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਨ੍ਹੇਰ ਚਾਨਣ ਮਾਣਦਾ 'ਨੰਦਪੁਰ' ਪਹੁੰਚ ਕੇ ਕਿਸੇ ਨਾ ਕਿਸੇ ਦੀਵਾਨ ਵਾਲੇ ਤੰਬੂਆਂ ਥੱਲੇ ਵਿਛੀ ਪਰਾਲ਼ੀ ਦਾ ਬਿਸਤਰਾ ਬਣਾ ਕੇ ਸੌਂਦਾ ਸਾਂ। ਮੇਰਾ ਬਾਪੂ ਬੈਠਾ ਸਾਰੀ ਰਾਤ ਕਵੀਆਂ ਦੀ ਕਵੀਸ਼ਰੀ ਸੁਣਦਾ ਰਹਿੰਦਾ।

ਰਿਪੋਰਟ ਪੜ੍ਹ ਕੇ ਸੰਪਾਦਕ ਨੇ ਆਪਣਾ ਚਪੜਾਸੀ ਮੇਰੇ ਘਰ ਭੇਜਿਆ। ਮੇਰੀ ਫੋਟੋ ਚਾਹੀਦੀ ਸੀ। ਰਿਪੋਰਟ ਦੇ ਨਾਲ ਛਾਪਣੀ ਸੀ। ਮੇਰੀ ਅੱਡੀ ਜ਼ਮੀਨ 'ਤੇ ਨਾ ਲੱਗੇ। ਮੈਂ ਬਣਦੀ ਫਬਦੀ ਦਿੱਖ ਵਾਲੀ ਫੋਟੋ ਲੱਭੀ ਤੇ ਲਿਫਾਫੇ ਵਿਚ ਬੰਦ ਕਰਕੇ ਚਪੜਾਸੀ ਨੂੰ ਦੇ ਦਿੱਤੀ। ਰਿਪੋਰਟ ਛਪ ਗਈ। ਉੱਚੀਆਂ ਨੀਵੀਂਆਂ ਗੱਲਾਂ ਦਾ ਬੜਾ ਮੁੱਲ ਪਿਆ। ਪ੍ਰਸ਼ੰਸਾ ਦੀਆਂ ਚਿੱਠੀਆਂ ਤੇ ਟੈਲੀਫੋਨ। ਮੈਂ ਭੈਣ ਦੇ ਮੋਟਰਸਾਇਕਲ ਨੂੰ ਦੁਆਵਾਂ ਦਿੱਤੀਆਂ। ਭਣੋਈਆ ਤੇ ਬਾਪੂ ਵੀ ਫੁੱਲੇ ਨਾ ਸਮਾਉਣ। ਇਕ ਦੇ ਮੋਟਰ ਸਾਇਕਲ ਤੇ ਦੂਜੇ ਦੇ ਸਾਈਕਲ ਦਾ ਅਖਬਾਰ ਵਿਚ ਨਾਂ ਬੋਲਦਾ ਸੀ।

ਮੇਰੀ ਰਿਪਰੋਟ ਤੋਂ ਖੁਸ਼ ਹੋ ਕੇ ਮੈਨੂੰ ਸੰਪਾਦਕ ਨੇ ਲਗਾਤਾਰ ਕਾਲਮ ਲਿਖਣ ਲਈ ਕਿਹਾ। ਮੈਨੂੰ ਪੱਤਰਕਾਰੀ ਚੂੰਢੀਆਂ ਵੱਢਣ ਲੱਗੀ। ਪਰ ਮੈਂ ਇਸ ਵੱਲ ਧਿਆਨ ਨਾ ਦਿੱਤਾ। ਸੱਚ ਪੁੱਛੋ ਤਾਂ ਮੈਨੂੰ ਮੇਰੀ ਕਾਲਮ ਨਵੀਸੀ ਦੀ ਸਮਰੱਥਾ ਦਾ ਗਿਆਨ ਉਸ ਅਮਰੀਕਨ ਫੇਰੀ ਨਾਲ

ਹੋਇਆ ਜਿਸਨੇ ਮੈਨੂੰ ਈਸਟਨ ਵਿਚ ਅਖਬਾਰ ਵਿਚ ਲਿਖਣ ਦਾ ਮੌਕਾ ਦਿੱਤਾ। ਰਸਾਲੇ ਦਾ ਸੰਪਾਦਕ ਮੇਰਾ ਮੱਦਾਹ ਬਣ ਗਿਆ ਤੇ ਉਸਦੀ ਸਹਾਇਕ ਪੀਟਰਸ ਮੇਰੀ ਚੰਗੀ ਖਾਸੀ ਮਿੱਤਰ।

ਵਾਪਸੀ ਉੱਤੇ ਮੈਂ ਮਹੀਨਾ ਭਰ ਇੰਗਲੈਂਡ ਲਾਉਣਾ ਸੀ। ਉੱਥੋਂ ਦੀ ਪ੍ਰਗਤੀਸ਼ੀਲ ਲਿਖਾਰੀ ਸਭਾ ਨੇ ਦੋ ਸਪਤਾਹ ਲਈ ਵਿਸ਼ਵ ਪੰਜਾਬੀ ਕਾਨਫਰੰਸ ਵਿਉਂਤ ਰੱਖੀ ਸੀ, ਜਿਸ ਵਿਚ ਮੈਂ ਸ਼ਿਰਕਤ ਕਰਨੀ ਸੀ। ਦੋ ਮਹੀਨੇ ਲੰਮੀ ਵਿਦੇਸ਼ ਫੇਰੀ ਪਿੱਛੋਂ ਜਦੋਂ ਮੈਂ ਵਾਪਸ ਘਰ ਪਹੁੰਚਿਆ ਤਾਂ ਗ਼ੈਰਹਾਜ਼ਰੀ ਵਿਚ ਆਈ ਡਾਕ ਵਿਚ ਇਕ ਚਿੱਠੀ ਪੀਟਰਸ ਦੀ ਸੀ। ਮੈਂ ਸਭ ਤੋਂ ਪਹਿਲਾਂ ਉਹੀਓ ਪੜ੍ਹੀ। ਉਸਨੇ ਬਹੁਤ ਸਾਰਾ ਪਿਆਰ ਜਤਾਉਣ ਪਿੱਛੋਂ ਉਹਨਾਂ ਲਿਖਤਾਂ ਦੀ ਤਾਰੀਫ ਕੀਤੀ ਸੀ ਜਿਹੜੀਆਂ ਮੈਂ ਉਹਨਾਂ ਦੇ ਰਸਾਲੇ ਲਈ ਲਿਖਦਾ ਰਿਹਾ ਸਾਂ। ਉਸਨੇ ਮੈਥੋਂ ਬਹੁਤ ਕੁਝ ਸਿੱਖਿਆ ਸੀ,ਜਿਸ ਲਈ ਮੇਰੀ ਉਹ ਰਿਣੀ ਸੀ। ਚਿੱਠੀ ਦੇ ਅੰਤਲੇ ਸ਼ਬਦ ਇਹ ਸਨ ਕਿ ਰਸਾਲੇ ਦੇ ਸੰਪਾਦਕ ਬਰੂਸ ਨੂੰ ਹੀ ਨਹੀਂ ਪਾਠਕਾਂ ਨੂੰ ਵੀ ਮੇਰਾ ਕਾਲਮ ਬਹੁਤ ਪਸੰਦ ਆਇਆ ਸੀ।

ਜਿਨ੍ਹਾਂ ਲਿਖਤਾਂ ਨੂੰ ਮੈਂ ਅਮਰੀਕਨ ਪੱਤਰਕਾਰੀ ਵਿਚ ਆਪਣੀ ਪ੍ਰਾਪਤੀ ਸਮਝਦਾ ਸਾਂ, ਉਹਨਾਂ ਦੀ ਨਜ਼ਰ ਵਿਚ ਉਹ ਕਾਲਮ ਨਵੀਸੀ ਸੀ। ਏਸ ਟਿੱਪਣੀ ਨੇ ਮੇਰੇ ਮਨ ਵਿਚ ਕਾਲਮ ਲਿਖਣ ਦੀ ਚਾਹਨਾ ਪੈਦਾ ਕੀਤੀ। ਸਰਕਾਰੀ ਨੌਕਰੀ ਸਮੇਂ ਮੈਨੂੰ ਕਾਲਮ ਨਵੀਸ ਬਣਨ ਤੋਂ ਝਿਜਕ ਆਉਂਦੀ ਰਹੀ। ਮੈਂ ਇਸਨੂੰ ਰਚਨਾਕਾਰੀ ਨਹੀਂ ਸੀ ਸਮਝਦਾ। ਸਰਕਾਰੀ ਨੌਕਰੀ ਸਮੇਂ ਹਰ ਉਸ ਲਿਖਤ ਉੱਤੇ ਉਂਗਲ ਉੱਠ ਸਕਦੀ ਸੀ ਜਿਹੜੀ ਮੌਲਿਕ ਰਚਨਾਕਾਰੀ ਦੇ ਘੇਰੇ ਵਿਚ ਨਹੀਂ ਸੀ ਆਉਂਦੀ। ਮੈਂ ਏਸ ਪਾਸੇ ਉਦੋਂ ਹੀ ਪਿਆ ਜਦੋਂ ਹਰ ਤਰ੍ਹਾਂ ਦੀਆਂ ਨੌਕਰੀਆਂ ਤੋਂ ਸੇਵਾ ਮੁਕਤ ਹੋ ਗਿਆ।

ਕਈ ਕੰਮਾਂ ਵਿਚ ਮੇਰਾ ਮਾਡਲ ਖੁਸ਼ਵੰਤ ਸਿੰਘ ਰਿਹਾ ਹੈ। ਭਾਵੇਂ ਉਹ ਨੌਕਰੀ ਕਰਦੇ ਸਮੇਂ ਵੀ ਕਾਲਮ ਲਿਖਦਾ ਸੀ ਪਰ ਨੌਕਰੀਆਂ ਤੋਂ ਸੇਵਾ ਮੁਕਤ ਹੋ ਕੇ ਉਹ ਲਗਾਤਾਰ ਕਾਲਮ ਲਿਖ ਰਿਹਾ ਹੈ। ਮੈਂ ਪੰਜਾਬੀ ਵਿਚ ਉਹਦੇ ਵਰਗਾ ਲਿਖਣਾ ਚਾਹੁੰਦਾ ਸਾਂ ਪਰ ਮੈਨੂੰ ਕਾਲਮ ਨਵੀਸ ਬਣਨ ਲਈ ਕਿਸੇ ਨੂੰ ਬੇਨਤੀ ਕਰਨੀ ਠੀਕ ਨਹੀਂ ਸੀ ਲੱਗਦੀ। ਮੈਂ ਨਮੂਨੇ ਦਾ ਕਾਲਮ ਲਿਖ ਕੇ ਚਾਰ ਅਖਬਾਰਾਂ ਨੂੰ ਭੇਜਣ ਦਾ ਫੈਸਲਾ ਲਿਆ। 'ਪੰਜਾਬੀ ਟ੍ਰਿਬਿਊਨ', 'ਅਜੀਤ', 'ਜੱਗ ਬਾਣੀ' ਤੇ 'ਨਵਾਂ ਜ਼ਮਾਨਾ' ਨੂੰ। ਹਰ ਫੋਟੋ ਕਾਪੀ 'ਤੇ ਲਿਖ ਦਿੱਤਾ ਕਿ ਫਲਾਂ ਮਿਤੀ ਨੂੰ ਜਾਂ ਉਸ ਤੋਂ ਪਿੱਛੋਂ ਛਪਣ ਲਈ ਹੈ।

ਮੈਂ ਚਾਰ ਲਿਫਾਫੇ ਬਣਾ ਕੇ ਆਪਣੀ ਕਾਰ ਕੱਢੀ ਤੇ ਸਭ ਤੋਂ ਪਹਿਲਾਂ 'ਪੰਜਾਬੀ ਟ੍ਰਿਬਿਊਨ' ਦੇ ਦਫਤਰ ਗਿਆ ਤੇ ਉਹਨਾਂ ਵਾਲਾ ਲਿਫਾਫਾ ਡਾਕ ਕਾਊਂਟਰ ਉੱਤੇ ਛੱਡ ਆਇਆ। ਜੇ ਅੰਦਰ ਜਾ ਕੇ ਦਿੰਦਾ ਤਾਂ ਇਸ ਨੇ ਬੇਨਤੀ ਦਾ ਰੂਪ ਧਾਰ ਲੈਣਾ ਸੀ, ਜਿਹੜੀ ਮੈਂ ਕਰਨੀ ਨਹੀਂ ਸੀ। ਇਸ ਤੋਂ ਪਿੱਛੋਂ 'ਜੱਗ ਬਾਣੀ' ਤੇ ਫੇਰ 'ਅਜੀਤ' ਦੇ ਦਫਤਰ। ਮੈਂ ਕਿਸੇ ਵੀ ਦਫਤਰ ਕਿਸੇ ਨੂੰ ਨਹੀਂ ਮਿਲਿਆ। 'ਨਵਾਂ ਜ਼ਮਾਨਾ' ਵਾਲਾ ਲਿਫਾਫਾ ਡਾਕ ਰਾਹੀਂ ਭੇਜਣਾ ਸੀ। ਉਹ ਘਰੋਂ ਨਿਕਲਦੇ ਸਾਰ ਸਭ ਤੋਂ ਪਹਿਲਾਂ ਆਪਣੇ ਸੈਕਟਰ ਵਾਲੇ ਡਾਕਖਾਨੇ ਵਿਚ ਪਾ ਦਿੱਤਾ ਸੀ।

ਦਿੱਤੀ ਹੋਈ ਮਿਤੀ ਵਾਲੇ ਦਿਨ ਮੈਂ ਤੜਕੇ ਸੈਰ ਤੋਂ ਮੁੜਦੇ ਸਾਰ 37 ਸੈਕਟਰ ਵਾਲੇ ਅਖਬਾਰ ਸੈਂਟਰ ਤੋਂ ਚਾਰੇ ਦੀਆਂ ਚਾਰੇ ਅਖਬਾਰਾਂ ਲੈ ਕੇ ਘਰ ਨੂੰ ਤੁਰ ਪਿਆ। ਖੋਲ੍ਹ ਕੇ ਦੇਖਣ ਦੀ ਹਿੰਮਤ ਨਹੀਂ ਕੀਤੀ। ਜੇ ਕਿਸੇ ਵੀ ਅਖਬਾਰ ਨੇ ਨਾ ਛਾਪਿਆ ਤਾਂ ਬੇਇੱਜ਼ਤ ਹੋਵਾਂਗੇ। ਮੈਂ ਆਪਣੀਆਂ ਨਜ਼ਰਾਂ ਵਿਚ ਘਰ ਪਹੁੰਚ ਕੇ ਬੇਇੱਜ਼ਤ ਹੋਣਾ ਠੀਕ ਸਮਝਿਆ। ਅਖਬਾਰਾਂ ਫਰੋਲੀਆਂ ਤਾਂ ਸੱਚਮੁੱਚ ਹੀ ਬੇਇੱਜ਼ਤ ਹੋਇਆ ਪਿਆ ਸਾਂ। ਪਹਿਲਾਂ ਪਾਣੀ ਪੀਤਾ, ਫੇਰ ਕਾਫੀ ਦਾ ਕੱਪ ਬਣਾਇਆ ਤੇ ਫੇਰ ਲਿਖਣ ਪੜ੍ਹਨ ਨਾਲ ਸੰਬੰਧਤ ਉਹ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਿਹੜਾ ਬੇਇੱਜ਼ਤੀ ਨੂੰ ਇੱਜ਼ਤ ਬਖਸ਼ਣ ਲਈ ਮਿਥਿਆ ਹੋਇਆ ਸੀ। 'ਸਿਰਜਣਾ' ਲਈ ਪੁਸਤਕ ਰੀਵੀਊ ਲਿਖਣ ਲੱਗ ਪਿਆ। ਇਸ ਨੇ ਹਰ ਹਾਲਤ ਵਿਚ ਛਪ ਜਾਣਾ ਸੀ।



ਅਗਲੇ ਦਿਨ ਤਿੰਨ ਟੈਲੀਫੋਨ ਆਏ। ਸਵੇਰੇ ਸਵੇਰੇ। ਸਭ ਤੋਂ ਪਹਿਲਾਂ 'ਦੈਨਿਕ ਭਾਸਕਰ' ਵਾਲੇ ਸਰਵਮੀਤ ਦਾ। ਸਵਾਲੀਆ ਫੋਨ। 'ਅਜੀਤ' ਲਈ ਕਾਲਮ ਲਿਖਣ ਲੱਗ ਪਏ ਹੋ?' ਉਸ ਤੋਂ ਪਿੱਛੋਂ 'ਨਵਾਂ ਜ਼ਮਾਨਾ' ਦੇ ਜਤਿੰਦਰ ਪੰਨੂੰ ਦਾ ਨਿਹੋਰੇ ਵਾਲਾ। ਉਹਨਾਂ ਲਈ ਕਿਉਂ ਨਹੀਂ ਲਿਖਦਾ। ਪਤਾ ਲੱਗਿਆ ਕਿ ਉਹਦੇ ਤਕ ਮੇਰਾ ਲਿਖਿਆ ਪਹੁੰਚਿਆ ਹੀ ਨਹੀਂ। ਇਕ 'ਅਕਸ' ਵਾਲੇ ਅਮਰਜੀਤ ਸਿੰਘ ਦਾ। ਦਿੱਲੀ ਤੋਂ। ਇਹ ਦੱਸਣ ਲਈ ਕਿ ਉਸ ਨੂੰ ਮੇਰਾ ਲਿਖਿਆ ਪਸੰਦ ਆਇਆ ਹੈ। ਬੇਇੱਜ਼ਤੀ ਅਤੇ ਅੰਦਰ ਦਾ ਗ਼ਮ ਖੰਭ ਲਾ ਕੇ ਉੱਡ ਗਏ। ਗ਼ਮਾਂ ਦੀ ਉਡਾਰੀ ਕਿਧਰੇ ਨੇੜੇ ਹੀ ਸੀ ਕਿ ਦੁਪਹਿਰ ਤੋਂ ਪਿੱਛੋਂ 'ਅਜੀਤ' ਤੋਂ ਫੋਨ ਕਾਲ ਸੀ। ਉਹਨਾਂ ਦੇ 'ਭਾਅ ਜੀ' ਦੀ। ਇਹ ਦੱਸਣ ਲਈ ਕਿ ਕਾਲਮ ਛਪਣ ਵਿਚ ਇਕ ਦਿਨ ਦੀ ਦੇਰੀ ਏਸ ਲਈ ਹੋ ਗਈ ਸੀ ਕਿ ਉਹਨਾਂ ਨੂੰ ਮੇਰੀ ਫੋਟੋ ਨਹੀਂ ਸੀ ਲੱਭ ਰਹੀ। ਬਰਜਿੰਦਰ ਸਿੰਘ ਦੇ ਬੋਲਾਂ ਵਿਚ ਨਿੱਘ ਹੀ ਨਿੱਘ ਸੀ। ਇਕ ਐਲਾਨ ਵੀ ਕਿ ਜੇ ਮੈਂ ਲਗਾਤਾਰ ਲਿਖ ਸਕਾਂ ਤਾਂ ਉਹ ਮੇਰਾ ਲਿਖਿਆ ਹਰ ਹਫਤੇ ਛਾਪਣਾ ਚਾਹੁਣਗੇ। ਉਹਨਾਂ ਨੂੰ ਮੇਰਾ ਦਿੱਤਾ ਨਾਂ ਵੀ ਪਸੰਦ ਸੀ 'ਨਿੱਕ ਸੁੱਕ'। ਮੈਂ ਉਦੋਂ ਤੋਂ ਕਾਲਮ ਲਿਖ ਰਿਹਾ ਹਾਂ।

ਹੁਣ ਮੈਥੋਂ ਹੋਰ ਅਖਬਾਰਾਂ ਵੀ ਕਾਲਮ ਮੰਗਣ ਲੱਗ ਪਈਆਂ ਹਨ। 'ਪੰਜਾਬੀ ਟ੍ਰਿਬਿਊਨ' ਵੀ ਜਿਨ੍ਹਾਂ ਨੇ ਮੇਰਾ 'ਨਿੱਕ ਸੁੱਕ' ਪ੍ਰਵਾਨ ਨਹੀਂ ਸੀ ਕੀਤਾ। ਉਹਨਾਂ ਲਈ ਮੈਂ 'ਸਰਗੋਸ਼ੀਆਂ' ਲਿਖਦਾ ਹਾਂ। ਆਪਣੀਆਂ ਸਾਹਿਤਕ ਯਾਦਾਂ। ਆਪਣੇ ਮਿੱਤਰਾਂ ਪਿਆਰਿਆਂ ਦੇ ਰੇਖਾ-ਚਿੱਤਰ। ਮੇਰਾ ਕਾਲਮ 'ਤ੍ਰੇਲ ਤੁਪਕਾ' 'ਪਰਵਾਸੀ' ਵਿਚ ਛਪਦਾ ਰਿਹਾ ਹੈ। ਇਹ ਪਰਚਾ ਇਕੋ ਸਮੇਂ ਕੈਨੇਡਾ ਦੇ ਤਿੰਨ ਸ਼ਹਿਰਾਂ ਤੋਂ ਛਪਦਾ ਹੈ। ਟੋਰਾਂਟੋ, ਵੈਨਕੂਵਰ ਤੇ ਕੈਲਗਰੀ ਤੋਂ। 'ਨਿੱਕ ਸੁੱਕ' ਕੈਲੇਫੋਰਨੀਆ ਤੋਂ ਨਿਕਲਦੇ 'ਅੰਮ੍ਰਿਤਸਰ ਟਾਈਮਜ਼' ਵਿਚ ਵੀ ਛਪਦਾ ਹੈ, ਸ਼ਿਕਾਗੋ ਵਾਲੇ 'ਪੰਜਾਬ ਟਾਈਮਜ਼' ਵਿਚ ਵੀ। 'ਸਿਰਜਣਾ' ਵਿਚ ਲਗਾਤਾਰ ਪੁਸਤਕ ਰੀਵੀਊ ਛਪ ਰਹੇ ਹਨ। ਮੈਂ ਇਸ ਵੇਲੇ ਪੰਜਾਬੀ ਵਿਚ ਕਾਲਮ ਲਿਖਣ ਤੇ ਛਪਣ ਵਾਲਿਆਂ ਵਿਚ ਸਭ ਤੋਂ ਵੱਧ ਛਪਦਾ ਹਾਂ। ਸਿਆਣੇ ਇਸ ਨੂੰ ਚੰਗਾ ਸ਼ਗਨ ਨਹੀਂ ਮੰਨਦੇ। ਦੇਖੋ ਕੀ ਬਣਦਾ ਹੈ।

ਮੈਂ ਅੱਜ ਕੱਲ੍ਹ ਕਾਲਮ ਹੀ ਲਿਖਦਾ ਹਾਂ। ਮੇਰਾ ਲਿਖਿਆ 'ਅਜੀਤ' ਵਾਲੇ ਵੀ ਛਾਪਦੇ ਹਨ ਤੇ 'ਪੰਜਾਬੀ ਟ੍ਰਿਬਿਊਨ' ਵਾਲੇ ਵੀ। ਮੇਰੀਆਂ ਕੁਝ ਲਿਖਤਾਂ ਹਿੰਦੀ ਤੇ ਉਰਦੂ ਦੇ ਪਰਚਿਆਂ ਵਿਚ ਵੀ ਛਪਦੀਆਂ ਹਨ। ਖਾਸ ਕਰਕੇ 'ਦੈਨਿਕ ਭਾਸਕਰ' ਵਿਚ। ਪਰ ਕਾਲਮ ਦਾ ਨਿਯਮ ਪਾਲਣਾ ਬੜਾ ਕਠਿਨ ਹੈ। ਖੁਸ਼ਵੰਤ ਸਿੰਘ ਪਿਛਲੇ ਸੱਠਾਂ ਸਾਲਾਂ ਤੋਂ ਕਾਲਮ ਲਿਖਦਾ ਹੈ। ਉਹ ਬੜੇ ਫਖਰ ਨਾਲ ਕਹਿੰਦਾ ਹੈ ਕਿ ਉਸ ਨੇ ਕਦੀ ਵੀ ਲੜੀ ਨਹੀਂ ਟੁੱਟਣ ਦਿੱਤੀ। ਇਕ ਵਾਰੀ ਮੈਂ ਉਸ ਨੂੰ ਓਸੇ ਦੀ ਕਿਤਾਬ ਦੀਆਂ ਛਪੀਆਂ ਕੁਝ ਕਾਪੀਆਂ ਦੇਣੀਆਂ ਸਨ। ਮੈਂ ਚੰਡੀਗੜ੍ਹ ਤੋਂ ਦਿੱਲੀ ਪਹੁੰਚ ਕੇ ਚਾਈਂ ਚਾਈਂ ਟੈਲੀਫੋਨ ਕੀਤਾ। ਉਹਦੇ ਵੱਲੋਂ 'ਅੱਜ ਨਾ ਆਈਂ,ਅੱਜ ਮੈਂ ਕਾਲਮ ਲਿਖਣਾ ਹੈ' ਸੁਣ ਕੇ ਮੈਨੂੰ ਝਟਕਾ ਜਿਹਾ ਲੱਗਿਆ। ਜਦ ਮੈਂ ਕਿਹਾ ਕਿ ਮੈਨੂੰ ਕਿਤਾਬਾਂ ਦੇਣ ਤੋਂ ਬਿਨਾਂ ਹੋਰ ਕੋਈ ਕੰਮ ਨਹੀਂ', ਤਾਂ ਬੋਲਿਆ, 'ਮੇਰਾ ਨੌਕਰ ਬਾਹਰ ਖੜ੍ਹਾ ਹੋਵੇਗਾ, ਉਹਨੂੰ ਫੜਾ ਜਾਵੀਂ।' ਮੈਂ ਕਿਤਾਬਾਂ ਦੇਣ ਗਿਆ ਤਾਂ ਗੋਰਖੇ ਨੇ ਜ਼ਿੱਦ ਕੀਤੀ ਕਿ ਮੈਂ ਇਕ ਮਿੰਟ ਲਈ ਜ਼ਰੂਰ ਰੁਕਾਂ। ਖੁਸ਼ਵੰਤ ਸਿੰਘ ਦਰਵਾਜ਼ਾ ਖੋਲ੍ਹ ਕੇ ਮੁਆਫੀ ਮੰਗਣ ਆਇਆ ਸੀ। ਮੈਨੂੰ ਅੰਦਰ ਬੁਲਾਉਣ ਨਹੀਂ, ਕੇਵਲ ਇਹ ਦੱਸਣ ਕਿ ਉਹ ਕਾਲਮ ਲਿਖ ਰਿਹਾ ਸੀ। ਹੁਣ ਜਦੋਂ ਮੈਨੂੰ ਕਾਲਮ ਲਿਖਦਿਆਂ ਦਸ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ, ਮੈਨੂੰ ਖੁਸ਼ਵੰਤ ਸਿੰਘ ਦੀ ਮਜਬੂਰੀ ਦਾ ਪੂਰਾ ਗਿਆਨ ਹੋ ਚੁੱਕਾ ਹੈ।

ਮੇਰੀ ਰਚਨਾਕਾਰੀ ਗਲਪ ਰਚਨਾ ਤੇ ਕਾਲਮ ਨਵੀਸੀ ਤਕ ਸੀਮਤ ਨਹੀਂ। ਮੈਂ ਸਮਾਚਾਰ ਪੱਤਰਾਂ ਤੇ ਰਸਾਲਿਆਂ ਲਈ ਸਾਹਿਤਕਾਰਾਂ, ਸਾਥੀਆਂ, ਅਫਸਰਾਂ ਤੇ ਮਨ-ਪਸੰਦ ਸਿਆਸਤਦਾਨਾਂ ਦੇ ਸ਼ਬਦ-ਚਿੱਤਰ ਵੀ ਲਿਖਦਾ ਰਿਹਾ ਹਾਂ ਤੇ ਆਪਣੇ ਸਫਰਾਂ 'ਤੇ ਆਧਾਰਤ ਯਾਦ

ਚਿਤਰ ਵੀ। ਇਹਨਾਂ ਵਿਚੋਂ ਚੋਣਵੇਂ ਲੇਖ ਮੇਰੀਆਂ ਤਿੰਨ ਪੁਸਤਕਾਂ ਵਿਚ ਸ਼ਾਮਲ ਹਨ। ਮੈਂ ਸਫਰਾਂ ਨਾਲ ਸੰਬੰਧਤ ਲੇਖਾਂ ਵਾਲੀ ਪੁਸਤਕ ਦਾ ਨਾਂ '25 ਮੁਲਕ 75 ਗੱਲਾਂ' ਰੱਖਿਆ ਹੈ ਤੇ ਸ਼ਬਦ-ਚਿਤਰਾਂ ਵਾਲੀ ਦਾ 'ਮੇਰੀ ਸਹੁੰ'। 'ਮੇਰੀ ਸਹੁੰ' ਵਿਚ ਗੁਰਬਖਸ਼ ਸਿੰਘ ਪ੍ਰੀਤ ਲੜੀ ਅਤੇ ਪ੍ਰਤਾਪ ਸਿੰਘ ਕੈਰੋਂ ਤੋਂ ਲੈ ਕੇ ਐੱਸ.ਐੱਸ.ਮੀਸ਼ਾ ਤੇ ਸ਼ਿਵ ਕੁਮਾਰ ਬਟਾਲਵੀ ਦੇ ਰੇਖਾ-ਚਿਤਰ ਹਨ, ਜਿਹੜੇ 'ਸਰਗੋਸ਼ੀਆਂ' ਸਿਰਲੇਖ ਥੱਲੇ ਛਪਦੇ ਰਹੇ ਹਨ। ਮੇਰੇ ਮਿੱਤਰ ਨਵਜੀਤ ਸਿੰਘ ਜੌਹਲ ਨੇ ਪਿਛਲੇ ਪੰਜਾਹ ਸਾਲਾਂ ਵਿਚ ਮੇਰੇ ਵੱਖ ਵੱਖ ਅਖਬਾਰਾਂ ਤੇ ਰਸਾਲਿਆਂ ਵਿਚ ਸਮੇਂ ਸਮੇਂ ਲਿਖੇ ਲੇਖ, ਚਿਤਰ, ਸੰਪਾਦਕੀਆਂ ਤੇ ਟਿੱਪਣੀਆਂ ਚੁਣ ਕੇ ਮੇਰੀਆਂ ਅਖਬਾਰੀ ਲਿਖਤਾਂ ਦੀ ਇਕ ਚੋਣਵੀਂ ਪੁਸਤਕ ਤਿਆਰ ਕੀਤੀ ਹੈ, ਜਿਸਨੂੰ ਅਸੀਂ 'ਮੇਰਾ ਪੰਜਾਬ ਤੇ ਮੇਰੀ ਪੱਤਰਕਾਰੀ' ਨਾਂ ਥੱਲੇ ਪ੍ਰਕਾਸ਼ਤ ਕੀਤਾ ਹੈ।

ਮੈਂ ਪੱਤਰਕਾਰੀ ਵੀ ਕੀਤੀ ਹੈ। ਕਿਵੇਂ ਨਾ ਕਿਵੇਂ ਮੈਂ ਏਸ ਵਿਚ ਧੱਕ ਦਿੱਤਾ ਜਾਂਦਾ ਰਿਹਾ ਹਾਂ। ਇਹ ਮੇਰਾ ਖੇਤਰ ਨਹੀਂ। ਮੈਨੂੰ ਇਸਦਾ ਸ਼ੌਕ ਵੀ ਨਹੀਂ।

ਮੈਨੂੰ 'ਪੰਜਾਬੀ ਟ੍ਰਿਬਿਊਨ' ਲਈ ਚੁਣਨ ਵਾਲੇ ਟ੍ਰਿਬਿਊਨ ਟਰੱਸਟ ਦੇ ਧੜੱਲੇਦਾਰ ਟਰੱਸਟੀ ਮਹਿੰਦਰ ਸਿੰਘ ਰੰਧਾਵਾ ਤੇ ਦਿੱਲੀ ਤੋਂ ਮੇਰੇ ਜਾਣੂ ਪ੍ਰੇਮ ਭਾਟੀਆਂ ਸਨ। ਪੰਜਾਬ ਅਤਿਵਾਦ ਵਿਚ ਘਿਰਿਆ ਹੋਇਆ ਸੀ। ਅਖਬਾਰਾਂ ਦੀ ਵਿਕਰੀ ਸਰਕਾਰੀ ਸੈਂਸਰਸ਼ਿਪ ਤੇ ਗ਼ੈਰ-ਸਰਕਾਰੀ ਅਤਿਵਾਦ ਉੱਤੇ ਨਿਰਭਰ ਸੀ। 'ਪੰਜਾਬੀ ਟ੍ਰਿਬਿਊਨ' ਦੀ ਘਟੀ ਹੋਈ ਵਿਕਰੀ ਦੇ ਨਾਲ ਰੰਧਾਵਾ ਦਾ ਅਕਾਲ ਚਲਾਣਾ ਤੇ ਪ੍ਰੇਮ ਭਾਟੀਆ ਦੀ ਸੇਵਾ ਮੁਕਤੀ ਸ਼ਾਮਲ ਹੋ ਜਾਣ ਕਾਰਨ ਮੇਰੀ ਉੱਥੋਂ ਛੁੱਟੀ ਹੋ ਗਈ। ਪਰ ਏਸ ਸੰਪਾਦਕੀ ਤੇ ਇਸਤੋਂ ਪਹਿਲਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਦੋ ਸਾਲ ਕੀਤੀ ਉੱਥੋਂ ਦੇ ਸੰਚਾਰ ਕੇਂਦਰ ਦੀ ਨੌਕਰੀ ਨੇ ਮੈਨੂੰ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਤੇ ਜਨ ਸੰਚਾਰ ਵਿਭਾਗ ਦੀ ਕਮਾਂਡ ਸੰਭਾਲ ਦਿੱਤੀ।

ਮੈਂ ਉੱਥੋਂ ਸੇਵਾ ਮੁਕਤ ਹੋਇਆ ਤਾਂ ਮੈਨੂੰ ਮਾਰਕਸੀ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਨੇ ਚੰਡੀਗੜ੍ਹ ਤੋਂ ਪੰਜਾਬੀ ਵਿਚ 'ਦੇਸ਼ ਸੇਵਕ' ਨਾਂ ਦਾ ਰੋਜ਼ਾਨਾ ਅਖਬਾਰ ਕੱਢਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਮੈਂ ਪਰਚੇ ਦੇ ਸੰਪਾਦਕੀ ਤੇ ਪ੍ਰਬੰਧਕੀ ਦੋਨੋਂ ਪੱਖ ਵੇਖਣੇ ਸਨ। ਪਾਰਟੀ ਸੈਕਟਰੀ ਮੰਗਤ ਰਾਮ ਪਾਸਲਾ ਤੇ ਛਾਪਕ ਪ੍ਰਕਾਸ਼ਕ ਹਰਕੰਵਲ ਸਿੰਘ ਮੇਰੇ ਨਾਲ ਸਨ। ਪਾਸਲਾ ਮੇਰੇ ਮਿੱਤਰ ਡਾ. ਰਘਬੀਰ ਸਿੰਘ ਸਿਰਜਣਾ ਦਾ ਵਿਦਿਆਰਥੀ ਰਿਹਾ ਸੀ ਅਤੇ ਬਣਨ ਵਾਲਾ ਜਨਰਲ ਮੈਨੇਜਰ ਗੁਰਦਰਸ਼ਨ ਬੀਕਾ ਪਾਸਲਾ ਦਾ ਨਿਕਟੀ ਦੋਸਤ। 'ਪੰਜਾਬੀ ਟ੍ਰਿਬਿਊਨ' ਵੇਲੇ ਦੇ ਰਹਿ ਚੁੱਕੇ ਸਾਥੀਆਂ ਤੇ ਯੂਨੀਵਰਸਿਟੀ ਵਿਚ ਮੇਰੇ ਕੋਲੋਂ ਪੜ੍ਹੇ ਹੋਏ ਵਿਦਿਆਰਥੀਆਂ ਨੇ ਮੇਰੀ ਬਾਂਹ ਫੜੀ। ਮੇਰੇ ਕੋਲ 'ਪੰਜਾਬੀ ਟ੍ਰਿਬਿਊਨ' ਕੱਢਣ ਸਮੇਂ ਦੀਆਂ ਜਨਮ ਪੀੜਾਂ ਦਾ ਇਲਾਜ ਕਰਨ ਦੇ ਭੇਦ ਵੀ ਪਹੁੰਚ ਗਏ ਤੇ ਮੇਰੇ ਰਹਿ ਚੁੱਕੇ ਵਿਦਿਆਰਥੀਆਂ ਦੀ ਮੇਰੇ ਪ੍ਰਤੀ ਕਮਿਟਮੈਂਟ ਵੀ। ਉਹ ਮੇਰੇ ਨਾਲ ਹੋ ਤੁਰੇ। ਮੈਂ ਆਪਣੇ ਨਾਲ ਇਕ ਪੁਰਾਣੇ ਕਮਿਊਨਿਸਟ ਬੁੱਧੀਜੀਵੀ ਨੂੰ ਸਹਿ ਸੰਪਾਦਕ ਵਜੋਂ ਜੋੜ ਲਿਆ ਤਾਂ ਜੁ ਪਾਰਟੀ ਦੀ ਪਹੁੰਚ ਅਤੇ ਨੀਤੀ ਉੱਤੇ ਪਹਿਰਾ ਦੇਣ ਵਿਚ ਕੋਈ ਤਰੁਟੀ ਨਾ ਆਵੇ। ਉਹ ਤਹਿ ਕੀਤੇ ਵਿਸ਼ੇ ਉੱਤੇ ਸੰਪਾਦਕੀ ਲਿਖਣ ਦਾ ਮਾਹਰ ਸੀ। ਮੇਰਾ ਕੰਮ ਕੇਵਲ ਵਿਸ਼ੇ ਦੀ ਚੋਣ ਕਰਨ ਸਮੇਂ ਉਸ ਦੀ ਸਹਾਇਤਾ ਕਰਨਾ ਸੀ ਤੇ ਜਾਂ ਫੇਰ ਸੰਪਾਦਕੀ ਨੂੰ ਨਿੱਜ ਮੁਖੀ ਹੋਣ ਦੀ ਥਾਂ ਅਦਾਰਾ ਮੁਖੀ ਰੱਖਣ ਉੱਤੇ ਪਹਿਰਾ ਦੇਣਾ।

ਸੰਪਾਦਕੀ ਪੰਨੇ ਨੂੰ ਬੋਝਲ ਤੇ ਲੋੜ ਤੋਂ ਵੱਧ ਗੰਭੀਰ ਹੋਣ ਤੋਂ ਬਚਾਉਣ ਲਈ ਮੈਂ ਇਸ ਪੰਨੇ ਉੱਤੇ ਹਲਕਾ ਫੁਲਕਾ ਨਿਤਾ ਪ੍ਰਤੀ ਜੀਵਨ ਨਾਲ ਸੰਬੰਧਤ ਮਿਡਲ ਲਿਖਣਾ, ਲਿਖਵਾਣਾ ਤੇ ਲੱਭਣਾ ਹੁੰਦਾ ਸੀ। ਇਹ ਪਹਿਲੀ ਵਾਰ ਸੀ ਕਿ ਪੰਜਾਬੀ ਦੇ ਕਿਸੇ ਰੋਜ਼ਾਨਾ ਅਖਬਾਰ ਨੇ ਬਿਨਾਂ ਨਾਗਾ ਮਿਡਲ ਛਾਪਣ ਦਾ ਨਿਯਮ ਨਿਭਾਇਆ। ਇਸੇ ਪੰਨੇ ਨੂੰ ਹੋਰ ਹਲਕਾ ਫੁਲਕਾ ਤੇ ਦਿਲਚਸਪ ਬਣਾਉਣ ਵਾਸਤੇ ਮੈਂ ਖੁਸ਼ਵੰਤ ਸਿੰਘ ਦੀ ਆਗਿਆ ਲੈ ਕੇ ਉਹਦੇ ਬਹੁ-ਚਰਚਤ ਤੇ ਪ੍ਰਸਿੱਧ ਕਾਲਮਾਂ



ਦੇ ਅੰਤ ਉੱਤੇ ਛਾਪੇ ਗਏ ਲਤੀਫੇ ਛਾਪਣੇ ਸ਼ੁਰੂ ਕੀਤੇ। ਪਹਿਲੇ ਪੰਨੇ ਦੀ ਦਿੱਖ ਬਣਾਉਣ ਲਈ ਮੈਂ ਅੰਗਰੇਜ਼ੀ ਦੇ ਨਵੇਂ ਅਖਬਾਰ 'ਪਾਇਓਨੀਅਰ' ਦੀ ਨਕਲ ਮਾਰੀ। ਸਾਰੀ ਦੀ ਸਾਰੀ ਖਬਰ, ਬਚਦਾ ਮੈਟਰ ਕਿਸੇ ਹੋਰ ਪੰਨੇ 'ਤੇ ਲਿਜਾਏ ਬਿਨਾਂ, ਪਹਿਲੇ ਪੰਨੇ ਉੱਤੇ ਹੀ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਨਤੀਜੇ ਵਜੋਂ ਪਰਚੇ ਵਿਚ ਜਾਨ ਪੈ ਗਈ। ਇਸ ਦੀ ਦਿੱਖ ਤੇ ਪੇਸ਼ਕਾਰੀ ਨਾਲ ਪੁਰਾਣੇ ਤੇ ਸਥਾਪਤ ਅਖਬਾਰਾਂ ਨੂ ਵੀ ਈਰਖਾ ਹੋਣ ਲੱਗੀ।

ਮੇਰੀਆਂ ਸਰਕਾਰੀ ਤੇ ਗ਼ੈਰ ਸਰਕਾਰੀ ਸੰਪਾਦਕੀਆਂ ਸਮੇਂ ਮੇਰਾ ਰਾਜ ਗਿੱਲ, ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ ਤੇ ਖੁਸ਼ਵੰਤ ਸਿੰਘ ਵਰਗੇ ਉੱਘੇ ਸਾਹਿਤਕਾਰਾਂ ਨਾਲ ਵੀ ਵਾਹ ਪਿਆ, ਜਿਹੜੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਮੇਰੀ ਕਹਾਣੀਕਾਰੀ, ਕਾਲਮ ਨਵੀਸੀ ਤੇ ਪੱਤਰਕਾਰੀ ਦੇ ਪ੍ਰੇਰਨਾ ਸ੍ਰੋਤ ਬਣੇ। ਰਾਜ ਗਿੱਲ ਨੇ ਮੇਰੀਆਂ ਕਹਾਣੀਆਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਕੇ ਅੰਗਰੇਜ਼ੀ ਰਸਾਲਿਆਂ ਵਿਚ ਛਪਵਾਇਆ, ਜਿਸ ਕਾਰਨ ਮੈਂ ਆਪਣੇ ਸਮਕਾਲੀਆਂ ਨਾਲੋਂ ਵਡੇਰੇ ਪਿੜ ਵਿਚ ਵਿਚਰਨ ਲੱਗਿਆ।

ਮੇਰੀ ਮੌਲਿਕ ਰਚਨਾਕਾਰੀ ਦਾ ਵੱਡਾ ਪਿੜ ਦਿੱਲੀ ਸੀ, ਜਿੱਥੇ ਮੈਂ 1953 ਤੋਂ 1984 ਤਕ ਤਿੰਨ ਦਹਾਕੇ ਤੋਂ ਵੱਧ ਸਮਾਂ ਰਿਹਾ। ਇਹ ਮੇਰਾ ਰਚਨਾਤਮਕ ਕਾਲ ਸੀ। ਪੱਤਰਕਾਰੀ ਤੇ ਕਾਲਮ ਨਵੀਸੀ ਤੋਂ ਕੋਰਾ। ਜਿਸ ਕੁੜੀ ਵੱਲ ਖਿੱਚੇ ਜਾਣ ਤੋਂ ਪਿੱਛੋਂ ਮੈਂ ਆਪਣੀ ਪਹਿਲੀ ਕਹਾਣੀ ਲਿਖੀ, ਉਹ ਵੀ ਦਿੱਲੀ ਦੀ ਹੀ ਸੀ। ਉਹ ਗੱਲ ਵੀ ਕਰਾਂਗਾ।

ਦਿੱਲੀ ਨਿਵਾਸੀ ਹੋਣ ਦੇ ਲਾਭ ਤਾਂ ਸਨ ਪਰ ਹਾਣਾਂ ਤੋਂ ਵਾਂਝੇ ਨਹੀਂ। ਮੇਰੀਆਂ ਕਹਾਣੀਆਂ, ਉਹਨਾਂ ਦੇ ਅਨੁਵਾਦ ਤੇ ਪੁਸਤਕ ਰੀਵੀਊ ਪੜ੍ਹਨ ਵਾਲੇ ਦਿੱਲੀ ਤਕ ਹੀ ਸੀਮਤ ਸਨ। ਤਾਰਾ ਸਿੰਘ, ਹਰਿਭਜਨ ਸਿੰਘ, ਪ੍ਰਭਜੋਤ ਕੌਰ, ਕਰਤਾਰ ਸਿੰਘ ਦੁੱਗਲ, ਅੰਮ੍ਰਿਤਾ ਪ੍ਰੀਤਮ ਤੇ ਦਿੱਲੀ ਆਉਣ ਪਿੱਛੋਂ ਕੁਲਵੰਤ ਸਿੰਘ ਵਿਰਕ। ਇਕ ਅੱਧ ਰਚਨਾ ਪੜ੍ਹ ਕੇ ਹੁੰਗਾਰਾ ਭਰਨ ਵਾਲੇ ਸੰਤ ਸਿੰਘ ਸੇਖੋਂ, ਅਤਰ ਸਿੰਘ ਵਰਗਿਆਂ ਦੀ ਟਿੱਪਣੀ ਵੀ ਮਿਲਦੀ ਸੀ। ਪਰ ਇਸਦਾ ਮਹੱਤਵ ਹਨੇਰੇ ਵਿਚੋਂ ਨਿਕਲੀ ਚਾਨਣ ਦੀ ਲੀਕ ਵਰਗਾ ਹੀ ਸੀ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਸਮਕਾਲੀਆਂ ਨਾਲੋਂ ਬਹੁਤ ਪਹਿਲਾਂ ਮਿਲਣ ਦਾ ਕਾਰਨ ਦਿੱਲੀ ਰਹਿਣ ਦੇ ਲਾਭਾਂ ਵਿਚ ਗਿਣ ਲਵਾਂ ਤਾਂ ਇਹ ਸੱਚ ਮੁੱਚ ਹੀ ਵੱਡਾ ਮਹੱਤਵ ਰੱਖਦੀ ਸੀ।

ਮੈਂ ਬਹੁਤ ਘੱਟ ਪੜ੍ਹਦਾ ਹਾਂ। ਮੇਰੀ ਕਿਤਾਬ ਜਾਂ ਮੇਰਾ ਗ੍ਰੰਥ ਜ਼ਿੰਦਗੀ ਹੈ। ਮੈਂ ਦੂਜੇ ਸੰਸਾਰ ਯੁੱਧ ਦੀ ਉਪਜ ਹਾਂ।1939 ਵਿਚ ਮੈਂ ਪੰਜ ਸਾਲ ਦਾ ਸਾਂ। ਮਹਿੰਗਾਈ ਪੂਰੇ ਜ਼ੋਰਾਂ ਉੱਤੇ ਸੀ। ਜ਼ਰੂਰੀ ਵਸਤਾਂ ਦਾ ਰਾਸ਼ਨ ਸੀ। ਇਕ ਗੱਲੋਂ ਸੌਖੇ ਸਾਂ ਕਿ ਰੋਟੀ, ਕੱਪੜਾ ਤੇ ਮਕਾਨ ਵਧੀਆ ਤਾਂ ਨਹੀਂ ਪਰ ਆਪਣੇ ਸਨ। ਦੁੱਧ ਘੀ ਤੇ ਮੱਖਣ ਮਲਾਈ ਸਮੇਤ। ਮੇਰੇ ਹੋਸ਼ ਸੰਭਾਲਣ ਤਕ ਮੇਰੇ ਪਿਤਾ ਦੀ ਭੂਆ ਦਾ ਪੁੱਤ, ਤਾਇਆ ਨਾਹਰ ਸਿੰਘ, ਫੁੱਫੜ ਬਚਿੱਤ ਸਿੰਘ ਅਤੇ ਮੇਰੇ ਪਿਤਾ ਦਾ ਚਚੇਰਾ ਭਰਾ ਸੂਬੇਦਾਰ ਸ਼ਿਵ ਸਿੰਘ ਭਾਰਤੀ ਸੈਨਾ ਦੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਆਪੋ ਆਪਣੇ ਪਰਿਵਾਰਾਂ ਵਿਚ ਰਹਿ ਰਹੇ ਸਨ। ਇਹ ਆਪੋ ਵਿਚ ਗੱਲਾਂ ਕਰਦੇ ਨਹੀਂ ਸਨ ਥੱਕਦੇ। ਮੈਂ ਗੱਲਾਂ ਸੁਣਦਾ ਤੇ ਉਹਨਾਂ ਦੇ ਅਨੁਭਵ ਗ੍ਰਹਿਣ ਕਰਦਾ। ਮੇਰੀਆਂ ਲਿਖਤਾਂ ਤੇ ਮੇਰਾ ਸੁਭਾਅ ਉਹਨਾਂ ਦਰਿਆ ਦਿਲ ਬੰਦਿਆਂ ਦੀ ਦੇਣ ਹੈ। ਆਪਣੇ ਊਠ ਪਾਲਣ ਵਾਲੇ ਪਿਤਾ ਤੇ ਨਾਮਧਾਰੀ ਅਮਰੀ ਨਾਨੀ ਦਾ।

ਜੰਗ ਤੋਂ ਛੇਤੀ ਹੀ ਪਿੱਛੋਂ 1947 ਦੀ ਦੇਸ਼-ਵੰਡ ਆ ਗਈ। ਉਦੋਂ ਮੈਂ ਪੂਰਾ ਗੱਭਰੂ ਸਾਂ। ਮੈਂ ਅੱਗ ਖਾਣ ਵਾਲੇ ਵੀ ਤੱਕੇ ਤੇ ਸੁਆਹ ਫੱਕਣ ਵਾਲੇ ਵੀ। ਪਰ ਮੈਂ ਦੇਸ਼-ਵੰਡ ਦੀਆਂ ਕਹਾਣੀਆਂ ਉਸ ਮਾਤਰਾ ਵਿਚ ਨਹੀਂ ਲਿਖ ਸਕਿਆ, ਜਿਸ ਮਾਤਰਾ ਵਿਚ ਮੇਰੇ ਸਮਕਾਲੀਆਂ ਨੇ ਲਿਖੀਆਂ। ਦਿੱਲੀ ਵਿਚ 1984 ਦੇ ਦੰਗੇ ਮੈਂ ਆਪਣੇ ਪਿੰਡੇ ਉੱਤੇ ਹੰਢਾਏ। ਇਨ੍ਹਾਂ ਦੰਗਿਆਂ ਵਿਚ ਮੇਰੇ ਬਹੁਤ ਹੀ

ਪਿਆਰੇ ਮਿੱਤਰ ਤੇ ਮੇਰਾ ਇਕ ਮਾਮਾ ਬੇਰਹਿਮੀ ਨਾਲ ਮਾਰੇ ਗਏ। ਮਾਮੇ ਦੇ ਤਿੰਨੇ ਬੱਚੇ ਦੰਗਾਕਾਰੀਆਂ ਵੱਲੋਂ ਲਗਾਈ ਅਗਨੀ ਦੀ ਲਪੇਟ ਵਿਚ ਆ ਗਏ। ਉਨ੍ਹਾਂ ਵਿਚੋਂ ਇਕ ਹੀ ਬਚਿਆ। ਤੇ ਉਹ ਵੀ ਕੰਧਾਂ ਕੋਠੇ ਟੱਪ ਕੇ। ਲਿਖਣ ਲਈ ਇਹ ਸਾਰੀ ਸਮੱਗਰੀ ਕੰਮ ਆ ਸਕਦੀ ਸੀ। ਉਨ੍ਹਾਂ ਸਮਿਆਂ ਦੀ ਦਹਿਸ਼ਤ ਉਲੀਕਣ ਬਹਿ ਜਾਂਦਾ ਤਾਂ ਹੋ ਸਕਦਾ ਹੈ ਮੈਂ ਗਿਣਤੀ ਵਿਚ ਆਪਣੀਆਂ ਕੁਲ ਕਹਾਣੀਆਂ ਤੋਂ ਡੇਢ ਦੋ ਗੁਣਾ ਜ਼ਿਆਦਾ ਵੀ ਲਿਖ ਲੈਂਦਾ। ਪਰ ਮੈਂ ਵਕਤੀ ਦਹਿਸ਼ਤ ਤੇ ਵਹਿਸ਼ਤ ਨੂੰ ਆਪਣਾ ਮਨ ਭਾਉਂਦਾ ਵਿਸ਼ਾ ਨਹੀਂ ਬਣਾ ਸਕਿਆ। ਅਜਿਹੇ ਸਮਿਆਂ ਦੀਆਂ ਵਕਤੀ ਘਟਨਾਵਾਂ ਉੱਤੇ ਟਿਪਣੀ ਕਰਨੀ ਸੌਖੀ ਹੁੰਦੀ ਹੈ ਪਰ ਸਥਾਈ ਨਹੀਂ । ਜਾਂ ਇਹ ਮੈਨੂੰ ਸਥਾਈ ਨਹੀਂ ਜਾਪਦੀ।

1984 ਵਿਚ ਮੈਂ ਦਿੱਲੀ ਛੱਡ ਕੇ ਚੰਡੀਗੜ੍ਹ ਯਾਨੀ ਪੰਜਾਬ ਆ ਗਿਆ। ਏਥੇ ਆ ਕੇ ਮੈਨੂੰ ਪਤਾ ਲੱਗਿਆ ਕਿ ਕਹਾਣੀਕਾਰ ਦੇ ਤੌਰ 'ਤੇ ਮੇਰੀ ਕੋਈ ਪੁੱਛ ਪ੍ਰਤੀਤ ਨਹੀਂ। ਏਥੇ ਚੰਗਾ ਲੇਖਕ ਬਣਨ ਲਈ ਹਰ ਕਿਸੇ ਨੂੰ ਪ੍ਰਗਤੀਵਾਦੀ, ਨਕਸਲਵਾਦੀ, ਵਾਸ਼ਨਾਵਾਦੀ ਜਾਂ ਅਤਿਵਾਦੀ ਹੋਣਾ ਪੈਂਦਾ ਸੀ। ਮੇਰਾ ਇਨ੍ਹਾਂ ਵਾਦਾਂ ਨਾਲ ਸੰਬੰਧ ਆਸ਼ਿਕਾਨਾ ਤਾਂ ਸੀ ਪਰ ਸ਼ਾਦੀਆਨਾ ਨਹੀਂ। ਮੈਂ ਕਿਸੇ ਵੀ ਵਾਦ ਨਾਲ ਵਿਆਹੇ ਜਾਣ ਤੋਂ ਡਰਦਾ ਸਾਂ। ਏਸ ਲਈ ਵੀ ਕਿ ਰਚਨਾਕਾਰੀ ਵਿਚ ਵਿਆਹੁਤਾ ਸੰਬੰਧ ਰੁਕਾਵਟ ਬਣਦੇ ਹਨ। ਇਨ੍ਹਾਂ ਵਾਦਾਂ ਦੇ ਰਾਖੇ ਮੇਰੀ ਰਚਨਾ ਪ੍ਰਤੀ ਮੋਹਕ ਸੰਬੰਧ ਤਾਂ ਰਖਦੇ ਸਨ ਪਰ ਮੈਨੂੰ ਅਪਨਾਉਣ ਲਈ ਤਿਆਰ ਨਹੀਂ ਸਨ।

ਨਿਸਚੇ ਹੀ ਮੇਰੀ ਸੋਚ ਤੇ ਸੀਮਾ ਨੇ ਮੈਨੂੰ ਪਾਪੂਲਰ ਵਿਸ਼ਿਆਂ ਉੱਤੇ ਲਿਖਣ ਤੋਂ ਵਰਜੀ ਰੱਖਿਆ। ਮੈਂ ਪਾਪੂਲਰ ਲੇਖਕ ਨਾ ਬਣ ਸਕਿਆ। ਪ੍ਰਗਤੀਵਾਦੀ ਤਾਂ ਪਹਿਲਾਂ ਹੀ ਮੇਰੇ ਤੋਂ ਅੱਗੇ ਲੰਘ ਚੁੱਕੇ ਸਨ। ਨਕਸਲਵਾਦੀ ਤੇ ਵਾਸ਼ਨਾਵਾਦੀ ਕਲ੍ਹ ਨੂੰ ਅੱਗੇ ਲੰਘ ਸਕਦੇ ਹਨ। ਪਰ ਮੈਨੂੰ ਇਸਦਾ ਦੁੱਖ ਨਹੀਂ। ਮੈਂ ਹਰ ਪੱਖ ਤੋਂ ਸੰਤੁਸ਼ਟ ਹਾਂ। ਪ੍ਰਵਾਨਗੀ ਮਿਲਣ ਦੇ ਪੱਖੋਂ ਬਹੁਤਾ। ਜੇ ਮੈਂ ਕਲ੍ਹ ਨੂੰ ਹੀ ਤੁਰ ਜਾਵਾਂ ਤਾਂ ਮੈਨੂੰ ਏਸ ਤਰ੍ਹਾਂ ਦਾ ਕੋਈ ਝੋਰਾ ਨਹੀਂ ਹੋਣ ਲੱਗਿਆ ਕਿ ਮੇਰੀ ਵੱਲੋਂ ਸੋਚਿਆ ਕੋਈ ਵੱਡਾ ਕੰਮ ਸਿਰੇ ਨਹੀਂ ਲੱਗਿਆ।

ਮੈਂ ਆਪਣੇ ਜੀਵਨ ਤੇ ਰਚਨਾਤਮਕ ਅਮਲ ਦਾ ਸਾਰ ਦੇਣਾ ਹੋਵੇ ਤਾਂ ਉਹ ਗੱਲ ਦੱਸਣੀ ਚਾਹਾਂਗਾ ਜਿਹੜੀ ਮੇਰੇ ਅਮਰੀਕਨ ਮਿੱਤਰ ਮਾਰਕਸ ਫਰੈਂਡਾ ਨੇ ਮੇਰੇ ਕੋਲੋਂ 35 ਸਾਲ ਪਹਿਲਾਂ ਕਹਿਲਵਾਈ ਸੀ। ਇਹ ਗੱਲ ਉਹਦੇ ਵੱਲੋਂ ਮੇਰੇ ਜੀਵਨ ਤੇ ਰਚਨਾ ਬਾਰੇ ਲਿਖੀ ਅੰਗਰੇਜ਼ੀ ਪੁਸਤਕ 'ਪੰਜਾਬੀਜ਼, ਵਾਰ ਐਂਡ ਵਿਮੈੱਨ' ਵਿਚ ਵੀ ਅੰਕਤ ਹੈ। ਮੇਰੀ ਇੰਟਰਵਿਊ ਕਰਦਿਆਂ ਉਸਨੇ ਮੈਨੂੰ ਪੁੱਛਿਆ ਸੀ ਕਿ ਮੈਂ ਸੈਕਸ ਤੇ ਧਰਮ ਬਾਰੇ ਖੁੱਲ੍ਹ ਕੇ ਕਿਉਂ ਨਹੀਂ ਬੋਲਦਾ। ਮੈਂ ਬੜਾ ਸੰਖੇਪ ਉੱਤਰ ਦਿੱਤਾ ਸੀ ਕਿ ਮੇਰੇ ਲਈ ਇਹ ਦੋਵੇਂ ਵਿਸ਼ੇ ਨਿੱਜੀ ਹਨ। ਨਿੱਜ ਦੇ ਮਾਨਣ ਤੇ ਪਾਲਣ ਵਾਲੇ। ਇਹਨਾਂ ਦਾ ਵਿਸਥਾਰ ਜਾਂ ਇਹਨਾਂ ਬਾਰੇ ਫੜ੍ਹ ਮਾਰਨਾ ਤਾਂ ਇਕ ਪਾਸੇ ਰਿਹਾ, ਪਰ੍ਹੇ ਵਿਚ ਬੈਠ ਕੇ ਇਹਨਾਂ ਬਾਰੇ ਗੱਲਾਂ ਕਰਨਾ ਵੀ ਮੇਰੇ ਮਨ ਨੂੰ ਨਹੀਂ ਭਾਉਂਦਾ।

ਇਸਦਾ ਭਾਵ ਇਹ ਨਹੀਂ ਕਿ ਮੈਂ ਫੜ੍ਹ ਨਹੀਂ ਮਾਰਦਾ। ਫੜ੍ਹ ਮਾਰਨ ਲਈ ਮੇਰੇ ਕੋਲ਼ ਹੋਰ ਵਿਸ਼ੇ ਹਨ ਜਿਨ੍ਹਾਂ ਦਾ ਕੋਈ ਅੰਤ ਨਹੀਂ। ਮੈਂ ਉਹਨਾਂ ਦੀ ਵਰਤੋਂ ਵੀ ਕਰਦਾ ਹਾਂ। ਸ਼ਾਇਦ ਬਾਕੀ ਲੋਕਾਂ ਨਾਲੋਂ ਵੱਧ ਹੀ ਕਰਦਾ ਹਾਂ।

ਮੇਰੀ ਨੌਕਰੀ ਸਦਾ ਹੀ ਏਸ ਤਰ੍ਹਾਂ ਦੀ ਸੀ ਕਿ ਮੇਰਾ ਸਾਰਾ ਸਮਾਂ ਖਾ ਜਾਂਦੀ ਸੀ। ਮੈਂ ਜੋ ਕੁਝ ਵੀ ਲਿਖਿਆ ਹੈ, ਲੰਮੀ ਛੁੱਟੀ ਲੈ ਕੇ ਲਿਖਿਆ ਹੈ। ਖਾਸ ਕਰਕੇ ਆਪਣੇ ਵਿਆਹ ਤੋਂ ਪਹਿਲਾਂ। ਵਿਆਹ ਤੋਂ ਪਿੱਛੋਂ ਘਰ ਬਾਰ ਦੇ ਬੰਧਨ ਰੁਕਾਵਟ ਬਣਦੇ ਰਹੇ। ਮੀਆਂ ਬੀਵੀ ਨੂੰ ਇਕੋ ਸਮੇਂ ਛੁੱਟੀ ਮਿਲਣ ਦੇ ਮਸਲੇ ਤੋਂ ਬਿਨਾਂ ਘਰ ਨੂੰ ਬੰਦ ਕਰਕੇ ਜਾਣ ਦਾ ਮਸਲਾ ਵੀ ਸੀ। ਮੇਰੀ ਬੀਵੀ ਦੀ ਨੌਕਰੀ ਮੇਰੇ ਨਾਲੋਂ ਵੀ ਜ਼ਿੰਮੇਵਾਰੀ ਵਾਲੀ ਸੀ। ਉਸ ਨੂੰ ਛੁੱਟੀ ਕਰਨ ਦੀ ਹੋਰ ਵੀ ਦਿੱਕਤ ਸੀ। ਹੁਣ ਅਸੀਂ ਦੋਵੇਂ ਵਿਹਲੇ ਹਾਂ। ਆਪਣੀ ਮਰਜ਼ੀ ਦਾ ਕੰਮ ਕਰਦੇ ਹਾਂ। ਸਾਡੇ ਕੋਲ ਰਹਿ



ਕੇ ਪੜ੍ਹਨ ਵਾਲੇ ਬੱਚੇ ਵਿਆਹੇ ਵਰੇ ਗਏ ਹਨ। ਮਾਤਾ ਪਿਤਾ ਉਪਰਲੀ ਦੁਨੀਆ ਵਿਚ ਜਾ ਵਸੇ ਹਨ। ਸਾਡੀ ਉਮਰ ਵੀ ਉਹ ਨਹੀਂ ਰਹੀ ਕਿ ਦੋਹਾਂ ਨੂੰ ਇਕੱਠੇ ਸਫ਼ਰ ਕਰਨ ਦਾ ਓਨਾ ਚਾਅ ਹੋਵੇ ਜਿੰਨਾ ਪਹਿਲੀਆਂ ਵਿਚ ਹੁੰਦਾ ਸੀ।

ਮੈਨੂੰ ਮੇਰਾ ਮਿੱਤਰ ਖ਼ੁਸ਼ਵੰਤ ਸਿੰਘ, ਜਦੋਂ ਉਸ ਨੇ ਜਾਂ ਉਸ ਦੇ ਕਿਸੇ ਹੋਰ ਮਿੱਤਰ ਨੇ ਖ਼ੁਦ ਓਥੇ ਨਾ ਰਹਿਣਾ ਹੋਵੇ, ਆਪਣਾ ਕਸੌਲੀ ਵਾਲਾ ਘਰ ਮੇਰੇ ਹਵਾਲੇ ਕਰਦਾ ਰਿਹਾ ਹੈ। ਹੁਣ ਸਾਡੀ ਭਤੀਜੀ ਭੂਪਿੰਦਰ ਪੱਡਾ ਨੇ ਸਾਡੇ ਲਈ ਕੁਮਾਰਹੱਟੀ ਵਿਚ ਥਾਂ ਲੱਭ ਦਿੱਤੀ ਹੈ। ਲਿਖਣ ਵਾਸਤੇ ਏਸ ਤੋਂ ਚੰਗੀ ਥਾਂ ਹਾਲੀ ਤਕ ਕੋਈ ਨਹੀਂ ਮਿਲੀ। ਇਹ ਗੱਲ ਮੈਂ ਏਸ ਲਈ ਦੱਸੀ ਹੈ ਕਿ ਮੇਰੇ ਕਿਸੇ ਹੋਰ ਮਿੱਤਰ ਜਾਂ ਪੰਜਾਬੀ ਸਾਹਿਤ ਦੇ ਪਾਰਖੂ ਨੇ ਕਦੀ ਨਹੀਂ ਪੁੱਛੀ। ਜੇ ਮੈਨੂੰ ਮੰਟੋ ਪੜ੍ਹਨਾ ਪਸੰਦ ਹੈ ਤਾਂ ਮੰਟੋ ਬਣਨ ਤੋਂ ਕਿਉਂ ਝਿਜਕਦਾ ਹਾਂ? 'ਏਸ ਰਾਹ ਤੁਰਨ ਵਾਲੇ ਹੋਰ ਬੜੇ ਨੇ', ਕਹਿ ਕੇ ਗੱਲ ਮੁਕਾ ਛੱਡਦਾ ਹਾਂ। ਇਸ ਦਾ ਸੰਬੰਧ ਮੇਰੇ ਇਸਤਰੀ ਪਾਤਰਾਂ ਨਾਲ ਜਾ ਜੁੜਦਾ ਹੈ। ਮੈਨੂੰ ਪੁੱਛਿਆ ਜਾਂਦਾ ਹੈ ਕਿ ਮੇਰੇ ਇਸਤਰੀ ਜਾਤੀ ਪ੍ਰਤੀ ਹਾਂ-ਪੱਖੀ ਹੋਣ ਦਾ ਕਾਰਨ ਜਾਂ ਸੋਮਾ ਕੀ ਹੈ।

ਮੇਰੇ ਲਈ ਵਾਸਨਾ ਦੀ ਗੱਲ ਕਰਨਾ ਕਿਸੇ ਜਾਣੀ ਅਣਜਾਣੀ ਇਸਤਰੀ ਦੀ ਵਾਸਨਾ ਪੇਟੀ ਖੋਲ੍ਹਣ ਸਮਾਨ ਹੈ। ਮੇਰੀ ਧਾਰਨਾ ਵਿਚ ਇਹ ਗੱਲ ਪ੍ਰਵੇਸ਼ ਹੀ ਨਹੀਂ ਕਰਦੀ। ਮੇਰੇ ਸਮਾਜ ਵਿਚ ਇਸਤਰੀ ਲਈ ਮਰਦ ਨੂੰ ਛੱਡਣਾ ਅਪਰਾਧ ਸੀ। ਜਿਊਂਦੇ ਜੀਅ ਤਾਂ ਕੀ, ਉਸ ਦੀ ਮੌਤ ਪਿੱਛੋਂ ਵੀ ਉਸੇ ਦਾ ਬਿੰਬ ਪਾਲਣਾ ਪੈਂਦਾ ਸੀ। ਬੱਚਿਆਂ ਨੂੰ ਛੱਡਣਾ ਹੋਰ ਵੀ ਔਖਾ ਸੀ। ਮੈਂ ਵਿਧਵਾ ਇਸਤਰੀਆਂ ਨੂੰ ਬੱਚੇ ਪਾਲ਼ਦਿਆਂ ਵੇਖਿਆ ਹੈ, ਉਹਨਾਂ ਨੂੰ ਵੱਡੇ ਕਰਦਿਆਂ, ਪੜ੍ਹਾਉਂਦਿਆਂ ਤੇ ਕੰਮਾਂ ਕਾਰਜਾਂ ਦੇ ਯੋਗ ਬਣਾਉਂਦਿਆਂ। ਇਹ ਸਭ ਸੌਖਾ ਨਹੀਂ। ਇਸ ਵਿਚ ਟੁੱਟ-ਭੱਜ ਵੀ ਸਿਰੇ ਦੀ ਹੁੰਦੀ ਹੈ। ਮੈਂ ਧੀਆਂ ਨੂੰ ਘਰਾਂ ਵਿਚ ਵੱਡੇ ਹੁੰਦਿਆਂ, ਵਿਚਰਦਿਆਂ ਤੇ ਮੀਰੀ ਲੱਛਣ ਗ੍ਰਹਿਣ ਕਰਦਿਆਂ ਹੀ ਨਹੀਂ ਤੱਕਿਆ, ਉਹਨਾਂ ਨੂੰ ਮਾਪਿਆਂ ਦਾ ਘਰ ਛੱਡ ਕੇ ਓਪਰੇ ਘਰ ਨੂੰ ਤੁਰਦੇ ਸਮੇਂ ਉਦਾਸ ਹੁੰਦੇ ਵੀ ਤੱਕਿਆ ਹੈ। ਅਜਿਹੇ ਘਰ ਨੂੰ ਤੁਰਦਿਆਂ ਜਿਸ ਦੇ ਤੌਰ ਤਰੀਕੇ, ਰਹਿਣੀ ਸਹਿਣੀ ਤੇ ਕੰਧਾਂ ਕੌਲ਼ੇ ਉਨ੍ਹਾਂ ਲਈ ਉੱਕਾ ਹੀ ਓਪਰੇ ਸਨ। ਮੇਰੇ ਸਮਾਜ ਵਿਚ ਇਹ ਗੱਲ ਕੁੜੀਆਂ ਦੇ ਕਰਮਾਂ ਵਿਚ ਹੀ ਆਉਂਦੀ ਸੀ ਕਿ ਉਹ ਆਪਣੇ ਆਪ ਨੂੰ ਨਵੇਂ ਚੁਗਿਰਦੇ ਵਿਚ ਢਾਲਣ। ਮੁੰਡਿਆਂ ਨੂੰ ਅਜਿਹਾ ਕਰਮ ਭੋਗਣ ਦੀ ਲੋੜ ਨਹੀਂ ਸੀ ਪੈਂਦੀ।

ਇਨ੍ਹਾਂ ਥੁੜ੍ਹਾਂ ਤੇ ਮੁਹਤਾਜੀਆਂ ਦੇ ਬਾਵਜੂਦ ਸਾਡੀਆਂ ਧੀਆਂ ਵਿੱਦਿਅਤ ਹੁੰਦੀਆਂ, ਪਦਵੀ ਪਾਉਂਦੀਆਂ ਜਾਂ ਅੜਦੇ ਥੁੜਦੇ ਸਮੇਂ ਆਪਣੀ ਮੌਜ ਦਾ ਸਵੈ ਰੁਜ਼ਗਾਰ ਲੱਭਦੀਆਂ ਤੇ ਸਵੈ-ਰੱਖਿਆ ਲਈ ਸਮੇਂ ਤੇ ਸਥਾਨ ਨੂੰ ਕਾਬੂ ਵਿਚ ਰੱਖਦੀਆਂ ਹਨ। ਮੈਂ ਉਹਨਾਂ ਨੂੰ ਚੰਗੇ ਜਲੌਅ ਵਿਚ ਤੱਕਿਆ ਹੈ। ਮੈਂ ਉਹਨਾਂ ਦੇ ਹੀਣ ਪਲ ਨਹੀਂ ਤੱਕੇ। ਨਿੱਕੀ ਮੋਟੀ ਅਣਗਹਿਲੀ ਤੋਂ ਪੈਦਾ ਹੋਈ ਹੀਣਤਾ ਨੂੰ ਉਹਨਾਂ ਨੇ ਆਪਣੇ ਤਨ ਮਨ 'ਤੇ ਹੰਢਾ ਕੇ ਆਪਣੇ ਆਪ ਨੂੰ ਵਧੇਰੇ ਚੌਕਸ ਤੇ ਮਜ਼ਬੂਤ ਕੀਤਾ ਹੈ। ਨਿਸ਼ਚੇ ਹੀ ਮੇਰੇ ਇਸਤਰੀ ਪਾਤਰ ਸਵੈਮਾਣ ਵਿਚ ਜਿਊਂਦੇ ਤੇ ਸ਼ਕਤੀ ਨਾਲ ਵਿਚਰਦੇ ਹਨ। ਉਹਨਾਂ ਦਾ ਇਹ ਗੁਣ ਉਹਨਾਂ ਨੂੰ ਉਦਮੀ ਅਤੇ ਸਿਰੜੀ ਬਣਾਉਂਦਾ ਹੈ।

ਇਸਦਾ ਮਨੋਵਿਗਿਆਨਕ ਪ੍ਰਸੰਗ ਮੇਰੀ ਛੇ ਦਹਾਕੇ ਪਹਿਲਾਂ ਵਾਲੀ ਉਸ ਵਿਦਿਆਰਥਣ ਨਾਲ ਵੀ ਜੁੜਦਾ ਹੈ ਜਿਸਦੇ ਚਿਹਰੇ ਅਤੇ ਮੇਰੀ ਵੱਲੋਂ ਪੁੱਛੇ ਜਾਂਦੇ ਪ੍ਰਸ਼ਨਾਂ ਦੇ ਉੱਤਰਾਂ ਨੇ ਮੈਨੂੰ ਸਾਹਿਤਕਾਰ ਬਣਨ ਲਈ ਪ੍ਰੇਰਿਆ। ਜਦੋਂ ਮੈਂ ਉੱਥੇ ਪੜ੍ਹਾਉਣ ਲੱਗਿਆ, ਮੈਂ ਨਵਾਂ ਨਵਾਂ ਪਿੰਡ ਤੋਂ ਦਿੱਲੀ ਗਿਆ ਸਾਂ। ਉਹ ਕੁੜੀ ਤੇ ਉਸ ਦੀਆਂ ਦੋ ਭੈਣਾਂ ਉਸ ਕਾਲਿਜ ਦੀਆਂ ਪਿਆਰੀਆਂ ਸ਼ਕਲਾਂ ਸਨ। ਸਾਦਾ ਪਹਿਰਾਵਾ ਤੇ ਤਿੰਨਾਂ ਦੇ ਕੰਨਾਂ ਵਿਚ ਇਕ ਹੀ ਤਰ੍ਹਾਂ ਦੀਆਂ ਚਪਟੀਆਂ ਮੁਰਕੀਆਂ। ਮੈਨੂੰ ਉਹ ਚੰਗੇ ਘਰ ਦੀਆਂ ਧੀਆਂ ਜਾਪਦੀਆਂ। ਮੇਰੇ ਗ੍ਰਾਮੀਣ ਪਿਛੋਕੜ ਨਾਲੋਂ ਬਹੁਤ ਚੰਗੇ ਤੇ ਅਮੀਰ ਪਿਛੋਕੜ ਵਾਲੀਆਂ।

ਉਨ੍ਹਾਂ ਵਿਚੋਂ ਸਭ ਤੋਂ ਵੱਡੀ ਕੱਦ ਵਿਚ ਵੀ ਵੱਡੀ ਸੀ। ਉਹ ਮੇਰੀਆਂ ਪੁੱਛਾਂ ਦਾ ਬੜੇ ਸਲੀਕੇ ਨਾਲ ਉੱਤਰ ਦਿੰਦੀ। ਮੇਰੇ ਵਰਗੇ ਪਿੰਡ ਦੇ ਜੰਮਪਲ ਨੂੰ ਜਾਪਦਾ ਜਿਵੇਂ ਮੈਂ ਉਸ ਦੇ ਸ਼ੌਕ ਦੇ ਹਾਣ ਦਾ ਨਾ ਹੋਵਾਂ। ਮਨ ਹੀ ਮਨ ਵਿਚ ਮੈਂ ਉਸ ਦੇ ਹਾਣ ਦਾ ਹੋਣਾ ਚਾਹੁੰਦਾ ਸਾਂ। ਦੋ ਭੈਣਾਂ ਉਹਦੇ ਨਾਲੋਂ ਛੋਟੀਆਂ ਸਨ। ਉਹ ਤਿੰਨੋਂ ਪੜ੍ਹੇ-ਲਿਖੇ ਪਰਿਵਾਰ ਤੋਂ ਜਾਪਦੀਆਂ ਸਨ। ਕੁਝ ਏਸ ਤਰ੍ਹਾਂ ਜਿਵੇਂ ਉਨ੍ਹਾਂ ਦੇ ਮਾਪੇ ਮੇਰੇ ਵਾਂਗ ਗੁਰਬਖ਼ਸ਼ ਸਿੰਘ ਦੀ 'ਪ੍ਰੀਤ ਲੜੀ' ਤੋਂ ਪ੍ਰਭਾਵਤ ਹੋਣ। ਸਾਵੀਂ ਪੱਧਰੀ ਤੇ ਸੁਖਾਵੀਂ ਸੁਧਰੀ ਜ਼ਿੰਦਗੀ ਨੂੰ ਪਿਆਰ ਕਰਨ ਵਾਲੇ। ਆਪਣੀਆਂ ਤਿੰਨੋਂ ਧੀਆਂ ਦਾ ਇਕ ਬਰਾਬਰ ਧਿਆਨ ਰੱਖਣ ਵਾਲੇ। ਜ਼ਰੂਰ ਚੰਗੇ ਘਰ ਦੀਆਂ ਧੀਆਂ ਸਨ। ਮੇਰੇ ਪਿੰਡ ਦੀਆਂ ਕੁੜੀਆਂ ਨਾਲੋਂ ਸੁੱਘੜ ਸੁਚੇਤ।

ਮੇਰੇ ਉੱਤੇ ਵੱਡੀ ਭੈਣ ਦਾ ਬੜਾ ਪ੍ਰਭਾਵ ਸੀ। ਮੈਨੂੰ ਉਸ ਦਾ ਪਰਿਵਾਰ ਆਪਣੇ ਪੇਂਡੂ ਪਰਿਵਾਰ ਨਾਲੋਂ ਬਹੁਤ ਉੱਚਾ ਲਗਦਾ ਸੀ। ਸ਼ਾਇਦ ਇਹੀਓ ਕਾਰਨ ਸੀ ਕਿ ਮੇਰਾ ਇਹ ਦੱਸਣ ਦਾ ਕਦੀ ਹੌਸਲਾ ਨਹੀਂ ਪਿਆ ਕਿ ਮੈਂ ਉਸ ਨੂੰ ਚਾਹੁਣ ਵਾਲਿਆਂ ਵਿਚੋਂ ਇਕ ਸਾਂ। ਪਤਾ ਨਹੀਂ ਕਿਉਂ ਮੈਨੂੰ ਇਹ ਆਸ ਜ਼ਰੂਰ ਸੀ ਕਿ ਉਹਦੇ ਵੱਲੋਂ ਪਹਿਲ ਹੋ ਸਕਦੀ ਹੈ ਤੇ ਜ਼ਰੂਰ ਹੋਵੇਗੀ। ਉਹ ਮੈਨੂੰ ਪਸੰਦ ਕਰਦੀ ਸੀ ਜਾਂ ਨਹੀਂ, ਮੇਰੇ ਉਹਦੇ ਵੱਲ ਖਿੱਚੇ ਜਾਣ ਨੇ ਮੇਰੀ ਕੋਚਿੰਗ ਕਾਲਿਜ ਤੋਂ ਛੁੱਟੀ ਕਰਵਾ ਦਿੱਤੀ। ਇਸ ਦੇ ਬਾਵਜੂਦ ਕਿ ਅਧਿਆਪਕ ਵਜੋਂ ਤਨਖਾਹ ਤਾਂ ਥੋੜ੍ਹੀ ਹੀ ਸੀ, ਪਰ ਇਸ ਨੌਕਰੀ ਤੋਂ ਛੁੱਟੀ ਨਾਲ ਮੈਨੂੰ ਧੱਕਾ ਲੱਗਾ ਸੀ। ਕਾਲਿਜ ਤੋਂ ਛੁੱਟੀ ਹੋ ਜਾਣ ਪਿੱਛੋਂ ਇਕ ਵਾਰੀ ਮੈਂ ਸ਼ਕਤੀ ਨਗਰ ਦੀ ਉਹ ਗਲੀ ਦੇਖ ਕੇ ਆਇਆ ਸਾਂ ਜਿਸ ਵਿਚ ਉਨ੍ਹਾਂ ਦਾ ਘਰ ਸੀ। ਕਾਲਿਜ ਛੱਡਣ ਤੋਂ ਬਹੁਤ ਦੇਰ ਪਿੱਛੋਂ ਵੀ ਉਸ ਘਰ ਵਾਲੀ ਗਲੀ ਵਿਚੋਂ ਜਦੋਂ ਵੀ ਲੰਘਿਆ ਹਾਂ ਤਾਂ ਫ਼ੈਜ਼ ਅਹਿਮਦ ਫ਼ੈਜ਼ ਦਾ ਸ਼ਿਅਰ ਆਪਣੇ ਆਪ ਮੇਰੇ ਬੁੱਲ੍ਹਾਂ 'ਤੇ ਆ ਜਾਂਦਾ ਰਿਹਾ ਹੈ:

*ਹਰ ਅਜਨਬੀ ਹਮੇਂ ਮਹਿਰਮ ਦਿਖਾਈ ਦੇਤਾ ਹੈ*
*ਜੋ ਅਬ ਭੀ ਤੇਰੀ ਗਲੀ ਸੇ ਗੁਜ਼ਰਨੇ ਲਗਤੇ ਹੈਂ*

ਮੈਂ ਉਸ ਕਾਲਿਜ ਤੋਂ ਵਿਦਾਇਗੀ ਸਮੇਂ ਵਾਲੀ ਉਹ ਤਸਵੀਰ ਅੱਜ ਤਕ ਸੰਭਾਲ ਕੇ ਰੱਖੀ ਹੈ ਜਿਸ ਵਿਚ ਉਹ ਸਭ ਨਾਲੋਂ ਉੱਚੀ ਤੇ ਸੋਹਣੀ ਲਗਦੀ ਹੈ। ਮੈਂ ਮਨ ਹੀ ਮਨ ਵਿਚ ਇਹ ਭਾਵਨਾ ਵੀ ਪਾਲਦਾ ਰਿਹਾ ਹਾਂ ਕਿ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ ਉੱਤੇ ਮੇਰੀ ਉਸ ਨਾਲ ਮੁਲਾਕਾਤ ਜ਼ਰੂਰ ਹੋਵੇਗੀ। ਮੈਂ ਅੱਜ ਤਕ ਜੋ ਵੀ ਲਿਖਿਆ ਹੈ, ਮੇਰੇ ਅਚੇਤ ਮਨ ਵਿਚ ਉਸ ਦੀ ਇੱਛਾ ਤੇ ਚਾਹਨਾ ਦੇ ਹਾਣ ਦਾ ਹੋਣ ਦੀ ਆਸ ਬਣੀ ਰਹੀ ਹੈ। ਜ਼ਿੰਦਗੀ ਦੀਆਂ ਪ੍ਰਾਪਤੀਆਂ ਕਰਦੇ ਸਮੇਂ ਵੀ।

ਮੈਨੂੰ ਇਹ ਵੀ ਨਿਸਚਾ ਸੀ ਕਿ ਉਹ ਲੇਖਕ ਬਣੇਗੀ ਤੇ ਮੇਰਾ ਲਿਖਿਆ ਸਭ ਕੁਝ ਪੜ੍ਹੇਗੀ। ਮੈਂ ਕੁਝ ਵੀ ਲਿਖਦੇ ਸਮੇਂ ਇਹ ਵੇਖਦਾ ਸਾਂ ਕਿ ਮੇਰਾ ਲਿਖਿਆ ਪੜ੍ਹ ਕੇ ਮੈਨੂੰ ਹਲਕਾ ਬੰਦਾ ਨਾ ਸਮਝ ਲਵੇ। ਮੇਰੇ ਜਾਨਣ ਵਾਲੇ ਮੈਨੂੰ ਬੜਾ ਬੇਬਾਕ ਤੇ ਮੂੰਹ-ਫੱਟ ਬੰਦਾ ਮੰਨਦੇ ਹਨ। ਉਹ ਇਹ ਨਹੀਂ ਜਾਣਦੇ ਕਿ ਮੈਂ ਅੱਜ ਤਕ ਉਸ ਨੂੰ ਇਹ ਵੀ ਨਹੀਂ ਦੱਸ ਸਕਿਆ ਕਿ ਉਸ ਦਾ ਮੇਰੀ ਕਲਮ ਦੇ ਕਰਤੱਵ ਵਿਚ ਕਿੰਨਾ ਦਖ਼ਲ ਹੈ।

ਹੁਣ ਏਸ ਘਟਨਾ ਨੂੰ ਅੱਧੀ ਤੋਂ ਵੱਧ ਸਦੀ ਬੀਤ ਚੁੱਕੀ ਹੈ। ਮੈਂ ਏਸ ਨਤੀਜੇ ਉੱਤੇ ਵੀ ਪਹੁੰਚ ਚੁੱਕਿਆ ਹਾਂ ਕਿ ਉਹਦੇ ਮਨ ਵਿਚ ਮੇਰੇ ਪ੍ਰਤੀ ਕਿਸੇ ਕਿਸਮ ਦੀ ਕੋਈ ਚਾਹਨਾ ਨਹੀਂ ਸੀ। ਜੋ ਸੀ ਉਹ ਮੇਰਾ ਹੀ ਵਹਿਮ ਸੀ। ਨਹੀਂ ਤਾਂ ਹੁਣ ਜਦੋਂ ਕਿ ਮੇਰਾ ਪਤਾ ਟਿਕਾਣਾ ਹਰ ਕਿਸੇ ਨੂੰ ਪਤਾ ਹੈ, ਉਹ ਮੈਨੂੰ ਲੱਭ ਸਕਦੀ ਸੀ। ਜਾਪਦਾ ਹੈ ਉਸ ਨੇ ਮੇਰੀਆਂ ਲਿਖਤਾਂ ਵੀ ਨਹੀਂ ਪੜ੍ਹੀਆਂ। ਫੇਰ ਵੀ ਪਤਾ ਨਹੀਂ ਕਿਉਂ, ਮੈਂ ਜਦ ਵੀ ਸ਼ਕਤੀ ਨਗਰ ਵਿਚੋਂ ਦੀ ਲੰਘਦਾ ਹਾਂ ਤਾਂ ਮੇਰੇ ਬੁੱਲ੍ਹਾਂ ਉੱਤੇ ਫ਼ੈਜ਼ ਦਾ ਉਹੀਓ ਸ਼ਿਅਰ ਮੁੜ ਆ ਜਾਂਦਾ ਹੈ। ਹੋ ਸਕਦਾ ਹੈ ਦੁਨੀਆਂ ਭਰ ਦੇ ਸਾਰੇ ਕਲਾਕਾਰ ਤੇ



ਸਾਹਿਤਕਾਰ ਮੇਰੇ ਵਾਂਗ ਹੀ ਕਿਸੇ ਵਹਿਮ ਦਾ ਸ਼ਿਕਾਰ ਹੋ ਕੇ ਲੇਖਕ ਤੇ ਕਲਾਕਾਰ ਬਣੇ ਹੋਣ। ਫੇਰ ਵੀ ਮੈਂ ਏਨਾ ਜ਼ਰੂਰ ਚਾਹੁੰਦਾ ਹਾਂ ਕਿ ਕੋਈ ਮੇਰੇ ਮਨ ਦੀ ਇਹ ਗੱਲ ਉਸ ਨੂੰ ਜ਼ਰੂਰ ਪਹੁੰਚਾ ਦੇਵੇ ਕਿ ਉਸ ਦੀ ਮੇਰੇ ਉੱਤੇ ਕਿੰਨੀ ਤੇ ਕਿਹੋ ਜਿਹੀ ਮਿਹਰ ਹੈ।

ਜਾਂਦੇ ਜਾਂਦੇ ਮੈਂ ਉਹ ਫੜ੍ਹ ਵੀ ਮਾਰ ਲਵਾਂ ਜਿਸਦਾ ਆਦੀ ਹਾਂ। ਇਕ ਸਾਧਾਰਨ ਊਠ ਵਾਹੁਣ ਵਾਲੇ ਪਰਿਵਾਰ ਵਿਚ ਪੈਦਾ ਹੋ ਕੇ ਮੈਂ ਭਾਰਤ ਸਰਕਾਰ ਵਿਚ ਡਾਇਰੈਕਟਰ ਦੀ ਪਦਵੀ ਤਕ ਪਹੁੰਚਿਆ। ਪੰਜਾਬ ਦੀਆਂ ਦੋ ਯੂਨੀਵਰਸਿਟੀਆਂ ਵਿਚ ਵਿਭਾਗ ਮੁਖੀ ਰਿਹਾ। ਪੰਜਾਬੀ ਦੇ ਦੋ ਸਮਾਚਾਰ ਪੱਤਰਾਂ ਦਾ ਸੰਪਾਦਕ ਰਿਹਾ। ਆਪਣੇ ਤੋਂ ਵੱਧ ਪੜ੍ਹੀ-ਲਿਖੀ ਇਸਤਰੀ ਦਾ ਪਤੀ ਬਣਿਆ। ਏਥੋਂ ਤਕ ਕਿ ਜਦੋਂ ਮੈਂ ਪਤਨੀ ਦੀ ਸਿਫਾਰਸ਼ ਪੰਜਾਬ ਰੈੱਡ ਕਰਾਸ ਦੀ ਉਸ ਨੌਕਰੀ ਲਈ ਕਰਨ ਗਿਆ ਜਿਹੜੀ ਉਸਤੋਂ ਵੱਡੇ ਤੇ ਪੰਜਾਬ ਦੇ ਸਾਬਕਾ ਸਿਹਤ ਨਿਦੇਸ਼ਕ ਨੇ ਖਾਲੀ ਕੀਤੀ ਸੀ ਤਾਂ ਨੌਕਰੀ ਦੇਣ ਵਾਲੇ ਰਾਜਪਾਲ ਨੇ ਉਹ ਨੌਕਰੀ ਮੈਨੂੰ ਦੇ ਦਿੱਤੀ। ਕਹਿਣ ਵਾਲੇ ਕਹਿੰਦੇ ਹਨ ਕਿ ਇਹ ਸਭ ਕਿਸਮਤ ਦਾ ਖੇਲ੍ਹ ਹੈ। ਮੈਂ ਉਹਨਾਂ ਦੀ ਹਾਂ ਵਿਚ ਹਾਂ ਮਿਲਾ ਦਿੰਦਾ ਹਾਂ। ਉਹ ਇਹ ਨਹੀਂ ਜਾਣਦੇ ਕਿ ਸਰਕਾਰੀ ਨੌਕਰੀ ਲਈ ਮੈਨੂੰ ਹਰ ਵਾਰ ਲੋਕ ਸੇਵਾ ਕਮਿਸ਼ਨ ਅੱਗੇ ਪੇਸ਼ ਹੋਣਾ ਪਿਆ ਤੇ ਨੌਕਰੀ ਦੇਣ ਵਾਲਿਆਂ ਵਿਚੋਂ ਬਹੁਤੇ ਪੰਜਾਬੀ ਨਹੀਂ ਸਗੋਂ ਦੂਜੇ ਪ੍ਰਾਂਤਾਂ ਦੇ ਸਨ। ਪ੍ਰੋਫੈਸਰੀਆਂ ਤੇ ਸੰਪਾਦਕੀਆਂ ਦੇਣ ਵਾਲੇ ਮੈਨੂੰ ਘਰੋਂ ਲੈਣ ਆਏ। ਮੇਰੀ ਪਤਨੀ ਨੂੰ ਜਾਨਣ ਵਾਲੇ ਜਾਣਦੇ ਹਨ ਕਿ ਇਹ ਕਦੀ ਨਹੀਂ ਹੋ ਸਕਦਾ ਕਿ ਉਸਨੂੰ ਚਾਹੁਣ ਵਾਲਾ ਮੈਥੋਂ ਬਿਨਾਂ ਕੋਈ ਨਹੀਂ ਸੀ। ਹੁਣ ਮੈਨੂੰ ਪੁੱਛਣ ਵਾਲੇ ਪੁੱਛਦੇ ਹਨ ਕਿ ਮੈਂ ਕਿਸੇ ਵਾਈਸ ਚਾਂਸਲਰੀ ਲਈ ਕਿਉਂ ਨਹੀਂ ਅਹੁਲਿਆ। ਮੇਰਾ ਉੱਤਰ ਇਹੀਓ ਰਿਹਾ ਹੈ ਕਿ ਮੈਨੂੰ ਬਿਨ-ਮੰਗਿਆਂ ਏਨਾ ਕੁਝ ਮਿਲਿਆ ਹੈ ਕਿ ਕੁਝ ਵੀ ਮੰਗਦਿਆਂ ਸੰਗ ਲਗਦੀ ਹੈ। ਬਹੁਤੀ ਏਸ ਲਈ ਕਿ ਕੋਈ ਇਹ ਨਾ ਆਖੇ ਕਿ ਮੈਨੂੰ ਰੱਜ ਹੀ ਨਹੀਂ ਆਉਂਦਾ।

ਪਰ ਆਪਣੇ ਬਾਰੇ ਇਹ ਕਹਿੰਦਿਆਂ ਮੈਨੂੰ ਕੋਈ ਸੰਗ ਨਹੀਂ ਲਗਦੀ ਕਿ ਮੈਂ ਸਫਲ ਨਕਲਚੀ ਹਾਂ। ਪੜ੍ਹਦੇ ਸਮੇਂ ਜਾਂ ਲਿਖਦੇ ਸਮੇਂ ਤਾਂ ਨਕਲ ਨਹੀਂ ਮਾਰੀ, ਮੈਂ ਆਪਣੇ ਤੋਂ ਪਹਿਲਿਆਂ ਦੀ ਜੀਵਨ-ਸ਼ੈਲੀ ਦੀ ਨਕਲ ਜ਼ਰੂਰ ਕਰਦਾ ਰਿਹਾ ਹਾਂ। ਕਹਾਣੀ ਕਲਾ ਵਿਚ ਕੁਲਵੰਤ ਸਿੰਘ ਵਿਰਕ, ਕਰਤਾਰ ਸਿੰਘ ਦੁੱਗਲ ਤੇ ਮੁਪਾਸਾਂ ਦੀ, ਕਾਲਮ ਨਵੀਸੀ ਵਿਚ ਖੁਸ਼ਵੰਤ ਸਿੰਘ ਦੀ, ਪ੍ਰਬੰਧਕੀ ਕੰਮ ਕਰਦਿਆਂ ਮਹਿੰਦਰ ਸਿੰਘ ਰੰਧਾਵਾ ਦੀ। ਮੈਨੂੰ ਏਸ ਕੰਮ ਵਿਚ ਸਫਲਤਾ ਹੋਈ ਹੈ। ਕੇਵਲ ਆਸ਼ਕੀ ਹੈ ਜਿਸ ਵਿਚ ਕਿਸੇ ਦੀ ਨਕਲ ਨਹੀਂ ਮਾਰੀ, ਪਰ ਅਸਫਲਤਾ ਦਾ ਮੂੰਹ ਏਥੇ ਵੀ ਨਹੀਂ ਦੇਖਣਾ ਪਿਆ।

ਮੈਂ ਜੀਵਨ ਤੇ ਰਚਨਾਕਾਰੀ ਵਿਚ ਪੂਰਨ ਸਫਲ ਹਾਂ। ਜੇ ਮੈਂ ਆਪਣੇ ਜੀਵਨ ਦੀ ਵਰਤਮਾਨ ਅਵਸਥਾ ਨੂੰ ਕਲਾਮਈ ਢੰਗ ਨਾਲ ਪੇਸ਼ ਕਰਨਾ ਹੋਵੇ ਤਾਂ ਆਪਣੇ ਮਰਹੂਮ ਮਿੱਤਰ ਤਾਰਾ ਸਿੰਘ ਦੀ ਸਹਾਇਤਾ ਲਵਾਂਗਾ। ਉਸਦੀ ਹੇਠ ਲਿਖੀ ਕਵਿਤਾ ਮੇਰੇ ਕਲ੍ਹ, ਅੱਜ ਤੇ ਭਲਕ ਦੀ ਪੂਰੀ ਤਰਜਮਾਨੀ ਕਰਦੀ ਹੋਵੇ ਜਾਂ ਨਾ, ਇਸਦੀ ਭਾਵਨਾ ਮੇਰੇ ਅੱਜ ਉੱਤੇ ਢੁਕਦੀ ਹੈ। ਨਹੀਂ ਢੁਕਦੀ ਤਾਂ ਮੇਰਾ ਢੁਕਾਉਣ ਨੂੰ ਜੀਅ ਕਰਦਾ ਹੈ। ਮੈਂ ਸਮਝਦਾ ਹਾਂ ਕਿ ਮੇਰੇ ਕਰਨ ਵਾਲਾ ਵੱਡਾ ਕੰਮ ਕੋਈ ਨਹੀਂ ਰਿਹਾ। ਪਰ ਮੈਂ ਇਹ ਵੀ ਮੰਨਣ ਨੂੰ ਤਿਆਰ ਨਹੀਂ ਕਿ ਮੈਂ ਹੁਣ ਬਿਲਕੁਲ ਨਕਾਰਾ ਹੋ ਗਿਆ ਹਾਂ। ਕਵਿਤਾ ਪੇਸ਼ ਹੈ:

*ਘਰ ਦੇ ਵੀ ਹਨ*
*ਕੰਮ ਧੰਦੇ ਸਭ ਸਰਦੇ ਵੀ ਹਨ*
*ਖਾਂਦੇ-ਪੀਂਦੇ ਲੋਕੀਂ ਆਦਰ ਕਰਦੇ ਵੀ ਹਨ*
*ਉੱਚੀ ਨੀਵੀਂ ਸੁਣਕੇ ਲੋਕੀਂ ਜਰਦੇ ਵੀ ਹਨ*
*ਨਾਂ ਲਈਏ ਤਾਂ, ਵੱਡੇ ਲੋਕੀਂ ਡਰਦੇ ਵੀ ਹਨ*
*ਬਾਹਰ ਕੁਝ ਮੁਹੱਬਤਾਂ ਵੀ ਹੈ, ਪਰਦੇ ਵੀ ਹਨ*

*ਨਾ ਮਿਲੀਏ ਤਾਂ ਹੁਸਨਾਂ ਵਾਲੇ*
*ਠੰਢੇ ਹਉਕੇ ਭਰਦੇ ਵੀ ਹਨ*
*ਪਹਿਲਾਂ ਮਰ ਜਾਵਣ ਦੇ ਵਾਇਦੇ*
*ਦਾਅਵੇ ਰੋਜ਼ ਹਸ਼ਰ ਦੇ ਵੀ ਹਨ*

*ਜਦ ਸਮਰੱਥਾ ਵਸਤਾਂ ਤੇ ਸਤਿਕਾਰ ਨਹੀਂ ਸੀ*
*'ਕੱਲਾ ਸੀ, ਕੋਈ ਯਾਰ ਨਹੀਂ ਸੀ*
*ਹਰ ਬੂਹੇ 'ਤੇ ਦੁਰਦੁਰ ਸੀ, ਦਿਲਦਾਰ ਨਹੀਂ ਸੀ*
*ਉੱਚੀ ਨੀਵੀਂ ਆਖਣ ਦਾ ਅਧਿਕਾਰ ਨਹੀਂ ਸੀ*
*ਘਰ ਦੇ ਨਹੀਂ ਸਨ, ਤੇ ਆਪਣਾ ਘਰ ਬਾਰ ਨਹੀਂ ਸੀ*
*ਤਦ ਮੈਨੂੰ ਗੁਆਚ ਜਾਣ ਦਾ ਫਿਕਰ ਨਹੀਂ ਸੀ*
*ਚਿੰਤਾ ਦਾ ਵਿਸਥਾਰ ਨਹੀਂ ਸੀ*

*ਹੁਣ ਸਭ ਕੁਝ ਹੈ*
*ਹਰ ਵੇਲੇ ਚਿੰਤਾ ਰਹਿੰਦੀ ਹੈ*
*ਕਿਸੇ ਪਾਸਿਉਂ ਭੁਰ ਨਾ ਜਾਵਾਂ*
*ਆਂਢ-ਗੁਆਂਢੇ ਧੁੱਪ ਬੜੀ ਹੈ, ਖੁਰ ਨਾ ਜਾਵਾਂ*
*ਕਰਨੇ ਵਾਲੇ ਕੰਮ ਬੜੇ ਨੇ, ਕਿਰ ਨਾ ਜਾਵਾਂ*
*ਮੈਂ ਆਯੂ ਦੀ ਜਿਸ ਮੰਜ਼ਲ 'ਤੇ*
*ਇੱਥੋਂ ਲੋਕੀਂ ਤੁਰ ਜਾਂਦੇ ਨੇ*
*ਮੈਂ ਵੀ ਕਿਧਰੇ ਖੜ੍ਹਾ ਖੜੋਤਾ ਤੁਰ ਨਾ ਜਾਵਾਂ*

ਜੇ ਤਾਰਾ ਸਿੰਘ ਦੀ ਏਸ ਕਵਿਤਾ ਵਿਚ ਮਿਰਜ਼ਾ ਗ਼ਾਲਿਬ ਦੇ ਉਮਰਾ ਦੇ ਘੋੜੇ ਵਾਲਾ ਸ਼ਿਅਰ ਮਿਲਾ ਲਈਏ ਤਾਂ ਮੇਰੀ ਉਮਰ ਵਾਲਿਆਂ ਨੂੰ ਆਪਣੀ ਅਵਸਥਾ ਵਰਣਨ ਕਰਨ ਲਈ ਕਿਸੇ ਵੇਦ ਉਪਨਿਸ਼ਦ ਜਾਂ ਧਾਰਮਿਕ ਪੋਥੀ ਦਾ ਮੁਹਤਾਜ ਨਹੀਂ ਹੋਣਾ ਪੈਂਦਾ।

ਉਂਝ ਵੀ ਮੇਰੇ ਕੰਮ ਦੀ ਰਫਤਾਰ ਤੇ ਪ੍ਰਾਪਤੀ ਹੁੰਗਾਰੇ 'ਤੇ ਨਿਰਭਰ ਕਰਦੀ ਹੈ। ਜਦੋਂ ਹੁੰਗਾਰਾ ਠੰਢਾ ਹੋਣ ਲਗਦਾ ਹੈ ਤਾਂ ਮੇਰੀ ਰਫਤਾਰ ਤੇ ਰੁਚੀ ਘਟ ਜਾਂਦੀ ਹੈ। ਸਰਕਾਰੀ ਨੌਕਰੀ ਦੇ ਸਮੇਂ ਮੈਂ ਜੋ ਕੁਝ ਵੀ ਕੀਤਾ, ਉਹ ਜੀਵਨ ਲੋੜਾਂ ਦੀ ਪੂਰਤੀ ਲਈ ਕੀਤਾ। ਸਰਕਾਰੀ ਨੌਕਰੀ ਛੱਡਦੇ ਸਮੇਂ ਮੇਰੀਆਂ ਲੋੜਾਂ ਪੂਰੀਆਂ ਹੋ ਚੁੱਕੀਆਂ ਸਨ। 1984 ਤੋਂ ਪਿੱਛੋਂ ਦੇ ਕੰਮ ਮੈਂ ਲੋੜਾਂ ਲਈ ਨਹੀਂ ਕੀਤੇ, ਆਪਣੇ ਸ਼ੌਕ ਦੀ ਪੂਰਤੀ ਲਈ ਕੀਤੇ ਹਨ। ਆਪਣੇ ਸਮਾਜ ਤੇ ਭਾਈਚਾਰੇ ਦੀਆਂ ਲੋੜਾਂ ਹਿੱਤ। ਮੈਨੂੰ ਸਮਾਜ ਨੇ ਬਹੁਤ ਕੁਝ ਦਿੱਤਾ ਹੈ। ਜੇ ਮੈਂ ਇਹ ਰਿਣ ਚੁਕਾਉਣ ਵਿਚ ਪਿੱਛੇ ਰਿਹਾ ਹਾਂ ਤਾਂ ਉਸਦਾ ਕਾਰਨ ਮੇਰੀ ਸਵੈ-ਸਿਰਜੀ ਲਛਮਣ-ਰੇਖਾ ਹੀ ਸੀ।

ਮੈਨੂੰ ਇਸ ਸਫਰ ਵਿਚ ਵੱਡੇ ਲੋਕ ਵੀ ਮਿਲੇ ਤੇ ਛੋਟੇ ਵੀ। ਮੈਂ ਦੋਵੇਂ ਤਰ੍ਹਾਂ ਦੇ ਲੋਕਾਂ ਦਾ ਦੇਣਦਾਰ ਹਾਂ। ਵੱਡੇ ਲੋਕਾਂ ਦਾ ਇਸ ਲਈ ਕਿ ਉਹ ਮੈਨੂੰ ਨਵੇਂ ਮੌਕੇ ਦਿੰਦੇ ਰਹੇ ਤੇ ਛੋਟੇ ਲੋਕਾਂ ਦਾ ਇਸ ਲਈ ਕਿ ਉਹ ਮੈਨੂੰ ਹੱਥਲਾ ਕੰਮ ਛੱਡ ਨਵਾਂ ਕੰਮ ਕਰਨ ਲਈ ਵੰਗਾਰਦੇ ਰਹੇ। ਮੇਰੀ ਰਚਨਾਕਾਰੀ ਮੇਰੇ ਆਪਣੇ ਪੰਜਾਬ, ਸਮਾਜ ਤੇ ਭਾਈਚਾਰੇ ਨਾਲ ਮੇਰੀ ਸਾਂਝ ਤੇ ਸਦਭਾਵਨਾ ਦਾ ਨਮੂਨਾ ਮਾਤਰ ਹੀ ਹੈ। ❑❑

[1538, ਸੈਕਟਰ 36-ਡੀ, ਚੰਡੀਗੜ੍ਹ]



# ਧੁੱਪ ਦੇ ਪੈਰਾਂ ਹੇਠ

## ਹਰਜੀਤ ਅਟਵਾਲ

ਪਾਕਿਸਤਾਨ ਬਣਿਆ ਤਾਂ ਚਾਚੇ ਬਿੱਕਰ ਦੀਆਂ ਵੀ ਕਈ ਕਹਾਣੀਆਂ ਬਣ ਗਈਆਂ। ਬੜੀ ਦੇਰ ਤਕ ਲੋਕ ਇਹਨਾਂ ਕਹਾਣੀਆਂ ਨੂੰ ਮਸਾਲੇ ਲਾ ਲਾ ਕੇ ਸੁਣਾਉਂਦੇ ਰਹੇ। ਵੱਡੇ ਖੂਹ ਵਾਲਾ ਅਮਰੀਕ ਸਿੰਘ ਦੱਸਣ ਲਗਦਾ, "ਜਦ ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਲੁੱਟਣ ਸਾਧਪੁਰੀਏ ਬਖਤੌਰੇ ਦਾ ਟੋਲਾ ਆਇਆ ਤਾਂ ਮੈਂ ਤੇ ਬਿੱਕਰ ਨੇ ਕਿਰਪਾਨਾਂ ਕੱਢ ਲਈਆਂ ਤੇ ਜੋੜ ਲਈਆਂ ਪਿੱਠਾਂ! ...ਉਹ ਵੀਹ ਜਣੇ ਤੇ ਅਸੀਂ ਸਿਰਫ ਦੋ! ...ਆਹ ਪਿੰਡ ਦਾ ਮਹੈਣ ਤਾਂ ਉਦੋਂ ਆਇਆ ਜਦ ਅਸੀਂ ਉਹਨਾਂ ਨੂੰ ਭਾਜੜਾਂ ਪੁਆ ਦਿੱਤੀਆਂ।"

ਕੋਈ ਹੋਰ ਦੱਸਦਾ, "ਸਾਨੂੰ ਪਤਾ ਲੱਗਿਆ ਬਈ ਆਹ ਚਿਮਨੇਵਾਲੀ ਕਿਸੇ ਨੇ ਦੋ ਮੁਸਲਮਾਨ ਕੁੜੀਆਂ ਲੈ ਆਂਦੀਆਂ। ਬਿੱਕਰ ਕਹਿੰਦਾ ਕਿ ਚੱਲ ਬਈ ਸੱਜਣ ਸਿਆਂ, ...ਅਸੀਂ ਜਾ ਬੂਹਾ ਖੜਕਾਇਆ ਪਰ ਡਰਦਾ ਕੋਈ ਖੋਹਲੇ ਹੀ ਨਾ, ਉਹਨਾਂ ਨੂੰ ਭਿਣਕ ਪੈ ਗਈ ਸੀ ਕਿ ਚੱਕਾਂ ਵਾਲਾ ਬਿੱਕਰ ਆ ਗਿਆ।...ਬਿੱਕਰ ਨੇ ਮਾਰਿਆ ਠੁੱਡਾ ਤੇ ਦਰ ਔਹ ਗਿਆ, ...ਕੁੜੀਆਂ ਵੀ ਸਮਝ ਗਈਆਂ, ...ਸਾਡੇ ਪਿੱਛੇ ਆ ਲੁਕੀਆਂ, ...ਕਿਸੇ ਦੀ ਰੋਕਣ ਦੀ ਹਿੰਮਤ ਹੀ ਨਾ ਪਈ, ਅਸੀਂ ਉਹਨੀਂ ਪੈਰੀਂ ਹੀ ਉਹਨਾਂ ਨੂੰ ਬਗ੍ਰਾਮ ਕੈਂਪ ਵਿਚ ਛੱਡ ਆਏ।"

ਅਜਿਹੇ ਕੁਝ ਇਕ ਕਾਰਨਾਮਿਆਂ ਨੇ ਚਾਚੇ ਨੂੰ ਛੇਤੀ ਹੀ ਇਲਾਕੇ ਵਿਚ ਮਸ਼ਹੂਰ ਕਰ ਦਿੱਤਾ ਸੀ। ਵੱਡੇ ਵੱਡੇ ਬਦਮਾਸ਼ ਵੀ ਉਸ ਤੋਂ ਭੈਅ ਖਾਣ ਲੱਗੇ ਸਨ। ਇਕ ਤਾਂ ਉਹ ਫੌਜੀ ਸੀ, ਉਸ ਨੂੰ ਲੜਨਾ ਆਉਂਦਾ ਸੀ ਤੇ ਦੂਜੇ ਜਾਨ ਵਿਚ ਵੀ ਤਕੜਾ ਸੀ। ਉਹ ਕਹਿੰਦਾ ਸੀ ਕਿ ਉਸ ਦੇ ਜੀਂਦੇ-ਜੀਅ ਕਿਸੇ ਮੁਸਲਮਾਨ ਦਾ ਨੁਕਸਾਨ ਨਹੀਂ ਹੋਵੇਗਾ ਤੇ ਉਹ ਉਧਾਲੀਆਂ ਹੋਈਆਂ ਮੁਸਲਮਾਨ ਔਰਤਾਂ ਨੂੰ ਵਾਪਸ ਕਰਾਉਣ ਲਈ ਹਰ ਹੀਲਾ ਵਰਤੇਗਾ। ਆਪਣੇ ਮਕਸਦ ਲਈ ਉਹ ਜਾਨ ਵਾਰਨ ਤਕ ਚਲੇ ਜਾਂਦਾ। ਸਾਰੇ ਉਸ ਦੇ ਹੌਸਲੇ ਦੀ ਦਾਦ ਦਿੰਦੇ। ਮੈਨੂੰ ਇਹ ਚੰਗਾ ਚੰਗਾ ਵੀ ਲਗਦਾ ਕਿ ਮੈਂ ਚਾਚੇ ਬਿੱਕਰ ਦਾ ਭਤੀਜਾ ਹਾਂ। ਚਾਚੇ ਨੇ ਦੂਜੇ ਮਹਾਂਯੁੱਧ ਵਿਚ ਹਿੱਸਾ ਲਿਆ ਸੀ, ਬਰਮਾ ਦੇ ਫਰੰਟ 'ਤੇ ਜਪਾਨੀਆਂ ਖਿਲਾਫ ਲੜਿਆ ਸੀ। ਕਈ ਤਮਗੇ ਜਿੱਤੇ ਸਨ। ਜਿਹਨਾਂ ਦੀ ਬਦੌਲਤ ਉਸਨੂੰ ਹੌਲਦਾਰੀ ਵੀ ਮਿਲੀ ਸੀ। ਪਰ ਇਹਦੇ ਬਾਰੇ ਸ਼ਾਇਦ ਹੀ ਕਿਸੇ ਨੇ ਕੋਈ ਗੱਲ ਕੀਤੀ ਹੋਵੇ।

ਰੌਲੇ ਪੈਣ ਵੇਲੇ ਚਾਚਾ ਫੌਜ ਵਿਚੋਂ ਲੰਮੀ ਛੁੱਟੀ ਆਇਆ ਹੋਇਆ ਸੀ। ਅੰਗਰੇਜ਼ ਸਰਕਾਰ ਨੇ ਵੰਡ ਕਾਰਨ ਪੰਜਾਬ ਵਿਚ ਹੋ ਰਹੀ ਗੜਬੜ ਨੂੰ ਧਿਆਨ ਵਿਚ ਰਖਦਿਆਂ ਫੌਜੀਆਂ ਨੂੰ ਛੇ ਛੇ ਮਹੀਨੇ ਦੀਆਂ ਛੁੱਟੀਆਂ ਦੇ ਦਿੱਤੀਆਂ ਸਨ ਤਾਂ ਜੁ ਉਹ ਜਾ ਕੇ ਆਪਣੇ ਟੱਬਰਾਂ ਦੀ ਸੰਭਾਲ ਕਰ ਸਕਣ। ਦੇਸ਼ ਦੀ ਰਾਖੀ ਕਰਦਾ ਆਇਆ ਚਾਚਾ ਪਿੰਡ ਆ ਕੇ ਪਿੰਡ ਦਾ ਰਾਖਾ ਬਣ ਗਿਆ। ਪਿੰਡ ਵਿਚ ਕਾਫੀ ਸਾਰੇ ਮੁਸਲਮਾਨ ਸਨ। ਸ਼ੇਖਾਂ, ਅਰਾਈਆਂ ਤੋਂ ਲੈ ਕੇ ਤੇਲੀਆਂ ਤੇ ਭਰਾਈਆਂ ਤਕ ਦੀਆਂ ਸਾਰੀਆਂ ਹੀ ਜਾਤਾਂ ਵਸਦੀਆਂ ਸਨ। ਇਕ ਪੂਰਾ ਮੁਹੱਲਾ ਹੀ ਸੀ ਮੁਸਲਮਾਨਾਂ ਦਾ। ਆਲੇ-ਦੁਆਲੇ ਦੇ ਪਿੰਡਾਂ ਵਿਚ ਮੁਸਲਮਾਨਾਂ ਦੀ ਵੱਢ-ਕੱਟ ਹੋਣ ਲੱਗੀ ਤਾਂ ਸਾਡੇ ਪਿੰਡ ਦੇ ਮੁਸਲਮਾਨ ਬਹੁਤ ਡਰ ਗਏ। ਚਾਚੇ ਨੇ ਪਿੰਡ ਦੇ ਕੁਝ ਮੋਹਤਬਰ ਨਾਲ ਲਏ ਤੇ ਉਹਨਾਂ ਦੇ ਮੁਹੱਲੇ ਉਹਨਾਂ ਨੂੰ ਤਸੱਲੀ ਦੇਣ ਤੁਰ ਪਿਆ। ਸਭ ਨੂੰ ਇਕ ਥਾਂ ਇਕੱਠੇ ਕਰਕੇ ਬੋਲਿਆ,

"ਦੇਖੋ ਭਰਾਵੋ, ਡਰਨ ਦੀ ਕੋਈ ਲੋੜ ਨਹੀਂ। ਜਿੰਨਾ ਚਿਰ ਅਸੀਂ ਹੈਗੇ ਆਂ ਤੁਹਾਡੀ ਹਵਾ ਵੱਲ ਵੀ ਕੋਈ ਨਹੀਂ ਦੇਖ ਸਕਦਾ। ਤੁਸੀਂ ਕਿਸੇ ਕਿਸਮ ਦੀ ਚਿੰਤਾ ਨਾ ਕਰੋ।"

ਉਸ ਦੀ ਗੱਲ ਨਾਲ ਕਈਆਂ ਨੂੰ ਤਸੱਲੀ ਵੀ ਹੋਈ ਹੋਵੇਗੀ ਪਰ ਅੰਦਰੋਂ ਉਹ ਦਹਿਲੇ ਬੈਠੇ ਸਨ। ਹਾਲਾਤ ਜ਼ਿਆਦਾ ਖਰਾਬ ਸਨ। ਕੋਈ ਵਿਚੋਂ ਬੋਲਿਆ,

"ਸਰਦਾਰ ਜੀ, ਜਦ ਸਰਕਾਰ ਨੇ ਬਹਿਰਾਮ ਕੈਂਪ ਲਗਾ ਦਿੱਤਾ ਤਾਂ ਕੁਝ ਸੋਚ ਕੇ ਹੀ ਲਗਾਇਆ ਹੋਵੇਗਾ, ਹੁਣ ਸਾਨੂੰ ਪਿੰਡ ਤਾਂ ਛੱਡਣਾ ਹੀ ਪਵੇਗਾ।"

"ਜੇ ਇਹ ਨੌਬਤ ਵੀ ਆ ਗਈ ਤਾਂ ਦੇਖ ਲਵਾਂਗੇ, ਅਸੀਂ ਤੁਹਾਨੂੰ ਆਪ ਪੂਰੀ ਹਿਫਾਜ਼ਤ ਨਾਲ

ਕੈਂਪ ਵਿਚ ਛੱਡ ਕੇ ਆਵਾਂਗੇ ਪਰ ਹਾਲੇ ਤਾਂ ਰੇਤੇ ਵਿਚ ਮੌਜੇ ਖੋਹਲਣ ਵਾਲੀ ਗੱਲ ਐ, ਤੁਸੀਂ ਸਾਡੇ 'ਤੇ ਪੂਰਾ ਭਰੋਸਾ ਰੱਖੋ।"

ਗੱਲ ਰੇਤ ਵਿਚ ਮੌਜੇ ਖੋਹਲਣ ਵਾਲੀ ਬਿਲਕੁਲ ਨਹੀਂ ਸੀ ਬਲਕਿ ਇਹ ਸਚਾਈ ਸੀ ਕਿ ਪਾਕਿਸਤਾਨ ਬਣਨ ਜਾ ਰਿਹਾ ਸੀ। ਮੁਸਲਮਾਨਾਂ ਨੂੰ ਇਸ ਪੰਜਾਬ ਵਿਚੋਂ ਜਾਣਾ ਹੀ ਪੈਣਾ ਸੀ। ਸਰਕਾਰ ਨੇ ਬਹਿਰਾਮ-ਕੈਂਪ ਵਰਗੇ ਹੋਰ ਕਈ ਕੈਂਪ ਪੰਜਾਬ ਵਿਚ ਲਗਾ ਦਿੱਤੇ ਸਨ। ਪਾਕਿਸਤਾਨ ਜਾਣ ਵਾਲੇ ਮੁਸਲਮਾਨ ਇਹਨਾਂ ਕੈਂਪਾਂ ਵਿਚ ਇਕੱਠੇ ਹੋ ਰਹੇ ਸਨ ਜਿੱਥੋਂ ਇਹਨਾਂ ਨੂੰ ਰੇਲ-ਗੱਡੀ ਰਾਹੀਂ ਅੱਗੇ ਨਵੇਂ ਬਣੇ ਮੁਲਕ ਵਿਚ ਲੈ ਜਾਇਆ ਜਾਣਾ ਸੀ। ਇਹਨਾਂ ਦਿਨਾਂ ਵਿਚ ਅਫਵਾਹਾਂ ਬਹੁਤ ਜ਼ੋਰਾਂ 'ਤੇ ਸਨ। ਅਖ਼ਬਾਰਾਂ ਵਾਲੇ ਵੀ ਖ਼ਬਰਾਂ ਨੂੰ ਮਸਾਲਾ ਲਾ ਲਾ ਕੇ ਛਾਪ ਰਹੇ ਸਨ। ਸਾਰਾ ਮਾਹੌਲ ਹੀ ਬਹੁਤ ਡਰਾਵਣਾ ਬਣਿਆ ਹੋਇਆ ਸੀ। ਇਲਾਕੇ ਦੇ ਬਦਮਾਸ਼ ਟੋਲੇ ਬਣਾ ਬਣਾ ਕੇ ਪਿੰਡਾਂ ਦੇ ਮੁਸਲਮਾਨਾਂ ਉਪਰ ਹਮਲੇ ਕਰ ਰਹੇ ਸਨ। ਉਹਨਾਂ ਦੀਆਂ ਜਾਇਦਾਦਾਂ ਲੁੱਟ ਰਹੇ ਸਨ, ਨੌਜਵਾਨ ਔਰਤਾਂ ਨੂੰ ਕੱਢ ਲੈ ਜਾ ਰਹੇ ਸਨ।

ਇਹਨਾਂ ਦਿਨਾਂ ਵਿਚ ਹੀ ਇਕ ਟੋਲੇ ਨੇ ਸਾਡੇ ਪਿੰਡ ਉਪਰ ਵੀ ਹਮਲਾ ਕਰ ਦਿੱਤਾ ਪਰ ਚਾਚਾ ਪਿੰਡ ਦੇ ਨੌਜਵਾਨਾਂ ਨੂੰ ਲੈ ਕੇ ਉਹਨਾਂ ਸਾਹਮਣੇ ਕੰਧ ਵਾਂਗ ਖੜ੍ਹ ਗਿਆ। ਧਾੜਵੀਆਂ ਨਾਲ ਗਹਿ ਗੱਚ ਲੜਾਈ ਹੋਈ। ਕਈ ਲੋਕ ਚਾਚੇ ਦਾ ਸਾਥ ਛੱਡ ਕੇ ਵੀ ਭੱਜ ਗਏ ਪਰ ਚਾਚਾ ਟਿਕਿਆ ਰਿਹਾ ਤੇ ਹਮਲਾਵਾਰਾਂ ਨੂੰ ਪਿੰਡੋਂ ਭਜਾ ਕੇ ਹੀ ਦਮ ਲਿਆ। ਦੋ ਕੁ ਵਾਰ ਫਿਰ ਸਾਡੇ ਪਿੰਡ ਉਪਰ ਅਜਿਹੇ ਲੋਕ ਚੜ੍ਹ ਕੇ ਆਏ ਪਰ ਚਾਚੇ ਨੇ ਮੂਹਰੇ ਹੋ ਕੇ ਮੁਕਾਬਲਾ ਕੀਤਾ। ਮੁਸਲਮਾਨਾਂ ਦਾ ਕੋਈ ਵੀ ਨੁਕਸਾਨ ਨਾ ਹੋਣ ਦਿੱਤਾ। ਭਾਵੇਂ ਕਿੰਨੀ ਵੀ ਸੁਰੱਖਿਆ ਮਿਲ ਰਹੀ ਸੀ ਪਰ ਮੁਸਲਮਾਨ ਸਮਝ ਗਏ ਸਨ ਕਿ ਹੁਣ ਪਿੰਡ ਛੱਡਣਾ ਹੀ ਪਵੇਗਾ। ਉਹ ਇਕ ਥਾਂ ਇਕੱਠੇ ਹੋਏ ਤੇ ਕਾਫਲਾ ਬਣਾ ਕੇ ਬਹਿਰਾਮ ਨੂੰ ਤੁਰ ਪਏ। ਚਾਚਾ ਤਲਵਾਰ ਲੈ ਕੇ ਕਾਫਲੇ ਦੇ ਮੂਹਰੇ ਮੂਹਰੇ ਚੱਲ ਰਿਹਾ ਸੀ। ਰਾਹ ਵਿਚ ਕੁਝ ਧਾੜਵੀ ਲੁੱਟਣ ਆਏ ਵੀ ਪਰ ਚਾਚੇ ਨੂੰ ਦੇਖ ਕੇ ਮੁੜ ਗਏ। ਹੁਣ ਤਕ ਇਲਾਕੇ ਦਾ ਸ਼ਰਾਰਤੀ ਅਨਸਰ ਚਾਚੇ ਬਿੱਕਰ ਸਿੰਘ ਦੇ ਨਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕਿਆ ਸੀ। ਉਸ ਨੇ ਆਸ ਪਾਸ ਦੇ ਪਿੰਡਾਂ ਵਿਚ ਵੀ ਲੋਕਾਂ ਨੂੰ ਮੁਸਲਮਾਨਾਂ ਦੇ ਬਚਾਅ ਲਈ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਬਾਬਾ ਵਤਨ ਸਿੰਘ ਚਾਚੇ ਨੂੰ ਬਹੁਤ ਸਮਝਾਉਂਦਾ ਕਿ ਇਹਨਾਂ ਗੱਲਾਂ ਵਿਚੋਂ ਉਸ ਨੇ ਕੀ ਲੈਣਾ ਹੈ, ਉਹ ਆਪਣੀ ਛੁੱਟੀ ਅਰਾਮ ਨਾਲ ਕੱਟੇ ਤੇ ਸੁੱਖ ਸਬੀਲੀ ਨਾਲ ਵਾਪਸ ਫੌਜ ਵਿਚ ਚਲੇ ਜਾਵੇ। ਪਰ ਚਾਚਾ ਮੁੜਨ ਵਾਲਾ ਕਦੋਂ ਸੀ, ਉਹ ਆਪਣੇ ਕੰਮ ਲੱਗਾ ਰਿਹਾ। ਉਸ ਨੇ ਬਹੁਤ ਸਾਰੇ ਲੋਕਾਂ ਦਾ ਬਚਾਅ ਕੀਤਾ ਤੇ ਕਈ ਔਰਤਾਂ ਨੂੰ ਵਾਪਸ ਕਰਵਾਇਆ।

ਚਾਚੇ ਦੇ ਕੰਮ ਦੀ ਲੋਕ ਸਲਾਹੁਤਾ ਤਾਂ ਕਰਦੇ ਸਨ ਪਰ ਨਾਲ ਦੀ ਨਾਲ ਉਸ ਦੇ ਕਈ ਦੁਸ਼ਮਣ ਵੀ ਬਣ ਗਏ। ਸਾਡੇ ਪਿੰਡ ਦੇ ਹੀ ਮੀਹਾਂ ਸਿੰਘ ਨਾਲ ਚਾਚੇ ਨੇ ਐਸੀ ਵਿਗਾੜੀ ਕਿ ਉਸ ਟੱਬਰ ਦੀ ਸਾਡੇ ਨਾਲ ਬੋਲਚਾਲ ਸਦਾ ਲਈ ਬੰਦ ਹੋ ਗਈ। ਮੀਹਾਂ ਸਿੰਘ ਕੈਂਪ ਵਿਚੋਂ ਜੰਗਲ-ਪਾਣੀ ਨਿਕਲੀ ਕੁੜੀ ਨੂੰ ਲੈ ਆਇਆ ਸੀ। ਪੰਜਾਹ ਸਾਲਾ ਮੀਹਾਂ ਸਿੰਘ ਵਿਆਹ ਦੀਆਂ ਸਾਰੀਆਂ ਉਮੀਦਾਂ ਛੱਡ ਬੈਠਾ ਸੀ। ਚਾਚੇ ਨੇ ਇਸ ਮਾਮਲੇ ਵਿਚ ਦਖਲ ਦਿੱਤਾ ਤਾਂ ਉਸ ਨੇ ਪੰਚਾਇਤ ਇਕੱਠੀ ਕਰ ਲਈ। ਚਾਚੇ ਨੇ ਪੰਚਾਇਤ ਦੀ ਵੀ ਨਾ ਸੁਣੀ ਤੇ ਕੁੜੀ ਨੂੰ ਵਾਪਸ ਕੈਂਪ ਵਿਚ ਪਹੁੰਚਾ ਕੇ ਹੀ ਸਾਹ ਲਿਆ।

ਇਹ ਸਭ ਮੇਰੇ ਜਨਮ ਤੋਂ ਬਹੁਤ ਪਹਿਲਾਂ ਦੀਆਂ ਗੱਲਾਂ ਹਨ। ਮੈਂ ਆਪਣੇ ਬਾਬੇ ਨੂੰ ਸੁਣੀਆਂ ਕਹਾਣੀਆਂ ਦੇ ਸੱਚ ਬਾਰੇ ਪੁੱਛਣ ਲਗਦਾ ਤਾਂ ਉਹ ਦੱਬੀ ਜਿਹੀ ਜ਼ੁਬਾਨ ਨਾਲ ਆਖਦਾ,

"ਮੈਨੂੰ ਤਾਂ ਲਗਦਾ ਸੀ ਕਿ ਉਹਦਾ ਦਿਮਾਗ ਹਿੱਲ ਗਿਆ, ਜਪਾਨੀਆਂ ਦੀ ਕੈਦ ਵਿਚ ਜਿਉਂ ਰਿਹਾ ਸੀ। ਤੇਰਾ ਪਿਓ ਵੀ ਤਾਂ ਹੈਗਾ ਸੀ, ਉਹਨੇ ਤਾਂ ਏਦਾਂ ਦਾ ਪੁੱਠਾ ਕੋਈ ਕੰਮ ਨਹੀਂ ਸੀ ਕੀਤਾ।"

ਚਾਚੇ ਦੀ ਇਕ ਹੋਰ ਕਹਾਣੀ ਵੀ ਸੀ ਜਿਹੜੀ ਸਾਡੇ ਘਰ ਤਕ ਹੀ ਸੀਮਤ ਸੀ, ਜਿਸ ਬਾਰੇ ਬਾਹਰਲੇ ਲੋਕ ਘੱਟ ਗੱਲ ਕਰਦੇ ਸਨ। ਇਸ ਕਹਾਣੀ ਵਿਚ ਕੁਝ ਨਾਂ ਸੁਣਨ ਨੂੰ ਮਿਲਦੇ; ਬਰਕਤ ਅਲੀ, ਫੌਜ਼ੀਆ, ਆਲੀਆ, ਫਾਤਮਾ। ਇਹ ਕੋਈ ਪਰਿਵਾਰ ਸੀ ਜਿਹੜਾ ਸਾਡੇ ਘਰ ਕਈ ਦਿਨ ਤਕ ਰਿਹਾ ਸੀ।



ਬਰਕਤ ਅਲੀ ਦੀ ਪਤਨੀ ਫੌਜ਼ੀਆ ਤੇ ਉਹਨਾਂ ਦੀਆਂ ਦੋ ਧੀਆਂ; ਆਲੀਆ ਤੇ ਫਾਤਮਾ। ਆਲੀਆ ਸੋਲਾਂ-ਸਤਾਰਾਂ ਸਾਲ ਦੀ ਤੇ ਫਾਤਮਾ ਦਸ ਕੁ ਸਾਲ ਦੀ। ਜਦ ਮੈਂ ਸਾਰੀਆਂ ਗੱਲਾਂ ਸਮਝਣ ਜੋਗਾ ਹੋਇਆ ਤਾਂ ਇਹਨਾਂ ਨਾਵਾਂ ਤੇ ਘਟਨਾਵਾਂ ਵਿਚੋਂ ਮੈਂ ਆਪ ਹੀ ਇਕ ਕਹਾਣੀ ਚੁਗ ਲਈ। ਪਤਾ ਨਹੀਂ ਉਸ ਵਿਚ ਸੱਚ ਕਿੰਨਾ ਸੀ ਤੇ ਕਲਪਨਾ ਕਿੰਨੀ ਪਰ ਮੈਂ ਉਸੇ ਕਹਾਣੀ ਉਪਰ ਯਕੀਨ ਕਰੀ ਬੈਠਾ ਸਾਂ।

ਬਰਕਤ ਅਲੀ ਦੀ ਪਿੰਡ ਪੰਡੋਰੀ ਵਿਚ ਦੁਕਾਨ ਸੀ। ਆਪਣੀ ਪਤਨੀ ਤੇ ਧੀਆਂ ਨਾਲ ਸੁਖੀ-ਸੁਖੀ ਰਹਿ ਰਿਹਾ ਸੀ। ਪਾਕਿਸਤਾਨ ਦੇ ਬਣਨ ਦੀ ਖ਼ਬਰ ਨੇ ਉਹਨਾਂ ਦੇ ਜੀਵਨ ਵਿਚ ਭੁਚਾਲ ਲੈ ਆਂਦਾ। ਪਿੰਡ ਦੇ ਲੋਕ ਬਰਕਤ ਅਲੀ ਦੀ ਦੁਕਾਨ ਲੁੱਟਣ ਤੇ ਉਸ ਦੀ ਵੱਡੀ ਧੀ ਨੂੰ ਚੁੱਕਣ ਦੀਆਂ ਵਿਉਂਤਾਂ ਬਣਾਉਣ ਲੱਗੇ। ਕਿਸੇ ਖ਼ੈਰਖੁਆਹ ਨੇ ਆ ਕੇ ਉਸ ਨੂੰ ਖ਼ਬਰ ਦੇ ਦਿੱਤੀ ਕਿ ਅੱਜ ਰਾਤ ਨੂੰ ਉਸ ਦੇ ਘਰ ਉਪਰ ਹਮਲਾ ਕੀਤਾ ਜਾਵੇਗਾ। ਬਰਕਤ ਅਲੀ ਨੇ ਜੋ ਕੁਝ ਚੁੱਕ ਹੁੰਦਾ ਸੀ ਚੁੱਕਿਆ ਤੇ ਟੱਬਰ ਨੂੰ ਲੈ ਕੇ ਰਾਤੋ ਰਾਤ ਨਿਕਲ ਤੁਰਿਆ। ਬਹਿਰਾਮ ਦੇ ਕੈਂਪ ਬਾਰੇ ਸਭ ਨੂੰ ਪਤਾ ਹੀ ਸੀ। ਪੰਡੋਰੀ ਤੋਂ ਬਹਿਰਾਮ ਜਾਣ ਲਈ ਬਰਕਤ ਅਲੀ ਨੂੰ ਸਾਡੇ ਪਿੰਡ ਵਿਚ ਦੀ ਲੰਘਣਾਂ ਪੈਣਾ ਸੀ। ਸਾਡੇ ਪਿੰਡ ਪੁੱਜਣ ਤਕ ਬਕਰਤ ਅਲੀ ਦੇ ਟੱਬਰ ਨੂੰ ਦਿਨ ਚੜ੍ਹ ਆਇਆ। ਫੌਜ਼ੀਆ ਤੇ ਦੋਵੇਂ ਕੁੜੀਆਂ ਥੱਕ ਵੀ ਗਈਆਂ ਹੋਈਆਂ ਸਨ। ਫੌਜ਼ੀਆ ਨੂੰ ਤਾਂ ਬੁਖ਼ਾਰ ਵੀ ਚੜ੍ਹ ਗਿਆ ਸੀ। ਉਹ ਸਾਰੇ ਦੁਬਕ ਕੇ ਝਾੜੀਆਂ ਓਹਲੇ ਲੁਕ ਗਏ ਤਾਂ ਜੁ ਰਾਤ ਪੈਣ 'ਤੇ ਅਗਲਾ ਸਫਰ ਜਾਰੀ ਰੱਖਿਆ ਜਾਵੇ। ਚਾਚਾ ਨਿੱਤ ਵਾਂਗ ਖੇਤਾਂ ਦਾ ਗੇੜਾ ਮਾਰਨ ਗਿਆ। ਉਸ ਨੂੰ ਝਾੜੀਆਂ ਵਿਚ ਕਿਸੇ ਦੇ ਹੋਣ ਦਾ ਸ਼ੱਕ ਪਿਆ ਤਾਂ ਉਹ ਉਧਰ ਨੂੰ ਹੋ ਤੁਰਿਆ। ਬਰਕਤ ਅਲੀ ਨੇ ਸਾਹਮਣੇ ਉੱਚੇ-ਲੰਮੇ, ਖੁੰਢੀਆਂ ਮੁੱਛਾਂ ਵਾਲੇ ਸਰਦਾਰ ਨੂੰ ਖੜ੍ਹੇ ਦੇਖਿਆ ਤਾਂ ਉਹ ਗਿੜਗੜਾਉਂਦਾ ਬੋਲਿਆ,

"ਸਰਦਾਰਾ, ਆਹ ਲੈ ਟਰੰਕ ਸਾਂਭ ਲੈ ਪਰ ਮੇਰੀਆਂ ਕੁੜੀਆਂ ਨੂੰ ਕੁਝ ਨਾ ਕਹੀਂ, ਤੈਨੂੰ ਤੇਰੇ ਵਾਹਿਗੁਰੂ ਦਾ ਵਾਸਤਾ!"

ਚਾਚੇ ਨੇ ਬਰਕਤ ਅਲੀ ਨੂੰ ਤਸੱਲੀ ਦਿੱਤੀ। ਫੌਜ਼ੀਆ ਨੂੰ ਪਾਣੀ ਪਿਲਾਇਆ। ਉਸ ਦਾ ਵਤੀਰਾ ਦੇਖ ਕੇ ਬਰਕਤ ਅਲੀ ਨੂੰ ਕੁਝ ਕੁ ਯਕੀਨ ਬੱਝਿਆ। ਚਾਚਾ ਉਹਨਾਂ ਸਾਰਿਆਂ ਨੂੰ ਲੈ ਕੇ ਪਿੰਡ ਆ ਗਿਆ ਤੇ ਆਪਣੇ ਘਰ ਲੈ ਆਇਆ। ਬਾਬੇ ਵਤਨ ਸਿੰਘ ਨੂੰ ਇਹ ਸਭ ਚੰਗਾ ਤਾਂ ਨਾ ਲੱਗਿਆ ਪਰ ਚਾਚੇ ਨੂੰ ਕੁਝ ਕਹਿ ਵੀ ਨਹੀਂ ਸੀ ਸਕਦਾ। ਜਦ ਤਕ ਫੌਜ਼ੀਆ ਠੀਕ ਨਾ ਹੋਈ ਇਹ ਪਰਿਵਾਰ ਸਾਡੇ ਘਰ ਹੀ ਰਿਹਾ। ਪਿੰਡ ਦੇ ਲੋਕ ਦਬਵੀਂ ਜ਼ੁਬਾਨ ਵਿਚ ਕਈ ਤਰ੍ਹਾਂ ਦੀਆਂ ਗੱਲਾਂ ਕਰਦੇ ਰਹੇ ਪਰ ਚਾਚੇ ਨੇ ਕਿਸੇ ਦੀ ਪਰਵਾਹ ਨਾ ਕੀਤੀ। ਘਰ ਵਿਚ ਚਲਦੀਆਂ ਗੱਲਾਂ ਤੋਂ ਇਹ ਗੱਲ ਵੀ ਉਭਰਦੀ ਸੀ ਕਿ ਚਾਚੇ ਦਾ ਆਲੀਆ ਨਾਲ ਨੇੜ ਹੋ ਗਿਆ ਸੀ।

ਵੱਡੇ ਸਕੂਲ ਜਾਣ ਤਕ ਆਲੀਆ ਤੇ ਚਾਚੇ ਬਾਰੇ ਹੋਰ ਸੋਚਣ ਲੱਗ ਪਿਆ ਸਾਂ। ਇਕ ਦਿਨ ਹੌਸਲਾ ਕਰਕੇ ਮੈਂ ਆਪਣੀ ਦਾਦੀ ਨੂੰ ਪੁੱਛ ਹੀ ਲਿਆ,

"ਬੇਬੇ, ਆਹ ਲੋਕ ਚਾਚੇ ਤੇ ਉਸ ਮੁਸਲਮਾਨ ਕੁੜੀ ਬਾਰੇ ਕਦੇ ਕਦੇ ਕੋਈ ਗੱਲ ਕਰਦੇ ਹੁੰਦੇ ਆ, ਕੀ ਆ ਇਹ?"

"ਬਰਕਤ ਦੀ ਕੁੜੀ ਕੋਲ ਕੋਈ ਕਾਲ਼ਾ ਇਲਮ ਸੀ, ਓਹਨੇ ਸਾਡਾ ਮੁੰਡਾ ਮਗਰ ਲਾ ਲਿਆ ਸੀ।"

ਬੇਬੇ ਨੇ ਰੁੱਖੇ ਜਿਹੇ ਰੁਖ਼ ਵਿਚ ਕਿਹਾ। ਮੈਂ ਤਾਏ ਜਰਨੈਲ ਸਿੰਘ ਨਾਲ ਗੱਲ ਕਰਨ ਬਾਰੇ ਸੋਚਿਆ। ਸ਼ਾਇਦ ਉਹ ਜ਼ਰਾ ਖੁਲ੍ਹ ਕੇ ਗੱਲ ਕਰ ਸਕੇ। ਤਾਇਆ ਕਹਿਣ ਲੱਗਿਆ,

"ਬਿੱਕਰ ਨੂੰ ਆਲੀਆ ਨਾਲ ਇਸ਼ਕ ਹੋ ਗਿਆ ਸੀ, ਆਲੀਆ ਵੀ ਬਿੱਕਰ 'ਤੇ ਮਰਨ ਲੱਗੀ ਸੀ, ਉਹਨੇ ਤਾਂ ਪਾਕਿਸਤਾਨ ਜਾਣ ਤੋਂ ਹੀ ਨਾਂਹ ਕਰ ਦਿੱਤੀ ਸੀ ਪਰ ਬਿੱਕਰ ਦੀ ਹਾਲਤ ਸੱਪ ਦੇ ਮੂੰਹ ਵਿਚ ਆਈ ਕੋਹੜ-ਕਿਰਲੀ ਵਾਲ਼ੀ ਹੋ ਗਈ। ਮੁਸਲਮਾਨਾਂ ਦੀਆਂ ਕੁੜੀਆਂ ਨੂੰ ਛੁਡਵਾਉਣ ਵਾਲਾ ਹੁਣ ਆਪ ਮੁਸਲੀ ਨੂੰ ਘਰ ਕਿੱਦਾਂ ਪਾ ਸਕਦਾ ਸੀ!"

"ਫਿਰ?"

"ਫਿਰ ਕੀ ਸੀ, ਬਿੱਕਰ ਆਪ ਹੀ ਇਕ ਦਿਨ ਬਰਕਤ ਅਲੀ ਦੇ ਟੱਬਰ ਨੂੰ ਕੈਂਪ ਵਿਚ ਛੱਡ ਆਇਆ ਪਰ ਓਦਾਂ ਹਰ ਰੋਜ਼ ਚੋਰੀ ਚੋਰੀ ਆਲੀਆ ਨੂੰ ਮਿਲਣ ਕੈਂਪ ਵਿਚ ਜਾ ਪੁੱਜਦਾ। ਸਾਨੂੰ ਤਾਂ ਲਗਦਾ ਸੀ ਕਿ ਇਕ ਦਿਨ ਏਹਨੇ ਕੁੜੀ ਦੂੜਾ ਲਿਆਉਣੀ ਆਂ, ਪਰ ਓਹਨੇ ਏਦਾਂ ਨਹੀਂ ਕੀਤਾ।"

ਚਾਚੇ ਦੇ ਪਿਆਰ ਦਾ ਕਿੱਸਾ ਹੁਣ ਮੇਰੇ ਮੂਹਰੇ ਸਾਫ ਹੋ ਗਿਆ ਸੀ।

ਵਕਤ ਲੰਘਦਾ ਗਿਆ। ਜ਼ਖ਼ਮ ਭਰਦੇ ਗਏ ਪਰ ਜਿਹਨਾਂ ਨੇ ਪਾਕਿਸਤਾਨ ਬਣਦਾ ਦੇਖਿਆ ਸੀ ਉਹ ਇਹਦੇ ਬਾਰੇ ਗੱਲਾਂ ਕਰਨੋ ਨਾ ਹਟੇ। ਚਾਚੇ ਬਿੱਕਰ ਦਾ ਜ਼ਿਕਰ ਵੀ ਚਲਦਾ ਰਿਹਾ। ਜਿਹੜੇ ਮੇਰੀ ਪੀੜ੍ਹੀ ਦੇ ਲੋਕ ਸਨ, ਜਿਹੜੇ ਪਾਕਿਸਤਾਨ ਤੋਂ ਬਾਅਦ ਜਨਮੇ ਸਨ, ਉਹਨਾਂ ਨੂੰ ਇਸ ਵੰਡ ਨਾਲ ਬਹੁਤੀ ਭਾਵੁਕ ਸਾਂਝ ਨਹੀਂ ਸੀ। ਸਾਡੀ ਪੀੜ੍ਹੀ ਦਾ ਤਾਂ ਸਗੋਂ ਪਾਕਿਸਤਾਨ ਨਾਲ ਦੁਸ਼ਮਣੀ ਜਿਹੀ ਵਾਲਾ ਨਾਤਾ ਬਣ ਗਿਆ ਸੀ। ਭਾਰਤੀ ਮੀਡੀਆ ਹਰ ਵੇਲੇ ਪਾਕਿਸਤਾਨ ਦੇ ਖਿਲਾਫ ਅੱਗ ਉਗਲ਼ਦਾ ਰਹਿੰਦਾ ਸੀ। ਪਾਕਿਸਤਾਨ ਨਾਲ ਲੱਗੀਆਂ ਦੋ ਲੜਾਈਆਂ ਨੇ ਵੀ ਦੋਨਾਂ ਮੁਲਕਾਂ ਨੂੰ ਬਹੁਤ ਦੂਰ ਕਰ ਦਿੱਤਾ ਸੀ। ਕਸ਼ਮੀਰ ਉਪਰ ਦੋਨਾਂ ਮੁਲਕਾਂ ਦਾ ਹੱਕ ਜਤਾਉਣਾ ਦੁਸ਼ਮਣੀ ਨੂੰ ਪੱਕੀ ਕਰਦਾ ਜਾ ਰਿਹਾ ਸੀ, ਪਰ ਫਿਰ ਵੀ ਦਿਲ ਦੇ ਕਿਸੇ ਕੋਨੇ ਵਿਚ ਇਕ ਤਾਂਘ ਸੀ ਕਿ ਕਦੇ ਕੋਈ ਪਾਕਿਸਤਾਨੀ ਮਿਲੇ।

ਵਕਤ ਨੇ ਇਕ ਹੋਰ ਪਾਸਾ ਲਿਆ। ਮੇਰਾ ਵਿਆਹ ਹੋ ਗਿਆ ਤੇ ਮੈਂ ਇੰਗਲੈਂਡ ਆ ਗਿਆ। ਇੰਗਲੈਂਡ ਵਿਚ ਆ ਕੇ ਇਕ ਗੱਲ ਜ਼ਰਾ ਅਜੀਬ ਵੀ ਲੱਗੀ ਤੇ ਚੰਗੀ ਵੀ, ਉਹ ਇਹ ਸੀ ਕਿ ਇੱਥੇ ਪਾਕਿਸਤਾਨੀ ਭਾਰੀ ਗਿਣਤੀ ਵਿਚ ਵਸਦੇ ਸਨ। ਮੇਰਾ ਉਹਨਾਂ ਨਾਲ ਆਮ ਵਾਹ ਪੈਣ ਲੱਗਿਆ। ਭਾਵੇਂ ਇੱਥੇ ਵਸਦੇ ਭਾਰਤੀ ਲੋਕਾਂ ਦੇ ਪਾਕਿਸਤਾਨੀਆਂ ਬਾਰੇ ਵਿਚਾਰ ਬਹੁਤੇ ਚੰਗੇ ਨਹੀਂ ਸਨ ਪਰ ਉਹ ਆਪਸ ਵਿਚ ਖੁਲ੍ਹ ਕੇ ਵਰਤਦੇ ਸਨ। ਮੈਨੂੰ ਕਦੇ ਵੀ ਕੋਈ ਅਜਿਹਾ ਪਾਕਿਸਤਾਨੀ ਨਹੀਂ ਸੀ ਮਿਲਿਆ ਜਿਸ ਨੂੰ ਮੈਂ ਪਸੰਦ ਨਾ ਕਰਾਂ। ਮੇਰੇ ਘਰ ਦੇ ਨਜ਼ਦੀਕ ਹੀ ਗਰੋਸਰੀ ਦੀ ਦੁਕਾਨ ਸੀ, ਜਦ ਮੈਂ ਉੱਥੇ ਜਾਂਦਾ ਤਾਂ ਉਸ ਦਾ ਮਾਲਕ ਮੁਸ਼ਤਾਕ ਮੈਨੂੰ ਵੱਡੀ ਸਾਰੀ ਮੁਸਕਰਾਹਟ ਦਿੰਦਾ। ਮੀਟ ਦੀ ਦੁਕਾਨ ਵਾਲੇ ਅਨਵਰ ਦਾ ਵੀ 'ਸਰਦਾਰ ਜੀ-ਸਰਦਾਰ ਜੀ' ਕਹਿੰਦੇ ਦਾ ਮੂੰਹ ਸੁਕਦਾ। ਇਕ ਗੱਲ ਮੈਨੂੰ ਜ਼ਰਾ ਕੁ ਅਜੀਬ ਜ਼ਰੂਰ ਲਗਦੀ ਕਿ ਪਾਕਿਸਤਾਨੀ ਜਿੱਥੇ ਇੰਡੀਆ ਤੇ ਹਿੰਦੂਆਂ ਨੂੰ ਪਸੰਦ ਨਹੀਂ ਸਨ ਕਰਦੇ ਉੱਥੇ ਸਿੱਖਾਂ ਨਾਲ ਕੁਝ ਬਹੁਤਾ ਹੀ ਮੋਹ ਦਿਖਾਉਂਦੇ ਸਨ। ਸ਼ਾਇਦ ਉਹ ਸੋਚਦੇ ਸਨ ਕਿ ਪੰਜਾਬ ਵਿਚ ਸਿਰਫ ਸਿੱਖ ਹੀ ਰਹਿੰਦੇ ਹਨ। ਪਾਕਿਸਤਾਨੀ ਪੰਜਾਬੀਆਂ ਨਾਲ ਹੁਣ ਮੇਰਾ ਵਾਹ ਤਾਂ ਵਾਹਵਾ ਪੈਣ ਲੱਗ ਪਿਆ ਸੀ ਪਰ ਕਿਸੇ ਨਾਲ ਬਹੁਤੀ ਨੇੜਤਾ ਨਹੀਂ ਸੀ ਹੋਈ। ਇਹ ਨੇੜਤਾ ਕੁਝ ਦੇਰ ਬਾਅਦ ਵਿਚ ਹੋਈ, ਆਸਿਫ ਨਾਲ, ਜਦ ਮੈਂ ਫੋਰਡ ਦੇ ਬੌਡੀ-ਪਲਾਂਟ ਵਿਚ ਕੰਮ ਕਰਦਾ ਸਾਂ। ਉਹ ਮੇਰੀ ਟੀਮ ਵਿਚ ਆ ਸ਼ਾਮਲ ਹੋਇਆ ਸੀ। ਉਸ ਨਾਲ ਨੇੜਤਾ ਵੀ ਅਜਿਹੀ ਬਣੀ ਕਿ ਉਮਰ ਭਰ ਦੀ ਦੋਸਤੀ ਹੋ ਗਈ।

ਆਸਿਫ ਪਾਕਿਸਤਾਨ ਵਿਚੋਂ ਮੁਲਤਾਨ ਤੋਂ ਸੀ ਪਰ ਉਸ ਦੀ ਪੰਜਾਬੀ ਮੇਰੇ ਵਰਗੀ ਹੀ ਸੀ। ਅਸਲ ਵਿਚ ਉਸ ਦਾ ਟੱਬਰ ਹੁਸ਼ਿਆਰਪੁਰ ਤੋਂ ਗਿਆ ਹੋਣ ਕਰਕੇ ਉਹ ਘਰ ਵਿਚ ਦੁਆਬੀ ਹੀ ਬੋਲਦੇ ਸਨ, ਉੱਥੋਂ ਹੀ ਉਸ ਨੇ ਇਹ ਲਹਿਜਾ ਲਿਆ ਸੀ। ਗੱਲਾਂ ਕਰਨ ਦਾ ਉਹ ਵੀ ਸ਼ੌਕੀਨ ਸੀ। ਸਿਆਸੀ ਮੱਸ ਵੀ ਰੱਖਦਾ ਸੀ। ਅਸੀਂ ਗੱਲਾਂ ਕਰਨ ਲਗਦੇ ਤਾਂ ਕਿੰਨੀ ਦੇਰ ਤਕ ਲੱਗੇ ਰਹਿੰਦੇ। ਜ਼ਿਆ ਉਲ ਹੱਕ ਨੇ ਭੁੱਟੋ ਨੂੰ ਫਾਂਸੀ ਲਗਾ ਦਿੱਤਾ ਸੀ ਜਿਸ ਕਾਰਨ ਉਹ ਕਾਫੀ ਉਦਾਸ ਰਹਿੰਦਾ ਸੀ। ਹਿੰਦੁਸਤਾਨ ਦੀ ਡੈਮੋਕਰੇਸੀ ਦਾ ਉਹ ਬਹੁਤ ਮੱਦਾਹ ਸੀ। ਇਕ ਦਿਨ ਮੈਂ ਉਸ ਨੂੰ ਪੁੱਛਿਆ,

"ਆਸਿਫ, ਸੰਤਾਲੀ ਵਾਲੀ ਵੰਡ ਦਾ ਤੇਰੇ ਉਪਰ ਕਿੰਨਾ ਕੁ ਅਸਰ ਐ ?"

"ਅਸਰ ਹੋਣਾ ਤਾਂ ਕੁਦਰਤੀ ਐ, ਮੇਰੇ ਸਾਰੇ ਵਡੇਰੇ ਹੀ ਉਧਰੋਂ ਆਏ ਆ, ਬਹੁਤ ਕੁਝ ਗਵਾ ਕੇ ਆਏ ਆ, ਪਰ ਜਿਹੜੇ ਲੋਕ ਪਾਕਿਸਤਾਨ ਤੋਂ ਓਧਰ ਗਏ ਆ ਉਹਨਾਂ ਦਾ ਨੁਕਸਾਨ ਵੀ ਘੱਟ ਨਹੀਂ ਹੋਇਆ, ਸਮਾਂ ਹੀ ਅਜਿਹਾ ਸੀ, ਇਨਸਾਨ ਹੈਵਾਨ ਬਣ ਗਿਆ ਸੀ।"

"ਇਤਿਹਾਸ ਵਿਚ ਏਦਾਂ ਦੀਆਂ ਮਿਸਾਲਾਂ ਘੱਟ ਮਿਲਦੀਆਂ।"

"ਸਿੰਘ, ਇਕ ਗੱਲ ਸਮਝ ਨਹੀਂ ਲਗਦੀ ਕਿ ਇੰਡੀਅਨ ਲੋਕਾਂ ਨੂੰ ਪਾਕਿਸਤਾਨ ਦੀ ਹੋਂਦ ਹਾਲੇ



ਤਕ ਵੀ ਮਨਜ਼ੂਰ ਕਿਉਂ ਨਹੀਂ ਹੋ ਰਹੀ!"

"ਹੋ ਕਿਉਂ ਨਹੀਂ ਰਹੀ ਪਰ ਜਿਹੜੇ ਲੋਕਾਂ ਨੇ ਵੰਡ ਹੁੰਦੀ ਦੇਖੀ ਐ ਉਹਨਾਂ ਤੋਂ ਸ਼ਾਇਦ ਮੁਲਕ ਵਿਚੋਂ ਦੋ ਵੱਡੇ ਹਿੱਸੇ ਅਲੱਗ ਹੁੰਦੇ ਬਰਦਾਸ਼ਤ ਨਹੀਂ ਸਨ ਹੋ ਰਹੇ।"

"ਏਹਦੇ ਵਿਚ ਕਿਹੜੀ ਗੱਲ ਸੀ, ਆਖਰ ਭਰਾ ਭਰਾ ਅਲੱਗ ਹੁੰਦੇ ਹੀ ਆ।"

"ਹਾਂ ਆਸਿਫ, ਘਰਾਂ ਵਿਚ ਭਰਾ ਅੱਡ ਹੁੰਦੇ ਹੀ ਆ ਪਰ ਦੇਸ਼ ਘਰ ਨਹੀਂ ਹੁੰਦਾ, ਜੇ ਦੇਸ਼ ਦੇ ਟੁਕੜੇ ਹੋਣ ਲੱਗ ਪੈਣ ਤਾਂ ਹੁਣ ਨੂੰ ਇੰਡੀਆ ਦੇ ਵੀਹ ਟੁਕੜੇ ਹੋ ਗਏ ਹੁੰਦੇ।"

"ਜੇ ਤੁਹਾਡੇ ਲੀਡਰਾਂ ਨੇ ਕਾਇਦੇ ਆਜ਼ਮ ਦੀ ਗੱਲ ਮੰਨ ਲਈ ਹੁੰਦੀ ਤਾਂ ਸ਼ਾਇਦ ਪਾਕਿਸਤਾਨ ਨਾ ਬਣਦਾ।"

"ਨਹੀਂ ਆਸਿਫ, ਪਾਕਿਸਤਾਨ ਬਣਨਾ ਇਕ ਚੰਗੀ ਘਟਨਾ ਸਾਬਤ ਹੋਇਐ।"

"ਸਿੰਘ, ਤੂੰ ਪਹਿਲਾ ਇੰਡੀਅਨ ਹੋਏਂਗਾ ਜਿਹੜਾ ਪਾਕਿਸਤਾਨ ਨੂੰ ਜਸਟੀਫਾਈ ਕਰ ਰਿਹਾ ਏਂ, ...ਪਰ ਕਿਵੇਂ?"

"ਇਕ ਤਾਂ ਪੰਜਾਬ ਵਿਚੋਂ ਮਜ਼ਹਬੀ ਫਸਾਦ ਸਦਾ ਲਈ ਖਤਮ ਹੋ ਗਏ ਜਿੱਦਾਂ ਕਿ ਇੰਡੀਆ ਦੇ ਹੋਰਨਾਂ ਸੂਬਿਆਂ ਵਿਚ ਹਾਲੇ ਵੀ ਹੁੰਦੇ ਰਹਿੰਦੇ ਆ ਤੇ ਦੂਜੇ ਪੰਜਾਬੀ ਜ਼ੁਬਾਨ ਨੂੰ ਬਹੁਤ ਫਾਇਦਾ ਹੋਇਆ, ਨਹੀਂ ਤਾਂ ਇਹ ਉਰਦੂ ਥੱਲੇ ਦੱਬੀ ਰਹਿਣੀ ਸੀ।"

"ਪਰ ਉਰਦੂ ਤਾਂ ਬਹੁਤ ਮਿੱਠੀ ਜ਼ੁਬਾਨ ਐ।"

"ਹਾਂ ਪਰ ਪੰਜਾਬ ਦੀ ਨਹੀਂ।"

ਇਵੇਂ ਸਾਡੀਆਂ ਗੱਲਾਂ ਸ਼ੁਰੂ ਹੁੰਦੀਆਂ ਤਾਂ ਮੁਕਦੀਆਂ ਹੀ ਨਾ। ਮੈਂ ਉਸ ਨੂੰ ਚਾਚੇ ਬਿੱਕਰ ਵਾਲੀ ਗੱਲ ਸੁਣਾਈ ਕਿ ਕਿਵੇਂ ਉਸ ਨੇ ਉਧਾਲ਼ੀਆਂ ਹੋਈਆਂ ਮੁਸਲਮਾਨ ਕੁੜੀਆਂ ਨੂੰ ਵਾਪਸ ਕਰਵਾਇਆ ਤੇ ਅੰਤ ਆਪਣੀ ਮੁਹੱਬਤ ਨੂੰ ਵੀ ਕੈਂਪ ਵਿਚ ਛੱਡ ਆਇਆ ਸੀ। ਇਸ ਬਾਰੇ ਉਸ ਦੀ ਰਾਏ ਸੀ ਕਿ ਹਾਲਾਤ ਮੁਜਬ ਕਈ ਵਾਰ ਆਰਜ਼ੀ ਜਿਹੇ ਇਸ਼ਕ ਹੋ ਜਾਇਆ ਕਰਦੇ ਹਨ, ਇਹਨਾਂ ਦਾ ਬਹੁਤਾ ਮਹੱਤਵ ਨਹੀਂ ਹੁੰਦਾ।

ਅਸੀਂ ਇਕ ਦੂਜੇ ਦੇ ਘਰ ਵੀ ਆਉਣ ਜਾਣ ਲੱਗ ਪਏ। ਸਾਡੀਆਂ ਪਤਨੀਆਂ ਵੀ ਸਹੇਲੀਆਂ ਬਣ ਗਈਆਂ ਸਨ। ਉਸ ਨੂੰ ਭਾਰਤੀ ਫਿਲਮਾਂ ਤੇ ਗੀਤ ਚੰਗੇ ਲਗਦੇ। ਅਸੀਂ ਰਲ਼ ਕੇ ਵੀਡਿਓ ਤੇ ਫਿਲਮਾਂ ਕਿਰਾਏ 'ਤੇ ਲੈ ਆਉਂਦੇ ਤੇ ਇਕੱਠੇ ਬੈਠ ਕੇ ਦੇਖਦੇ। ਫਿਰ ਉਸ ਨੇ ਵੀਡਿਓ ਖਰੀਦਿਆ ਤਾਂ ਮੈਂ ਕਈ ਵਾਰ ਉਧਾਰਾ ਮੰਗ ਲਿਆਉਂਦਾ। ਮੈਂ ਫੋਰਡ ਵਿਚੋਂ ਕੰਮ ਛੱਡ ਦਿੱਤਾ ਤਾਂ ਵੀ ਸਾਡੀ ਦੋਸਤੀ ਕਾਇਮ ਰਹੀ। ਭੱਜ ਕੇ ਇਕ ਦੂਜੇ ਦੀ ਮੱਦਦ ਕਰਦੇ। ਔਖੇ ਸਮੇਂ ਅਗਲੇ ਦੇ ਨਾਲ ਖੜ੍ਹਦੇ।

ਮੇਰੇ ਮਾਤਾ-ਪਿਤਾ ਇੰਡੀਆ ਤੋਂ ਛੇ ਕੁ ਮਹੀਨੇ ਲਈ ਸਾਡੇ ਕੋਲ ਰਹਿਣ ਆ ਗਏ। ਆਸਿਫ ਨੇ ਆਪਣੇ ਘਰ ਉਹਨਾਂ ਨੂੰ ਖਾਣੇ 'ਤੇ ਸੱਦਿਆ। ਖਾਣੇ 'ਤੇ ਹੀ ਨਹੀਂ ਸੱਦਿਆ ਬਲਕਿ ਕਿੰਨੇ ਸਾਰੇ ਤੋਹਫੇ ਦੇ ਕੇ ਮਾਣ-ਤਾਣ ਵੀ ਕੀਤਾ। ਇਕ ਦਿਨ ਉਹ ਕਹਿਣ ਲਗਿਆ,

"ਸਿੰਘ ਯਾਰ, ਮੇਰਾ ਵੀ ਦਿਲ ਕਰਦਾ ਕਿ ਆਪਣੇ ਅੱਬੂ ਤੇ ਅੰਮੀ ਨੂੰ ਇਧਰਲਾ ਚੱਕਰ ਲਗਾ ਦੇਵਾਂ, ਹੁਣ ਸਾਰੇ ਭੈਣ ਭਰਾ ਵਿਆਹੇ ਗਏ ਆ ਤੇ ਉਹ ਵਿਹਲੇ ਹੀ ਆ।"

"ਜ਼ਰੂਰ ਸੱਦ।"

"ਮੈਨੂੰ ਜ਼ਰਾ ਗਾਈਡ ਕਰ ਦੇ, ਪੇਪਰ ਵਗੈਰਾ ਕਿੱਦਾਂ ਭਰਨੇ ਆਂ।"

"ਇਹ ਤਾਂ ਗੱਲ ਹੀ ਕੋਈ ਨਹੀਂ, ਮੈਂ ਤੇਰੇ ਨਾਲ ਹੋ ਕੇ ਸਪੌਂਸਰਸ਼ਿੱਪ ਤਿਆਰ ਕਰਵਾ ਦੇਨਾਂ।"

ਮੈਂ ਉਸ ਦੀ ਮੱਦਦ ਕਰ ਦਿੱਤੀ। ਕੁਝ ਮਹੀਨਿਆਂ ਬਾਅਦ ਉਸ ਦੇ ਮਾਂ ਪਿਉ ਇੰਗਲੈਂਡ ਆ ਗਏ। ਮੈਂ ਵੀ ਉਸ ਦੇ ਨਾਲ ਉਹਨਾਂ ਨੂੰ ਏਅਰਪੋਰਟ ਤੋਂ ਲੈਣ ਗਿਆ। ਆਸਿਫ ਨੇ ਉਹਨਾਂ ਨਾਲ ਮੇਰਾ ਤੁਆਰਫ ਕਰਾਇਆ। ਉਹ ਜਿਵੇਂ ਪਹਿਲਾਂ ਹੀ ਮੈਨੂੰ ਜਾਣਦੇ ਹੋਣ। ਉਸ ਦਾ ਅੱਬੂ ਬੋਲਿਆ,

"ਪੁੱਤਰਾ, ਆਸਿਫ ਤਾਂ ਜਦ ਵੀ ਸਾਨੂੰ ਫੋਨ ਕਰੇ ਜਾਂ ਚਿੱਠੀ ਲਿਖੇ, ਤੇਰਾ ਜ਼ਿਕਰ ਜ਼ਰੂਰ ਕਰਦਾ ਹੁੰਦਾ।"

ਉਸ ਦੀ ਮਾਂ ਮੇਰੇ ਸਿਰ ਉਪਰ ਹੱਥ ਫੇਰਦੀ ਪੁੱਛਣ ਲੱਗੀ,

"ਕਿਹੜਾ ਪਿੰਡ ਐ ਤੇਰਾ ਕਾਕਾ?"

"ਜੀ ਚੱਕਾਂ।"

ਮੇਰੇ ਜਵਾਬ ਤੋਂ ਉਹ ਚੌਂਕ ਜਿਹੀ ਗਈ। ਅੱਬੂ ਨੇ ਆਖਿਆ,

"ਚੱਕਾਂ ਜਿਹੜਾ ਹੁਸ਼ਿਆਰਪੁਰ ਕੋਲ਼ ਐ?"

"ਜੀ ਨਹੀਂ, ਜਿਹੜਾ ਬੰਗਿਆਂ ਕੋਲ਼ ਐ।"

ਉਸ ਦੀ ਅੰਮੀ ਨੇ ਬਹੁਤ ਹੀ ਧਿਆਨ ਨਾਲ ਮੇਰੇ ਵੱਲ ਦੇਖਿਆ ਪਰ ਚੁੱਪ ਰਹੀ।

ਆਸਿਫ ਨੇ ਆਪਣੇ ਮਾਂ ਪਿਉ ਦੀ ਆਵੰਦ ਵਿਚ ਆਪਣੇ ਘਰ ਗਾਰਡਨ ਪਾਰਟੀ ਰੱਖੀ। ਸਾਨੂੰ ਵੀ ਸੱਦਿਆ। ਗਰਮੀਆਂ ਦੇ ਦਿਨ ਸਨ। ਕਦੇ ਕਦੇ ਨਿਕਲਦੀ ਧੁੱਪ ਸਭ ਦੇ ਚਿਹਰਿਆਂ ਉਪਰ ਖੇਡ ਰਹੀ ਸੀ। ਕਾਫ਼ੀ ਸਾਰੇ ਲੋਕ ਆਏ ਹੋਏ ਸਨ। ਆਸਿਫ ਦੇ ਅੱਬੂ ਬਹੁਤ ਖ਼ੁਸ਼ ਸਨ ਪਰ ਅੰਮੀਂ ਦੇ ਮੱਥੇ 'ਤੇ ਤਣਾਅ ਦੀਆਂ ਰੇਖਾਵਾਂ ਸਾਫ ਦਿਸ ਰਹੀਆਂ ਸਨ। ਉਹ ਮੇਰੇ ਮੋਢੇ 'ਤੇ ਹੱਥ ਰੱਖਦੀ ਮੈਨੂੰ ਇਕ ਪਾਸੇ ਲੈ ਗਈ ਤੇ ਬੋਲੀ,

"ਤੁਹਾਡੇ ਪਿੰਡ ਦੇ ਇਕ ਸਨ ਸਰਦਾਰ ਵਤਨ ਸਿੰਘ, ਜਾਣਦਾ ਐਂ?"

"ਜੀ, ਉਹ ਤਾਂ ਮੇਰੇ ਹੀ ਬਾਬਾ ਜੀ ਸਨ।"

"ਉਹ! ...ਤੇਰੇ ਵਾਲਦ ਦਾ ਨਾਂ...?"

"ਜੀ, ਸਰਦਾਰ ਕਿਸ਼ਨ ਸਿੰਘ।"

"ਤੇਰੇ ਚਾਚਾ ਜੀ...?"

"ਜੀ, ਸਰਦਾਰ ਬਿੱਕਰ ਸਿੰਘ।"

"ਹਾਂ ਹਾਂ, ...ਉਹਨਾਂ ਦੇ ਬੱਚੇ ਵੀ ਹੁਣ ਵੱਡੇ ਹੋ ਗਏ ਹੋਣਗੇ! ਵਿਆਹੇ-ਵਰੇ ਗਏ ਹੋਣਗੇ!"

"ਜੀ!"

"ਉਹ ਵੀ ਤਾਂ ਸੂਬੇਦਾਰ ਬਣ ਕੇ ਰਿਟਾਇਰ ਹੋਏ ਹੋਣਗੇ!"

"ਜੀ!"

ਮੇਰੀ ਗੱਲ ਸੁਣ ਕੇ ਉਸ ਦੀਆਂ ਗੱਲ੍ਹਾਂ ਧੁੱਪ ਨਾਲ ਚਮਕਣ ਲੱਗੀਆਂ। ਉਹ ਮੇਰਾ ਮੋਢਾ ਥਾਪੜਦੀ ਆਪਣੀ ਨੂੰਹ ਨਾਲ ਗੱਲੀਂ ਜਾ ਲੱਗੀ। ਉਹ ਬਹੁਤ ਖ਼ੁਸ਼ ਜਾਪਦੀ ਸੀ। ਕਦੇ ਕਦੇ ਮੇਰੇ ਵੱਲ ਵੀ ਦੇਖਣ ਲਗਦੀ।

ਮੈਂ ਤਾਂ ਉਸ ਨੂੰ ਏਅਰਪੋਰਟ ਤੋਂ ਉਤਰਦਿਆਂ ਹੀ ਪੱਛਾਣ ਲਿਆ ਸੀ, ਸ਼ਾਇਦ ਉਸ ਤੋਂ ਵੀ ਪਹਿਲਾਂ ਜਦ ਆਸਿਫ ਨੇ ਉਹਨਾਂ ਲਈ ਪੇਪਰ ਭੇਜਣ ਸਮੇਂ ਉਸ ਦਾ ਨਾਂ ਲਿਖਵਾਇਆ ਸੀ; ਆਲੀਆ ਅਹਿਮਦ। ਮੈਂ ਉਸ ਵੱਲ ਦੇਖਦਾ ਬਹਿਰਾਮ ਦੇ ਰਿਫਿਊਜੀ ਕੈਂਪ ਬਾਹਰ ਜਾ ਪੁੱਜਾ। ਉੱਥੇ ਜਿੱਥੇ ਚਾਚਾ ਬਿੱਕਰ ਹੱਥ ਵਿਚ ਤਲਵਾਰ ਲਈ ਖੜ੍ਹਾ ਸੀ। ਚਾਚੇ ਨੂੰ ਪਤਾ ਲੱਗ ਚੁੱਕਿਆ ਸੀ ਕਿ ਇਲਾਕੇ ਦੇ ਕੁਝ ਬਦਮਾਸ਼ ਕੈਂਪ ਵਿਚੋਂ ਕੁੜੀਆਂ ਚੁੱਕਣ ਆ ਰਹੇ ਸਨ। ਭਾਵੇਂ ਕੈਂਪ ਦੁਆਲ਼ੇ ਫ਼ੌਜ ਦਾ ਪਹਿਰਾ ਸੀ ਪਰ ਐਡੇ ਵੱਡੇ ਕੈਂਪ ਦੀ ਰਖਵਾਲੀ ਕਰਨੀ ਕੋਈ ਸੌਖੀ ਗੱਲ ਨਹੀਂ ਹੋਵੇਗੀ। ਚਾਚੇ ਨੇ ਕੈਂਪ ਬਚਾਉਣਾ ਸੀ ਜਾਂ ਫਿਰ ਸ਼ਾਇਦ ਆਪਣੀ ਆਲੀਆ। ਉਹ ਨੰਗੀ ਤਲਵਾਰ ਲੈ ਕੇ ਡਟਿਆ ਖੜ੍ਹਾ ਸੀ। ਪੱਚੀ ਕੁ ਬੰਦਿਆਂ ਦਾ ਟੋਲਾ ਆਇਆ, ਲੜਾਈ ਹੋਈ, ਪਤਾ ਨਹੀਂ ਕਿਹੜੇ ਵੇਲੇ ਇਕ ਬਰਛਾ ਚਾਚੇ ਦੀ ਹਿੱਕ ਵਿਚ ਆ ਖੁਭਿਆ। ਚਾਚਾ ਥਾਵੇਂ ਹੀ ਢੇਰੀ ਹੋ ਗਿਆ। ਜਦ ਤਕ ਫ਼ੌਜ ਪੁੱਜੀ ਤਾਂ ਚਾਚਾ ਜਾ ਚੁੱਕਿਆ ਸੀ।

ਮੈਂ ਸਦਾ ਇਹੋ ਸੋਚਿਆ ਕਰਦਾ ਸਾਂ ਕਿ ਆਲੀਆ ਨੂੰ ਚਾਚੇ ਬਾਰੇ ਉਸੇ ਵਕਤ ਪਤਾ ਚੱਲ ਗਿਆ ਹੋਵੇਗਾ ਤੇ ਵੈਣ ਪਾਉਂਦੀ ਦੌੜੀ ਆਈ ਹੋਵੇਗੀ ਤੇ ਚਾਚੇ ਦੀ ਲਾਸ਼ ਨੂੰ ਚੁੰਬੜ ਗਈ ਹੋਵੇਗੀ। ਵਿਚਾਰੀ ਆਲੀਆ ਦੀ ਹਾਲਤ ਬਹੁਤ ਬੁਰੀ ਹੋਈ ਹੋਵੇਗੀ।

ਆਲੀਆ ਵੱਲ ਦੇਖਦਿਆਂ ਮੈਨੂੰ ਕੁਝ ਕੁ ਤਸੱਲੀ ਵੀ ਸੀ।❑❑

**[ 67, Hillside Road, Southall, Middx, U.K. VB1 2PE ]**



# ਅਗਨੀ ਪਰੀਖਿਆ

## ਹਰਪ੍ਰੀਤ ਸੇਖਾ

'ਕੈਸੀ ਚੰਦਰੀ ਘੜੀ ਸੀ, ਜਦੋਂ ਸੋਚ ਬੈਠੀ ਕਿ ਕੰਮ 'ਤੇ ਗਿਆ ਮੁੜੇ ਹੀ ਨਾ!' ਸੀਮਾ ਦੇ ਚਿੱਤ 'ਚ ਆਈ। ਉਹ ਕੁਝ ਦੇਰ ਅਹਿਲ ਪਏ ਆਪਣੇ ਪਤੀ, ਅਲੋਕ ਵੱਲ ਦੇਖਦੀ ਰਹੀ। ਫਿਰ ਉਸਦੇ ਮੰਜੇ ਦਾ ਬਟਨ ਨੱਪ ਕੇ ਸਿਰਾਹਣੇ ਵਾਲਾ ਪਾਸਾ ਉੱਚਾ ਕੀਤਾ ਅਤੇ ਕੇਅਰ ਹੋਮ ਦੀ ਰਸੋਈ 'ਚੋਂ ਅਲੋਕ ਨੂੰ ਖਵਾਉਣ ਲਈ ਕੁਝ ਲੈਣ ਚਲੀ ਗਈ। ਭਾਵੇਂ ਕੇਅਰਏਡ ਨੇ ਅਲੋਕ ਨੂੰ ਦੁਪਿਹਰ ਦਾ ਖਾਣਾ ਪਹਿਲਾਂ ਹੀ ਖਵਾ ਦਿੱਤਾ ਸੀ ਪਰ ਕਦੇ-ਕਦੇ ਸੀਮਾ ਆਪਣੇ ਹੱਥੀਂ ਕੁਝ ਨਾ ਕੁਝ ਉਸ ਨੂੰ ਖਵਾ ਦਿੰਦੀ। ਯੋਗਰਟ ਦੀ ਡੱਬੀ ਲਿਆ ਕੇ ਉਸ ਨੇ ਅਲੋਕ ਦੇ ਮੂੰਹ ਨਾਲ ਚਮਚਾ ਲਾਇਆ ਹੀ ਸੀ ਕਿ ਅਲੋਕ ਨੇ ਪਹਿਲਾਂ ਹੀ ਪਿਆਇਆ ਜੂਸ ਬਰਾਛਾਂ ਰਾਹੀਂ ਬਾਹਰ ਕੱਢ ਦਿੱਤਾ। ਸੀਮਾ ਨੇ ਟਿਸ਼ੂ ਪੇਪਰ ਨਾਲ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਜੂਸ ਧੌਣ ਤੋਂ ਹੁੰਦਾ ਹੋਇਆ ਅਲੋਕ ਦੀ ਪਿੱਠ ਵੱਲ ਚਲਾ ਗਿਆ। 'ਕੇਅਰਏਡ ਨੂੰ ਐਨੇ ਪਿੱਛੇ ਕੀ ਤਕਲੀਫ਼ ਦੇਣੀ ਐ,' ਸੋਚ ਕੇ ਸੀਮਾ ਆਪ ਹੀ ਅਲੋਕ ਦਾ ਮੋਢਾ ਉਗਾਸਣ ਦੀ ਕੋਸ਼ਿਸ਼ ਕਰਨ ਲੱਗੀ। ਉਦੋਂ ਹੀ ਸੀਮਾ ਨੂੰ ਆਵਾਜ਼ ਸੁਣੀ, "ਰੁਕ ਜੋ, ਮੈਂ ਹੈਲਪ ਕਰਦੈਂ ਥੋਡੀ।" ਸੀਮਾ ਨੇ ਨਜ਼ਰ ਉਠਾ ਕੇ ਓਧਰ ਦੇਖਿਆ। ਦਰਵਾਜ਼ੇ ਵੱਲੋਂ ਆਉਂਦੇ ਨਵਦੀਪ ਨੇ ਇਹ ਕਿਹਾ ਸੀ।

"ਕੋਈ ਨੀ ਮੈਂ ਕੇਅਰਏਡ ਨੂੰ ਬੁਲਾ ਲੈਨੀ ਆਂ," ਸੀਮਾ ਨੇ ਕਿਹਾ।

"ਮੇਰਾ ਕੁਛ ਨੀ ਘਸਣ ਲੱਗਾ," ਆਖਦੇ ਨਵਦੀਪ ਨੇ ਅਲੋਕ ਦੇ ਮੋਢੇ ਥੱਲੇ ਹੱਥ ਪਾ ਕੇ ਉਸ ਨੂੰ ਥੋੜ੍ਹਾ ਉੱਪਰ ਚੁੱਕ ਦਿੱਤਾ। ਜਦੋਂ ਸੀਮਾ ਸਾਫ਼ ਕਰ ਹਟੀ, ਉਹ ਬੋਲਿਆ, "ਆਂਟੀ ਨੀ ਦਿਸੇ ਕੱਲ੍ਹ ਦੇ!"

"ਉਹ ਵੀਕਐਂਡ 'ਤੇ ਕੰਮ ਕਰਦੇ ਆ," ਸੀਮਾ ਨੇ ਦੱਸਿਆ।

"ਬਹੁਤ ਚੰਗੇ ਆ ਆਂਟੀ। ਕਦੇ ਕਿਸੇ ਦੀ ਹੈਲਪ ਕਰਨ ਲੱਗ ਜਾਂਦੇ ਆ ਕਦੇ ਕਿਸੇ ਦੀ।"

"ਹਾਂ ਜੀ," ਸੀਮਾ ਨੇ ਆਖਿਆ। ਉਹ ਆਖਣਾ ਚਾਹੁੰਦੀ ਸੀ ਕਿ ਮੰਮੀ ਵੀ ਤੁਹਾਡੀ ਬਹੁਤ ਸਿਫ਼ਤ ਕਰਦੇ ਆ ਪਰ ਉਸ ਤੋਂ ਆਖ ਨਾ ਹੋਇਆ।

"ਮੈਨੂੰ ਆਂਟੀ ਨੇ ਦੱਸਿਆ ਸਾਰਾ ਕੁਛ। ਮੇਰੀ ਕਦੇ ਵੀ ਲੋੜ ਪਵੇ ਤਾਂ ਆਵਾਜ਼ ਮਾਰ ਲਿਓ। ਜਕਿਓ ਨਾ," ਆਖ ਕੇ ਨਵਦੀਪ ਚਲਾ ਗਿਆ। ਸੀਮਾ ਨੇ ਇਕ ਨਜ਼ਰ ਤੁਰੇ ਜਾਂਦੇ ਨਵਦੀਪ ਵੱਲ ਦੇਖਿਆ। ਝੱਟ ਹੀ ਨਜ਼ਰ ਘੁਮਾ ਕੇ ਅਲੋਕ ਵੱਲ ਕਰ ਲਈ। ਉਹ ਖਾਲੀ-ਖਾਲੀ ਅੱਖਾਂ ਨਾਲ ਇਕ ਟਕ ਕੰਧ ਵੱਲ ਦੇਖ ਰਿਹਾ ਸੀ। ਸੀਮਾ ਨੇ ਫਿਰ ਓਧਰ ਨਜ਼ਰ ਕਰ ਲਈ, ਜਿਸ ਪਾਸਿਉਂ ਨਵਦੀਪ ਗਿਆ ਸੀ। ' ਏਹਦੀ ਤਾਰੀਫ਼ ਮੰਮੀ ਸੱਚੀ ਹੀ ਕਰਦੀ ਹੁੰਦੀ ਆ, ਕਿੰਨਾ ਚੰਗਾ ਐ,' ਸੀਮਾ ਨੇ ਸੋਚਿਆ। ਨਵਦੀਪ ਪ੍ਰਤੀ ਥੋੜ੍ਹਾ ਜਿਹਾ ਲਗਾਓ ਉਸ ਨੂੰ ਕੁਝ ਕੁ ਦਿਨ ਪਹਿਲਾਂ ਹੀ ਹੋ ਗਿਆ ਸੀ, ਜਦ ਉਸ ਨੇ ਮੰਮੀ ਦੇ ਮੂੰਹੋਂ ਨਵਦੀਪ ਬਾਰੇ ਸੁਣਿਆ ਸੀ। ਮੰਮੀ ਨੇ ਕਿਹਾ ਸੀ, "ਜਿਹੜੀ ਅਧਰੰਗ ਹੋਏ ਆਲੀ ਆਪਣੀ ਨਵੀਂ ਬੁੜ੍ਹੀ ਆਈ ਐ ਕੇਅਰ ਹੋਮ 'ਚ, ਓਹਦਾ ਪੁੱਤ ਬਹੁਤ ਚੰਗੈ। ਸਾਰਾ ਦਿਨ ਮਾਂ ਦੇ ਸਿਰਾਹਣੇ ਬੈਠਾ ਰਹਿੰਦੈ।---ਮੈਂ ਗੱਲਾਂ-ਗੱਲਾਂ 'ਚ ਓਦਾਂ ਈ ਪੁੱਛ ਲਿਆ ਬਈ ਤੇਰੇ ਨਿਆਣੇ ਕਿੰਨੇ ਆ ਅੱਗੋ ਕਹਿੰਦਾ, ' ਨਿਆਣੇ ਕਿੱਥੋਂ ਹੋਣੇ ਸੀ। ਵਿਆਹ ਕਰਵਾਉਣ ਲਈ ਨੀ ਲੱਭੀ ਕੋਈ ਹਾਲੇ।' ਮੈਂ ਕਿਹਾ, 'ਐਹੋ ਜੀ ਕਿਹੜੀ ਖਾਸ ਭਾਲਦੈਂ ਤੂੰ। ਅੱਗੋਂ ਕਹਿੰਦਾ, 'ਥੋਡੀ ਨੂੰਹ ਵਰਗੀ, ਸੁਸ਼ੀਲ---।"

ਮੰਮੀ ਦੇ ਮੂੰਹੋਂ ਇਹ ਸੁਣ ਕੇ ਸੀਮਾ ਅੰਦਰ ਤਰੰਗ ਉੱਠੀ ਸੀ। ਹੁਣ ਨਵਦੀਪ ਨਾਲ ਕੁਝ ਬੋਲ ਸਾਂਝੇ ਕਰਕੇ ਸੀਮਾ ਨੂੰ ਉਹ ਹੋਰ ਵੀ ਚੰਗਾ ਲੱਗਾ। ਉਸ ਨੇ ਸੋਚਿਆ, 'ਐਡੀ ਛੇਤੀ ਚਲਾ ਗਿਆ! ਕੁਝ ਦੇਰ ਤਾਂ ਰੁਕ ਜਾਂਦਾ!' ਸੀਮਾ ਨੇ ਫਿਰ ਅਲੋਕ ਵੱਲ ਦੇਖਿਆ। ਬਿਸਤਰੇ ਦੀ ਚਾਦਰ ਬਦਲਣ ਲਈ ਆਖਣ ਉਹ ਨਰਸਿੰਗ ਸਟੇਸ਼ਨ ਵੱਲ ਤੁਰ ਪਈ। ਆਪਣੀ ਮਾਂ ਦੇ ਸਿਰਾਹਣੇ ਬੈਠੇ ਨਵਦੀਪ ਨਾਲ ਉਸਦੀ ਅੱਖ ਮਿਲੀ। ਉਹ ਮੁਸਕਰਾਇਆ। ਸੀਮਾ ਦਾ ਜੀਅ ਕੀਤਾ ਕਿ ਕਮਰੇ ਅੰਦਰ ਜਾ ਕੇ ਆਂਟੀ ਦਾ ਹਾਲ ਪੁੱਛੇ ਪਰ ਉਹ ਜਕ ਗਈ। ਕੇਅਰਏਡ ਨਾਲ ਮਿਲ ਕੇ ਅਲੋਕ ਦੇ ਕੱਪੜੇ ਬਦਲਵਾ ਕੇ ਉਹ ਘਰ ਜਾਣ ਲੱਗੀ। ਨੂਰ ਦੇ ਦੁੱਧ ਦਾ ਸਮਾਂ ਹੋ ਚੱਲਿਆ ਸੀ। ਜਾਣ ਲੱਗੀ ਨੇ ਆਂਟੀ ਦੇ ਕਮਰੇ ਵੱਲ ਦੇਖਿਆ। ਉਸਦੇ ਪੈਰ ਕਮਰੇ ਦੇ ਦਰਵਾਜ਼ੇ ਮੂਹਰੇ ਰੁਕਣ-ਰੁਕਣ ਕਰਨ ਲੱਗੇ। ਪਰ ਉਹ ਰੁਕੀ ਨਹੀਂ। ਹੌਲੀ ਹੋ ਗਈ। ਨਵਦੀਪ ਉਸਦੇ ਮਗਰ ਆਇਆ। ਬੋਲਿਆ, "ਜਾਣ ਲੱਗੇ ਆਂ?"

"ਹਾਂ ਜੀ, ਬੇਟੇ ਨੂੰ ਮਾਂ ਦੇ ਘਰ ਛੱਡ ਕੇ ਆਈ ਸੀ," ਸੀਮਾ ਨੇ ਕਿਹਾ।

"ਤੁਸੀਂ ਫਿਕਰ ਨਾ ਕਰਿਓ। ਮੈਂ ਇੱਥੇ ਈ ਆਂ। ਓਧਰ ਗੇੜਾ ਮਾਰਦਾ ਰਹੂੰਗਾ।"

"ਥੈਂਕ ਯੂ।"

"ਤੁਸੀਂ ਐਨੇ ਉਦਾਸ ਨਾ ਰਿਹਾ ਕਰੋ। ਅਸੀਂ ਥੋੜੇ ਨਾਲ ਆਂ।"

ਸੀਮਾ ਨੇ ਉਸ ਵੱਲ ਦੇਖਿਆ। ਉਹ ਮੁਸਕਰਾਇਆ। ਇਸੇ 'ਮੁਸਕਰਾਹਟ' ਨੂੰ ਆਪਣੇ-ਅੰਗ-ਸੰਗ ਲੈ ਕੇ ਸੀਮਾ ਕਾਰ ਵਿਚ ਜਾ ਬੈਠੀ। ਕਾਰ ਤੋਰਦਿਆਂ ਹੀ ਉਸਦਾ ਹੱਥ ਰੇਡੀਓ ਦੇ ਬਟਨ 'ਤੇ ਪਹੁੰਚ ਗਿਆ। ਰੇਡੀਓ 'ਤੇ ਗੀਤ ਚੱਲ ਰਿਹਾ ਸੀ। ਉਸ ਨੇ ਇਕਦਮ ਸਟੇਸ਼ਨ ਨਾ ਬਦਲਿਆ, ਸਗੋਂ ਗੀਤ ਨੂੰ ਚੱਲਦਾ ਰਹਿਣ ਦਿੱਤਾ।

ਗੀਤ ਸੁਣਨੇ ਤਾਂ ਸੀਮਾ ਬਹੁਤ ਦੇਰ ਤੋਂ ਛੱਡ ਚੁੱਕੀ ਸੀ। ਕਾਰ ਵਿਚ ਲੱਗੇ ਰੇਡੀਓ 'ਤੇ ਜੇ ਗੀਤ ਚਲਦਾ ਵੀ ਹੁੰਦਾ ਤਾਂ ਉਹ ਝੱਟ ਸਟੇਸ਼ਨ ਬਦਲ ਦਿੰਦੀ। ਅਲੋਕ ਦੇ ਨਾਲ ਰਹਿੰਦਿਆਂ ਉਸ ਨੂੰ ਇਹ ਆਦਤ ਪੈ ਗਈ ਸੀ। ਅਲੋਕ ਨੂੰ ਗੀਤਾਂ ਨਾਲ ਨਫ਼ਰਤ ਸੀ, ਇਸ ਗੱਲ ਦਾ ਸੀਮਾ ਨੂੰ ਵਿਆਹ ਤੋਂ ਕੁਝ ਦਿਨ ਬਾਅਦ ਹੀ ਪਤਾ ਲੱਗ ਗਿਆ ਸੀ।

ਸੀਮਾ ਨੂੰ ਕੰਮ ਤੋਂ ਛੁੱਟੀ ਸੀ। ਅਲੋਕ ਕੰਮ 'ਤੇ ਗਿਆ ਹੋਇਆ ਸੀ। ਉਨ੍ਹਾਂ ਦੇ ਵਿਆਹ ਹੋਏ ਨੂੰ ਹਾਲੇ ਮਹੀਨਾ ਵੀ ਪੂਰਾ ਨਹੀਂ ਸੀ ਹੋਇਆ। ਸੀਮਾ ਨੇ ਸ਼ਾਮ ਵਾਸਤੇ ਸਬਜ਼ੀ ਬਣਾ ਦਿੱਤੀ ਅਤੇ ਟੀ ਵੀ ਮੂਹਰੇ ਬੈਠ ਗਈ। ਉਸ ਨੂੰ ਦਿਨ ਲੰਮਾ ਹੋ ਗਿਆ ਲੱਗਣ ਲੱਗਾ। ਬੇਸਮੈਂਟ ਦੇ ਲਿਵਿੰਗ ਰੂਮ ਵਿਚ ਟੰਗੀ ਘੜੀ ਵੱਲ ਉਸ ਨੇ ਦੇਖਿਆ। ਅਲੋਕ ਦੇ ਕੰਮ ਤੋਂ ਮੁੜਨ ਵਿਚ ਹਾਲੇ ਦੋ ਘੰਟੇ ਪਏ ਸਨ। 'ਜੇ ਕਿਤੇ ਅੱਜ ਅਲੋਕ ਘਰ ਰਹਿ ਪੈਂਦਾ!' ਸੀਮਾ ਨੇ ਅੰਗੜਾਈ ਲੈਂਦੇ ਸੋਚਿਆ। ਫਿਰ ਉਸਦੇ ਦਿਮਾਗ ਵਿਚ ਆਈ ਕਿ ਕੰਮ ਤੋਂ ਵਾਪਸ ਆਏ ਅਲੋਕ ਨੂੰ ਕਹੇਗੀ ਕਿ ਘੁੰਮਣ ਚੱਲੀਏ। ਉਹ ਉੱਠ ਕੇ ਨਹਾਉਣ ਚਲੀ ਗਈ।

ਸ਼ੀਸ਼ੇ ਮੂਹਰੇ ਖੜ੍ਹੀ ਆਪਣੇ ਆਪ ਨੂੰ ਨਿਹਾਰਦੀ ਰਹੀ। ਕੇਸਾਂ ਨੂੰ ਪਹਿਲਾਂ ਉੱਪਰ ਵੱਲ ਕਰਕੇ ਬੰਨ੍ਹਿਆ, ਫਿਰ ਪਿੱਛੇ ਸੂਈਆਂ ਫਸਾ ਕੇ ਦੇਖੀਆਂ। ਕੇਸ ਖੁੱਲ੍ਹੇ ਛੱਡ ਕੇ ਵੀ ਆਪਣੇ-ਆਪ ਨੂੰ ਨਿਹਾਰਿਆ ਤੇ ਮੁੜ ਪਿੱਛੇ ਵੱਲ ਗਿੱਚੀ ਤੋਂ ਕੁਝ ਉੱਪਰ ਕਰਕੇ ਆਪਣੇ ਵਾਲਾਂ ਨੂੰ ਬੰਨ੍ਹ ਲਿਆ। ਤਿਆਰ ਹੋ ਕੇ ਸੀ ਡੀ ਚਲਾ ਲਈ। 'ਆ ਜਾ ਵੇ ਮਾਹੀ ਤੇਰਾ ਰਸਤਾ ਉਡੀਕਦੀ ਆਂ।' ਉਹ ਨਾਲ-ਨਾਲ ਗੁਣ-ਗਣਾਉਣ ਲੱਗੀ। ਉਸ ਨੇ ਘੜੀ ਵੱਲ ਦੇਖਿਆ। ਅਲੋਕ ਦੇ ਆਉਣ ਵਿਚ ਹਾਲੇ ਪੰਦਰਾਂ-ਵੀਹ ਮਿੰਟ ਰਹਿੰਦੇ ਸਨ। 'ਪਤਾ ਨੀ ਕੀ ਗੱਲ ਅਲੋਕ ਨੇ ਅੱਜ ਲੰਚ ਟਾਈਮ ਵੀ ਫ਼ੋਨ ਨੀਂ ਕੀਤਾ!' ਸੀਮਾ ਨੇ ਸੋਚਿਆ।

ਅਲੋਕ ਦਾ ਲੰਚ ਟਾਈਮ ਵੇਲੇ ਫ਼ੋਨ ਕਰਨ ਨੂੰ ਜੀਅ ਹੀ ਨਾ ਕੀਤਾ। ਨਾਲ ਦੇ ਕਾਮਿਆਂ ਨੇ ਉਸ ਅੰਦਰ ਉਥਲ-ਪੁਥਲ ਮਚਾ ਦਿੱਤੀ ਸੀ। ਲੰਚ ਖਾਂਦਿਆਂ ਇਕ ਸਾਥੀ ਨੇ ਦੂਜੇ ਨੂੰ ਕਿਹਾ ਸੀ, "ਕੱਲ੍ਹ ਮੈਂ ਕਵਾਂਟਲਿਨ ਕਾਲਜ ਗਿਆ। ਓਥੇ ਮੇਰੀ ਇਕ ਕੁੜੀ ਨਾਲ ਸੀਟੀ ਰਲਣ ਲੱਗੀ ਆ।---।"

"ਓਏ ਤੂੰ ਵਿਆਹ ਕਰਵਾ ਲੈ, ਐਵੇਂ ਕਿਤੇ ਕੀਹਦੇ ਮਗਰ ਤੁਰ ਪੈਨੈਂ ਕਦੇ ਕੀਹਦੇ ਮਗਰ," ਦੂਜੇ ਨੇ ਵਿੱਚੋਂ ਹੀ ਕਿਹਾ।

"ਵਿਆਹ ਅਗਲੇ ਸਾਲ ਕਰਵਾਉਣ ਜਾਊਂ ਇੰਡੀਆ।"

"ਤੇਰੀ ਚੜ੍ਹਾਈ ਐ ਬਈ। ਕੁੜੀਆਂ ਐਥੇ ਪੱਟੀ ਫਿਰਦੈਂ, ਵਿਆਹ ਇੰਡੀਆ," ਦੂਜੇ ਨੇ ਕਿਹਾ।

"ਐਥੇ ਵਿਆਹ ਕਰਾ ਕੇ ਫਸਣੈ। ਓਹੀ ਤਾਂ ਦੱਸਣ ਲੱਗਾ ਸੀ। ਤੂੰ ਵਿੱਚੋਂ ਹੀ ਟੋਕ ਦਿੰਨੈਂ। ਕੱਲ੍ਹ ਜਿਹੜੀ ਕੁੜੀ ਮਗਰ ਮੈਂ ਗਿਆ ਸੀ , ਉਹ ਊਂ ਪੂਰੀ ਸਾਦੀ ਦਿਸੂ। ਕਾਲਜ 'ਚ ਸਕਰਟ ਪਾਈ ਫਿਰੇ। ਸਲੀਵ ਲੈੱਸ ਟੌਪ। ਪੂਰੇ ਟਸ਼ਨ 'ਚ। ਮੈਥੋਂ ਸਿਆਣੀ ਨਾ ਗਈ--," ਪਹਿਲਾ ਆਖ ਹੀ ਰਿਹਾ ਸੀ ਕਿ ਦੂਜਾ ਵਿੱਚੋਂ ਹੀ ਬੋਲਿਆ, "ਏਸੇ ਤਰ੍ਹਾਂ ਈ ਸੁਣਦੇ ਆਂ ਬਈ ਘਰੋਂ ਕੁੜੀਆਂ ਸਾਦੀਆਂ ਬਣ ਕੇ ਜਾਂਦੀਐਂ ਤੇ ਸਕੂਲਾਂ ਕਾਲਜਾਂ 'ਚ ਜਾ ਕੇ ਲੌਕਰਾਂ ਚੋਂ ਕੱਢ ਕੇ ਹੋਰ ਕੱਪੜੇ ਪਾ ਲੈਂਦੀਆਂ।"

ਅਲੋਕ ਨੂੰ ਲੱਗਾ ਜਿਵੇਂ ਉਹ ਉਸ ਨੂੰ ਸੁਣਾ ਕੇ ਗੱਲਾਂ ਕਰ ਰਹੇ ਹੋਣ। ਉਸਦਾ ਅੰਦਰ ਰਿੱਝਣ ਲੱਗਾ। ਅਲੋਕ ਦੇ ਮੂੰਹੋਂ ਨਿਕਲਿਆ, "ਐਵੈਂ ਮਾਰਦੇ ਲੋਕੀਂ ਭਕਾਈ। ਸਾਰੀਆਂ ਇੱਕੋ ਜੀਆਂ ਨੀ ਹੁੰਦੀਆਂ। ਇੰਡੀਆ ਕਿਹੜਾ ਸਾਰੀਆਂ ਸਤੀ ਸਵਿੱਤਰੀਆਂ। ਨਾਲੇ ਆਪ ਕਿਹੜਾ ਇਹ---" ਆਖਦਾ-ਆਖਦਾ ਉਹ



ਚੁੱਪ ਕਰ ਗਿਆ। ਉਸ ਨੂੰ ਹੋਰ ਉੱਥੇ ਬੈਠੇ ਰਹਿਣਾ ਔਖਾ ਲੱਗਾ। ਜਲਦੀ 'ਚ ਉਸ ਨੇ ਆਪਣਾ ਖਾਣਾ ਖਾਧਾ ਤੇ ਲੰਚ-ਰੂਮ 'ਚੋਂ ਬਾਹਰ ਨਿਕਲ ਗਿਆ। 'ਗੱਲ ਤਾਂ ਜਰੂਰ ਕੋਈ ਹੋਊ, ਜਿਹੜਾ ਇਹ ਲਾ ਕੇ ਗੱਲਾਂ ਕਰਦੇ ਸੀ,' ਅਲੋਕ ਦੇ ਚਿੱਤ 'ਚ ਆਈ। ਫਿਰ ਉਸ ਨੂੰ ਵਿਚੋਲੇ 'ਤੇ ਗੁੱਸਾ ਆਇਆ, ਜਿਸ ਨੇ ਕਿਹਾ ਸੀ ਕਿ 'ਜੇ ਕੋਈ ਐਸੀ-ਵੈਸੀ ਗੱਲ ਹੋਈ ਤਾਂ ਸਾਡੀ ਜਿੰਮੇਵਾਰੀ।' ਉਦੋਂ ਅਲੋਕ ਨੇ ਸ਼ੰਕਾ ਪ੍ਰਗਟ ਕੀਤਾ ਸੀ, 'ਸੋਲ੍ਹਾਂ-ਸਤਾਰਾਂ ਸਾਲ ਦੀ ਉਮਰ 'ਚ ਕਨੇਡਾ ਆਈ ਹੋਈ ਆ। ਸਾਲ-ਦੋ ਸਾਲ ਏਥੋਂ ਦੇ ਸਕੂਲਾਂ 'ਚ ਪੜ੍ਹੀ ਐ। ਜ਼ਰੂਰ ਕੋਈ ਬੁਆਏ ਫਰੈਂਡ ਹੋਵੇਗਾ।' ਇਹ ਗੱਲ ਉਸ ਨੇ ਆਪਣੀ ਮੰਮੀ ਨਾਲ ਵੀ ਸਾਂਝੀ ਕੀਤੀ। ਮੰਮੀ ਨੇ ਕਿਹਾ ਸੀ, "ਰਾਜੇ, ਸਾਰੀਆਂ ਇੱਕੋ ਜਿਹੀਆਂ ਨੀਂ ਹੁੰਦੀਆਂ। ਬੰਦੇ ਚੰਗੇ ਆ। ਕੁੜੀ ਵੀ ਸਾਊ ਲੱਗਦੀ ਆ।" ਪਰ ਅਲੋਕ ਨੂੰ ਯਕੀਨ ਨਹੀਂ ਸੀ ਹੋਇਆ। ਉਸਨੇ ਸੀਮਾ ਬਾਰੇ ਜਾਣਕਾਰੀ ਲੈਣ ਲਈ ਉਸਦੇ ਕੰਮ ਅਤੇ ਘਰ ਦੇ ਦੁਆਲੇ ਕਈ ਗੇੜੇ ਮਾਰੇ ਸਨ । ਅਲੋਕ ਨੂੰ ਅਜੇਹਾ ਕੋਈ ਸੁਰਾਗ ਨਹੀਂ ਸੀ ਮਿਲਿਆ, ਜਿਸ ਤੋਂ ਉਹ ਸੀਮਾ 'ਤੇ ਸ਼ੱਕ ਕਰਦਾ। ਸੀਮਾ ਦੀ ਸਾਦਗੀ ਉਸ ਨੂੰ ਭਾਅ ਗਈ ਸੀ। ਤੇ ਉੱਤੋਂ ਵਿਚੋਲੇ ਨੇ ਗਰੰਟੀ ਦੇ ਦਿੱਤੀ ਸੀ।

'ਰਿਸ਼ਤਾ ਕਰਨ ਦੇ ਮਾਰੇ ਲੋਕੀਂ ਝੂਠ ਮਾਰ ਜਾਂਦੇ ਆ,' ਅਲੋਕ ਨੇ ਸੋਚਿਆ। ਫਿਰ ਉਸ ਨੇ ਸੋਚਿਆ ਕਿ ਜਾ ਕੇ ਉਨ੍ਹਾਂ ਮੁੰਡਿਆਂ ਤੋਂ ਪੁੱਛੇ ਕਿ ਜੇ ਉਹਨਾਂ ਨੇ ਸੀਮਾ ਬਾਰੇ ਕੋਈ ਗੱਲ ਸੁਣੀ ਐ ਤਾਂ ਸਿੱਧੀ ਦੱਸਣ । ਪਰ ਇਸ ਵਿਚਾਰ ਨੂੰ ਉਸ ਨੇ ਉਸੇ ਪਲ ਹੀ ਛੱਡ ਦਿੱਤਾ। ਉਸ ਨੇ ਸੋਚਿਆ ਕਿ ਜੇ ਕੋਈ ਗੱਲ ਨਾ ਵੀ ਹੋਈ ਤਾਂ ਐਵੇਂ ਵਾਧੂ ਸ਼ੱਕ ਕਰਨਗੇ। ਫਿਰ ਉਸਦੇ ਚਿੱਤ 'ਚ ਆਈ ਕਿ ਸੀਮਾ ਲੱਗਦੀ ਤਾਂ ਹੈ ਨੀ ਐਹੋ-ਜਿਹੀ।' ਅਗਲੇ ਹੀ ਪਲ ਉਸਦੇ ਮਨ 'ਚ ਆਈ ਕਿ ਕੀ ਪਤਾ ਇਹ ਵੀ ਸਾਦੀ ਹੋਣ ਦਾ ਢਕੌਂਸਲਾ ਕਰਦੀ ਹੋਵੇ। ਇਸ ਤਰ੍ਹਾਂ ਸੋਚਦੇ ਅਲੋਕ ਨੂੰ ਅੱਚਵੀ ਲੱਗ ਗਈ। ਉਸਦਾ ਜੀਅ ਕੀਤਾ ਕਿ ਹੁਣੇ ਹੀ ਘਰ ਨੂੰ ਤੁਰ ਜਾਵੇ। ਪਰ ਉਹ ਜਾ ਨਹੀਂ ਸੀ ਸਕਦਾ। ਉਹ ਛੁੱਟੀ ਹੋਣ ਦੀ ਉਡੀਕ ਕਰਨ ਲੱਗਾ। ਜਿਉਂ ਹੀ ਕੰਮ 'ਤੋਂ ਛੁੱਟੀ ਹੋਈ, ਉਸ ਨੇ ਘਰ ਵੱਲ ਕਾਰ ਭਜਾ ਲਈ।

ਘਰ ਵੜਦੇ ਹੀ ਅਲੋਕ ਦੇ ਕੰਨੀਂ ਗੀਤ ਦੇ ਬੋਲ ਪਏ। ਬੇਸਮੈਂਟ ਦੇ ਦਰਵਾਜ਼ੇ ਦੇ ਨਾਲ ਹੀ ਸੋਫ਼ਾ ਪਿਆ ਸੀ, ਜਿਸ 'ਤੇ ਸੀਮਾ ਬੈਠੀ ਸੀ। ਅਲੋਕ ਨੇ ਸੀਮਾ ਵੱਲ ਦੇਖਿਆ। ਸੀਮਾ ਦੀ ਸਜ-ਧਜ ਨੇ ਅਲੋਕ ਦਾ ਦਿਮਾਗ ਚਕਰਾ ਦਿੱਤਾ। ਉਸਦੇ ਅੰਦਰ ਗੀਤਾਂ ਪ੍ਰਤੀ ਡੂੰਘੀ ਧਸੀ ਨਫ਼ਰਤ ਜਾਗ ਪਈ। ਉਹ ਗਰਜਿਆ, "ਭੈਅ! ਵੱਖਰੇ ਈ ਸ਼ੌਂਕ । ਸਾਰਾ ਦਿਨ ਟੇਪਾਂ ਸੁਣਦੀ ਰਿਹਾ ਕਰ। ਘਰ 'ਚ ਖਿਲਾਰਾ ਵੇਖ ਕਿਵੇਂ ਪਿਐ।" ਸੀਮਾ ਹੈਰਾਨੀ 'ਚ ਭੰਮਤਰ ਗਈ। ਕੋਈ ਵੀ ਖਿਲਾਰਾ ਨਹੀਂ ਸੀ। ਉਸ ਨੇ ਸਵੇਰੇ ਹੀ ਸਫ਼ਾਈ ਕੀਤੀ ਸੀ। ਉਹ ਅਲੋਕ ਦੀਆਂ ਅੱਗ ਵਰਸਾਉਂਦੀਆਂ ਅੱਖਾਂ ਵੱਲ ਵੇਖ ਕੇ ਸਹਿਮ ਗਈ। ਕੁਝ ਦੇਰ ਉਵੇਂ ਹੀ ਖੜ੍ਹੀ ਰਹੀ, ਫਿਰ ਤੇਜ਼ ਕਦਮੀਂ ਆਪਣੇ ਕਮਰੇ ਵੱਲ ਗਈ ਤੇ ਬੈੱਡ 'ਤੇ ਚੁਫਾਲ ਜਾ ਡਿੱਗੀ। 'ਕੀ ਕੀਤੈ ਐਹੋ-ਜਿਹਾ, ਜਿਹੜਾ ਐਨੀ ਬੇਜ਼ਤੀ!' ਵਾਰ-ਵਾਰ ਉਸਦੇ ਦਿਮਾਗ ਵਿਚ ਆਉਂਦਾ। ਉਸਦਾ ਰੋਣ ਉੱਚੀ ਹੋ ਗਿਆ। ਇਕ ਵਾਰ ਉਸਦਾ ਜੀਅ ਕੀਤਾ ਕਿ ਉੱਠ ਕੇ ਅਲੋਕ ਨੂੰ ਪੁੱਛੇ ਕਿ ਕੀ ਵਿਗਾੜਿਆ ਸੀ ਉਸ ਨੇ। ਪਰ ਉਹ ਇਸ ਤਰ੍ਹਾਂ ਨਾ ਕਰ ਸਕੀ। ਅੰਦਰ ਉੱਠ ਰਹੇ ਗੁੱਸੇ ਨੂੰ ਅੱਖਾਂ ਰਾਹੀਂ ਵਹਾਉਣ ਲੱਗੀ। ਅਲੋਕ ਦੀ ਪੈੜ-ਚਾਲ ਸੁਣ ਕੇ ਉਸ ਨੂੰ ਲੱਗਾ ਕਿ ਉਹ ਕਮਰੇ ਵਿਚ ਆ ਕੇ ਉਸ ਨੂੰ ਵਰਾਏਗਾ। ਪਰ ਅਲੋਕ ਸੀ ਡੀ ਪਲੇਅਰ ਨੂੰ ਬੰਦ ਕਰਕੇ ਵਾਸ਼ਰੂਮ ਵਿਚ ਵੜ ਗਿਆ। ਕਾਫ਼ੀ ਦੇਰ ਸ਼ਾਵਰ ਥੱਲੇ ਖੜ੍ਹਾ ਰਿਹਾ। ਉਸ ਨੂੰ ਇਸ ਗੱਲ ਦਾ ਚੇਤਾ ਹੀ ਨਾ ਰਿਹਾ ਕਿ ਮਕਾਨ ਮਾਲਕ ਨੇ ਕਈ ਵਾਰ ਘੱਟ ਪਾਣੀ ਵਰਤਣ ਦੀ ਚਿਤਾਵਨੀ ਦਿੱਤੀ ਸੀ। ਉਸ ਦੇ ਅੰਦਰ ਤਾਂ ਭਾਂਬੜ ਮੱਚ ਰਿਹਾ ਸੀ, ਜਿਹੜਾ ਸ਼ਾਂਤ ਹੋਣ ਵਿਚ ਨਹੀਂ ਸੀ ਆ ਰਿਹਾ। ਵਾਰ ਵਾਰ ਉਹ ਸੋਚਦਾ ਕਿ ਜਿਹੜਾ ਇਹ ਇਸ ਤਰ੍ਹਾਂ ਬੈਠ ਕੇ ਗੀਤ ਸੁਣਦੀ ਆ, ਜ਼ਰੂਰ ਚਾਲੂ ਕਿਸਮ ਦੀ ਹੋਵੇਗੀ। ਚੰਗੀਆਂ ਕੁੜੀਆਂ ਕਦੋਂ ਏਸ ਤਰ੍ਹਾਂ ਅੱਖਾਂ ਮਟਕਾਉਂਦੀਐਂ। ਇਸ ਤਰ੍ਹਾਂ ਸੋਚਦੇ ਅਲੋਕ ਨੂੰ ਸੀਮਾ ਦੀਆਂ ਅੱਖਾਂ ਵਿਚ ਪਾਏ ਸੁਰਮੇ ਦੀ ਮੋਟੀ ਧਾਰ ਨਾਗ ਵਰਗੀ ਲੱਗੀ। ਵਾਸ਼ਰੂਮ ਵਿੱਚੋਂ ਨਿਕਲ ਕੇ ਉਹ ਲਿਵਿੰਗ ਰੂਮ ਵਿਚ ਜਾ ਬੈਠਾ। 'ਧੋਖਾ ਈ ਹੋਇਐ!' ਉਸ ਨੇ ਸੋਚਿਆ। ਉਹ ਝਟਕੇ ਨਾਲ ਉੱਠਿਆ। ਸੀ ਡੀ ਪਲੇਅਰ ਵਿਚੋਂ ਸੀ ਡੀ ਕੱਢ ਕੇ ਤੋੜੀ ਤੇ ਗਾਰਬੇਜ ਕੈਨ ਵਿਚ ਸੁੱਟ ਕੇ ਮੁੜ ਪਹਿਲਾਂ ਵਾਲੀ ਥਾਂ 'ਤੇ ਹੀ ਬੈਠ ਗਿਆ।

' ਵਿਆਹ ਤੋਂ ਪਹਿਲਾਂ ਕਿੰਨੀ ਸਾਦੀ ਲੱਗਦੀ ਸੀ ਤੇ ਹੁਣ!' ਸੋਚਦਿਆਂ ਉਸ ਨੇ ਦੰਦ ਕਿਰਚੇ। 'ਜ਼ਰੂਰ ਏਹਦਾ ਵੀ ਕੋਈ ਬੁਆਏ-ਫਰੈਂਡ ਹੋਵੇਗਾ,' ਉਸਦਾ ਜੀਅ ਕੀਤਾ ਕਿ ਹੁਣੇ ਧੌਣੋਂ ਫੜ ਕੇ ਸੀਮਾ ਨੂੰ ਪੁੱਛੇ ਕਿ ਦੱਸ ਕਿਉਂ ਸਾਦੀ ਬਣਨ ਦਾ ਡਰਾਮਾ ਕਰਦੀ ਸੀ ਪਹਿਲਾਂ। ਪਰ ਉਸ ਨੇ ਆਪਣੇ ਆਪ ਨੂੰ ਰੋਕ ਲਿਆ। ਉੱਥੇ ਬੈਠਾ ਹੀ ਦੰਦ

ਕਰੀਚਦਾ ਰਿਹਾ। ਸੀਮਾ ਅੰਦਰੋਂ ਉੱਠ ਆਈ ਸੀ। ਅਲੋਕ ਨੇ ਖਾ ਜਾਣ ਵਾਲੀਆਂ ਅੱਖਾਂ ਨਾਲ ਉਸ ਨੂੰ ਵੇਖਿਆ। ਉਹ ਸਟੋਵ ਕੋਲ ਜਾ ਖੜ੍ਹੀ। ਚਾਹ ਵਾਸਤੇ ਪਾਣੀ ਰੱਖ ਦਿੱਤਾ। ਮੰਮੀ ਕੰਮ ਤੋਂ ਮੁੜਨ ਵਾਲੀ ਸੀ। 'ਮੰਮੀ ਨੂੰ ਨਾ ਪਤਾ ਲੱਗ ਜਾਵੇ', ਸੋਚ ਕੇ ਹੀ ਉਹ ਅੰਦਰੋਂ ਉੱਠ ਆਈ ਸੀ। ਪਾਣੀ ਧਰ ਕੇ ਉਹ ਵਾਸ਼ਰੂਮ ਵਿਚ ਜਾ ਮੂੰਹ ਧੋਣ ਲੱਗੀ। ਮੰਮੀ ਦੇ ਅੰਦਰ ਵੜਦਿਆਂ ਹੀ ਸੀਮਾ ਨੇ ਰੋਜ਼ ਵਾਂਗ ਅਗਾਂਹ ਹੋ ਕੇ ਮੰਮੀ ਦਾ ਬੈਗ ਫੜ ਲਿਆ। ਫਿਰ ਚਾਹ ਦੇ ਕੱਪ ਲਿਆ ਕੇ ਮੇਜ਼ 'ਤੇ ਰੱਖ ਦਿੱਤੇ। ਅਲੋਕ ਨੂੰ ਲੱਗਾ ਜਿਵੇਂ ਸੀਮਾ ਖੇਖਣ ਕਰ ਰਹੀ ਹੋਵੇ। ਕਚੀਚੀ ਲੈ ਕੇ ਉਸ ਨੇ ਚਾਹ ਦੇ ਕੱਪ ਵਿਚ ਪੈਰ ਮਾਰਿਆ।

"ਇਹ ਕੋਈ ਰਾਹ ਐ? ਜੇ ਕੋਈ ਗੱਲ ਐ ਤਾਂ ਮੂੰਹ ਨਾਲ ਕਰ। ਹੁਣ ਤੂੰ ਨਿਆਣੈ?" ਮੰਮੀ ਨੇ ਕਿਹਾ।

"ਕੀ ਬੋਲਾਂ ਮੂੰਹ ਨਾਲ! ਤੈਨੂੰ ਏਹਦੇ ਲੱਛਣ ਨੀ ਦੀਂਹਦੇ!" ਆਖਦਾ ਅਲੋਕ ਝਟਕੇ ਨਾਲ ਉੱਠਿਆ ਅਤੇ ਆਪਣੇ ਕਮਰੇ ਵੱਲ ਚਲਾ ਗਿਆ।

"ਮੈਨੂੰ ਤਾਂ ਹਾਲੇ ਕੋਈ ਨੀ ਲੱਛਣ ਮਾੜਾ ਦਿਸਿਆ," ਆਖ ਕੇ ਮੰਮੀ ਨੇ ਸੀਮਾ ਵੱਲ ਦੇਖਿਆ। ਉਹ ਅੱਖਾਂ ਭਰ ਆਈ। ਉਹ ਮੰਮੀ ਦੇ ਕੋਲ ਹੋ ਕੇ ਬੈਠ ਗਈ। ਬੋਲੀ, " ਮੈਨੂੰ ਤਾਂ ਆਪ ਨੀ ਸਮਝ ਲੱਗੀ ਕਿ ਕੀ ਗੱਲ ਐ। ਅੰਦਰ ਵੜਦੇ ਹੀ ਭੜਕ ਪਏ। ਮੈਂ ਬੈਠੀ ਗੀਤ ਸੁਣਦੀ ਸੀ," ਆਖਦੀ ਸੀਮਾ ਦਾ ਰੋਣ ਨਿਕਲ ਗਿਆ। ਮੰਮੀ ਨੇ ਉਸ ਨੂੰ ਆਪਣੇ ਨਾਲ ਲਾ ਲਿਆ। ਕੁਝ ਦੇਰ ਬਆਦ ਬੋਲੀ, " ਲੈ ਵਈ, ਗੀਤਾਂ ਨੂੰ ਏਹ ਨਿੱਕੇ ਹੁੰਦਿਆਂ ਤੋਂ ਈ ਚੰਗਾ ਨੀ ਸਮਝਦਾ। ਆਵਦੀਆਂ ਭੈਣਾਂ ਨਾਲ ਵੀ ਲੜ ਪੈਂਦਾ ਸੀ, ਜੇ ਕਦੇ ਉਹ ਗੀਤ ਲਾ ਲੈਂਦੀਆਂ।" ਕੁਝ ਦੇਰ ਬਾਅਦ ਉਹ ਮੁੜ ਬੋਲੀ, " ਮੈਂ ਉਦੋਂ ਕੁੜੀਆਂ ਨੂੰ ਆਖਣਾ 'ਬੰਦ ਕਰ ਦਿਓ, ਭਾਈ। ਆਵਦੇ ਘਰ ਜਾ ਕੇ ਜਿਵੇਂ ਮਰਜੀ ਸੁਣੀ ਜਾਇਆ ਕਰਿਓ। --- ਆਵਦੇ ਘਰ ਜਾ ਕੇ ਵੀ ਕੀ ਪਤਾ ਹੁੰਦਾ ਕਿ ਘਰਵਾਲਾ ਸੁਣਨ ਦੇਵੇ ਜਾਂ ਨਾ।" ਸੀਮਾ ਮੰਮੀ ਵੱਲ ਦੇਖਣ ਲੱਗੀ। ਉਹ ਫਿਰ ਬੋਲੀ, " ਏਹਨੂੰ ਪਤਾ ਨੀ ਕਿਉਂ ਮੁੰਡੇ-ਖੁੰਡਿਆਂ ਵਾਲੇ ਸ਼ੌਕ ਹੈ ਨੀ। ਖਣੀ ਏਹਦੇ ਡੈਡੀ ਦਾ ਸਾਇਆ ਨੀ ਮਿਲਿਆ ਏਸ ਕਰਕੇ ਆ। ਕੋਈ ਵੈਲ ਨੀ। ਕੰਮ ਨੂੰ ਵੀ ਬਥੇਰਾ ਤਕੜੈ। ਦੋ ਸਾਲ ਹੋਗੇ ਸਾਨੂੰ ਕਨੇਡਾ ਆਇਆਂ ਨੂੰ, ਇਕ ਦਿਨ ਨੀ ਘਰੇ ਬੈਠਾ। ਤੂੰ ਰਾਜੇ, ਝੋਰਾ ਨਾ ਕਰ। ਸਾਹਮਣੇ ਨਾ ਸੁਣੇ ਗੀਤ, ਜੇ ਜੀਅ ਕਰੇ ਅੱਗੋਂ-ਪਿੱਛੋਂ ਸੁਣ ਲਏ।"

ਰਾਤ ਨੂੰ ਪੈਣ ਲੱਗਿਆਂ ਸੀਮਾ ਨੇ ਅਲੋਕ ਨੂੰ ਕਿਹਾ, " ਜੇ ਥੋਨੂੰ ਗੀਤ ਚੰਗੇ ਨੀ ਲੱਗਦੇ ਤਾਂ ਮੈਂ ਅਗਾਂਹ ਨੂੰ ਨਹੀਂ ਸੁਣਦੀ।" ਸੁਣ ਕੇ ਅਲੋਕ ਨੇ ਸੀਮਾ ਨੂੰ ਬਾਹਾਂ ਵਿਚ ਲੈ ਲਿਆ। ਉਹ ਸੋਚਣ ਲੱਗਾ, "ਮੈਂ ਐਵੇਂ ਵਿਚਾਰੀ 'ਤੇ ਸ਼ੱਕ ਕੀਤਾ। ਇਹ ਨੀ ਐਸੀ-ਵੈਸੀ।"

ਕੁਝ ਦਿਨ ਹੀ ਬੀਤੇ ਸਨ। ਆਮ ਦਿਨਾਂ ਵਾਂਗ ਸਵੇਰੇ ਸਾਢੇ ਛੇ ਵਜੇ ਅਲੋਕ ਆਪਣੇ ਕੰਮ 'ਤੇ ਜਾ ਰਿਹਾ ਸੀ। ਉਸਦੀ ਕਾਰ ਵਿਚ ਮੰਮੀ ਵੀ ਸੀ। ਅਲੋਕ ਨੇ ਪਹਿਲਾਂ ਮੰਮੀ ਨੂੰ ਸਕਾਈਟਰੇਨ ਸਟੇਸ਼ਨ 'ਤੇ ਛੱਡਣਾ ਸੀ। ਫਿਰ ਆਪਣੇ ਕੰਮ 'ਤੇ ਜਾਣਾ ਸੀ। ਉਹ ਹਾਲੇ ਘਰ ਦਾ ਮੋੜ ਮੁੜ ਕੇ ਮੁਖ ਸੜਕ 'ਤੇ ਪੈਣ ਲਈ ਖੱਬੇ ਹੱਥ ਮੁੜਨ ਲਈ ਦੂਜੇ ਪਾਸਿਉਂ ਆ ਰਹੀਆਂ ਕਾਰਾਂ ਦੀ ਉਡੀਕ ਕਰ ਰਿਹਾ ਸੀ। ਉਸ ਦੀ ਨਜ਼ਰ ਇੱਕ ਮੁੰਡੇ 'ਤੇ ਪਈ। ਇਹ ਮੁੰਡਾ ਪਹਿਲਾਂ ਵੀ ਉਸ ਨੂੰ ਐਸ ਵੇਲੇ ਐਥੇ ਖੜ੍ਹਾ ਦਿਸਦਾ ਸੀ। ਅਚਾਨਕ ਅਲੋਕ ਨੂੰ ਲੱਗਾ ਜਿਵੇਂ ਉਹ ਮੁੰਡਾ ਅਲੋਕ ਦੀ ਕਾਰ ਦੇ ਮੁੜਨ ਦੀ ਉਡੀਕ ਵਿਚ ਖੜ੍ਹਾ ਹੋਵੇ। ਅਲੋਕ ਨੇ ਕਾਰ ਖੱਬੇ ਮੋੜ ਕੇ ਹੌਲੀ ਕਰਕੇ ਉਧਰ ਦੇਖਿਆ। ਮੁੰਡਾ ਉਸਦੇ ਘਰਾਂ ਵੱਲ ਨੂੰ ਹੀ ਤੁਰ ਕੇ ਜਾ ਰਿਹਾ ਸੀ। ਅਲੋਕ ਦਾ ਜੀਅ ਕੀਤਾ ਕਿ ਕਾਰ ਮੋੜ ਕੇ ਘਰ ਨੂੰ ਜਾਵੇ, ਫਿਰ ਉਸ ਨੇ ਸੋਚਿਆ ਕਿ ਮੰਮੀ ਨੂੰ ਛੱਡ ਕੇ ਮੁੜੇ। ਇਹ ਸੋਚ ਕੇ ਉਸ ਨੇ ਕਾਰ ਦੀ ਸਪੀਡ ਵਧਾ ਦਿੱਤੀ। ਉਸ ਨੂੰ ਲੱਗਾ ਕਿ ਸੀਮਾਂ ਨੇ ਸੱਦਿਆ ਹੋਵੇਗਾ। ਉਹ ਰਾਤ ਨੂੰ ਕੰਮ ਤੋਂ ਮੁੜ ਕੇ ਐਸ ਵੇਲੇ ਇਕੱਲੀ ਘਰ ਸੀ। ਅਲੋਕ ਨੂੰ ਲੱਗਾ ਕਿ ਜਰੂਰ ਹੀ ਉਹ ਮੁੰਡਾ ਉਸ ਦੇ ਘਰ ਗਿਆ ਹੋਵੇਗਾ। ਮੰਮੀ ਨੂੰ ਸਟੇਸ਼ਨ 'ਤੇ ਉਤਾਰ ਕੇ ਉਸ ਨੇ ਘਰ ਵੱਲ ਸੂਟ ਵੱਟ ਦਿੱਤੀ। ਉਸਦਾ ਅੰਦਰ ਰਿੱਝ ਰਿਹਾ ਸੀ। ਉਸ ਨੇ ਸੋਚਿਆ ਕਿ ਦੋਹਾਂ ਦੀਆਂ ਜਾ ਕੇ ਅੱਖਾਂ ਕੱਢੂੰ। ਉਹ ਕਾਰ 'ਚੋਂ ਉਤਰ ਕੇ ਤੇਜ਼ ਕਦਮੀਂ ਪਿਛਲੇ ਪਾਸੇ ਬੇਸਮੈਂਟ ਦੇ ਦਰਵਾਜ਼ੇ ਕੋਲ ਗਿਆ। ਬਿਨਾਂ ਖੜਕਾ ਕੀਤਿਆਂ ਉਸ ਨੇ ਦਰਵਾਜ਼ਾ ਖੋਲ੍ਹਿਆ ਅਤੇ ਤੇਜ਼ ਕਦਮੀਂ ਬੈੱਡਰੂਮ ਵੱਲ ਚਲਾ ਗਿਆ। ਸੀਮਾ ਉੱਥੇ ਨਹੀਂ ਸੀ। ' ਲੈ ਬਈ ਚਲੀ ਗਈ।' ਅਲੋਕ ਦੇ ਚਿੱਤ 'ਚ ਆਈ। ਉਹ ਕਾਹਲੇ ਕਦਮੀਂ ਬੈੱਡਰੂਮ 'ਚੋਂ ਨਿਕਲਿਆ। ਉਸਦੀ ਨਿਗ੍ਹਾ



ਵਾਸ਼ਰੂਮ ਦੇ ਬੰਦ ਦਰਵਾਜ਼ੇ 'ਤੇ ਪਈ। "ਡੋਰ ਖੋਲ੍ਹ," ਉਸ ਨੇ ਉੱਚੀ ਆਵਾਜ਼ 'ਚ ਕਿਹਾ ਅਤੇ ਫਿਰ ਜ਼ੋਰ-ਜ਼ੋਰ ਨਾਲ ਦਰਵਾਜ਼ਾ ਖੜਕਾਇਆ। 'ਕੀ ਐ?" ਸੀਮਾ ਨੇ ਕਿਹਾ।

"ਮੈਂ ਕਹਿਨੈ ਡੋਰ ਖੋਲ ਹੁਣੇ?"

"ਮੈਂ ਵਾਸ਼ਰੂਮ ਬੈਠੀ ਆਂ।"

"ਖੋਲ੍ਹਦੀ ਐਂ ਕਿ ਭੰਨਾਂ ਡੋਰ!"

ਸੀਮਾ ਨੇ ਦਰਵਾਜ਼ਾ ਖੋਲ੍ਹਿਆ। ਅਲੋਕ ਇਕ ਦਮ ਅੰਦਰ ਵੜਿਆ ਅਤੇ ਟੱਬ ਦੇ ਦਰਵਾਜ਼ੇ ਨੂੰ ਖੋਲ੍ਹ ਦਿੱਤਾ। ਖਾਲੀ ਟੱਬ ਵੱਲ ਦੇਖ ਕੇ ਉਹ ਬੋਲਿਆ, "ਕਿੱਧਰ ਗਿਐ?" ਉਹ ਘੂਰ-ਘੂਰ ਕੇ ਨਿੱਕੀ ਖਿੜਕੀ ਵੱਲ ਵੇਖਣ ਲੱਗਾ, ਜਿਸ ਰਾਹੀਂ ਬੰਦਾ ਤਾਂ ਕੀ ਬੱਚਾ ਵੀ ਨਹੀਂ ਸੀ ਨਿਕਲ ਸਕਦਾ।

"ਕੌਣ, ਕਿੱਧਰ ਗਿਐ?" ਸੀਮਾ ਨੇ ਹੈਰਾਨੀ 'ਚ ਕਿਹਾ। ਉਸ ਨੂੰ ਕੋਈ ਸਮਝ ਨਾ ਲੱਗੀ। ਕੁਝ ਮਿੰਟਾਂ ਬਾਅਦ ਜਦੋਂ ਉਸ ਨੂੰ ਸਮਝ ਲੱਗੀ, ਉਸ ਨੇ ਲੇਰ ਮਾਰਨ ਵਾਂਗ ਕਿਹਾ, "ਹਾਏ ਮਾਂ ਨੀ, ਮੈਨੂੰ ਸਲੱਟ ਸਮਝ ਰੱਖਿਐ ਏਹਨੇ।"

ਸੀਮਾ ਦੀ ਆਵਾਜ਼ ਵਿਚਲੀ ਵੇਦਨਾਂ ਨੇ ਅਲੋਕ 'ਤੇ ਸਵਾਰ ਭੂਤ ਨੂੰ ਝੰਜੋੜਾ ਦਿੱਤਾ। ਉਹ ਨਿੰਮੋਝੂਣਾ ਹੋ ਕੇ ਬਾਹਰ ਨਿਕਲ ਗਿਆ। ਕਾਰ ਤਕ ਪਹੁੰਚਣ ਤੋਂ ਪਹਿਲਾਂ ਹੀ ਵਾਪਸ ਮੁੜ ਆਇਆ। ਬੈੱਡ 'ਤੇ ਵਿਲਕ ਰਹੀ ਸੀਮਾ ਦੇ ਕੋਲ਼ ਜਾ ਕੇ ਬੋਲਿਆ, "ਆਈ ਐਮ ਸੌਰੀ, ਸੀਮਾ।"

ਸੀਮਾ ਦੇ ਰੋਣ ਦੀ ਅਵਾਜ਼ ਉੱਚੀ ਹੋ ਗਈ। "ਚੁੱਪ ਕਰ ਪਲੀਜ਼। ਮਕਾਨ ਮਾਲਕਾਂ ਨੂੰ ਸ਼ੱਕ ਹੋਊ। ਮੈਨੂੰ ਪਤਾ ਨੀ ਕੀ ਹੋ ਗਿਆ ਸੀ।"

"ਜੇ ਥੋਨੂੰ ਐਨਾ ਈ ਸ਼ੱਕ ਐ ਤਾਂ ਮੈਂ ਚਲੀ ਜਾਨੀ ਆਂ ਐਥੋਂ।" ਗੱਲ ਪੂਰੀ ਕਰਦਿਆਂ ਸੀਮਾ ਦੀ ਲੇਰ ਫੇਰ ਉੱਚੀ ਹੋ ਗਈ। ਅਲੋਕ ਨੇ ਸੀਮਾ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਉਸਦਾ ਆਪ ਭੁੱਬ ਮਾਰਨ ਨੂੰ ਜੀਅ ਕੀਤਾ। ਉਹ ਸੀਮਾ ਨੂੰ ਆਪਣੇ ਨਾਲ ਘੁੱਟਦਾ ਬੋਲਿਆ, "ਭੁੱਲ ਹੋਗੀ ਸੀਮਾ। ਅਗਾਂਹ ਨੂੰ ਨੀ ਸ਼ੱਕ ਕਰਦਾ।"

ਮਹੀਨੇ ਕੁ ਬਾਅਦ ਸੀਮਾ ਦੇ ਭਤੀਜੇ ਦੀ ਜਨਮ ਦਿਨ ਪਾਰਟੀ ਸੀ। ਉਸ ਲਈ ਕੋਈ ਗਿਫ਼ਟ ਖਰੀਦਣ ਲਈ ਸੀਮਾ ਫਲਾਇਰ ਦੇਖ ਰਹੀ ਸੀ। ਅਲੋਕ ਵੀ ਨਾਲ ਹੀ ਬੈਠਾ ਸੀ। ਗਹਿਣਿਆਂ ਵਾਲੇ ਇਸ਼ਤਿਹਾਰ ਵੱਲ ਦੇਖ ਕੇ ਉਸ ਨੇ ਸੀਮਾ ਨੂੰ ਕਿਹਾ, "ਦੇਖ ਸੀਮਾ, ਕਿੰਨਾ ਸੋਹਣਾ ਨੈਕਲਸ ਆ। ਤੇਰੇ ਬਹੁਤ ਜਚੂ।" ਸੀਮਾ ਨੇ ਨੈਕਲਸ ਵੱਲ ਦੇਖਿਆ ਤੇ ਬੋਲੀ, "ਹਾਂ ਬਹੁਤ ਸੋਹਣੈ। ਪਰਾਈਸ ਦੇਖੀ ਐ?" ਆਖ ਕੇ ਸੀਮਾ ਨੇ ਉਹ ਇਸ਼ਤਿਹਾਰ ਪਾਸੇ ਰੱਖ ਦਿੱਤਾ। ਪਾਰਟੀ ਵਾਲੇ ਦਿਨ ਅਲੋਕ ਤਿਆਰ ਹੋ ਰਹੀ ਸੀਮਾ ਨੂੰ ਕਹਿੰਦਾ, "ਅੱਖਾਂ ਮੀਚ।" ਸੀਮਾ ਨੇ ਅੱਖਾਂ ਮੀਚ ਦਿੱਤੀਆਂ ਤੇ ਜਦੋਂ ਖੋਲ੍ਹੀਆਂ, ਆਪਣੇ ਗਲ਼ੇ ਵਿਚ ਉਹੀ ਹਾਰ ਦੇਖ ਕੇ ਉਸ ਨੇ ਅਲੋਕ ਨੂੰ ਘੁੱਟ ਕੇ ਜੱਫ਼ੀ ਪਾ ਲਈ। ਜਦੋਂ ਸੀਮਾ ਨੇ ਜੱਫ਼ੀ ਢਿੱਲੀ ਕੀਤੀ ਅਲੋਕ ਕੁਝ ਦੇਰ ਸੀਮਾ ਵੱਲ ਦੇਖਦਾ ਰਿਹਾ ਤੇ ਫਿਰ ਉਸ ਨੇ ਸੀਮਾ ਨੂੰ ਆਪਣੇ ਨਾਲ ਘੁੱਟ ਲਿਆ। ਅਲੋਕ ਦੀ ਖੁਸ਼ੀ ਪਾਰਟੀ 'ਚ ਪਹੁੰਚ ਕੇ ਉੱਡ ਗਈ। ਨੱਚਦਿਆਂ ਤੋਂ ਸੀਮਾ ਦਾ ਜੀਜਾ ਉਸਦੇ ਨੇੜੇ ਹੋ ਗਿਆ ਸੀ ਤੇ ਸੀਮਾ ਦੇ ਉੱਤੋਂ ਨੋਟ ਵਾਰ-ਵਾਰ ਸੁੱਟਣ ਲੱਗਾ ਸੀ। ਗੀਤ ਵੀ ਇਸ ਤਰ੍ਹਾਂ ਦਾ ਹੀ ਸੀ --। ਸੀਮਾ ਵੀ ਗੀਤ ਦੇ ਬੋਲਾਂ ਦੇ ਨਾਲ ਨੱਚਦੀ ਆਪਣੇ ਜੀਜੇ ਦੇ ਨਾਲ ਨੱਚਣ ਲੱਗੀ। ਉਸ ਮੌਕੇ ਸੀਮਾ ਭੁੱਲ ਹੀ ਗਈ ਸੀ ਕਿ ਅਲੋਕ ਨੂੰ ਇਹ ਸਭ ਪਸੰਦ ਨਹੀਂ। 'ਵੇਖ ਕਿਵੇਂ ਨੱਚਦੀ ਐ। ਜਰੂਰ ਪਹਿਲਾਂ ਵੀ ਗੱਲ ਹੋਊਗੀ ਏਹਦੇ ਨਾਲ।' ਜਿਵੇਂ-ਜਿਵੇਂ ਸੀਮਾ ਲੱਕ ਨੂੰ ਝਟਕਾ ਮਾਰਦੀ ਤਿਵੇਂ-ਤਿਵੇਂ ਅਲੋਕ ਦੇ ਅੰਦਰ ਲਾਟ ਬਲਦੀ। ਉਸਦਾ ਜੀਅ ਕੀਤਾ ਕਿ ਇਸ ਤਰ੍ਹਾਂ ਕਰਦੀ ਨੂੰ ਜੁੰਡਿਆਂ ਤੋਂ ਫੜ ਕੇ ਧੂਹ ਸੁੱਟੇ, ਪਰ ਉਹ ਇਸ ਤਰ੍ਹਾਂ ਨਾ ਕਰ ਸਕਿਆ। ਕਚੀਚੀਆਂ ਵੱਟਦਾ ਰਿਹਾ। ਕਾਰ 'ਚ ਵੀ ਮੰਮੀ ਦੀ ਹਾਜ਼ਰੀ ਕਰਕੇ ਆਪਣੇ ਆਪ ਨੂੰ ਉਸ ਨੇ ਰੋਕੀ ਰੱਖਿਆ। ਘਰ ਪਹੁੰਚ ਕੇ ਕਮਰੇ 'ਚ ਵੜਦਿਆਂ ਹੀ ਉਸ ਨੇ ਸੀਮਾ ਨੂੰ ਵਾਲਾਂ ਤੋਂ ਫੜ ਲਿਆ। ਉਸਦਾ ਮੂੰਹ ਆਪਣੇ ਨੇੜੇ ਲਿਆ ਕੇ ਬੋਲਿਆ, "ਦੱਸ ਮੇਰੇ 'ਚ ਕੀ ਕਮੀ ਐ, ਜਿਹੜਾ ਲੋਕਾਂ ਨਾਲ ਅੱਖਾਂ ਮਟਕਾਉਂਨੀ ਐ?" ਉਸ ਨੇ ਦੋਹੇਂ ਉਂਗਲਾਂ ਸੀਮਾ ਦੀਆਂ ਅੱਖਾਂ ਵੱਲ ਸਿੱਧੀਆਂ ਕੀਤੀਆਂ ਤੇ ਬੋਲਿਆ, "ਆਹ ਹੀ ਅੱਖਾਂ

ਮਟਕਾਉਂਦੀ ਸੀ ਨਾ ਜੀਜੇ ਨਾਲ? ਲੈ ਫਿਰ ਏਨ੍ਹਾਂ ਦਾ ਈ ਅੱਜ ਭੋਗ ਪਾ ਦਿੰਨੈ।" ਉਹ ਉਂਗਲਾਂ ਸੀਮਾ ਦੀਆਂ ਅੱਖਾਂ ਦੇ ਇਕਦਮ ਨੇੜੇ ਲੈ ਗਿਆ। ਸੀਮਾ ਚੀਕ ਮਾਰਨ ਲੱਗੀ ਹੀ ਸੀ ਕਿ ਅਲੋਕ ਨੇ ਆਪਣਾ ਹੱਥ ਉਸਦੇ ਮੂੰਹ 'ਤੇ ਰੱਖ ਦਿੱਤਾ। ਥੋੜ੍ਹੀ ਦੇਰ ਘੁੱਟੀ ਰੱਖਿਆ। ਬੋਲਿਆ, "ਆਹ ਜਿਹੜਾ ਮਸਕਾਰਾ ਲਾ ਕੇ ਰੱਖਦੀ ਐਂ ਨਾ ਕੰਜਰੀਆਂ ਵਾਂਗੂੰ, ਇਹਦਾ 'ਲਾਜ ਤਾਂ ਇਹੀ ਆ ਕਿ ਤੇਰੀਆਂ ਅੱਖਾਂ ਈ ਕੱਢ ਦਿਆਂ। ਬੋਲ ਬੋਲ ਕੱਢਾਂ ਅੱਖਾਂ? ਦੱਸ ਲਾਏਂਗੀ ਹੁਣ ਮਸਕਾਰਾ? ਬੋਲ ਹੁਣ ਲਾਏਂਗੀ ਫੇਰ?---

"ਕੀ ਗੱਲ ਐ?" ਮੰਮੀ ਨੇ ਦਰਵਾਜ਼ਾ ਖੜਕਾ ਕੇ ਪੁੱਛਿਆ। ਸੀਮਾ ਤੋਂ ਕੁਝ ਨਾ ਬੋਲਿਆ ਗਿਆ। ਅਲੋਕ ਬੋਲਿਆ, "ਕੁਛ ਨੀ ਹੋਇਆ। ਜਾਹ, ਪੈਜਾ ਜਾ ਕੇ।"

" ਪੈ ਕਿਵੇਂ ਜਾਵਾਂ! ਗੱਲ ਦੱਸ ਕੀ ਐ? ਸੀਮਾ, ਰਾਜੇ ਦੱਸ ਕੀ ਹੋਇਐ?" ਮੰਮੀ ਫਿਰ ਬੋਲੀ।

ਸੀਮਾ ਦਰਵਾਜ਼ਾ ਖੋਲ੍ਹ ਕੇ ਮੰਮੀ ਨੂੰ ਚੁੰਬੜ ਗਈ। ਕੁਝ ਦੇਰ ਹਟਕੋਰੇ ਭਰਦੀ ਰਹੀ। ਮੰਮੀ ਉਸਦੀ ਪਿੱਠ ਪਲੋਸਦੀ ਰਹੀ। ਉਸ ਨੇ ਪੁੱਛਿਆ, "ਮਾਰਿਐ ਤੈਨੂੰ?"

ਸੀਮਾ ਨੇ ਨਾਂਹ ਵਿਚ ਸਿਰ ਮਾਰਿਆ। ਬੋਲੀ, "ਕਹਿੰਦਾ ਜੀਜੇ ਨਾਲ ਨੱਚੀ ਕਿਉਂ?"

"ਮੈਨੂੰ ਪਹਿਲਾਂ ਈ ਸ਼ੱਕ ਸੀ ਕਿ ਗੱਲ ਐ ਕੋਈ। ਜੀਜੇ ਨਾਲ ਨਾ ਨੱਚੂ ਤਾਂ ਕੀਹਦੇ ਨਾਲ ਨੱਚੂ! ਤੂੰ ਨੱਚ ਲੈਂਦਾ ਆਵਦੀ ਸਾਲੀ ਨਾਲ," ਮੰਮੀ ਨੇ ਉੱਚੀ ਆਵਾਜ਼ 'ਚ ਅਲੋਕ ਨੂੰ ਸੁਣਾ ਕੇ ਕਿਹਾ।

ਫਿਰ ਸੀਮਾ ਦੀ ਪਿੱਠ 'ਤੇ ਹੱਥ ਫੇਰਦੀ ਬੋਲੀ, "ਤੂੰ ਚਿੱਤ ਛੋਟਾ ਨਾ ਕਰ। ਹੌਲੀ-ਹੌਲੀ ਠੀਕ ਹੋਊਗਾ। ਪਤਾ ਨੀ ਕਿਉਂ ਨਿੱਕੇ ਹੁੰਦੇ ਤੋਂ ਈ ਸ਼ੱਕੀ ਐ। ਪਿਆਰ ਨਾਲ ਵੱਸ 'ਚ ਕਰ ਏਹਨੂੰ।"

ਸੀਮਾ ਕੁਝ ਦੇਰ ਮੰਮੀ ਦੇ ਮੋਢੇ ਨਾਲ ਲੱਗੀ ਰਹੀ। ਅਗਲੇ ਦਿਨ ਤੋਂ ਸੀਮਾ ਨੇ ਮਸਕਾਰਾ ਲਾਉਣਾ ਛੱਡ ਦਿੱਤਾ। ਸੀਮਾ ਕਈ ਦਿਨ ਅਲੋਕ ਨਾਲ ਨਹੀਂ ਸੀ ਬੋਲੀ। ਅਲੋਕ ਆਪਣੇ ਆਪ ਨੂੰ ਕੋਸਦਾ ਕਿ ਉਸ ਨੇ ਐਵੇਂ ਹੀ ਸ਼ੱਕ ਕੀਤਾ। ਸੀਮਾ ਐਸੀ-ਵੈਸੀ ਨੀ। 'ਜੇ ਉਹ ਐਸੀ-ਵੈਸੀ ਹੁੰਦੀ ਤਾਂ ਐਨਾ ਗੁੱਸਾ ਨਾ ਕਰਦੀ,' ਉਸ ਨੇ ਸੋਚਿਆ। 'ਅੱਗੇ ਤੋਂ ਨੀ ਕਹਿੰਦਾ ਕੁਛ,' ਅਲੋਕ ਨੇ ਆਪਣੇ ਆਪ ਨਾਲ ਵਾਅਦਾ ਕੀਤਾ। ਅਲੋਕ ਵਾਅਦਾ ਤਾਂ ਕਰ ਬੈਠਾ ਪਰ ਸ਼ੱਕ ਉਸਦੇ ਅੰਦਰੋਂ ਨਾ ਨਿਕਲਦਾ। ਸੀਮਾ ਦੇ ਬਾਹਰ ਗਈ ਤੋਂ ਉਸ ਨੂੰ ਲੱਗਣ ਲੱਗਦਾ ਕਿ ਉਹ ਕਿਸੇ ਯਾਰ ਨੂੰ ਮਿਲਣ ਗਈ ਹੈ। ਇਸਦਾ ਹੱਲ ਲੱਭਣ ਲਈ ਉਸ ਨੇ ਸੀਮਾ ਨੂੰ ਆਖ ਦਿੱਤਾ ਕਿ ਉਹ ਬਾਹਰ ਜਾਣ ਲੱਗੀ ਮੰਮੀ ਜਾਂ ਉਸ ਨੂੰ ਨਾਲ ਲੈ ਕੇ ਜਾਇਆ ਕਰੇ। ਪਰ ਕੰਮ 'ਤੇ ਉਹ ਕਿਵੇਂ ਨਾਲ ਲਿਜਾਂਦੀ। ਕੰਮ ਤੋਂ ਵਾਪਸੀ ਵੇਲੇ ਉਹ ਕੋਸ਼ਿਸ਼ ਕਰਦੀ ਕਿ ਮਿੰਟ ਵੀ ਲੇਟ ਨਾ ਹੋਵੇ। ਪਰ ਉਸ ਰਾਤ ਰਾਹ ਵਿਚ ਐਕਸੀਡੈਂਟ ਹੋਇਆ ਪਿਆ ਸੀ।

ਅਲੋਕ ਦੀ ਕੋਸ਼ਿਸ਼ ਹੁੰਦੀ ਕਿ ਸੀਮਾ ਦੇ ਘਰ ਪਹੁੰਚੀ ਤੋਂ ਬਾਅਦ ਹੀ ਸੌਂਵੇਂ। ਪਰ ਉਨ੍ਹਾਂ ਦਿਨਾਂ ਵਿਚ ਅਲੋਕ ਦੀ ਫੈਕਟਰੀ ਬੰਦ ਸੀ। ਉਹ ਆਪਣੇ ਜੀਜੇ ਨਾਲ ਛੱਤ ਪਵਾਉਣ ਦੇ ਕੰਮ 'ਤੇ ਚਲਿਆ ਜਾਂਦਾ। ਥੱਕ ਕੇ ਚੂਰ ਹੋ ਜਾਂਦਾ। ਉਸਦੀ ਜਲਦੀ ਹੀ ਅੱਖ ਲੱਗ ਜਾਂਦੀ ਪਰ ਸੀਮਾ ਦੇ ਕੰਮ ਤੋਂ ਮੁੜਨ ਦੇ ਵੇਲੇ ਗਿਆਰਾਂ ਵੱਜ ਕੇ ਪੰਦਰਾਂ ਮਿੰਟ 'ਤੇ ਆਪਣੇ ਆਪ ਹੀ ਖੁੱਲ੍ਹ ਜਾਂਦੀ। ਫਿਰ ਸੀਮਾ ਦੇ ਘਰ ਪਹੁੰਚਣ ਸਾਰ ਹੀ ਨਿਸਚਿੰਤ ਹੋ ਕੇ ਘੁਰਾੜੇ ਮਾਰਨ ਲੱਗਦਾ। ਪਰ ਉਸ ਦਿਨ ਅਲੋਕ ਦੀ ਅੱਖ ਖੁੱਲ੍ਹਣ ਦੇ ਪੰਜ ਮਿੰਟ ਬਾਅਦ ਵੀ ਸੀਮਾ ਘਰ ਨਹੀਂ ਸੀ ਪਹੁੰਚੀ। ਅਲੋਕ ਨੇ ਪਾਸਾ ਮਾਰ ਕੇ ਘੜੀ ਵੱਲ ਦੇਖਿਆ। ਦਸ ਮਿੰਟ ਉੱਪਰ ਹੋ ਗਏ ਸਨ। ਉਸਦੀਆਂ ਅੱਖਾਂ ਪੂਰੀ ਤਰ੍ਹਾਂ ਖੁੱਲ੍ਹ ਗਈਆਂ। ਉਹ ਉੱਠ ਬੈਠਾ। ਕਮਰੇ ਤੋਂ ਬਾਹਰ ਲਿਵਿੰਗ ਰੂਮ ਵਿਚ ਗੇੜਾ ਕੱਢਿਆ। ਸੀਮਾ ਹਾਲੇ ਨਹੀਂ ਸੀ ਪਹੁੰਚੀ। ਅਲੋਕ ਨੂੰ ਲੱਗਣ ਲੱਗਾ ਜਿਵੇਂ ਸੀਮਾ ਕਿਸੇ ਹੋਰ ਦੀਆਂ ਬਾਹਾਂ ਵਿਚ ਹੋਵੇ। ਉਹ ਸੀਮਾ ਦੀ ਉਡੀਕ ਕਰਦਾ ਆਪਣੇ ਕਮਰੇ ਵਿਚ ਹੀ ਗੇੜੇ ਕੱਢਣ ਲੱਗਾ। 'ਆਵੇ ਸਹੀ, ਅੱਜ ਕਰਦਾਂ ਸਿੱਧੀ ਮੈਂ ਏਹਨੂੰ,' ਵਾਰ-ਵਾਰ ਉਹ ਦੰਦ ਕਰੀਚਦਾ। ਫਿਰ ਉਸ ਦੇ ਚਿੱਤ 'ਚ ਆਈ ਕਿ ਸੀਮਾ ਦਾ ਐਕਸੀਡੈਂਟ ਨਾ ਹੋ ਗਿਆ ਹੋਵੇ। 'ਚੱਲ ਚੰਗੈ, ਫਾਹਾ ਵੱਢਿਆ ਜਾਊ,' ਉਸ ਨੇ ਸੋਚਿਆ। ਅਲੋਕ ਦੀ ਕਲਪਨਾ 'ਚ ਆਇਆ ਕਿ ਸੀਮਾ ਆਪਣੇ ਕੰਮ ਦੀ ਪਾਰਕਿੰਗ ਲੌਟ ਵਿਚ ਕਿਸੇ ਦੀ ਕਾਰ ਵਿਚ ਬੈਠੀ ---। ਇਸ ਕਲਪਨਾ ਨੇ ਅਲੋਕ ਦੇ ਪੈਰਾਂ ਥੱਲੇ ਅੰਗਿਆਰ ਰੱਖ ਦਿੱਤੇ। ਉਸਦਾ ਜੀਅ ਕੀਤਾ ਕਿ ਹੁਣੇ ਉੱਥੇ ਜਾ ਕੇ ਸੀਮਾ ਨੂੰ ਜੂੰਡਿਆਂ ਤੋਂ ਫੜ ਕੇ ਧੂਹ ਲਿਆਵੇ। ਫਿਰ ਉਸ ਨੂੰ ਬਾਹਰਲੇ ਦਰਵਾਜ਼ੇ



ਦੇ ਖੁੱਲ੍ਹਣ ਦਾ ਖੜਕਾ ਸੁਣਿਆ। ਅਲੋਕ ਨੇ ਘੜੀ ਵੱਲ ਦੇਖਿਆ। ਵੀਹ ਮਿੰਟ ਉੱਤੇ ਸਨ। ਸੀਮਾ ਕਾਹਲੀ ਨਾਲ ਕਮਰੇ ਵਿਚ ਆਈ ਅਤੇ ਰੋਣਹਾਕੀ ਅਵਾਜ਼ ਵਿਚ ਬੋਲੀ, "ਰਾਹ 'ਚ ਐਕਸੀਡੈਂਟ ਹੋਇਆ ਸੀ।"

"ਅੱਛਾ!" ਆਖਦੇ ਅਲੋਕ ਨੇ ਸੀਮਾ ਨੂੰ ਉੱਪਰ ਤੋਂ ਥੱਲੇ ਤਕ ਨਿਹਾਰਿਆ ਤੇ ਬੋਲਿਆ,"ਕੰਮ 'ਤੇ ਲਿਪਸਟਿਕ ਲਾ ਕੇ ਜਾਣੋਂ ਹਟ ਗਈ ਕਿ ਕਿਸੇ ਨੇ ਪੂੰਝ ਦਿੱਤੀ?"

"ਸਟਾਪ ਇਟ।"

"ਮੈਂ ਤਾਂ ਐਵੇਂ ਛੇੜਦਾ ਸੀ।" ਆਖ ਕੇ ਅਲੋਕ ਨੇ ਸੀਮਾ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਫਿਰ ਉਸ ਨੂੰ ਨਿਰਵਸਤਰ ਕਰਦਾ ਉਹ ਉਸਦੇ ਅੰਗ-ਅੰਗ ਨੂੰ ਘੋਖਦਾ ਰਿਹਾ। ਸੀਮਾ ਦਾ ਜੀਅ ਕੀਤਾ ਕਿ ਉੱਚੀ-ਉੱਚੀ ਚੀਕਾਂ ਮਾਰੇ ਪਰ ਮੰਮੀ ਨਾ ਸੁਣ ਲਵੇ ਸੋਚ ਕੇ ਕੁਝ ਦੇਰ ਪਈ ਰਹੀ, ਫਿਰ ਦੱਬੀ ਆਵਾਜ਼ 'ਚ ਬੋਲੀ, "ਬਾਹਰੋਂ ਆਈਆਂ ਆਵਦੀਆਂ ਭੈਣਾਂ ਨੂੰ ਵੀ ਇਉਂ ਹੀ ਵੇਖਦਾ ਸੀ।"

"ਤੇਰੀ ਮੈਂ ਭੈਂਅ----।" ਆਖਦੇ ਅਲੋਕ ਨੇ ਹੱਥ ਚੁੱਕਿਆ।

"ਵੇਖ ਲਾ ਮਾਰ ਕੇ, ਦੱਸਦੀ ਆਂ ਮੰਮੀ ਨੂੰ," ਸੀਮਾ ਬੋਲੀ। ਅਲੋਕ ਨੇ ਕਚੀਚੀ ਲੈ ਕੇ 'ਭੈਂਅ' ਕਿਹਾ ਤੇ ਪਾਸੇ ਹੋ ਗਿਆ।

ਸੀਮਾ ਲਿਵਿੰਗ ਰੂਮ ਵਿਚ ਡੱਠੇ ਸੋਫ਼ੇ 'ਤੇ ਜਾ ਪਈ। ਮੰਮੀ ਉੱਥੇ ਆ ਗਈ। ਉਸ ਨੇ ਪੁੱਛਿਆ, "ਕੀ ਗੱਲ ਐ? ਕਹਿੰਦਾ ਕੁਛ?" ਸੀਮਾ ਨੇ ਸੋਚਿਆ ਕਿ ਕੀ ਦੱਸੇ। ਉਹ ਚੁੱਪ ਰਹੀ। ਮੰਮੀ ਫਿਰ ਬੋਲੀ, "ਐਥੇ ਆ ਕੇ ਪੈ ਗੀ, ਕੀ ਕਹਿੰਦੈ?"

"ਕਹਿੰਦਾ ਲੇਟ ਕਿਉਂ ਆਈਂ ਐਂ? ਸ਼ੱਕ ਕਰਦੈ," ਸੀਮਾ ਨੇ ਦੱਸਿਆ। ਉਸਦਾ ਰੋਣ ਨਿਕਲ ਗਿਆ।

"ਪਤਾ ਨੀਂ ਕਦੋਂ ਹਟੂਗਾ! ਹੋਰ ਪੰਜਾਂ ਮਹੀਨਿਆਂ ਨੂੰ ਘਰ ਨਿਆਣਾ ਆ ਜਾਣੈ । ਸੰਗ ਨੀਂ ਆਉਂਦੀ। ਐਹੋ ਜੀ ਹਾਲਤ 'ਚ---ਪਤਾ ਨੀ ਕੋਈ ਹੋਇਐ ਏਹਦੀ ਅਕਲ ਨੂੰ। ---ਤੂੰ ਰੋ ਨਾ ਮੇਰੀ ਧੀ। ਜਾਹ ਅੰਦਰ ਜਾ ਕੇ ਪੈ ਜਾ।" ਮੰਮੀ ਨੇ ਕਿਹਾ।

"ਮੈਂ ਠਹਿਰ ਕੇ ਚਲੀ ਜਾਊਂ। ਮੰਮੀ ਤੁਸੀਂ ਪੈ ਜਾਓ, ਪਲੀਜ਼।"

ਮੰਮੀ ਕੁਝ ਦੇਰ ਬੈਠੀ ਸੀਮਾ ਦੇ ਕੇਸਾਂ 'ਚ ਹੱਥ ਫੇਰਦੀ ਰਹੀ। ਫਿਰ ਚਲੀ ਗਈ ਪਰ ਸੀਮਾ ਅੰਦਰ ਨਾ ਗਈ। ਉੱਥੇ ਪਈ ਹੀ ਨੀਰ ਵਹਾਉਂਦੀ ਰਹੀ। ਅਲੋਕ ਆਪਣੇ ਬਿਸਤਰੇ 'ਚ ਪਿਆ ਪਾਸੇ ਪਲਟਦਾ ਰਿਹਾ। 'ਸੀਮਾ ਨੂੰ ਵੀ ਲੱਗ ਗਿਆ ਪਤਾ। ਏਸੇ ਕਰਕੇ ਭੈਣਾਂ ਪੁਣਦੀ ਐ।' ਅਲੋਕ ਨੂੰ ਆਪਣੀ ਭੈਣ 'ਤੇ ਖਿਝ ਚੜ੍ਹੀ। ਉਸ ਨੂੰ ਲੱਗਾ ਜਿਵੇਂ ਕਈ ਮੁੰਡਿਆਂ ਨੇ 'ਟੇਪਾਂ' ਕਿਹਾ ਹੋਵੇ। ਫਿਰ ਉਸਦੇ ਕੰਨਾਂ ਵਿਚ 'ਗੱਚਕ-ਗੱਚਕ' ਹੋਣ ਲੱਗੀ। ਅਲੋਕ ਨੇ ਝਟਕੇ ਨਾਲ ਪਾਸਾ ਪਲਟਿਆ। ਉਸ ਨੂੰ ਲੱਗਾ ਜਿਵੇਂ ਕਿਸੇ ਨੇ 'ਦਰਸ਼ੂ' ਕਿਹਾ ਹੋਵੇ। "ਭੈਣ ਦਿਆ---।" ਆਖ ਕੇ ਅਲੋਕ ਨੇ ਫਿਰ ਪਾਸਾ ਪਰਤਿਆ। ਉਸ ਨੂੰ ਉਹ ਸੀਨ ਯਾਦ ਆਇਆ ਜਦੋਂ ਉਹ ਦਰਸ਼ੂ ਨੂੰ ਭੈਣ ਦੀ ਗਾਲ੍ਹ ਦੇ ਕੇ ਭੱਜਿਆ ਸੀ। ਦਰਸ਼ੂ ਨੇ ਅਲੋਕ ਨੂੰ ਆਪਣੇ ਹਾਣੀਆਂ ਨਾਲ ਖੇਡ ਰਹੇ ਨੂੰ ਗੱਚਕ ਖਾਣ ਨੂੰ ਦਿੱਤੀ ਸੀ ਪਰ ਅਲੋਕ ਨੇ ਆਪਣੇ ਤੋਂ ਉਮਰ 'ਚ ਕਈ ਸਾਲ ਵੱਡੇ ਦਰਸ਼ੂ ਦਾ ਹੱਥ ਪਾਸੇ ਝਟਕਦਿਆਂ ਕਿਹਾ ਸੀ, " ਭੈਣ ਦਿਆ--- ਆਪਣੀ ਭੈਣ ਨੂੰ ਦੇ ਜਾ ਕੇ।" ਤੇ ਉੱਥੋਂ ਦੌੜ ਗਿਆ ਸੀ। ਜਦ ਉਹ ਵਾਪਸ ਮੁੰਡਿਆਂ 'ਚ ਆਇਆ ਤਾਂ ਕਿਸੇ ਨੇ ਉੱਚੀ ਦੇਣੇ 'ਗੱਚਕ' ਕਿਹਾ ਤੇ ਬਾਕੀ ਹੱਸ ਪਏ। ਅਲੋਕ ਉਨ੍ਹੀਂ ਪੈਰੀਂ ਘਰ ਮੁੜ ਗਿਆ ਅਤੇ ਰੋਟੀ ਖਾ ਰਹੀ ਆਪਣੀ ਭੈਣ ਦੀ ਕੌਲੀ ਵਿਚ ਠੇਡਾ ਮਾਰਿਆ। ਅੰਦਰ ਜਾ ਕੇ ਰੋਣ ਲੱਗਾ। ਇਹ ਯਾਦ ਕਰਕੇ ਅਲੋਕ ਨੂੰ ਕਚੀਚੀ ਉੱਠੀ। ਉਸ ਨੇ ਪਾਸਾ ਪਰਤਿਆ। ਉਸ ਨੂੰ ਲੱਗਾ ਜਿਵੇਂ ਕੋਈ ਆਖ ਰਿਹਾ ਹੋਵੇ, "ਅਲੋਕ ਨੂੰ ਤਾਂ ਮੌਜ ਆ, ਦਰਸ਼ੂ ਦਿੰਦਾ ਏਹਨਾਂ ਦੇ ਘਰੇ ਟੇਪਾਂ।" ਇਕ ਹੋਰ ਸੀਨ ਅਲੋਕ ਦੇ ਚੇਤੇ ਵਿਚ ਜਾਗ ਪਿਆ। ਭੂਰਾ ਆਖ ਰਿਹਾ ਸੀ, "ਗੁਰਦਾਸ ਮਾਨ ਦੀ ਨਵੀਂ ਟੇਪ ਸੁਣੀ ਆ ਉਏ। ਜੇ ਤੇਰੇ ਕੋਲ ਹੈ ਨੀ ਤਾਂ ਅਲੋਕ ਤੋਂ ਲੈ ਲੀਂ।" ਆਖ ਕੇ ਭੂਰਾ ਖੀਂ ਖੀਂ ਕਰਕੇ ਹੱਸਿਆ। ਅਲੋਕ ਨੂੰ ਇਹ ਖੀਂ-ਖੀਂ ਕਰਕੇ ਹੱਸਦੇ ਭੂਰੇ ਦਾ ਚਿਹਰਾ ਉਵੇਂ ਹੀ ਦਿਸਿਆ। ਅਲੋਕ ਦੀਆਂ ਮੁੱਠੀਆ ਮਿਚ ਗਈਆਂ।

"ਭੈਂਅ ਲਾ ਕੇ ਗੱਲਾਂ ਕਰਦੇ ਸੀ," ਉਸ ਨੇ ਦੰਦ ਕਿਰਚੇ। ਫਿਰ ਉਸਦੇ ਚਿੱਤ 'ਚ ਆਈ ਕਿ ਸੀਮਾ

ਵੀ ਲਾ ਕੇ ਗੱਲ ਕਰਦੀ ਐ। ਏਹਨੂੰ ਵੀ ਲੱਗ ਗਿਆ ਪਤਾ। ਉਸਦੇ ਅੰਦਰ ਅੱਗ ਮੱਚ ਉੱਠੀ। ਉਹ ਉੱਠਿਆ ਅਤੇ ਲਿਵਿੰਗ ਰੂਮ ਵਿਚ ਪਈ ਸੀਮਾ ਦੇ ਉੱਤੋਂ ਰਜ਼ਾਈ ਲਾਹ ਕੇ ਉਸ ਨੂੰ ਕੇਸਾਂ ਤੋਂ ਫੜ ਲਿਆ। "ਹੁਣ ਕਰ ਲਾ ਕੇ ਗੱਲ। ਤੈਨੂੰ ਤਾਂ ਕਰਦਾਂ ਸਿੱਧੀ। ਮੈਨੂੰ ਸਮਝ ਕੀ ਰੱਖਿਐ," ਬੋਲਦਾ ਉਹ ਸੀਮਾ ਦੇ ਦੋ-ਤਿੰਨ ਜੜ ਗਿਆ।

"ਵੇ ਕੀ ਭੂਤ ਸਵਾਰ ਹੋ ਗਿਆ ਤੇਰੇ 'ਤੇ," ਆਖਦੀ ਮੰਮੀ ਅੰਦਰੋਂ ਭੱਜੀ ਆਈ। ਉਸ ਨੇ ਆ ਕੇ ਪਿੱਛੋਂ ਅਲੋਕ ਨੂੰ ਜੱਫ਼ਾ ਮਾਰ ਲਿਆ। "ਤੂੰ ਈ ਐਂ-ਐਹੋ ਜੀ , ਹੁਣ ਏਹਨੂੰ ਵੀ ਕਰੇਂਗੀ ਖਰਾਬ।" ਆਖਦੇ ਅਲੋਕ ਨੇ ਜੱਫ਼ੀ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਮੰਮੀ ਨੇ ਜੱਫ਼ੀ ਨਾ ਛੱਡੀ। "ਮੈਂ ਕਰਦੀ ਆਂ ਪੁਲੀਸ ਨੂੰ ਕਾਲ," ਚੀਕਾਂ ਮਾਰਦੀ ਸੀਮਾ ਨੇ ਕਿਹਾ।

"ਦੱਸ ਵੇ ਕਰੀਏ ਫੋਨ ਕਿ ਹਟਦੈਂ?" ਮੰਮੀ ਨੇ ਕਿਹਾ।

"ਕਰਲੋ ਜੀਹਨੂੰ ਕਰਨੈਂ ਫੋਨ। ਏਦੂੰ ਤਾਂ ਮਰਿਆ ਈ ਚੰਗੈਂ," ਅਲੋਕ ਨੇ ਕਿਹਾ। ਪਰ ਉਸ ਨੇ ਜੱਫ਼ੀ ਛੁਡਾਉਣ ਦੀ ਕੋਸ਼ਿਸ਼ ਕਰਨੀ ਛੱਡ ਦਿੱਤੀ। ਫਿਰ ਆਪਣੇ ਕਮਰੇ ਵੱਲ ਚਲਿਆ ਗਿਆ। ਮੰਮੀ ਸੀਮਾ ਨੂੰ ਆਪਣੇ ਕਮਰੇ ਵਿਚ ਲੈ ਗਈ। "ਨਾ, ਰੋ ਨਾ ਮੇਰੀ ਧੀ। ਜਦੋਂ ਨਿਆਣਾ ਆ ਗਿਆ ਫੇਰ ਹਟਜੂ ਸ਼ੱਕ ਕਰਨੋਂ," ਮੰਮੀ ਇਸ ਤਰ੍ਹਾਂ ਦਿਲਾਸੇ ਦਿੰਦੀ ਰਹੀ। ਸੀਮਾ ਹਟਕੋਰੇ ਲੈਂਦੀ ਰਹੀ। ਉਸ ਨੇ ਆਪਣੇ ਚਿੱਤ 'ਚ ਹੀ ਚਿਤਵਿਆ ਕਿ ਕੰਮ 'ਤੇ ਗਿਆ ਅਲੋਕ ਮੁੜੇ ਹੀ ਨਾ।

ਅਲੋਕ ਸੱਚ ਹੀ ਘਰ ਨਹੀਂ ਸੀ ਮੁੜਿਆ। ਉਹ ਆਪਣੇ ਜੀਜੇ ਨਾਲ ਛੱਤ ਪਵਾਉਣ ਦੇ ਕੰਮ 'ਤੇ ਗਿਆ ਸੀ। ਜੀਜੇ ਦੀ ਵੈਨ ਵਿਚ ਬੈਠ ਉਸ ਨੇ ਇਸ ਤਰ੍ਹਾਂ ਅੱਖਾਂ ਮੀਚ ਲਈਆਂ ਜਿਵੇਂ ਨੀਂਦ ਆਉਂਦੀ ਹੋਵੇ। ਉਸਦਾ ਕਿਸੇ ਨਾਲ ਵੀ ਗੱਲ ਕਰਨ ਨੂੰ ਦਿਲ ਨਹੀਂ ਸੀ ਕਰਦਾ। ਦਿਮਾਗ਼ ਸੁੰਨ ਹੋਇਆ ਪਿਆ ਸੀ। ਕੰਮ ਵਾਲੇ ਥਾਂ ਜਾ ਕੇ ਵੀ ਉਸ ਨੇ ਬਿਨਾਂ ਕਿਸੇ ਨਾਲ ਅੱਖ ਮਿਲਾਇਆਂ ਲੱਕ ਨਾਲ ਬੈਲਟ ਬੰਨ੍ਹੀ। ਉਸ ਵਿਚ ਹਥੌੜੀ ਫਸਾਈ। ਪਾਊਚ ਵਿੱਚ ਮੇਖਾਂ ਪਾਈਆਂ ਅਤੇ ਮਕਾਨ ਦੀ ਛੱਤ ਉੱਪਰ ਚੜ੍ਹ ਗਿਆ। ਛੱਤ ਦੀ ਟੀਸੀ ਤੋਂ ਸ਼ਿੰਗਲ ਲਾਉਂਦਾ ਉਹ ਕੰਮ ਖਿੱਚੀ ਗਿਆ। ਨੌਂ ਕੁ ਵਜੇ ਉਸ ਨੂੰ ਆਪਣੀ ਭੈਣ ਦੀ ਆਵਾਜ਼ ਸੁਣੀ। ਉਹ ਆਖ ਰਹੀ ਸੀ, "ਆ ਜੋ ਅਲੋਕ, ਚਾਹ ਪੀ ਲਓ।" ਅਲੋਕ ਨੂੰ ਕਚੀਚੀ ਉੱਠੀ। ਉਸ ਨੂੰ ਪਿੰਡ ਵਾਲਾ ਸੀਨ ਫਿਰ ਯਾਦ ਆ ਗਿਆ। ਅਲੋਕ ਨੂੰ ਟੇਪ ਰਿਕਾਰਡਰ ਸੁਣਦੀ ਆਪਣੀ ਭੈਣ ਉਵੇਂ ਹੀ ਦਿਸੀ, ਜਿਵੇਂ ਉਹ ਕੁਆਰੀ ਹੁੰਦੀ ਪਿੰਡ ਬੈਠੀ ਹੁੰਦੀ। "ਅਲੋਕ ਕੇ ਤਾਂ ਦਰਸੂ ਟੇਪਾਂ ਦੇ ਕੇ ਜਾਂਦੈ।" ਅਲੋਕ ਨੂੰ ਲੱਗਾ ਜਿਵੇਂ ਕਿਸੇ ਨੇ ਨੇੜਿਉਂ ਹੀ ਕਿਹਾ ਹੋਵੇ। ਫਿਰ ਅਲੋਕ ਨੂੰ ਪਤਾ ਨਾ ਲੱਗਾ ਕਿ ਕਦੋਂ ਉਸਦਾ ਪੈਰ ਤਿਲਕ ਗਿਆ ਸੀ ਤੇ ਕਦੋਂ ਉਹ ਰਿੜ੍ਹਦਾ ਹੇਠਾਂ ਡਿੱਗ ਪਿਆ ਸੀ। ਉਸਦੀ ਰੀੜ੍ਹ ਦੀ ਹੱਡੀ ਅਤੇ ਦਿਮਾਗ਼ ਵਿਚ ਸੱਟ ਵੱਜੀ ਸੀ। ਕੁਝ ਹਫ਼ਤੇ ਉਸ ਨੂੰ ਹਸਪਤਾਲ ਰੱਖਿਆ। ਡਾਕਟਰਾਂ ਅਨੁਸਾਰ ਕੋਈ ਕ੍ਰਿਸ਼ਮਾ ਹੀ ਉਸ ਨੂੰ ਠੀਕ ਕਰ ਸਕਦਾ ਸੀ। ਇਸ ਤਰ੍ਹਾਂ ਪਤਾ ਨਹੀਂ ਕਿੰਨੀ ਦੇਰ ਪਿਆ ਰਹੇ। ਫਿਰ ਉਸ ਨੂੰ ਐਕਸਟੈਂਡਡ ਕੇਅਰ ਵਾਲੇ ਕੇਅਰ ਹੋਮ 'ਚ ਪਹੁੰਚਾ ਦਿੱਤਾ ਸੀ।

ਸੀਮਾ ਨੂੰ ਜਦੋਂ ਵੀ ਯਾਦ ਆ ਜਾਂਦਾ ਕਿ ਐਕਸੀਡੈਂਟ ਵਾਲੇ ਦਿਨ ਉਸ ਨੇ ਮਨ ਹੀ ਮਨ ਅਰਦਾਸ ਕੀਤੀ ਸੀ ਕਿ ਅਲੋਕ ਘਰ ਨਾ ਮੁੜੇ, ਉਸ ਅੰਦਰ ਗੁਨਾਹ-ਭਾਵ ਭਾਰੂ ਹੋ ਜਾਂਦਾ। ਉਹ ਕਈ ਵਾਰ ਆਪਣੇ 'ਸੱਚੇ ਪਾਤਸ਼ਾਹ' ਨੂੰ ਉਲਾਂਭਾ ਵੀ ਦੇ ਚੁੱਕੀ ਸੀ ਕਿ ਉਸ ਨੇ ਕਿਹੜਾ ਇਹ ਸੱਚੇ ਦਿਲੋਂ ਕਿਹਾ ਸੀ। ਇਹ ਤਾਂ ਦੁਖੀ ਹੋਈ ਦੇ ਮਨੋਂ ਨਿਕਲ ਗਿਆ। ਇਸੇ ਤਰ੍ਹਾਂ ਹੀ ਉਸਦੀ ਮੰਮੀ ਨੇ ਵੀ ਕਿਹਾ ਸੀ। ਜਿਸ ਦਿਨ ਡਾਕਟਰਾਂ ਨੇ 'ਲਿਟ'ਸ ਹੋਪ ਫਾਰ ਦਾ ਬੈਸਟ' ਕਿਹਾ ਸੀ, ਘਰ ਬੈਠੀਆਂ ਦੋਹੇਂ ਨੂੰਹ-ਸੱਸ ਹੰਝੂ ਕੇਰ ਰਹੀਆਂ ਸਨ। ਸੀਮਾ ਨੇ ਮੰਮੀ ਨੂੰ ਪਹਿਲਾਂ ਕਦੇ ਇਸ ਤਰ੍ਹਾਂ ਰੋਂਦੇ ਨਹੀਂ ਸੀ ਦੇਖਿਆ। ਐਕਸੀਡੈਂਟ ਵਾਲੇ ਦਿਨ ਵੀ ਨਹੀਂ। ਮੰਮੀ ਵੱਲ ਦੇਖ ਸੀਮਾ 'ਤੇ ਗੁਨਾਹ-ਭਾਵ ਫਿਰ ਭਾਰੂ ਹੋਣ ਲੱਗਾ। ਉਹ ਮੰਮੀ ਦੇ ਹੋਰ ਨੇੜੇ ਹੋ ਕੇ ਬੈਠਦੀ ਬੋਲੀ, "ਮੰਮੀ, ਮੈਂ ਦੋਸ਼ੀ ਆਂ। ਇਹ ਮੇਰੇ ਕਰਕੇ ਹੋਇਆ ਸਾਰਾ ਕੁਛ।" ਇਸ ਤਰ੍ਹਾਂ ਆਖਦੀ ਸੀਮਾ ਦਾ ਰੋਣ ਉੱਚੀ ਹੋ ਗਿਆ। ਫਿਰ ਹਿਟਕੋਰੇ ਲੈਂਦੀ ਨੇ ਕਿਹਾ, "ਮੈਨੂੰ ਕੀ ਲੋੜ ਸੀ ਇਸ ਤਰ੍ਹਾਂ ਸੋਚਣ ਦੀ। ਹਾਏ ਰੱਬਾ, ਕਿਉਂ ਮੇਰੇ ਚਿੱਤ 'ਚ ਆਈ ਕਿ ਉਹ ਘਰ ਨਾ ਮੁੜੇ।" ਸੀਮਾ ਵਿਲਕਣ ਲੱਗੀ। ਮੰਮੀ ਨੇ ਸੀਮਾ ਨੂੰ ਆਪਣੀ ਬੁੱਕਲ ਵਿਚ ਲੈ ਲਿਆ। ਕੁਝ ਦੇਰ ਨੂੰਹ-ਸੱਸ ਇਕ ਦੂਜੇ ਨੂੰ ਘੁੱਟੀ ਹੰਝੂ ਕੇਰਦੀਆਂ ਰਹੀਆਂ। ਫਿਰ ਮੰਮੀ ਨੇ ਅੱਖਾਂ ਪੂੰਝੀਆਂ ਤੇ ਬੋਲੀ, "ਤੂੰ ਕਿਹੜਾ ਰਾਜੇ, ਸੱਚੇ ਦਿਲੋਂ ਕਿਹਾ ਹੋਊ, ਸਤੀ ਦੇ ਅੰਦਰੋਂ ਨਿਕਲ ਗਿਆ ਹੋਊ।"



"ਮੰਮੀ, ਮੈਂ ਥੋੜੀ ਦੋਸ਼ੀ ਆਂ," ਆਖਦੀ ਸੀਮਾ ਦੀ ਫੇਰ ਲੇਰ ਨਿਕਲ ਗਈ।

"ਬੱਸ ਮੇਰੀ ਧੀਅ। ਮੈਂ ਕਿਹੜਾ ਤੈਨੂੰ ਜਾਣਦੀ ਨੀਂ। ਐਵੇਂ ਨਾ ਆਵਦੇ ਆਪ ਨੂੰ ਦੋਸ਼ ਦੇਈ ਜਾ," ਮੰਮੀ ਨੇ ਕਿਹਾ। ਫਿਰ ਉਹ ਕੁਝ ਦੇਰ ਸੀਮਾ ਨੂੰ ਵਰਾਉਂਦੀ ਰਹੀ। ਰਾਤ ਨੂੰ ਸੀਮਾ ਦੇ ਨਾਲ ਹੀ ਪੈ ਗਈ। ਰਾਤ ਨੂੰ ਸੀਮਾ ਕਹਿੰਦੀ, "ਮੰਮੀ ਕੀ ਬਣੂ? ਕਿਵੇਂ ਕੱਟਾਂਗੀਆਂ?"

"ਮੇਰੇ ਹੁੰਦੇ ਤੂੰ ਭੋਰਾ ਫਿਕਰ ਨਾ ਕਰ। ਆਵਦੇ ਚਿੱਤ ਨੂੰ ਕਰੜਾ ਕਰ। ਜੇ ਇਵੇਂ ਈ ਰੋਂਦੀ ਰਹੀ ਤਾਂ ਬੱਚੇ 'ਤੇ ਅਸਰ ਪਊ। ਭੀੜਾਂ ਆਉਂਦੀਆਂ ਈ ਹੁੰਦੀਐਂ। ਸਭ ਕੁਛ ਹੋ ਜਾਂਦਾ ਹੁੰਦਾ। ਤੇਰੇ ਸਾਹਮਣੇ ਐ। ਅਲੋਕ ਓਦੋਂ ਤਿੰਨਾਂ ਸਾਲਾਂ ਦਾ ਸੀ, ਜਦੋਂ ਇਹਦੇ ਡੈਡੀ ਦੀ ਡੈੱਥ ਹੋਈ ਸੀ। ਜੇ ਮੈਂ ਢੇਰੀ ਢਾਹ ਲੈਂਦੀ ਤਾਂ ਕਿਵੇਂ ਕੱਢਦੇ ਜਿੰਦਗੀ। ਬੱਸ ਤੂੰ ਬੱਚੇ ਵੱਲ ਧਿਆਨ ਦੇ," ਮੰਮੀ ਇਸ ਤਰ੍ਹਾਂ ਹੋਰ ਵੀ ਕਹਿੰਦੀ ਰਹੀ। ਕੁਝ ਦੇਰ ਬਾਅਦ ਸੀਮਾ ਬੋਲੀ, "ਮੰਮੀ, ਤੁਸੀ ਏਥੇ ਮੇਰੇ ਕੋਲ ਈ ਪੈ ਜਿਆ ਕਰੋ।"

ਮੰਮੀ ਉਸਦੇ ਨਾਲ ਪੈਣ ਲੱਗ ਪਈ। ਸੀਮਾ ਨੂੰ ਮੰਮੀ ਦੀ ਛਾਂ ਹੇਠ ਨੀਂਦ ਆ ਜਾਂਦੀ। ਰਾਤ ਨੂੰ ਉਹ ਮੰਮੀ ਦੇ ਹੋਰ ਨੇੜੇ ਹੁੰਦੀ ਜਾਂਦੀ। ਤੇ ਇਕ ਰਾਤ ਤਾਂ ਉਹ ਮੰਮੀ ਨੂੰ ਚੁੰਬੜ ਹੀ ਗਈ। "ਮੰਮੀ, ਬਚਾਓ, ਮੰਮੀ ਬਚਾਓ," ਕਹਿੰਦੀ ਉਹ ਮੰਮੀ ਨੂੰ ਹੋਰ ਚਿੰਬੜੀ ਜਾਂਦੀ। "ਕੀ ਗੱਲ ਐ ਰਾਜੇ? ਉੱਠ ਪਾਣੀ ਪੀ ਲੈ। ਮਾੜਾ ਸੁਪਨਾ ਆਇਆ ਹੋਊ," ਮੰਮੀ ਨੇ ਕਿਹਾ। ਸਾਹੋ-ਸਾਹ ਹੋਈ ਸੀਮਾ ਉੱਠ ਬੈਠੀ ਤੇ ਕੁਝ ਦੇਰ ਉਵੇਂ ਹੀ ਬੈਠੀ ਰਹੀ। ਫਿਰ ਮੰਮੀ ਦੇ ਗਲ਼ ਲੱਗ ਰੋਣ ਲੱਗੀ। ਮੰਮੀ ਕੁਝ ਦੇਰ ਉਸ ਦੀ ਪਿੱਠ ਪਲੋਸਦੀ ਰਹੀ, ਫਿਰ ਪਾਣੀ ਲਿਆ ਕੇ ਪਿਆਇਆ। ਬੋਲੀ, "ਡਰ ਗੀ ਸੁਪਨੇ 'ਚ?"

"ਮੈਨੂੰ ਲੱਗਾ ਜਿਵੇਂ ਇਹ ਮੇਰੀਆਂ ਅੱਖਾਂ ਵੱਲ ਉਂਗਲਾਂ ਸਿੱਧੀਆਂ ਕਰਕੇ ਅੱਖਾਂ ਕੱਢਣ ਲੱਗੇ ਹੋਣ। ਨਾਲੇ ਆਖੀ ਜਾਣ, 'ਹੁਣ ਦੱਸ ਲਾਏਂਗੀ ਮਸਕਾਰਾ'," ਸੀਮਾ ਨੇ ਦੱਸਿਆ।

ਮੰਮੀ ਸੀਮਾ ਦੇ ਕੇਸਾਂ ਵਿਚ ਹੱਥ ਫੇਰਨ ਲੱਗੀ। ਬੋਲੀ, "ਸੌਂ ਜਾ ਮੇਰੀ ਧੀ। ਖੁਸ਼ ਰਿਹਾ ਕਰ। ਬੱਚੇ 'ਤੇ ਅਸਰ ਪੈਂਦਾ। ਹੁਣ ਤਾਂ ਦਿਨਾਂ ਦੀ ਗੱਲ ਐ। ਸੰਭਾਲ ਆਵਦੇ ਆਪ ਨੂੰ, ਜੇ ਆਪ ਈ ਡਰਦੀ ਰਹੀ ਤਾਂ ਬੱਚੇ ਨੂੰ ਕਿਵੇਂ ਸੰਭਾਲੇਂਗੀ।" ਫਿਰ ਕੁਝ ਦੇਰ ਬਾਅਦ ਮੰਮੀ ਬੋਲੀ, " ਜਿੰਨੀ ਦੇਰ ਬੱਚਾ ਨੀ ਹੁੰਦਾ, ਕੇਅਰਹੋਮ ਘੱਟ ਜਾਇਆ ਕਰ। ਬਾਹਰ ਕਿਤੇ ਗੇੜਾ ਕੱਢ ਆਇਆ ਕਰ। ਚਿੱਤ ਹੋਰ ਥਾਂ ਹੋ ਜਾਂਦੈ।"

ਪਰ ਸੀਮਾ ਕਿਤੇ ਇਕੱਲੀ ਨਹੀਂ ਸੀ ਜਾਂਦੀ। ਨੂਰ ਦੇ ਜਨਮ ਤੋਂ ਬਾਅਦ ਇਕ ਦਿਨ ਮੰਮੀ ਨੇ ਕਿਹਾ, "ਤੂੰ ਸਾਰਾ ਦਿਨ ਘਰੇ ਬੈਠੀ ਰਹਿਨੀ ਐਂ। ਜਾਹ ਕਿਸੇ ਸਟੋਰ 'ਚ ਗੇੜਾ ਕੱਢ ਆ, ਕਿੱਦਣ ਦੀ ਕਹਿੰਨੀ ਐ ਬਈ ਨੂਰ ਵਾਸਤੇ ਕੱਪੜੇ ਲੈ ਕੇ ਆਉਣੇ ਆ।"

"ਤੁਸੀਂ ਨਾਲ ਚੱਲੋ," ਸੀਮਾ ਨੇ ਕਿਹਾ।

"ਮੈਨੂੰ ਕਿੱਥੇ-ਕਿੱਥੇ ਲੈ ਕੇ ਜਾਵੇਂਗੀ। 'ਕੱਲੀ ਜਾਣਾ ਸਿੱਖ।"

ਸੀਮਾ ਗਿਲਫਰਡ ਮਾਲ ਵਿਚ ਚਲੀ ਗਈ। ਸੀਅਰਜ਼ ਸਟੋਰ ਦੇ ਬੱਚਿਆਂ ਵਾਲੇ ਹਿੱਸੇ 'ਚ ਉਸ ਦਾ ਧਿਆਨ ਇਕ ਕੰਬਲ 'ਤੇ ਅਟਕ ਗਿਆ। ਸੀਮਾ ਨੇ ਕੀਮਤ ਦੇਖ ਕੇ ਕੰਬਲ ਵਾਪਸ ਰੱਖ ਦਿੱਤਾ। ਮੁੜ ਚੁੱਕ ਕੇ ਉਸ ਨੂੰ ਪਲੋਸਣ ਲੱਗੀ। ਕੂਲ਼ੇ-ਕੂਲ਼ੇ ਕੰਬਲ ਨੂੰ ਉਸ ਦਾ ਰੱਖਣ ਨੂੰ ਦਿਲ ਨਾ ਕਰੇ। ਇਕ ਵਾਰ ਫੇਰ ਕੀਮਤ ਦੇਖੀ ਤੇ ਰੱਖ ਕੇ ਅਗਾਂਹ ਤੁਰ ਪਈ। ਸੀਮਾ ਨੂੰ ਅਲੋਕ ਦਾ ਖਿਆਲ ਆ ਗਿਆ। ਉਸ ਨੇ ਸੋਚਿਆ ਕਿ ਜੇ ਅਲੋਕ ਹੁੰਦਾ ਤਾਂ ਉਸ ਨੇ ਸਟੋਰ 'ਚੋਂ ਨਿਕਲਣ ਤੋਂ ਪਹਿਲਾਂ ਕੰਬਲ ਚੁੱਕ ਲੈਣਾ ਸੀ ਅਤੇ ਬਿੱਲ ਦਾ ਭੁਗਤਾਣ ਕਰਨ ਲੱਗਿਆਂ ਕਾਊਂਟਰ 'ਤੇ ਰੱਖ ਦੇਣਾ ਸੀ। ਕੁਝ ਚਿਰ ਬਾਅਦ ਹੀ ਸੀਮਾ ਨੂੰ ਅਲੋਕ ਦਾ ਦੂਜਾ ਰੂਪ ਯਾਦ ਆ ਗਿਆ ਤੇ ਉਸ ਨੂੰ ਲੱਗਾ ਕਿ ਅਲੋਕ ਘਰ ਗਈ ਨੂੰ ਕਹੇਗਾ ਕਿ ਕਿਹੜੇ ਯਾਰ ਕੋਲ਼ ਐਨਾ ਚਿਰ ਲਾ ਕੇ ਆਈ ਐਂ। ਸੀਮਾ ਦੇ ਅੰਦਰ ਕਾਹਲ਼ ਮੱਚਣ ਲੱਗੀ। ਉਹ ਕਾਹਲ਼ੀ ਨਾਲ ਕਾਰ ਤਕ ਗਈ। ਘਰ ਪਹੁੰਚ ਹੀ ਉਸ ਨੂੰ ਟੇਕ ਆਈ। "ਐਡੀ ਛੇਤੀ ਮੁੜ ਵੀ ਆਈ!" ਮੰਮੀ ਨੇ ਕਿਹਾ।

"ਮੈਨੂੰ ਲੱਗਾ ਕਿਤੇ ਬਹੁਤ ਚਿਰ ਹੋ ਗਿਆ।"

"ਐਨੀ ਨਾ ਕਾਹਲ਼ ਕਰਿਆ ਕਰ, ਸਟੋਰਾਂ 'ਚ ਗਿਆਂ ਨੂੰ ਟੈਮ ਲੱਗ ਈ ਜਾਂਦਾ ਹੁੰਦੈ।" ਫਿਰ ਸੀਮਾ ਦੇ ਚਿਹਰੇ ਵੱਲ ਦੇਖ ਮੰਮੀ ਬੋਲੀ, "ਕੁੜੇ ਇਉਂ ਹੀ ਚਲੀ ਗਈ ਸੀ ਸਟੋਰ? ਬਾਹਰ ਜਾਣ ਲੱਗੀ ਤਾਂ ਲਾ ਲਿਆ ਕਰ ਥੋੜ੍ਹੀ ਬਹੁਤ ਮੇਕਅਪ!"

"ਹੁਣ ਜੀਅ ਨੀ ਕਰਦਾ," ਸੀਮਾ ਬੋਲੀ।

"ਐ ਨੀ ਕੁਛ ਹੁੰਦਾ। ਕੱਲ੍ਹ ਦੀ ਕੁੜੀ ਐਂ ਹਾਲੇ। ਲਾ ਲਿਆ ਕਰ ਥੋੜ੍ਹੀ-ਬਹੁਤ।"

ਪਰ ਸੀਮਾ ਨੇ ਲਾਈ ਨਹੀਂ ਸੀ। ਤੇ ਉਸ ਦਿਨ ਜਦੋਂ ਉਹ ਕੇਅਰਹੋਮ ਵਿਚ ਨਵਦੀਪ ਨਾਲ ਦੋ ਬੋਲ ਸਾਂਝੇ ਕਰ ਕੇ ਆਈ ਸੀ, ਉਹ ਕੁਝ ਦੇਰ ਸ਼ੀਸੇ ਮੂਹਰੇ ਖੜ੍ਹੀ ਰਹੀ। ਉਸ ਨੂੰ ਆਪਣੀਆਂ ਅੱਖਾਂ ਦਾ ਛੋਟੀਆਂ ਹੋਣ ਦਾ ਝੋਰਾ ਮੁੜ ਜਾਗਿਆ। ਸੀਮਾ ਨੇ ਅਲਮਾਰੀ ਦੇ ਖਾਨੇ ਫਰੋਲ਼ੇ ਪਰ ਉਸ ਨੂੰ ਆਪਣਾ ਮਸਕਾਰਾ ਨਾ ਦਿਸਿਆ। ਹਲਕੀ ਜਿਹੀ ਲਿਪਸਟਿਕ ਲਾਈ ਅਤੇ ਆਪਣੇ ਆਪ ਨੂੰ ਨਿਹਾਰਦੀ ਰਹੀ। ਉਸ ਨੂੰ ਨਵਦੀਪ ਦੀ ਮੁਸਕਰਾਹਟ ਉਵੇਂ ਹੀ ਦਿਸੀ। ਸੀਮਾ ਦੇ ਬੁੱਲ੍ਹਾਂ 'ਤੇ ਮੁਸਕਰਾਹਟ਼ ਆ ਗਈ। ਅਗਲੇ ਦਿਨ ਉਹ ਮੰਮੀ ਨੂੰ ਕੇਅਰਹੋਮ ਛੱਡਣ ਗਈ ਨੂਰ ਨੂੰ ਗੋਦੀ ਚੁੱਕ ਕੇ ਅੰਦਰ ਗਈ। ਆਮ ਉਹ ਬਾਹਰੋਂ ਹੀ ਮੁੜ ਜਾਂਦੀ। ਅੰਦਰ ਜਾ ਕੇ ਉਸ ਨੇ ਨਵਦੀਪ ਦੀ ਮਾਂ ਦੇ ਕਮਰੇ ਵੱਲ ਦੇਖਿਆ। ਉਥੇ ਨਵਦੀਪ ਨਹੀਂ ਸੀ। ਸੀਮਾ ਦੇ ਅੰਦਰੋਂ ਜਿਵੇਂ ਕੁਝ ਖੁੱਸ ਗਿਆ ਹੋਵੇ। ਸ਼ਾਮ ਨੂੰ ਵੀ ਸੀਮਾ ਨੇ ਮੰਮੀ ਨੂੰ ਬਾਹਰ ਆ ਕੇ ਖੜ੍ਹਨ ਲਈ ਨਾ ਕਿਹਾ। ਅੰਦਰ ਗਈ। ਨਵਦੀਪ ਆਪਣੀ ਮਾਂ ਦੇ ਕੋਲ ਬੈਠਾ ਸੀ। ਸੀਮਾ ਵੱਲ ਵੇਖ ਉਹ ਮੁਸਕਰਾਇਆ। ਝੱਟ ਬਾਹਰ ਆ ਕੇ ਬੋਲਿਆ, "ਤੁਸੀਂ ਠੀਕ ਐਂ?"

"ਹਾਂ ਜੀ, ਤੁਸੀਂ?" ਸੀਮਾ ਦੇ ਮੂੰਹੋਂ ਮਸਾਂ ਨਿਕਲਿਆ। ਨਵਦੀਪ ਨੇ ਨੂਰ ਦੀ ਗੱਲ੍ਹ 'ਤੇ ਹੱਥ ਲਾ ਕੇ ਕਿਹਾ, "ਕਿੰਨਾ ਪਿਆਰਾ ਬੱਚਾ ਐ!" ਸੀਮਾ ਨੂੰ ਲੱਗਾ ਜਿਵੇਂ ਉਸਦੇ ਅੰਗ-ਪੈਰ ਝੂਠੇ ਪੈ ਗਏ ਹੋਣ। ਉਸਦਾ ਚਿਹਰਾ ਲਾਲ ਹੋ ਗਿਆ। ਉਹ ਉੱਥੋਂ ਛੇਤੀਂ ਨਾਲ ਤੁਰ ਕੇ ਅਲੋਕ ਵਾਲੇ ਕਮਰੇ ਵਿਚ ਚਲੀ ਗਈ। ਸੀਮਾ ਨੇ ਅਲੋਕ ਵੱਲ ਵੇਖਿਆ। ਉਹ ਬਿਨਾਂ ਅੱਖਾਂ ਝਪਕੇ ਵੇਖ ਰਿਹਾ ਸੀ। ਸੀਮਾ ਨੇ ਇਕ ਦਮ ਆਪਣੀਆਂ ਨਜ਼ਰਾਂ ਪਾਸੇ ਕਰ ਲਈਆਂ। ਸੀਮਾ ਨੂੰ ਉਸਦੀਆਂ ਨਜ਼ਰਾਂ ਘੂਰਦੀਆਂ ਲੱਗੀਆਂ। ਜਿਸ ਪਾਸੇ ਅਲੋਕ ਦਾ ਚਿਹਰਾ ਸੀ , ਉਹ ਉਸ ਤੋਂ ਦੂਜੇ ਪਾਸੇ ਜਾ ਕੇ ਉਸਦਾ ਬਿਸਤਰਾ ਸਾਫ਼ ਕਰਨ ਲੱਗੀ। ਫਿਰ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੀ ਅਲੋਕ ਦੇ ਕੋਲ਼ ਨੂਰ ਨੂੰ ਲਿਜਾ ਕੇ ਬੋਲੀ, "ਇਹ ਕੌਣ ਐ?"

"ਹੂੰ।"

"ਨੂਰ ਨਾਲ ਖੇਡਣਾ?"

"ਹੂੰ।"

"ਤੁਸੀਂ ਕਿੱਥੇ ਆਂ?"

"ਹੂੰ।"

"ਕਿਸੇ ਨੂੰ ਨੀ ਸਿਆਣਦਾ। ਭਾਈ", ਮੰਮੀ ਨੇ ਹਉਕਾ ਲੈ ਕੇ ਕਿਹਾ।

ਸੀਮਾ ਨੂਰ ਨੂੰ ਮੰਮੀ ਦੀ ਗੋਦ ਵਿਚ ਬਿਠਾ ਕੇ ਬੋਲੀ, "ਲੈ ਮੰਮੀ ਕੋਲ਼ ਜਾ, ਮੈਂ ਨਰਸਿੰਗ ਸਟੇਸ਼ਨ ਤਕ ਹੋ ਕੇ ਆਉਨੀ ਆਂ।" ਰਾਹ ਵਿਚ ਨਵਦੀਪ ਉਸ ਨੂੰ ਫਿਰ ਦਿਸਿਆ। ਉਹ ਨੇੜੇ ਆ ਕੇ ਬੋਲਿਆ, "ਮੇਰਾ ਤੁਹਾਡੇ ਨਾਲ ਗੱਲਾਂ ਕਰਨ ਨੂੰ ਜੀਅ ਕਰਦੈ। ਤੁਸੀਂ ਟਾਈਮ ਕੱਢ ਸਕਦੇ ਆਂ।"

ਸੀਮਾ ਨੇ ਉਸ ਵੱਲ ਦੇਖਿਆ। ਉਹ ਫਿਰ ਬੋਲਿਆ, "ਮੈਂ ਕੱਲ੍ਹ ਨੂੰ ਐਸ ਵੇਲੇ ਤੁਹਾਡੀ ਸਾਹਮਣੇ ਵਾਲੀ ਕੌਫ਼ੀ ਸ਼ਾਪ 'ਚ ਉਡੀਕ ਕਰੂੰਗਾ।"

ਸੀਮਾ ਨੇ ਇਕ ਵਾਰ ਫਿਰ ਉਸ ਵੱਲ ਦੇਖਿਆ ਤੇ ਕਾਹਲ਼ੇ ਕਦਮੀਂ ਵਾਪਸ ਅਲੋਕ ਦੇ ਕਮਰੇ ਵਿਚ ਵੜਦੀ ਬੋਲੀ, "ਚੱਲੀਏ ਮੰਮੀ?"

ਅਲੋਕ ਨਾਲ ਬਿਨਾਂ ਅੱਖ ਮਿਲਾਏ ਉਹ ਵਾਪਸ ਮੁੜ ਪਈ। ਮੰਮੀ ਤੋਂ ਅੱਗੇ-ਅੱਗੇ ਜਾ ਕੇ ਕਾਰ ਵਿਚ ਜਾ ਬੈਠੀ। ਉਸ ਨੂੰ ਲੱਗਾ ਜਿਵੇਂ ਉਹ ਕੋਈ ਚੋਰੀ ਕਰ ਰਹੀ ਹੋਵੇ। 'ਜੇ ਕਿਸੇ ਨੇ ਦੇਖ ਲਿਆ ਨਵਦੀਪ ਨਾਲ ਤਾਂ ਲੋਕੀਂ ਕੀ ਕਹਿਣਗੇ?' ਉਸਦੇ ਚਿੱਤ 'ਚ ਆਈ। 'ਨਹੀਂ ਮੈਂ ਨੀ ਜਾਂਦੀ,' ਉਸ ਨੇ ਸੋਚਿਆ। ਇਸ ਸੋਚ ਨਾਲ ਉਸ ਨੂੰ ਲੱਗਾ ਜਿਵੇਂ ਉਸਦੇ ਅੰਦਰੋਂ ਕੁਝ ਖੁੱਸ ਗਿਆ ਹੋਵੇ। ਨਵਦੀਪ ਦੀ ਮੁਸਕਰਾਹਟ ਉਸ ਨੂੰ ਦਿਸੀ। ਉਸਦਾ ਜੀਅ ਕੀਤਾ ਕਿ ਨਵਦੀਪ ਨੂੰ ਮਿਲਣ ਜਾਵੇ। ਇਸੇ ਕਸ਼ਮਕਸ਼ ਵਿਚ ਉਹ ਘਰ ਪਹੁੰਚ ਗਈ। ਰੋਟੀ ਖਾਂਦਿਆਂ ਵੀ ਉਹ ਇਸੇ ਖਿੱਚੋਤਾਣ 'ਚ ਰਹੀ।

"ਤੂੰ ਕਿਵੇਂ ਗੁੰਮ-ਸੁੰਮ ਜੀ ਹੋਗੀ," ਮੰਮੀ ਨੇ ਕਿਹਾ।

"ਸਿਰ 'ਚ ਦਰਦ ਐ," ਆਖ ਕੇ ਸੀਮਾ ਆਪਣੇ ਕਮਰੇ ਵਿਚ ਚਲੀ ਗਈ। ਉਸ ਨੇ ਨੂਰ ਨੂੰ



ਬਿਸਤਰੇ ਵਿਚ ਪਾਇਆ ਅਤੇ ਕੱਪੜੇ ਬਦਲਣ ਵਾਸ਼ਰੂਮ ਵਿਚ ਚਲੀ ਗਈ। ਸ਼ੀਸ਼ੇ ਵਿਚ ਉਸ ਨੂੰ ਆਪਣੀਆਂ ਅੱਖਾਂ ਵੈਰਾਨ ਲੱਗੀਆਂ। ਉਸ ਨੇ ਹਉਕਾ ਲੈ ਕੇ ਝੱਟ ਆਪਣੀਆਂ ਅੱਖਾਂ ਸ਼ੀਸ਼ੇ ਤੋਂ ਪਾਸੇ ਕਰ ਲਈਆਂ ਅਤੇ ਬੱਤੀ ਬੁਝਾ ਕੇ ਨੂਰ ਨਾਲ ਪੈ ਗਈ। ਨੂਰ ਨੂੰ ਆਪਣੇ ਨਾਲ ਘੁੱਟ ਲਿਆ। ਕੁਝ ਦੇਰ ਹਨੇਰੇ ਵਿਚ ਹੀ ਉਸ ਵੱਲ ਵੇਖਦੀ ਰਹੀ। ਉਸ ਨੂੰ ਫਿਰ ਨਵਦੀਪ ਦਾ ਮੁਸਕਰਾਉਂਦਾ ਚਿਹਰਾ ਦਿਸਿਆ। ਉਸ ਦੇ ਦਿਮਾਗ਼ ਵਿਚ ਆਈ ਕਿ ਨੂਰ ਤੇ ਨਵਦੀਪ ਨੂੰ ਲੈ ਕੇ ਉਹ ਕਿਤੇ ਦੂਰ ਚਲੀ ਜਾਵੇ, ਜਿੱਥੇ ਕੋਈ ਉਸ ਨੂੰ ਜਾਣਦਾ ਨਾ ਹੋਵੇ। ਫਿਰ ਉਸਦੇ ਦਿਮਾਗ਼ ਵਿਚ ਆਇਆ ਕਿ ਲੋਕ ਕੀ ਕਹਿਣਗੇ ਕਿ ਘਰਵਾਲਾ ਬੀਮਾਰ ਪਿਐ ਤੇ ਘਰਵਾਲੀ ਯਾਰ ਨਾਲ ਭੱਜ ਗਈ। ਇਸ ਵਿਚਾਰ ਨਾਲ ਉਸ ਨੂੰ ਆਪਣੇ ਆਪ 'ਤੇ ਹੀ ਸ਼ਰਮ ਆਈ। 'ਨੂਰ ਵੱਡਾ ਹੋ ਕੇ ਕੀ ਸੋਚੂਗਾ?' ਉਹ ਇਸ ਤੋਂ ਅੱਗੇ ਨਾ ਸੋਚ ਸਕੀ। ਉਸ ਨੇ ਇਹ ਖਿਆਲ ਦਿਮਾਗ਼ ਵਿੱਚੋਂ ਝਟਕਣ ਲਈ ਪਾਸਾ ਪਰਤਿਆ। ਫਿਰ ਉਸਦੇ ਦਿਮਾਗ ਵਿਚ ਆਇਆ ਕਿ ਮੈਂ ਫਿਰ ਸਾਰੀ ਉਮਰ ਇਉਂ ਹੀ ਕੱਢ ਦੇਊਂ ਦਿਨ ਉਡੀਕਦੀ ਕਿ ਕਦੋਂ ਅਲੋਕ ਮਰੇ ਤੇ---। ਇਕਦਮ ਉਸਦੀ ਮੰਮੀ ਉਸਦੀਆਂ ਅੱਖਾਂ ਮੂਹਰੇ ਆ ਗਈ। ਸੀਮਾ ਨੂੰ ਲੱਗਾ ਜਿਵੇਂ ਉਹ ਆਖ ਰਹੀ ਹੋਵੇ, 'ਹਾਏ ਹਾਏ ਨੀ ਆਵਦੇ ਨਿੱਜ ਪਿੱਛੇ ਮੈਨੂੰ ਜਿਉਂਦੀ ਨੂੰ ਮਾਰੀ ਜਾਨੀ ਐਂ। ਇਕੋ-ਇਕ ਤਾਂ ਮੇਰਾ ਪੁੱਤ ਐ।' ਸੀਮਾ ਨੇ ਝੱਟ ਅੱਖਾਂ ਖੋਲ੍ਹ ਦਿੱਤੀਆਂ ਜਿਵੇਂ ਉਹ ਆਪਣੀ ਮੰਮੀ ਨਾਲ ਅੱਖ ਨਾ ਮਿਲਾ ਸਕੀ ਹੋਵੇ। ਫਿਰ ਉਸਦੀਆਂ ਸੋਚਾਂ ਵਿਚ ਉਸਦੀ ਇਕ ਵਿਧਵਾ ਭੈਣ ਆ ਗਈ, ਜਿਸਦਾ ਪਤੀ 27-28 ਸਾਲ ਦੀ ਉਮਰ ਵਿਚ ਮਰ ਗਿਆ ਸੀ। ਸੀਮਾ ਨੇ ਸੋਚਿਆ ਕਿ ਉਹ ਵੀ ਤਾਂ ਗੁਜ਼ਾਰਾ ਕਰਦੀ ਹੀ ਹੈ, ਉਸ ਨੇ ਕਿਹੜਾ ਦੁਬਾਰਾ ਵਿਆਹ ਕਰਵਾਇਆ ਸੀ। ਸੀਮਾ ਨੂੰ ਉਸਦਾ ਕਿਹਾ ਯਾਦ ਆਇਆ। ਉਸ ਨੇ ਕਿਹਾ ਸੀ, "ਦੂਜੇ ਕਦੋਂ ਪਿਉ ਬਣਦੇ ਆ। ਮੇਰੀ ਕਿਸਮਤ 'ਚ ਇਹੀ ਲਿਖਿਆ ਸੀ। ਸਬਰ ਦੀ ਘੁੱਟ ਭਰਕੇ ਈ ਸਰੂ।" 'ਹੋਰ ਸਬਰ ਬਿਨਾਂ ਕੀ ਚਾਰਾ ਐ?' ਸੋਚ ਕੇ ਸੀਮਾ ਨੇ ਹਉਕਾ ਲਿਆ ਤੇ ਸੌਣ ਦੀ ਕੋਸ਼ਿਸ਼ ਕਰਨ ਲੱਗੀ। ਪਰ ਨੀਂਦ ਨੇੜੇ-ਤੇੜੇ ਵੀ ਨਹੀਂ ਸੀ। ਜਦੋਂ ਉਹ ਅੱਖਾਂ ਮੀਚਦੀ ਉਸ ਨੂੰ ਮੰਮੀ ਦਾ ਚਿਹਰਾ ਦਿਸਦਾ। ਉਹ ਝੱਟ ਅੱਖਾਂ ਖੋਲ੍ਹ ਦਿੰਦੀ। 'ਕਿੰਨੀ ਖ਼ੁਦਗਰਜ਼ ਹੋ ਗਈ ਮੈਂ! ਮੰਮੀ ਕੀ ਸੋਚੂ ਮੇਰੇ ਬਾਰੇ?' ਉਹ ਉੱਠ ਕੇ ਵਾਸ਼ਰੂਮ ਵਿਚ ਚਲੀ ਗਈ। ਮੰਮੀ ਬੋਲੀ, "ਕੀ ਗੱਲ ਰਾਜੇ, ਹਟਿਆ ਨੀ ਸਿਰ ਹਾਲੇ? ਜਿਆਦੇ ਦੁਖਦੈ ਤਾਂ ਘੁੱਟਾਂ?"

ਮੰਮੀ ਦੇ ਇਹ ਬੋਲ ਸੁਣ ਕੇ ਸੀਮਾ ਨੂੰ ਆਪਣਾ ਆਪ ਹੋਰ ਗੁਨਾਹਗਾਰ ਲੱਗਾ। ਉਸ ਨੇ ਸੋਚਿਆ ਕਿ ਮੰਮੀ ਮੇਰਾ ਕਿੰਨਾ ਖਿਆਲ ਰੱਖਦੀ ਐ ਤੇ ਮੈਂ? ਉਹ ਮੰਮੀ ਦੇ ਕਮਰੇ ਵਿਚ ਚਲੀ ਗਈ। ਮੰਮੀ ਉੱਠ ਬੈਠੀ। ਸੀਮਾ ਉਸਦੇ ਬੈੱਡ 'ਤੇ ਬੈਠ ਗਈ ਅਤੇ ਫਿੱਸ ਪਈ। ਮੰਮੀ ਨੇ ਉਸ ਨੂੰ ਬੁੱਕਲ 'ਚ ਲੈ ਲਿਆ। ਬੋਲੀ, "ਕੀ ਗੱਲ ਆ,ਰਾਜੇ?"

ਸੀਮਾ ਤੋਂ ਕੁਝ ਦੇਰ ਬੋਲਿਆ ਨਾ ਗਿਆ। ਮੰਮੀ ਫਿਰ ਬੋਲੀ, "ਕੀ ਦੁਖਦੈ?"

"ਕੁਛ ਨੀ ਦੁੱਖਦਾ। ਬੱਸ ਜੀਅ ਜਿਆ ਨੀ ਲੱਗਦਾ।"

"ਕੀ ਕਰ ਸਕਦੇ ਆਂ ਰਾਜੇ। ਆਪਣੇ ਆਪ ਨੂੰ ਸੰਭਾਲਣਾ ਪੈਣਾਂ।"

"ਪਤਾ ਨੀ ਕਦੋਂ ਠੀਕ ਹੋਣਗੇ!" ਸੀਮਾ ਬੋਲੀ।

"ਦਿਸੀ ਜਾਂਦੈ। ਹੁਣ ਕਾਹਦਾ ਠੀਕ ਹੋਣੈ!" ਮੰਮੀ ਨੇ ਹਉਕਾ ਲੈ ਕੇ ਕਿਹਾ।

"ਫੇਰ ਮੰਮੀ, ਸਾਰੀ ਉਮਰ ਬੱਸ ਇਉਂ ਹੀ ਨਿਕਲ ਜਾਊ!" ਸੀਮਾ ਨੇ ਰੋਂਦਿਆਂ ਹੀ ਕਿਹਾ।

ਮੰਮੀ ਨੇ ਉਸ ਦੀ ਪਿੱਠ 'ਤੇ ਹੱਥ ਫੇਰਿਆ। ਬੋਲੀ, " ਮੇਰੇ ਵੀ ਕਈ ਵਾਰੀ ਚਿੱਤ 'ਚ ਆਈ ਆ। ਤੇਰੀ ਹਾਲੇ ਉਮਰ ਹੀ ਕੀ ਐ। ਸਾਰੀ ਉਮਰ ਪਈ ਐ ਮੂਹਰੇ।"

" ਮੰਮੀ, ਉਹ ਨਵਦੀਪ ਐ ਨਾ, ਪਤਾ ਨੀ ਮੈਨੂੰ ---।" ਆਖਦੀ ਸੀਮਾ ਰੁਕ ਗਈ। ਫਿਰ ਬੋਲੀ, "ਉਹ ਮਿਲਣ ਲਈ ਆਖਦਾ ਸੀ।"

ਮੰਮੀ ਕੁਝ ਪਲ ਸੀਮਾ ਵੱਲ ਦੇਖਦੀ ਰਹੀ, ਫਿਰ ਬੋਲੀ, "ਤੇਰਾ ਚਿੱਤ ਕੀ ਕਹਿੰਦੈ?"

ਸੀਮਾ ਨੇ ਮੰਮੀ ਵੱਲ ਦੇਖਿਆ। ਮੰਮੀ ਬੋਲੀ, "ਕੱਢ ਲਏਂਗੀ ਸਾਰੀ ਉਮਰ 'ਕੱਲੀ ਇਸ ਤਰ੍ਹਾਂ?"

ਸੀਮਾ ਫਿਰ ਸੋਚੀਂ ਪੈ ਗਈ। ◻◻

| 14913 - 83A Ave, Surrey, B.C., Canada V3S 7S2 |

# ਕਿਤੇ ਕੋਈ ਹੈ

## ਜਿੰਦਰ

ਮੋਬਾਇਲ ਦੀ ਸਕਰੀਨ 'ਤੇ ਬਿਲੋ ਦੇ ਘਰ ਦਾ ਫੋਨ ਨੰਬਰ ਆਇਆ ਹੈ।

ਮੈਂ ਲਾਲ ਬਟਨ 'ਤੇ ਅੰਗੂਠੇ ਦਾ ਦਬਾਓ ਵਧਾ ਦਿੰਦਾ ਹਾਂ।

ਬਿਲੋ ਦਾ ਫੋਨ ਸ਼ਕੂਨ ਦਿੰਦਾ ਹੈ। ਪ੍ਰੇਸ਼ਾਨ ਵੀ ਕਰਦਾ ਹੈ। ਇਹ ਮੌਕਾ ਮੇਲ ਹੀ ਹੁੰਦਾ ਹੈ ਕਿ ਜਦੋਂ ਮੈਂ ਘਰ 'ਚ ਬੋਰ ਮਹਿਸੂਸ ਕਰਾਂ ਜਾਂ ਸੱਤਿਆ ਮੈਨੂੰ ਜ਼ਿਆਦਾ ਤੰਗ ਕਰੇ ਜਾਂ ਉਸ ਦੀ ਹਾਲਤ ਮੈਥੋਂ ਦੇਖੀ ਨਾ ਜਾ ਰਹੀ ਹੋਵੇ ਤਾਂ ਮੇਰੇ ਮੋਬਾਇਲ 'ਤੇ ਰਿੰਗ ਹੁੰਦੀ ਹੈ। ਨੰਬਰ ਦੇਖਾਂ ਤਾਂ ਉਹਦਾ ਹੀ ਹੁੰਦਾ ਹੈ। ਮੈਂ ਉਹਦਾ ਨੰਬਰ ਤੇ ਨਾਂ ਫੀਡ ਨਹੀਂ ਕੀਤਾ। ਘਰ 'ਚ ਹੋਵਾਂ ਤਾਂ ਮੈਂ ਉਹਨੂੰ ਫੋਨ ਕਰਦਾ ਹਾਂ। ਅਕਸਰ ਮੈਨੂੰ ਉਹਦਾ ਫੋਨ ਨੰਬਰ ਭੁੱਲ ਜਾਂਦਾ ਹੈ। ਆਖ਼ਿਰੀ ਤਿੰਨ ਅੱਖਰ 585 ਯਾਦ ਰਹਿੰਦੇ ਹਨ। ਸੱਤਿਆ ਕੋਲ ਬੈਠਾਂ ਹੋਵਾਂ ਤਾਂ ਉਹ ਗੱਲਾਂ ਕਰਦੀ-ਕਰਦੀ ਮੇਰੇ ਹੱਥੋਂ ਮੋਬਾਇਲ ਫੜ ਲੈਂਦੀ ਹੈ-ਇਹ ਦੇਖਣ ਲਈ ਮੈਂ ਕਿਸ ਨੰਬਰ 'ਤੇ ਜ਼ਿਆਦਾ ਫੋਨ ਕੀਤੇ ਹਨ ਜਾਂ ਕਿਸ ਨੰਬਰ ਦੇ ਮੈਨੂੰ ਜ਼ਿਆਦਾ ਫੋਨ ਆਏ ਹਨ। ਮੈਂ ਕਿਹੜਾ ਉਸ ਨਾਲੋਂ ਘੱਟ ਹਾਂ। ਉਹਦਾ ਵੀ ਸਿਰਾ ਹਾਂ। ਜੋ ਗੱਲ ਉਹਦੇ ਢਿੱਡ 'ਚ ਹੁੰਦੀ ਹੈ- ਉਹ ਪਹਿਲਾਂ ਹੀ ਮੇਰੇ ਦਿਮਾਗ 'ਚ ਆ ਜਾਂਦੀ ਹੈ। ਮੈਂ ਘਰ ਪਹੁੰਚਣ ਤੋਂ ਪਹਿਲਾਂ-ਪਹਿਲਾਂ ਕਈ ਇਕ ਨੰਬਰ ਡੀਲੀਟ ਕਰ ਦਿੰਦਾ ਹਾਂ।

ਜਿੱਦਣ ਦੀ ਉਹ ਦੂਜੀ ਵਾਰ ਹਸਪਤਾਲ ਤੋਂ ਆਈ ਹੈ-ਕੁਝ ਜ਼ਿਆਦਾ ਹੀ ਚਿੜਚਿੜੀ ਹੋ ਗਈ ਹੈ। ਪਹਿਲਾਂ ਉਹ ਬਹੁਤ ਘੱਟ ਬੋਲਦੀ ਸੀ, ਹੁਣ ਉਸ ਦੇ ਸੁਭਾਅ 'ਚ ਤੇਜ਼ੀ ਆ ਗਈ ਹੈ। ਅੱਧੀਆਂ ਗੱਲਾਂ ਮੂੰਹ 'ਚ ਹੀ ਕਰ ਜਾਂਦੀ ਹੈ ਜਿਸ ਦੀ ਸਮਝ ਮੈਨੂੰ ਨਹੀਂ ਲੱਗਦੀ। ਉਹ ਖਿੱਝਦੀ ਹੈ ਕਿ ਮੈਂ ਜਾਣਬੁੱਝ ਕੇ ਅਜਿਹਾ ਕਰ ਰਿਹਾ ਹਾਂ। ਉਹਨੂੰ ਇਸ ਬਾਰੇ ਕਿਵੇਂ ਦੱਸਾਂ ਕਿ ਇਸ ਬੀਮਾਰੀ ਨੇ ਕੁਝ ਕੁ ਉਸ ਦੀ ਜ਼ੁਬਾਨ 'ਤੇ ਵੀ ਅਸਰ ਕੀਤਾ ਹੈ। ਉਹ ਕੁਝ ਜ਼ਿਆਦਾ ਹੀ ਸੋਚਦੀ ਹੈ। ਐਵੇਂ ਫਜ਼ੂਲ ਕਿਸਮ ਦਾ ਜਿਸ ਦਾ ਕੋਈ ਨਤੀਜਾ ਨਹੀਂ ਨਿਕਲਣ ਵਾਲਾ। ਡਾਕਟਰ ਨੇ ਵੀ ਦੱਸਿਆ ਸੀ ਕਿ ਡੈਪਰੈਸ਼ਨ ਕਰਕੇ ਹੀ ਉਸ ਦੀ ਅਜਿਹੀ ਹਾਲਤ ਹੋਈ ਹੈ। ਉਹਨੂੰ ਕਿਸ ਗੱਲ ਕਰਕੇ ਡੈਪਰੈਸ਼ਨ ਹੋਇਆ। ਮੈਂ ਇਸ ਦਾ ਕਾਰਨ ਲੱਭਣ ਦੀ ਕੋਸ਼ਿਸ਼ ਕਰਦਾ ਹਾਂ। ਘਰ ਦਾ ਪੱਤਾ ਵੀ ਉਸ ਦੀ ਮਰਜ਼ੀ ਬਿਨਾਂ ਨਹੀਂ ਹਿੱਲਦਾ ਸੀ, ਫੇਰ ਉਸ ਨੂੰ ਕਿਸ ਗੱਲ ਦੀ ਚਿੰਤਾ ਹੋਈ। ਮੈਂ ਘਰੋਂ ਸਾਢੇ ਨੌਂ ਵਜੇ ਦਫ਼ਤਰ ਜਾਂਦਾ। ਉਹਨੂੰ ਵੀ ਨਾਲ ਲੈ ਜਾਂਦਾ। ਉਹਦੇ ਦਫ਼ਤਰ 'ਚ ਛੱਡਦਾ। ਆਉਣ ਲੱਗਾ ਉਹਨੂੰ ਨਾਲ ਲੈ ਆਉਂਦਾ। ਉਹ ਉਨੀ ਕਰੇ ਇੱਕੀ ਕਰੇ-ਮੈਂ ਬਹੁਤਾ ਉਸ ਦੇ ਕੰਮਾਂ 'ਚ ਦਖਲਅੰਦਾਜ਼ੀ ਨਹੀਂ ਕਰਦਾ। ਉਹ ਆਪ ਇੰਟਰਨਲ ਆਡਿਟ 'ਚ ਅਡੀਟਰ ਲੱਗੀ ਸੀ। ਚੰਗਾ ਭਲਾ ਸਕੇਲ ਸੀ। ਉਹਨੇ ਦਿਨਾਂ 'ਚ ਹੀ ਕਹਿ ਦਿੱਤਾ ਕਿ ਉਹਨੇ ਨੌਕਰੀ ਨਹੀਂ ਕਰਨੀ। ਮੈਂ ਉਹਨੂੰ ਪੁੱਛਿਆ ਸੀ ਕਿ ਆਖਰ ਕਿਉਂ? ਕਹਿੰਦੀ ਕਿ ਉਹਦਾ ਮਨ ਨਹੀਂ ਕਰਦਾ। ਉਹਨੇ ਮੈਡੀਕਲ ਲੀਵ ਲੈ ਲਈ। ਉਹਦੇ ਹੱਥ ਕੰਬਦੇ। ਤੁਰਦੀ ਤਾਂ ਸਾਹ ਚੜ੍ਹ ਜਾਂਦਾ। ਲੈਟਰੀਨ ਵੱਲ ਜਾਣਾ ਵੀ ਉਹਨੂੰ ਔਖਾ ਲੱਗਦਾ। ਮੈਂ ਡਾਕਟਰ ਕੋਲੋਂ ਚੈੱਕਅਪ ਕਰਵਾਇਆ। ਡਾਕਟਰ ਨੇ ਉਹਦੇ ਢੇਰ ਸਾਰੇ ਟੈੱਸਟ ਕੀਤੇ। ਖ਼ੂਨ, ਪਿਸ਼ਾਬ, ਬਲੱਡਪ੍ਰੈਸ਼ਰ ਸਭ ਕੁਝ ਠੀਕ ਠਾਕ ਸਨ। ਖਾਧਾ ਪੀਤਾ ਪਚਦਾ ਸੀ। ਪਰ ਉਹ ਸਾਰਾ-ਸਾਰਾ ਦਿਨ ਬੈੱਡ 'ਤੇ ਪਈ ਛੱਤ ਨੂੰ ਘੂਰਦੀ ਰਹਿੰਦੀ। ਮੈਨੂੰ ਤੇ ਬੱਚਿਆਂ ਨੂੰ ਪਤਾ ਨਹੀਂ ਸੀ ਲੱਗਦਾ ਕਿ ਉਹਨੂੰ ਕੀ ਹੋ ਗਿਆ ਸੀ। ਕੀ ਹੋਈ ਜਾ ਰਿਹਾ ਸੀ। ਹਵਾ, ਪਾਣੀ ਬਦਲਣ ਲਈ ਮੈਂ ਉਹਨੂੰ ਕੁਝ ਦਿਨਾਂ ਲਈ ਉਹਦੇ ਪੇਕਿਆਂ ਦੇ ਛੱਡ ਆਇਆ। ਇਸ ਨਾਲ ਵੀ ਉਹਨੂੰ ਬਹੁਤਾ ਫਰਕ ਨਾ ਪਿਆ। ਮੈਂ ਕੁਝ ਪੁੱਛਦਾ-ਅੱਗੋਂ ਉਹ ਕੁਝ ਹੋਰ ਹੀ



ਦੱਸਦੀ। ਡਾਕਟਰ ਨੇ ਕਿਹਾ ਸੀ ਕਿ ਉਹਨੂੰ ਕਦੇ ਟੈਨਸ਼ਨ 'ਚ ਨਹੀਂ ਆਉਣ ਦੇਣਾ। ਦਵਾਈ ਲਗਾਤਾਰ ਦੇਣੀ ਆਂ। ਇਹ ਬਿਮਾਰੀ ਪਲਟ-ਪਲਟ ਕੇ ਆ ਸਕਦੀ ਹੈ। ਇਹਦਾ ਅਸਰ ਮਾਰੂ ਹੋ ਸਕਦਾ ਹੈ। ਫੇਰ ਉਹ ਮਰਨ ਦੀਆਂ ਗੱਲਾਂ ਕਰਨ ਲੱਗੀ। ਕੋਈ ਵੀ ਮਿਲਣ ਆਉਂਦਾ ਤਾਂ ਉਹ ਕਹਿੰਦੀ ਕਿ ਉਹਨੂੰ ਸੌਖਿਆਂ ਮਰਨ ਦਾ ਤਰੀਕਾ ਦੱਸੋ। ਉਹ ਕਿਵੇਂ ਮਰੇ। ਉਸ ਇਕ ਸਾਲ ਮਰਨ ਦੀ ਤਿਆਰੀ 'ਚ ਹੀ ਲੰਘਾਇਆ। ਫੇਰ ਆਹ ਅਟੈਕ ਹੋਇਆ ਸੀ।

ਚੰਗੀ ਭਲੀ ਬੈਠੀ-ਬੈਠੀ ਹਾਏ ਬਹੁੜੀ ਕਰਨ ਲੱਗ ਪੈਂਦੀ ਹੈ ਕਿ ਸਿਰ 'ਚ ਤਰਾਟਾਂ ਪੈਂਦੀਆਂ ਹਨ। ਮੈਂ ਉਹਨੂੰ ਰੀਲੈਕਸ ਕਰਨ ਦੀ ਬਥੇਰੀ ਕੋਸ਼ਿਸ਼ ਕਰਦਾ ਹਾਂ। ਉਸ ਵੱਲ ਉਚੇਚਾ ਧਿਆਨ ਦਿੰਦਾ ਹਾਂ। ਕੰਮਕਾਰ ਲਈ ਅੱਧਖੜ ਉਮਰ ਦੀ ਔਰਤ ਰੱਖੀ ਹੋਈ ਹੈ। ਉਹ ਜ਼ਿਆਦਾ ਔਖੀ ਹੋਵੇ ਤਾਂ ਅਸੀਂ ਉਹਨੂੰ ਵੀਲ੍ਹ-ਚੇਅਰ 'ਤੇ ਬੈਠਾ ਕੇ ਸਾਹਮਣੇ ਪਾਰਕ 'ਚ ਸੈਰ ਕਰਵਾ ਲਿਆਉਂਦੇ ਹਾਂ। ਪਿਛਲੇ ਹਫਤੇ ਦੇਸ਼ ਭਗਤ ਯਾਦਗਾਰ ਹਾਲ ਵਿਚ ਇਲੈਕਟਰੋਨਿਕ ਦੀ ਸੇਲ ਲੱਗੀ ਸੀ। ਯਸ਼ ਆਪਣੀ ਮਿਸਿਜ਼ ਨਾਲ ਜਾ ਰਿਹਾ ਸੀ। ਮੈਂ ਸੱਤਿਆ ਨੂੰ ਕਿਹਾ ਕਿ ਉਹ ਉਨ੍ਹਾਂ ਨਾਲ ਕਾਰ 'ਚ ਜਾ ਆਵੇ। ਦੋ ਘੜੀਆਂ ਲਈ ਆਊਟਿੰਗ ਹੋ ਜਾਵੇਗੀ। ਘਰ ਦੀ ਬੋਰੀਅਤ ਘਟੇਗੀ। ਜੇ ਕੋਈ ਚੀਜ਼ ਪਸੰਦ ਆ ਗਈ ਤਾਂ ਖਰੀਦ ਲਿਆਵੇ। ਉਹਨੇ ਕਿਹਾ ਸੀ, ''ਐਵੇਂ ਪੈਸੇ ਖਰਚਣ ਦੀ ਕੀ ਲੋੜ ਆ।'' ਮੈਂ ਉਹਨੂੰ ਸਮਝਾਇਆ ਸੀ ਕਿ ਉਹ ਪੈਸਿਆਂ ਦੀ ਚਿੰਤਾ ਨਾ ਕਰੇ। ਮੇਰੀ ਮਾਂ ਵਾਂਗੂੰ ਉਹਨੂੰ ਵੀ ਪੈਸਿਆਂ ਨਾਲ ਜ਼ਿਆਦਾ ਮੋਹ ਹੈ। ਦਸ ਰੁਪਏ ਖਰਚਣ ਲੱਗਿਆਂ ਉਹਦੀ ਜਾਨ ਨਿਕਲਦੀ ਹੈ। ਮੇਰੇ ਵਾਰ-ਵਾਰ ਜ਼ੋਰ ਪਾਉਣ 'ਤੇ ਵੀ ਉਹ ਉਨ੍ਹਾਂ ਨਾਲ ਜਾਣ ਨੂੰ ਨਹੀਂ ਮੰਨੀ ਸੀ। ਜ਼ਿੱਦ ਕਰਨ ਲੱਗੀ ਸੀ ਕਿ ਜੇ ਮੈਂ ਨਾਲ ਜਾਵਾਂ ਤਾਂ ਉਹ ਜਾਵੇਗੀ। ਮੈਂ ਤਾਂ ਉਹਨੂੰ ਸਮਝਾ ਹੀ ਸਕਦਾ ਸੀ। ਸਮਝਾਇਆ ਸੀ ਕਿ ਰਜਨੀ ਉਹਨੂੰ ਸੰਭਾਲ ਲਵੇਗੀ। ਉਹ ਆਪਣਾ ਫਿਕਰ ਨਾ ਕਰੇ। ਉਹ ਬੜੀ ਚੰਗੀ ਔਰਤ ਹੈ। ਯਸ਼ ਮੇਰਾ ਨੇੜਲਾ ਦੋਸਤ ਹੈ। ਉਹਨੇ ਮੇਰੇ ਕਰਕੇ ਹੀ ਸੱਤ ਕਿਲੋਮੀਟਰ ਕਾਰ ਚਲਾ ਕੇ ਇਧਰ ਆਉਣਾ ਹੈ। ਉਸ ਕਾਹਲੀ-ਕਾਹਲੀ ਕਿਹਾ ਸੀ, ''ਜੇ ਤੁਸੀਂ ਨਾਲ ਨ੍ਹੀਂ ਚੱਲਣਾ ਤਾਂ ਮੇਰੀ ਵੀ ਪੱਥਰ 'ਤੇ ਲੀਕ ਆ। ਮੈਂ ਨ੍ਹੀਂ ਜਾਣਾ। ਭਾਵੇਂ ਮੇਰਾ ਸਕਾ ਭਰਾ ਆ ਜਾਵੇ।'' ਮੈਂ ਉਸ ਨੂੰ ਫੇਰ ਜਾਣ ਲਈ ਕਿਹਾ ਨਹੀਂ ਸੀ। ਉਹਨੇ ਮੰਨਣਾ ਤਾਂ ਹੁੰਦਾ ਨਹੀਂ। ਆਪਣੀ ਮਰਜ਼ੀ ਦੀ ਮਾਲਕਣ ਹੈ। ਜੇ ਕਿਤੇ ਮੈਂ ਉੱਚਾ-ਨੀਵਾਂ ਬੋਲ ਦਿਆਂ ਤਾਂ ਡਾਕਟਰ ਕੋਲ ਜਾਣਾ ਪੈਂਦਾ ਹੈ। ਡਾਕਟਰ ਦੀ ਹਰੇਕ ਚੈਕਿੰਗ ਬਾਅਦ ਲਗਪਗ ਇਹੀ ਰਿਪੋਰਟ ਆਈ ਹੈ ਕਿ ਦਿਮਾਗ 'ਤੇ ਜ਼ਿਆਦਾ ਬੋਝ ਪਾਉਣ ਨਾਲ ਬਲੱਡ ਪਰੈਸ਼ਰ ਕੁਝ ਕੁ ਵਧਦਾ ਹੈ। ਘਬਰਾਉਣ ਵਾਲੀ ਕੋਈ ਗੱਲ ਨਹੀਂ। ਥੋੜ੍ਹੀ ਕੁ ਸੰਭਾਲ ਦੀ ਲੋੜ ਹੈ। ਉਹਨੂੰ ਇਕੱਲੀ ਨਾ ਛੱਡਿਆ ਕਰੋ।

ਬਿਲੋ ਵਾਰ-ਵਾਰ ਰਿੰਗ ਕਰ ਰਹੀ ਹੈ। ਸੱਤਿਆ ਪੁੱਛ ਰਹੀ ਹੈ ਕਿ ਇਹ ਕੌਣ ਰਿੰਗ ਮਾਰ ਰਿਹਾ ਹੈ। ਮੈਂ ਝੂਠ ਬੋਲਦਾ ਹਾਂ। ਦੱਸਦਾ ਹਾਂ ਕਿ ਮੇਰਾ ਕੁਲੀਗ ਪਲਵਿੰਦਰ ਹੈ। ਉਹਨੂੰ ਹੀ ਇਹ ਕੁੱਤੀ ਆਦਤ ਪਈ ਹੈ। ਕੰਮ ਉਸਦਾ ਹੁੰਦਾ ਹੈ। ਮਿਸ ਕਾਲ ਮੈਨੂੰ ਮਾਰਦਾ ਹੈ। ਸੱਤਿਆ ਖਿਝਦੀ ਹੈ। ਉੱਚੀ-ਦੇਣੀ ਕਹਿੰਦੀ ਹੈ, ''ਜੇ ਹੁਣ ਉਸਨੇ ਰਿੰਗ ਕੀਤੀ ਤਾਂ ਮੈਨੂੰ ਮੋਬਾਇਲ ਫੜਾਇਓ। ਮੈਂ ਉਹਦੀ ਕੁੱਤੇਖਾਣੀ ਕਰੂੰਗੀ।''

ਮੈਂ ਉਹਨੂੰ ਕਹਿੰਦਾ ਹਾਂ ਕਿ ਉਹਨੂੰ ਬਹੁਤੀ ਉੱਚੀ ਆਵਾਜ਼ 'ਚ ਨਹੀਂ ਬੋਲਣਾ ਚਾਹੀਦਾ। ਮੇਰੀ ਇਸ ਗੱਲ ਦਾ ਉਸ 'ਤੇ ਅਸਰ ਹੁੰਦਾ ਹੈ।

ਮੈਂ ਉਹਨੂੰ ਦਵਾਈ ਦੀ ਡੋਜ਼ ਦਿੰਦਾ ਹਾਂ।

ਉਠਣ ਲੱਗਾ ਤਾਂ ਉਹਨੇ ਫੇਰ ਮੇਰਾ ਹੱਥ ਫੜ ਕੇ ਬੈਠਾ ਲਿਆ ਹੈ। ਉਹ ਬੁੱਲ੍ਹਾਂ 'ਚ ਮਿੰਨ੍ਹਾ ਮਿੰਨ੍ਹਾ ਮੁਸਕਰਾਈ ਹੈ। ਸ਼ਾਇਦ ਉਹਨੂੰ ਕੋਈ ਭੁੱਲੀ ਵਿਸਰੀ ਗੱਲ ਯਾਦ ਆ ਗਈ ਹੈ।

ਉਹ ਕਹਿੰਦੀ ਹੈ, ''ਤੁਸੀਂ ਬਦਲ ਰਹੇ ਹੋ। ਮੇਰਾ ਖਿਆਲ ਨ੍ਹੀਂ ਰੱਖ ਰਹੇ। ਮੈਨੂੰ ਫੋਨ ਨ੍ਹੀਂ ਕਰਦੇ। ਪਹਿਲਾਂ ਤਾਂ ਦਫਤਰੋਂ ਦਿਨ ਵਿਚ ਚਾਰ-ਪੰਜ ਵਾਰ ਫੋਨ ਕਰਦੇ ਸੀ। ਹੁਣ ਹਫ਼ਤੇ ਵਿਚ ਇਕ-ਅੱਧ ਵਾਰ ਪੁੱਛਦੇ ਹੋ। ਮੈਂ ਹੁਣ ਐਨੀ ਮਾੜੀ ਹੋ ਗਈ ਹਾਂ।'' ਉਹਨੂੰ ਕੀ ਦੱਸਾਂ ਕਿ ਜੇ ਮੈਂ ਫੋਨ ਨਹੀਂ ਕਰਦਾ ਤਾਂ ਉਹ ਜਾਂ ਬੱਚੇ ਕਰ ਲੈਂਦੇ ਹਨ। ਵਿਚੋਂ ਗੱਲ ਤਾਂ ਇਕੋ ਹੀ ਹੈ। ਫੇਰ ਮੈਂ ਕਰ ਲਿਆ ਜਾਂ ਇਨ੍ਹਾਂ ਨੇ। ਇਹੀ ਪੁੱਛਣਾ ਹੁੰਦਾ ਕਿ ਫਲਾਣੀ ਗੋਲੀ ਖਾ ਲਈ ਹੈ ਕਿ ਨਹੀਂ? ਹੁਣ ਉਹ ਕੀ ਕਰ ਰਹੀ ਹੈ। ਅਕਸਰ ਉਹ ਬੱਚਿਆਂ ਬਾਰੇ ਸ਼ਿਕਾਇਤਾਂ ਕਰਦੀ ਹੈ। ਪ੍ਰੇਮ ਉਸਦੇ ਆਖੇ ਨਹੀਂ ਲੱਗਦਾ। ਜੇ ਉਹ ਕਿਸੇ ਕੰਮ ਲਈ ਕਹਿੰਦੀ ਹੈ ਤਾਂ ਉਹ ਕੰਨਣਘੇਸੀ ਮਾਰ ਜਾਂਦਾ ਹੈ। ਉਸ ਕੋਲ ਬੈਠਦਾ ਨਹੀਂ। ਜੇ ਪੁੱਛ ਲਵਾਂ ਕਿ ਕਿੱਥੋਂ ਆਇਆ ਜਾਂ ਕਿੱਥੇ ਚੱਲਿਆ ਤਾਂ ਉਹ ਕੁਝ ਨਹੀਂ ਦੱਸਦਾ। ਪ੍ਰੀਤੀ ਉਸ ਦਾ ਖਿਆਲ ਨਹੀਂ ਰੱਖਦੀ। ਉਹ ਬੀਮਾਰ ਕੀ ਹੋਈ ਹੈ, ਬੱਚਿਆਂ ਨੇ ਉਸ ਦਾ ਡਰ ਚੁੱਕ ਦਿੱਤਾ ਹੈ। ਉਹ ਉਸਦੀ ਪ੍ਰਵਾਹ ਹੀ ਨਹੀਂ ਕਰਦੇ। ਉਸ ਕੋਲੋਂ ਸ਼ੂਕ ਮੰਨਦੇ ਹਨ। ਉਹ ਐਨੀ ਛੇਤੀ ਪਰਾਈ ਹੋ ਗਈ ਹੈ। ਉਹ ਟੈਲੀਫੋਨ 'ਤੇ ਅੱਧਾ-ਪੌਣਾ ਘੰਟਾ ਲਾ ਦਿੰਦੀ ਹੈ। ਆਪਣੀ ਮਾਂ ਨੂੰ ਫੋਨ ਕਰੇ ਜਾਂ ਉਹਦੀ ਮਾਂ ਦਾ ਫੋਨ ਆ ਜਾਵੇ ਤਾਂ ਘੰਟਾ ਭਰ ਗੱਲਾਂ ਕਰਦੀ ਹੈ। ਇਕੋ ਗੱਲ ਨੂੰ ਪੰਜ-ਪੰਜ ਵਾਰ ਕਹੀ ਜਾਂਦੀ ਹੈ। ਮੈਂ ਉਸਨੂੰ ਰੋਕਦਾ ਨਹੀਂ। ਟੋਕਦਾ ਨਹੀਂ। ਮੈਨੂੰ ਪਤਾ ਹੈ ਕਿ ਇਸ ਨਾਲ ਉਹਨੂੰ ਠੇਸ ਪਹੁੰਚੇਗੀ। ਮੈਂ ਅਜਿਹਾ ਕੋਈ ਕੰਮ ਨਹੀਂ ਕਰਦਾ ਜਿਸ ਨਾਲ ਉਹਦੇ ਦਿਮਾਗ 'ਤੇ ਕੋਈ ਬੋਝ ਪਵੇ। ਬੋਲਣ ਤੋਂ ਪਹਿਲਾਂ ਮੈਨੂੰ ਸੋਚਣਾ ਪੈਂਦਾ ਹੈ ਕਿ ਉਹ ਮੇਰੇ ਬੋਲੇ ਹੋਏ ਸ਼ਬਦਾਂ ਦਾ ਕੀ ਅਰਥ ਲਵੇਗੀ। ਮੈਂ ਬਹੁਤੀਆਂ ਗੱਲਾਂ ਘਰ ਨਾਲ ਜੁੜੀਆਂ ਹੋਈਆਂ ਵਸਤਾਂ ਤੇ ਬੱਚਿਆਂ ਬਾਰੇ ਕਰਦਾ ਹਾਂ। ਇਹ ਗੱਲ ਮਗਰੋਂ ਪੁੱਛਦਾ ਹਾਂ ਕਿ ਇਹ ਠੀਕ ਹੈ। ਉਹਦੇ 'ਠੀਕ' ਕਹਿਣ ਨਾਲ ਮੇਰੇ ਕਈ ਕੰਮ ਸੰਵਰ ਜਾਂਦੇ ਹਨ।

''ਤੂੰ ਮੈਨੂੰ ਫੋਨ ਕੀਤਾ-ਮੈਂ ਵੀਹਾਂ ਮਿੰਟਾਂ ਵਿਚ ਤੇਰੇ ਕੋਲ ਆ ਗਿਆਂ। ਦੱਸ ਆਇਆਂ ਕਿ ਨ੍ਹੀਂ।''

''ਤੁਸੀਂ ਨਾ ਆਉਂਦੇ ਤਾਂ ਹੋਰ ਕੌਣ ਆਉਂਦਾ? ਤੁਹਾਡੇ ਬਿਨਾਂ ਮੇਰਾ ਹੈ ਵੀ ਕੌਣ?''

''ਤੂੰ ਖ਼ੁਸ਼ ਰਿਹਾ ਕਰ।''

ਉਹ ਮੇਰਾ ਹੱਥ ਘੁੱਟਦੀ ਹੋਈ ਪੁੱਛਦੀ ਹੈ, ''ਭੈਣਜੀ ਬਾਰੇ ਕੀ ਸੋਚਿਆ?''

ਪਿਛਲੇ ਹਫ਼ਤੇ ਤੋਂ ਉਹਦੇ ਦਿਮਾਗ ਦੀ ਸੁਈ ਭੈਣਜੀ 'ਤੇ ਅੜੀ ਖੜੋਤੀ ਹੈ।

ਮੇਰਾ ਧਿਆਨ ਤਾਂ ਬਿਲੋ ਵੱਲ ਹੈ। ਉਹ ਅਵੱਸ਼ ਹੀ ਪ੍ਰੇਸ਼ਾਨ ਹੋਵੇਗੀ। ਜਦੋਂ ਕਦੇ ਸਤਨਾਮ ਦੀ ਸਿਹਤ ਵਿਗੜਦੀ ਹੈ ਜਾਂ ਉਸ ਕੋਲੋਂ ਸਤਨਾਮ ਦੇ ਚਿਹਰੇ ਵੱਲ ਦੇਖਿਆ ਨਹੀਂ ਜਾਂਦਾ-ਉਦੋਂ ਉਹਨੂੰ ਪਤਾ ਨਹੀਂ ਲੱਗਦਾ ਕਿ ਉਹ ਕੀ ਕਰੇ। ਉਹ ਮੈਨੂੰ ਫੋਨ ਕਰਦੀ, ''ਮੈਨੂੰ ਕਿਹੜੇ ਪਾਪਾਂ ਦੀ ਸਜ਼ਾ ਮਿਲੀ ਆ। ਕਿਤੇ ਪਿਛਲੇ ਜਨਮਾਂ ਦੇ ਭੈੜੇ ਕੀਤੇ ਕਰਮਾਂ ਕਰਕੇ ਤਾਂ ਨ੍ਹੀਂ। ਮੇਰਾ ਮਨ ਕਰਦਾ ਕਿ ਮੈਂ ਸਭ ਕੁਸ਼ ਛੱਡ ਕੇ ਦੌੜ ਜਾਵਾਂ। ਬਹੁਤ ਦੂਰ। ਪਹਾੜਾਂ ਵੱਲ। ਮੈਥੋਂ ਸਤਨਾਮ ਵੱਲ ਦੇਖਿਆ ਨ੍ਹੀਂ ਜਾਂਦਾ। ਉਹਦੀ ਲਾਚਾਰੀ ਮੈਨੂੰ ਪ੍ਰੇਸ਼ਾਨ ਕਰਦੀ ਆ। ਪਤਾ ਨ੍ਹੀਂ ਇਹ ਠੀਕ ਵੀ ਹੋਵੇਗਾ ਕਿ ਨ੍ਹੀਂ। ਜਦੋਂ ਮੈਂ ਬੈੱਡ ਰੂਮ 'ਚ ਸਾਹਮਣੀ ਦੀਵਾਰ 'ਤੇ ਟੰਗੀ ਸਾਡੀ ਦੋਹਾਂ ਦੀ ਫੋਟੋ ਦੇਖਦੀ ਆਂ ਤਾਂ ਮੇਰੀ ਧਾਹ ਨਿਕਲ ਜਾਂਦੀ ਆ।... ਪਲੀਜ਼-ਤੁਸੀਂ ਹੁਣੇ ਆ ਜੋ।'' ਮੈਂ ਉਹਨੂੰ ਸਮਝਾਉਂਦਾ, ''ਦੁੱਖ ਬਾਰੇ ਬਹੁਤਾ ਨ੍ਹੀਂ ਸੋਚਣਾ ਚਾਹੀਦਾ। ਤੁਸੀਂ ਜ਼ਿਆਦਾ ਸੋਚੋਗੇ ਤਾਂ ਬਿਮਾਰ ਹੋ ਜਾਓਗੇ। ਤੁਸੀਂ ਘਰ ਤੇ ਬੱਚਿਆਂ ਨੂੰ ਸੰਭਾਲਣਾ। ਸਤਨਾਮ ਦੀ ਦੇਖਭਾਲ ਕਰਨੀ ਆ।'' ਅੱਗੋਂ ਉਹ ਡੁਸਕਣ ਲੱਗ ਜਾਂਦੀ, ''ਮੈਥੋਂ ਸਤਨਾਮ ਦੀ ਇਹ ਅਵਸਥਾ ਝੱਲੀ ਨ੍ਹੀਂ ਜਾਂਦੀ। ਮੈਨੂੰ ਨੀਂਦ ਨ੍ਹੀਂ ਆਉਂਦੀ। ਤੁਸੀਂ ਮੰਨੋ ਜਾਂ ਨਾ ਮੰਨੋ-ਮੈਂ ਪਾਗਲ ਹੋ ਜਾਣਾ।'' ਮੈਂ ਕਹਿੰਦਾ, ''ਤੁਸੀਂ ਮੇਰੇ ਵੱਲ



ਦੇਖੋ-ਮੈਂ ਆਪਣੀ ਮਿਸਿਜ਼ ਨੂੰ ਵੀ ਸੰਭਾਲਦਾ ਹਾਂ। ਤੁਹਾਡਾ ਵੀ ਖਿਆਲ ਰੱਖਦਾ ਹਾਂ।'' ਉਹ ਦੱਸਦੀ, ''ਹੁਣ-ਤੁਸੀਂ ਹੀ ਮੇਰੇ ਆਖਿਰੀ ਆਸਰਾ ਹੋ। ਮੈਂ ਜਿੰਨੇ ਦੁਖ-ਸੁਖ ਤੁਹਾਡੇ ਨਾਲ ਸਾਂਝੇ ਕਰਦੀ ਆਂ-ਇੰਨੇ ਕਿਸੇ ਰਿਸ਼ਤੇਦਾਰ ਨਾਲ ਨ੍ਹੀਂ ਕੀਤੇ। ਮੇਰੀ ਨੀਂਦ ਦੀ ਗੋਲੀ ਵੀ ਤੁਸੀਂ ਹੀ ਹੋ।'' ਇਹ ਮੌਕਾ ਮੇਲ ਹੀ ਹੋਇਆ ਸੀ ਕਿ ਮੇਰੀ ਉਸ ਨਾਲ ਮੁਲਾਕਾਤ ਬਿੰਦਰਾ ਹਸਪਤਾਲ ਵਿਚ ਹੋਈ ਸੀ। ਇਧਰ ਸੱਤਿਆ ਦਾਖਲ ਸੀ, ਦੂਜੇ ਦਿਨ ਬਿਲੋ ਸਤਨਾਮ ਨੂੰ ਲੈ ਕੇ ਆਈ ਸੀ। ਇਨ੍ਹਾਂ ਦੋਹਾਂ ਨੂੰ ਅਧਰੰਗ ਦਾ ਦੌਰਾ ਪਿਆ ਸੀ। ਇਨ੍ਹਾਂ ਦੇ ਖੱਬੇ ਪਾਸੇ ਨੇ ਕੰਮ ਕਰਨਾ ਛੱਡ ਦਿੱਤਾ ਸੀ। ਉਨ੍ਹਾਂ ਦਿਨਾਂ 'ਚ ਬਿਲੋ ਵੀ ਮੇਰੇ ਵਾਂਗ ਬਹੁਤ ਹੀ ਜ਼ਿਆਦਾ ਪ੍ਰੇਸ਼ਾਨ ਸੀ। ਉਹਦੀਆਂ ਅੱਖਾਂ ਵਿਚਲੀ ਸਿਲ ਬੇਕਾਬੂ ਰਹਿੰਦੀ ਸੀ। ਮੀਆਂ-ਬੀਵੀ 'ਚ ਅੰਤਾਂ ਦਾ ਪਿਆਰ ਸੀ। ਉਹ ਇਕ ਦੂਜੇ ਦੇ ਸਾਹਾਂ 'ਚ ਜਿਊਂਦੇ ਸਨ। ਇਕਦਮ ਅਜਿਹਾ ਸਦਮਾ ਝੱਲਣਾ ਕਿਹੜਾ ਸੌਖਾਲਾ ਹੁੰਦਾ ਹੈ। ਉਹ ਦੱਸਦੀ, ''ਸਾਡੇ ਵਿਆਹ ਹੋਏ ਨੂੰ ਵੀਹ ਸਾਲ ਹੋ ਗਏ। ਅਸੀਂ ਇਕ ਰਾਤ ਵੀ ਇਕੱਲਿਆਂ ਨੇ ਨ੍ਹੀਂ ਕੱਟੀ। ਕੀ ਕਰੀਏ-ਸਾਨੂੰ ਵਿਛੜ ਕੇ ਨੀਂਦ ਨ੍ਹੀਂ ਆਉਂਦੀ।ਅਸੀਂ ਕਦੇ ਲੜੇ ਨ੍ਹੀਂ। ਝਗੜੇ ਨ੍ਹੀਂ। ਇਕ ਦੂਜੇ ਦੀ ਇੱਜ਼ਤ ਕਰਦੇ ਆਂ। ਇਨ੍ਹਾਂ ਨੇ ਕਦੇ ਕਿਸੇ ਨੂੰ ਮਾੜਾ ਚੰਗਾ ਨ੍ਹੀਂ ਬੋਲਿਆ। ਸਿਹਤ ਵੀ ਚੰਗੀ ਭਲੀ ਸੀ। ਘਰ ਵਿਚ ਕਿਸੇ ਚੀਜ਼ ਦੀ ਕਦੇ ਕਮੀ ਨ੍ਹੀਂ ਰਹੀ। ਇਕ ਦੀ ਥਾਂ ਚਾਰ ਚਾਰ ਆ।''

ਮੈਂ ਉਸ ਦੀ ਨਿੱਕੀ ਤੋਂ ਨਿੱਕੀ ਗੱਲ ਵੀ ਬੜੇ ਧਿਆਨ ਨਾਲ ਸੁਣਦਾ। ਉਸਨੂੰ ਹਮਦਰਦੀ ਦੀ ਲੋੜ ਸੀ। ਉਹ ਕਿਸੇ ਨੂੰ ਆਪਣਾ ਦੁੱਖ ਸੁਣਾਉਣਾ ਚਾਹੁੰਦੀ ਸੀ-ਉਹਨੂੰ ਜੋ ਆਪਣਾ ਲੱਗੇ।

ਰਮੇਸ਼ ਸੱਤਿਆ ਦਾ ਪਤਾ ਲੈਣ ਆਇਆ ਸੀ। ਉਹੀ ਮੈਨੂੰ ਸਤਨਾਮ ਕੋਲ ਲੈ ਗਿਆ ਸੀ। ਸਾਡੇ ਵਾਲੇ ਕਮਰੇ ਦਾ ਨੰਬਰ ਅਠਾਰਾਂ ਸੀ ਤੇ ਸਤਨਾਮ ਵਾਲੇ ਦਾ ਛੱਬੀ। ਸਾਡੇ ਕਮਰੇ ਦੇ ਬਿਲਕੁਲ ਸਾਹਮਣੇ। ਸਤਨਾਮ ਉਸ ਦਾ ਪੁਰਾਣਾ ਦੋਸਤ ਸੀ ਤੇ ਰਮੇਸ਼ ਨੇ ਬਿਲੋ ਨੂੰ ਦੱਸਿਆ ਸੀ, ''ਇਹ ਨੇ ਮੇਰੇ ਦੋਸਤ ਪ੍ਰਤਾਪ ਸਿੰਘ। ਬੜੇ ਨੇਕ ਇਨਸਾਨ ਨੇ। ਇਨਫੋਰਮੇਸ਼ਨ ਐਂਡ ਬਰਾਡਕਾਸਟਿੰਗ 'ਚ ਗਜ਼ਟਡ ਅਫ਼ਸਰ ਲੱਗੇ ਨੇ। ਨਾ ਦਾਰੂ ਪੀਂਦੇ ਆ। ਨਾ ਮੀਟ ਮੱਛੀ ਨੂੰ ਹੱਥ ਲਾਉਂਦੇ।''

ਅਸੀਂ ਇਕ ਦੂਜੇ ਦੇ ਮਰੀਜ਼ ਦਾ ਪਤਾ ਲੈਣਾ ਸ਼ੁਰੂ ਕੀਤਾ ਸੀ।

ਸਾਡਾ ਮੇਲ ਜੋਲ ਕੰਟੀਨ 'ਤੇ ਵਧਿਆ ਸੀ। ਉਹਨੂੰ ਵਾਰ-ਵਾਰ ਚਾਹ ਪੀਣ ਦੀ ਆਦਤ ਸੀ। ਜਦੋਂ ਸਾਰੇ ਰਿਸ਼ਤੇਦਾਰ ਘਰਾਂ ਨੂੰ ਚਲੇ ਜਾਂਦੇ ਤਾਂ ਮੈਂ ਕੰਟੀਨ 'ਤੇ ਜਾ ਬੈਠਦਾ। ਸੱਤਿਆ ਵੀ ਕਹਿ ਦਿੰਦੀ ਸੀ ਕਿ ਮੈਂ ਦੋ-ਚਾਰ ਘੜੀਆਂ ਲਈ ਘੁੰਮ-ਫਿਰ ਆਵਾਂ। ਐਨੇ ਰਿਸ਼ਤੇਦਾਰਾਂ ਤੇ ਦੋਸਤਾਂ ਦਾ ਆਉਣਾ ਮੈਨੂੰ ਬੌਂਦਲਾ ਦਿੰਦਾ ਸੀ। ਮੈਨੂੰ ਕੁਝ ਪਲਾਂ ਲਈ ਇਕੱਲਤਾ ਦੀ ਲੋੜ ਪੈਂਦੀ ਸੀ। ਉਹ ਮੇਰੇ ਚਿਹਰੇ 'ਤੇ ਉਭਰੇ ਭਾਵਾਂ ਨੂੰ ਪੜ੍ਹ ਲੈਂਦੀ ਸੀ। ਮੈਂ ਦੂਜਿਆਂ ਵਾਂਗ ਖਿਝਦਾ ਤੇ ਝੁਰਦਾ ਨਹੀਂ ਸੀ। ਉਸ ਦੀ ਸਿਹਤ, ਸੰਭਾਲ ਤੇ ਦੇਖ-ਰੇਖ ਕਰਨੀ ਮੇਰਾ ਫਰਜ਼ ਸੀ। ਮੈਂ ਇਸ 'ਚ ਕੋਈ ਕੁਤਾਹੀ ਨਹੀਂ ਕੀਤੀ ਸੀ। ਉਸਦਾ ਖੱਬਾ ਹੱਥ ਬਿਲਕੁਲ ਖੜ੍ਹ ਗਿਆ ਸੀ। ਜਦੋਂ ਕਮਰੇ 'ਚ ਕੋਈ ਔਰਤ ਨਾ ਹੁੰਦੀ ਤਾਂ ਮੈਂ ਉਸਨੂੰ ਪੇਸ਼ਾਬ ਕਰਾਉਂਦਾ, ਉਸ ਦਾ ਨਾਲਾ ਤਕ ਬੰਨ੍ਹਦਾ। ਅਜਿਹੇ ਪਲਾਂ 'ਚ ਉਹਦੀਆਂ ਨਜ਼ਰਾਂ 'ਚ ਮੇਰੇ ਪ੍ਰਤੀ ਸ਼ੁਕਰਾਨਾ ਹੁੰਦਾ। ਉਹਦਾ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ। ਉਹਦਾ ਮਨ ਮੈਨੂੰ ਜੱਫੀ ਪਾਉਣ ਨੂੰ ਕਰਦਾ। ਅੱਗਾ-ਪਿੱਛਾ ਦੇਖਕੇ ਉਹ ਕਹਿੰਦੀ, ''ਮੈਨੂੰ ਇੱਥੋਂ ਚੁੰਮੋ।'' ਮੈਂ ਉਸਦੇ ਕਹੇ ਹੋਏ ਦੀ ਪਾਲਣਾ ਕਰਦਾ। ਇਹ ਵੀ ਮੈਨੂੰ ਆਪਣਾ ਫਰਜ਼ ਹੀ ਲੱਗਦਾ। ਅਜਿਹੇ ਵੇਲੇ ਮੇਰੇ ਮਨ 'ਚ ਇਹੀ ਭਾਵਨਾ ਜਾਗਦੀ ਕਿ ਉਹ ਜੋ ਕਹਿ ਰਹੀ ਹੈ-ਉਹ ਜੋ ਮੰਗ ਰਹੀ

ਹੈ-ਮੈਂ ਕਿੰਨਾ ਕੁ ਚਿਰ ਉਸਦੀ ਪਾਲਣਾ ਕਰ ਸਕਦਾ ਹਾਂ। ਸੱਚ ਤਾਂ ਇਹ ਵੀ ਸੀ ਕਿ ਮੈਥੋਂ ਉਹਦੇ ਚਿਹਰੇ ਵੱਲ ਦੇਖਿਆ ਹੀ ਨਹੀਂ ਜਾਂਦਾ ਸੀ। ਮੇਰੀਆਂ ਨਜ਼ਰਾਂ ਪਹਿਲਾਂ ਵਾਲੀ ਸੱਤਿਆ ਭਾਲਦੀਆਂ ਪਰ ਉੱਥੋਂ ਉਸ ਦਾ ਹੋਰ ਹੀ ਰੂਪ ਦਿੱਸਦਾ ਜਿਹਨੂੰ ਨਾ ਤਾਂ ਮੇਰਾ ਮਨ ਤੇ ਨਾ ਹੀ ਤਨ ਕਬੂਲਣ ਲਈ ਤਿਆਰ ਸੀ। ਮੈਨੂੰ ਆਪਣੇ ਆਪ 'ਤੇ ਕੋਫਤ ਵੀ ਆਉਂਦੀ ਕਿ ਮੈਂ ਕਿੰਨਾ ਸੁਆਰਥੀ ਹੋ ਗਿਆ ਹਾਂ। ਕੀ ਮੇਰੇ ਲਈ ਉਹਦਾ ਜਿਸਮ ਹੀ ਸਭ ਕੁਝ ਸੀ? ਕੀ ਇਸ ਤੋਂ ਪਾਰ ਕੋਈ ਹੋਰ ਰਿਸ਼ਤਾ ਨਹੀਂ ਹੋ ਸਕਦਾ? ਉਹ ਕਮਬਖਤ ਐਨੀ ਖ਼ੂਬਸੂਰਤ ਸੀ ਤੇ ਮੇਰੇ ਮਨ 'ਚ ਉਸਦੀ ਇਮੇਜ ਹੀ ਅਜਿਹੀ ਬਣੀ ਸੀ ਕਿ ਮਨ ਉਸਦਾ ਕੋਈ ਦੂਜਾ ਰੂਪ ਦੇਖਣ ਨੂੰ ਤਿਆਰ ਹੀ ਨਹੀਂ ਸੀ। ਉਸ ਨੂੰ ਖ਼ੁਸ਼ ਦੇਖਣ ਲਈ ਮੈਂ ਉਸ ਦਾ ਅਧਰੰਗ ਮਾਰਿਆ ਖੱਬਾ ਹੱਥ ਚੁੰਮ ਵੀ ਲੈਂਦਾ। ਮੈਨੂੰ ਇਹ ਪਲ ਨਾਟਕ ਜਿਹੇ ਲੱਗਦੇ। ਕੁਝ ਸੀ ਜੋ ਮਲੋਜ਼ੋਰੀ ਮੇਰੇ ਕੋਲੋਂ ਅਜਿਹਾ ਕਰਵਾ ਰਿਹਾ ਸੀ। ਮੈਨੂੰ ਇਸ ਦੀ ਸਮਝ ਨਾ ਲੱਗਦੀ। ਮੈਂ ਇਸ ਨੂੰ ਆਪਣੀ ਹੋਣੀ ਸਮਝ ਕੇ ਅੱਧ ਪਚੱਧ ਪ੍ਰਵਾਨ ਕਰ ਲਿਆ ਸੀ।

ਮੈਂ ਤੇ ਬਿਲੋ ਦੋਵੇਂ ਰੱਜ ਕੇ ਦੁਖੀ ਆਤਮਾਵਾਂ ਸੀ। ਸਾਡੀ ਸਾਂਝ ਦਾ ਵੱਡਾ ਕਾਰਨ ਵੀ ਇਹੀ ਬਣਿਆ ਸੀ। ਬਿਲੋ ਜਿੱਥੇ ਸਤਨਾਮ ਕਰਕੇ ਦੁਖੀ ਸੀ-ਉੱਥੇ ਉਹ ਆਪਣੇ ਆਪ ਕਰਕੇ ਉਸ ਤੋਂ ਵੀ ਜ਼ਿਆਦਾ ਦੁਖੀ ਸੀ। ਉਹਨੇ ਸਤਨਾਮ ਨਾਲ ਲਵ ਮੈਰਿਜ ਕਰਵਾਈ ਸੀ। ਘਰਦਿਆਂ ਨੇ ਵਿਰੋਧ ਕੀਤਾ ਸੀ। ਸਤਨਾਮ ਦੀ ਨੀਵੀਂ ਜਾਤ ਦਾ ਮਿਹਣਾ ਮਾਰਿਆ ਸੀ। ਪਰ ਉਹਨੇ ਕਿਸੇ ਦੀ ਕੋਈ ਪ੍ਰਵਾਹ ਨਹੀਂ ਕੀਤੀ ਸੀ। ਉਹ ਤਕੜੇ ਘਰ ਦੀ ਧੀ ਸੀ। ਸਤਨਾਮ ਬੇਰੁਜ਼ਗਾਰ ਸੀ। ਉਹਨੂੰ ਪਤਾ ਸੀ ਕਿ ਸਤਨਾਮ ਕੋਲ ਡਿਗਰੀ ਸੀ। ਉਸ ਜਲਦੀ ਹੀ ਕਿਤੇ ਨਾ ਕਿਤੇ ਐਡਜਸਟ ਹੋ ਜਾਣਾ। ਫੇਰ ਪਹਿਲਾਂ ਉਹਨੂੰ ਨੌਕਰੀ ਮਿਲੀ ਸੀ ਤੇ ਫੇਰ ਸਤਨਾਮ ਨੂੰ। ਘਰਦਿਆਂ ਵੱਲੋਂ ਉਹ ਕੱਟੀ ਗਈ ਸੀ। ਕਦੇ-ਕਦੇ ਉਹਨੂੰ ਇਹ ਘਾਟ ਰਕੜਦੀ। ਅੱਜ ਕਲ੍ਹ ਇਹ ਘਾਟ ਕੁਝ ਜ਼ਿਆਦਾ ਹੀ ਰੜਕਣ ਲੱਗੀ ਸੀ। ਕਈ ਦਿਨਾਂ ਤੋਂ ਉਸਨੂੰ ਨੀਂਦ ਨਹੀਂ ਆ ਰਹੀ ਸੀ। ਉਸ ਦੀਆਂ ਗੇਰੂ ਰੰਗੀਆਂ ਅੱਖਾਂ ਦੇਖ ਕੇ ਮੈਂ ਉਹਨੂੰ ਸਮਝਾਉਂਦਾ, ''ਜਦੋਂ ਸੋਚਾਂ ਭਾਰੂ ਹੋਣ-ਉਦੋਂ ਆਪਣੇ ਆਪ ਨੂੰ ਕਿਸੇ ਨਾ ਕਿਸੇ ਕੰਮ ਵਿਚ ਬਿਜ਼ੀ ਕਰ ਲਿਆ ਕਰੋ। ਜਾਂ ਜਿਸ ਵੀ ਇਸ਼ਟ ਵਿਚ ਤੁਹਾਡਾ ਵਿਸ਼ਵਾਸ ਆ-ਉਹਦੀ ਅਰਾਧਨਾ ਕਰਿਆ ਕਰੋ।''

''ਅਜਿਹਾ ਤਾਂ ਹੋਵੇ-ਜੇ ਮੇਰਾ ਮਨ ਕਿਤੇ ਖੜ੍ਹੇ। ਇਹ ਤਾਂ ਦੌੜਦਾ ਫਿਰਦਾ।''

''ਇਹਦਾ ਕੋਈ ਹੋਰ ਵੀ ਵੱਡਾ ਕਾਰਨ ਆ?'' ਸਭ ਕੁਝ ਜਾਣਦਿਆਂ ਹੋਇਆਂ ਵੀ ਪੁੱਛਣ ਖਾਤਰ ਮੈਂ ਪੁੱਛਦਾ।

''ਵੱਡਾ ਕਾਰਨ ਤਾਂ ਤੁਹਾਡੇ ਸਾਹਮਣੇ ਆ।''

''ਇਹ ਤਾਂ ਮੇਰੀ ਵੀ ਸਮੱਸਿਆ ਆ।''

''ਤੁਹਾਡੀ ਹੋਰ ਗੱਲ ਆ।''

''ਕੋਈ ਬਹੁਤਾ ਫਰਕ ਨ੍ਹੀਂ।''

''ਪਰੌਪਰ ਸੁੱਤੇ ਨਾ ਤਾਂ ਤੁਸੀਂ ਆਪ ਬੀਮਾਰ ਪੈ ਜਾਉਗੇ।''

''ਮੈਨੂੰ ਆਪਣੇ ਆਪ ਦੀ ਫਿਕਰ ਨ੍ਹੀਂ।''

''ਔਰਤਾਂ ਮਰਦਾਂ ਨਾਲੋਂ ਬੋਲਡ ਹੁੰਦੀਆਂ।''

''ਹੁੰਦੀਆਂ। ਪਰ ਹਸਪਤਾਲ ਵਿਚ ਆ ਕੇ ਹੋਰ ਕਮਜ਼ੋਰ ਹੋ ਜਾਂਦੀਆਂ।''

ਮੈਨੂੰ ਉਸਦੀ ਇਹ ਗੱਲ ਮੰਨਣੀ ਪਈ ਸੀ।

ਅਸੀਂ ਸ਼ਾਮ ਨੂੰ ਦਸ-ਪੰਦਰਾਂ ਮਿੰਟਾਂ ਲਈ ਕੰਟੀਨ 'ਤੇ ਮਿਲਦੇ। ਦਿਨੇ ਇਕ ਦੂਜੇ ਦੇ ਮਰੀਜ਼ ਦਾ ਪਤਾ ਲੈਣ ਜਾਂਦੇ। ਮੈਂ ਸਤਨਾਮ ਕੋਲ ਬੈਠਦਾ ਤੇ ਉਸ ਦਾ ਹੱਥ ਫੜ ਕੇ ਉਹਨੂੰ



ਸਮਝਾਉਂਦਾ, ''ਤੁਸੀਂ ਮੇਰੀ ਇਕ ਗੱਲ ਲੜ ਬੰਨ੍ਹ ਲਓ- ਤੁਸੀਂ ਮੰਨ ਲਓ ਕਿ ਇਹ ਜਿਹੜਾ ਕੁਝ ਹੋਇਆ-ਇਹ ਹੋਣਾ ਸੀ। ਅਟੱਲ ਸੀ। ਹੁਣ ਤੁਸੀਂ ਇਸ ਦਾ ਮੁਕਾਬਲਾ ਕਰਨਾ।''

ਸਤਨਾਮ ਅੱਗੋਂ ਕੁਝ ਬੋਲਦਾ, ਉਸ ਤੋਂ ਪਹਿਲਾਂ ਹੀ ਉਹ ਕਹਿੰਦੀ, ''ਇਨ੍ਹਾਂ ਦੀ ਇਕੋ ਸਿਆਣੀ ਗੱਲ ਨਾਲ ਅੱਧਾ ਦੁੱਖ ਘਟ ਜਾਂਦਾ।''

''ਗੱਲ ਤਾਂ ਦੁੱਖ ਨੂੰ ਮਹਿਸੂਸ ਕਰਨ ਦੀ ਹੁੰਦੀ ਆ। ਮੈਂ ਕਲ੍ਹ ਨੂੰ 'ਅਸਲੀ ਇਨਸਾਨ ਦੀ ਕਹਾਣੀ' ਕਿਤਾਬ ਲਿਆ ਕੇ ਦਊਂਗਾ। ਤੁਸੀਂ ਇਨ੍ਹਾਂ ਨੂੰ ਪੜ੍ਹ ਕੇ ਸੁਣਾਇਉ। ਫੇਰ ਦੇਖਿਓ-ਇਹ ਖਰਗੋਸ਼ ਵਾਂਗ ਛਾਲਾਂ ਮਾਰਨ ਲੱਗ ਜਾਣਗੇ।''

ਸਤਨਾਮ ਰੁਕ-ਰੁਕ ਕੇ ਬੋਲਦਾ। ਉਹਦੀ ਆਵਾਜ਼ ਸਾਫ਼ ਨਾ ਹੁੰਦੀ। ਮੈਂ ਆਪਣਾ ਸਿਰ ਉਹਦੇ ਮੂੰਹ ਕੋਲ ਲੈ ਜਾਂਦਾ। ਫੇਰ ਆਪਣਾ ਮੂੰਹ ਉਹਦੇ ਕੰਨ ਕੋਲ ਲੈ ਜਾ ਕੇ ਕੋਈ ਲੁੱਚਾ ਲਤੀਫ਼ਾ ਸੁਣਾਉਂਦਾ। ਉਸਦੇ ਚਿਹਰੇ 'ਤੇ ਅਜੀਬ ਜਿਹੀ ਮੁਸਕਰਾਹਟ ਫੈਲਦੀ ਜਿਹਨੂੰ ਮੈਂ ਪੜ੍ਹ ਸਕਦਾ ਸੀ। ਉਹ ਸ਼ਾਮ ਨੂੰ ਮੈਥੋਂ ਪੁੱਛਦੀ, ''ਤੁਸੀਂ ਕੀ ਕਿਹਾ ਸੀ?'' ਮੈਂ ਉਸਨੂੰ ਦੱਸਦਾ ਕਿ ਇਹ ਗੱਲ ਉਹਨੂੰ ਦੱਸਣ ਵਾਲੀ ਨਹੀਂ, ਅੱਗੋਂ ਉਹ ਕਹਿੰਦੀ, ''ਮਰਦ ਬੜੇ ਖਤਰਨਾਕ ਹੁੰਦੇ।''

ਬਿਲੋ ਖੁਸ਼ ਸੀ ਕਿ ਮੈਂ ਸਤਨਾਮ ਕੋਲ ਘੰਟਾ ਕੁ ਬੈਠਦਾ ਸੀ। ਉਹਨੂੰ ਗੱਲੀਂ ਲਾਉਂਦਾ ਸੀ। ਮੱਲੋਜੋਰੀ ਬੈੱਡ ਨਾਲ ਢੋਅ ਲਾ ਕੇ ਬੈਠਾਉਂਦਾ ਸੀ। ਸਤਨਾਮ ਮੇਰੇ ਨਾਲ ਸਲਾਹੀਂ ਪੈ ਜਾਂਦਾ ਸੀ। ਅਸੀਂ ਸਲਾਹ ਕੀਤੀ ਸੀ ਕਿ ਉਹਦੇ ਠੀਕ ਹੁੰਦਿਆਂ ਹੀ ਰਾਜਪੂਤ ਮਾਰਕੀਟ 'ਚ ਦੁਕਾਨ ਕਿਰਾਏ 'ਤੇ ਲਵਾਂਗੇ ਤੇ ਉੱਥੋਂ ਪ੍ਰੌਪਰਟੀ ਡੀਲਰ ਤੇ ਫਾਈਨਾਂਸ ਦਾ ਕੰਮ ਸ਼ੁਰੂ ਕਰਾਂਗੇ। ਸਤਨਾਮ ਸ਼ਾਮ ਨੂੰ ਬੈਠਿਆ ਕਰੇਗਾ। ਦੁਕਾਨ 'ਤੇ ਉਹ ਕੰਮ ਕਰੇਗਾ, ਬਾਹਰਲੇ ਮੈਂ। ਇਨਵੈਸਟਮੈਂਟ ਅੱਧੀ-ਅੱਧੀ। ਮੇਰੀ ਇਸ ਸਕੀਮ ਦਾ ਉਸ 'ਤੇ ਅਸਰ ਹੋਇਆ ਸੀ। ਉਹਨੂੰ ਲੱਗਿਆ ਸੀ ਕਿ ਇਸ ਨਾਲ ਜ਼ਿੰਦਗੀ ਨੂੰ ਨਵਾਂ ਮੋੜ ਦਿੱਤਾ ਜਾ ਸਕਦਾ ਹੈ। ਮੈਂ ਉਹਨੂੰ ਸੋਚਣ ਲਾ ਦਿੱਤਾ ਸੀ। ਉਸ ਦਾ ਬਹੁਤਾ ਸਮਾਂ ਇਸ ਪਾਸੇ ਹੀ ਲੱਗਣ ਲੱਗਾ ਸੀ। ਬਿਲੋ ਦੀਆਂ ਨਜ਼ਰਾਂ 'ਚ ਮੇਰੇ ਪ੍ਰਤੀ ਸ਼ੁਕਰਾਨੇ ਦੇ ਭਾਵ ਉੱਭਰੇ ਸਨ ਜਿਹੜੇ ਕਿ ਅਗਲੇ ਦਿਨਾਂ 'ਚ ਵਧਦੇ ਹੀ ਗਏ ਸਨ। ਸਤਨਾਮ ਗੱਲਾਂ ਕਰਨ ਲੱਗ ਪਿਆ ਸੀ। ਉਹ ਪਤਾ ਲੈਣ ਆਇਆਂ ਨਾਲ ਵੀ ਬਹੁਤੀਆਂ ਗੱਲਾਂ ਇਸੇ ਬਾਰੇ ਕਰਦਾ। ਬਿਲੋ ਇਸ ਗੱਲ ਨਾਲ ਹੀ ਸੰਤੁਸ਼ਟ ਸੀ ਕਿ ਮੈਂ ਸਤਨਾਮ ਨੂੰ ਬੋਲਣ ਲਾ ਦਿੱਤਾ ਸੀ। ਉਹ ਘਰ ਗੇੜਾ ਵੀ ਮਾਰ ਆਉਂਦੀ ਸੀ। ਉਸ ਦੀ ਵੱਡੀ ਬੇਟੀ ਕੰਪਿਊਟਰ ਦੀ ਬੀ. ਐੱਸ. ਸੀ. ਕਰ ਰਹੀ ਸੀ ਤੇ ਮੁੰਡਾ +2 ਵਿਚ ਪੜ੍ਹਦਾ ਸੀ। ਉਹ ਦੋਵੇਂ ਭੈਣ ਭਰਾ ਕੁਝ ਚਿਰ ਲਈ ਆਉਂਦੇ ਤੇ ਫੇਰ ਘਰ ਚਲੇ ਜਾਂਦੇ।

ਇਕ ਦਿਨ ਕੰਟੀਨ ਤੋਂ ਬਾਹਰ ਅਸੀਂ ਐਵੇਂ ਹੀ ਜਿਉਤੀ ਮਾਰਕੀਟ ਵੱਲ ਨੂੰ ਚਲੇ ਗਏ ਸੀ। ਉਸ ਸੇਬ, ਸੰਤਰੇ ਤੇ ਟੂਥਪੇਸਟ ਖਰੀਦੀ ਸੀ। ਹਸਪਤਾਲ ਕੋਲ ਆਉਂਦਿਆਂ-ਆਉਂਦਿਆਂ ਉਸ ਮੇਰਾ ਹੱਥ ਫੜ ਕੇ ਕਿਹਾ ਸੀ, ''ਮੈਨੂੰ ਕੋਈ ਐਨਾ ਥਕਾਵੇ ਕਿ ਮੈਂ ਰੱਜ ਕੇ ਸੌਂ ਜਾਵਾਂ।''

ਮੈਂ ਉਸ ਦੀ ਇਸ ਗੱਲ ਦਾ ਕੋਈ ਜੁਆਬ ਨਹੀਂ ਦਿੱਤਾ ਸੀ।

''ਮੈਨੂੰ ਨੀਂਦ ਨ੍ਹੀਂ ਆਉਂਦੀ।''

''ਸਾਰਾ ਦਿਨ ਤਾਂ ਤੁਹਾਡੀ ਅੱਡੀ ਥੱਲੇ ਨ੍ਹੀਂ ਲੱਗਦੀ। ਤੁਸੀਂ ਤਾਂ ਭੰਬੀਰੀ ਵਾਂਗ ਘੁੰਮਦੇ ਰਹਿੰਦੇ ਹੋ। ਥੱਕ ਕੇ ਨੀਂਦ ਆਉਣੀ ਚਾਹੀਦੀ ਆ।''

''ਨੀਂਦ ਤਾਂ ਆਉਂਦੀ ਆ। ਪਰ ਟੁੱਟ-ਟੁੱਟ ਕੇ। ਅਜੀਬ ਤਰ੍ਹਾਂ ਦੇ ਸੁਪਨੇ ਆਉਂਦੇ ਆ।''

''ਇਹ ਥੋੜ੍ਹੇ ਚਿਰ ਦੀ ਗੱਲ ਆ।''

''ਤੁਸੀਂ ਮੈਨੂੰ ਫੋਕੀਆਂ ਤਸੱਲੀਆਂ ਕਿਉਂ ਦਿੰਦੇ ਹੋ। ਮੈਨੂੰ ਤੁਹਾਡੇ ਤੋਂ ਇਹ ਆਸ ਨ੍ਹੀਂ।''

''ਤੁਸੀਂ ਮੇਰੀ ਗੱਲ ਧਿਆਨ ਨਾਲ ਕਿਉਂ ਨ੍ਹੀਂ ਸੁਣ ਰਹੇ। ਤੁਹਾਡਾ ਧਿਆਨ ਕਿਧਰ ਆ?'' ਸੱਤਿਆ ਨੇ ਪੁੱਛਿਆ ਹੈ। ਉਹ ਸੋਚਦੀ ਹੈ ਕਿ ਮੈਂ ਉਸ ਕਰਕੇ ਚਿੰਤਤ ਹਾਂ। ਉਸ ਕੋਲ ਆ ਕੇ ਜ਼ਿਆਦਾ ਹੀ ਫਿਕਰਮੰਦ ਹੋ ਜਾਂਦਾ ਹਾਂ। ਜਦੋਂ ਦੀ ਉਹ ਬਿਮਾਰ ਹੋਈ ਹੈ-ਮੈਂ ਕਦੇ ਹਾਸੇ ਵਾਲੀ ਕੋਈ ਗੱਲ ਨਹੀਂ ਕੀਤੀ। ਜਿਵੇਂ ਮੈਨੂੰ ਘਰ 'ਚ ਹਾਸਾ ਆਉਣਾ ਹੀ ਭੁੱਲ ਗਿਆ ਹੋਵੇ। ਮੈਂ ਬਹੁਤ ਘੱਟ ਬੋਲਦਾ ਹਾਂ। ਬਿਨਾਂ ਮਤਲਬ ਤੋਂ ਗੱਲ ਨਹੀਂ ਕਰਦਾ।

ਮੇਰੇ ਜੁਆਬ ਨਾ ਦੇਣ 'ਤੇ ਉਹ ਕਹਿੰਦੀ ਹੈ, ''ਮੇਰਾ ਬਹੁਤਾ ਫਿਕਰ ਨਾ ਕਰਿਆ ਕਰੋ। ਮੈਂ ਜਲਦੀ ਠੀਕ ਹੋ ਜਾਣਾ। ਹੁਣ ਮੈਂ ਮੈਡੀਕਲ ਲੀਵ ਨ੍ਹੀਂ ਵਧਾਉਣੀ। ਮੈਂ ਦਫ਼ਤਰ ਜਾਵਾਂਗੀ। ਫਿਜੀਕਲ ਹੈਂਡੀਕੈਪਡ ਲਈ ਦਫ਼ਤਰ ਵਾਲੇ ਆਪੇ ਇਜ਼ੀ ਕੰਮ ਦੇਣਗੇ। ਤੁਸੀਂ ਦੇਖਿਆ ਨ੍ਹੀਂ ਸੀ-ਮੈਂ ਕੰਧ ਫੜ-ਫੜ ਕੇ ਰਸੋਈ ਤਕ ਗਈ ਸੀ। ਕਲ੍ਹ ਘਰੇ ਕੋਈ ਨ੍ਹੀਂ ਸੀ। ਮੇਰਾ ਮਨ ਚਾਹ ਪੀਣ ਨੂੰ ਕਰ ਆਇਆ। ਮੈਂ ਹਿੰਮਤ ਮਾਰ ਕੇ ਉੱਠੀ। ਰਸੋਈ ਵਿਚੋਂ ਆਪਣੀ ਪਸੰਦ ਦੀ ਚਾਹ ਬਣਾਈ। ਆਪਣੀ ਬਣਾਈ ਚਾਹ ਦਾ ਮਜ਼ਾ ਹੀ ਕੁਸ਼ ਹੋਰ ਹੁੰਦਾ। ਮੈਨੂੰ ਉਠਾਲਿਉ। ਮੈਂ ਤੁਹਾਡੇ ਲਈ ਚਾਹ ਬਣਾ ਕੇ ਲਿਆਉਨੀ ਆਂ।''

''ਅਜੇ ਮੈਨੂੰ ਚਾਹ ਦੀ ਲੋੜ ਨ੍ਹੀਂ। ਤੈਨੂੰ ਲੋੜ ਆ ਤਾਂ ਮੈਂ ਬਣਾ ਲਿਆਉਨਾਂ,'' ਮੈਂ ਇਕ ਵਾਰ ਫੇਰ ਮੋਬਾਇਲ ਦੇ ਲਾਲ ਬਟਨ 'ਤੇ ਉਂਗਲ ਦਾ ਦਬਾਉ ਵਧਾ ਕੇ ਕਹਿੰਦਾ ਹਾਂ।

''ਹੁਣ ਤੁਸੀਂ ਕਿਤੇ ਨ੍ਹੀਂ ਜਾਣਾ। ਮੇਰੇ ਕੋਲ ਬੈਠੋ। ਤੁਸੀਂ ਭੈਣਜੀ ਬਾਰੇ ਕੀ ਸੋਚਿਆ?'' ਉਹਨੂੰ ਫੇਰ ਭੈਣਜੀ ਦਾ ਚੇਤਾ ਆ ਗਿਆ ਹੈ।

''ਇਹ ਉਸ ਘਰ ਦੀ ਸਮੱਸਿਆ ਆ। ਸਾਨੂੰ ਵਿਚਕਾਰ ਨ੍ਹੀਂ ਆਉਣਾ ਚਾਹੀਦਾ।''

''ਇਹ ਸਾਡੀ ਵੀ ਸਮੱਸਿਆ। ਉਨ੍ਹਾਂ ਦਾ ਫਿਕਰ ਸਾਡਾ ਫਿਕਰ ਆ।''

''ਫੇਰ ਤੂੰ ਕੀ ਚਾਹੁਨੀ ਆਂ?''

''ਮੈਂ ਸਕੀਮ ਬਣਾਈ। ਦੋਹਾਂ ਨੂੰ ਮਹੀਨਾ ਕੁ ਆਪਣੇ ਕੋਲ ਰੱਖਾਂ। ਮੈਨੂੰ ਵੀ ਭੈਣਜੀ ਦਾ ਆਸਰਾ ਹੋਊ। ਫੇਰ ਉਨ੍ਹਾਂ ਨੂੰ ਇੱਥੇ ਲਾਗੇ ਹੀ ਮਕਾਨ ਲੈ ਦਿਉ। ਉਨ੍ਹਾਂ ਕੋਲ ਮਕਾਨ ਜੋਗੇ ਪੈਸੇ ਹੈਗੇ ਆ। ਜੀਜਾ ਜੀ ਨੂੰ ਪੰਦਰਾਂ ਹਜ਼ਾਰ ਪੈਨਸ਼ਨ ਮਿਲਦੀ ਰਹਿਣੀ,'' ਉਸ ਇਹ ਸਾਰਾ ਕੁਝ ਪਹਿਲਾਂ ਹੀ ਸੋਚ ਰੱਖਿਆ ਸੀ। ਮੇਰੇ ਨਾਲ ਸਾਂਝਾ ਕਰਨ ਨੂੰ ਕੋਈ ਮੌਕਾ ਲੱਭ ਰਹੀ ਸੀ ਜਿਹੜਾ ਕਿ ਉਹਨੂੰ ਅੱਜ ਮਿਲ ਗਿਆ ਸੀ।

''ਦੇਖਦੇ ਆਂ,'' ਮੈਂ ਪੱਲਾ ਛਡਾਉਣ ਲਈ ਕਹਿੰਦਾ ਹਾਂ।

''ਤੁਸੀਂ ਸ਼ਾਮ ਤਕ ਸੋਚ ਕੇ ਦੱਸ ਦਿਓ।''

ਮੈਂ ਹਾਂ ਦੀ ਮੁਦਰਾ 'ਚ ਸਿਰ ਹਿਲਾਉਂਦਾ ਹਾਂ। ਉਹਦਾ ਗੋਲਾ ਰੁਖ ਸਿਰ ਹੋ ਗਿਆ ਹੈ। ਕਰਨੀ ਤਾਂ ਉਸ ਆਪਣੀ ਮਰਜ਼ੀ ਹੀ ਹੁੰਦੀ ਹੈ। ਮੇਰੇ ਕੋਲੋਂ ਤਾਂ ਹਾਂ ਦੀ ਸਟੈਂਪ ਹੀ ਲਵਾਉਣੀ ਹੈ। ਮੈਂ ਨਹੀਂ ਚਾਹੁੰਦਾ ਕਿ ਉਹ ਸਾਡੇ ਕੋਲ ਆ ਕੇ ਰਹਿਣ ਜਾਂ ਇਸੇ ਮੁਹੱਲੇ 'ਚ ਮਕਾਨ ਲੈ ਲੈਣ। ਜਿੰਨਾ ਕੋਈ ਨੇੜੇ ਆ ਕੇ ਰਹਿੰਦਾ ਹੈ ਉਨਾ ਹੀ ਜ਼ਿਆਦਾ ਫਿਕ ਪੈਂਦਾ ਹੈ- ਇਹ ਮੇਰਾ ਬਾਪੂ ਕਹਿੰਦਾ ਹੁੰਦਾ ਸੀ।

ਉਸ ਅੱਖਾਂ ਮੀਚ ਲਈਆਂ ਹਨ। ਥੱਕ ਗਈ ਲੱਗਦੀ ਹੈ। ਮੈਂ ਦੂਜੇ ਕਮਰੇ 'ਚ ਜਾਂਦਾ ਹਾਂ। ਮੋਬਾਇਲ 'ਤੇ ਬਿਲੋ ਦਾ ਨੰਬਰ ਮਿਲਾ ਕੇ ਮੈਂ ਕਾਹਲੀ-ਕਾਹਲੀ ਪੁੱਛਦਾ ਹਾਂ, ''ਮੇਰੀ ਜਾਨ-ਕੀ ਹਾਲ ਚਾਲ ਆ?''



''ਤੁਹਾਡੇ ਕੋਲ ਸਮਾਂ ਹੋਵੇ ਤਾਂ ਦੱਸਾਂ।''

''ਮੈਂ ਹਾਜ਼ਰ ਆ।''

''ਪਹਿਲਾਂ ਇਹ ਦੱਸੋ ਕਿ ਵਾਰ-ਵਾਰ ਮੋਬਾਇਲ ਕਿਉਂ ਬੰਦ ਕਰਦੇ ਸੀ?''

ਉਹਨੂੰ ਕੀ ਦੱਸਦਾ ਕਿ ਮੈਂ ਦਫ਼ਤਰ ਨਹੀਂ, ਘਰ 'ਚ ਹਾਂ। ਝੂਠ ਦਾ ਸਹਾਰਾ ਲੈਣਾ ਪੈਂਦਾ ਹੈ। ਕਹਿੰਦਾ ਹਾਂ, ''ਸਾਹਿਬ ਦੇ ਕਮਰੇ ਵਿਚ ਮੀਟਿੰਗ ਚੱਲ ਰਹੀ ਸੀ-ਇਸ ਲਈ ਅਟੈਂਡ ਨ੍ਹੀਂ ਕਰ ਸਕਿਆ।''

''ਅੱਛਾ,'' ਉਸ ਦੀ ਆਵਾਜ਼ 'ਚ ਤੇਜ਼ੀ ਘਟ ਗਈ ਹੈ। ਉਹ ਦੱਸਣ ਲੱਗੀ ਹੈ, ''ਮੈਂ ਬਾਥਰੂਮ ਵਿਚ ਸੀ। ਸਤਨਾਮ ਡਰਾਇੰਗ ਰੂਮ ਵਿਚ ਸੋਫੇ 'ਤੇ ਬੈਠੇ ਸੀ। ਹਾਕਰ ਅਖ਼ਬਾਰ ਗੇਟ ਮੂਹਰੇ ਸੁੱਟ ਗਿਆ। ਇਨ੍ਹਾਂ ਨੇ ਅਖ਼ਬਾਰ ਦੇਖੀ। ਉਠੇ । ਦਰਵਾਜ਼ੇ ਕੋਲ ਡਿੱਗ ਪਏ। ਸੱਜੀ ਬਾਂਹ ਤੇ ਖੱਬੇ ਗਿੱਟੇ ਕੋਲ ਸੱਟਾਂ ਲੱਗੀਆਂ। ਪਰਸੋਂ ਦੇ ਹਾਏ-ਬਹੁੜੀ ਕਰੀ ਜਾਂਦੇ। ਮੈਥੋਂ ਸਾਰੀ ਰਾਤ ਸੁੱਤਿਆ ਨ੍ਹੀਂ ਗਿਆ। ਮੈਂ ਬਹੁਤ ਦੁਖੀ ਹਾਂ। ਮੈਨੂੰ ਨੀਂਦ ਨ੍ਹੀਂ ਆ ਰਹੀ। ਹੁਣੇ ਆ ਜਾਓ।''

ਉਹ ਆਪਣੇ ਬੈੱਡ 'ਤੇ ਲੇਟੀ ਹੁੰਦੀ ਤਾਂ ਮੈਨੂੰ ਉਸ ਦਾ ਹੋਰ ਹੀ ਰੂਪ ਦਿੱਸਦਾ ਹੈ। ਇਹ ਉਹ ਔਰਤ ਨਹੀਂ ਹੁੰਦੀ ਜਿਹੜੀ ਆਪਣੇ ਖਾਵੰਦ ਦੇ ਸਾਹਾਂ 'ਚ ਜਿਊਂਦੀ ਸੀ। ਇਹ ਉਹ ਵੀ ਨਾ ਹੁੰਦੀ ਜਿਹੜੀ ਕਿ ਮੈਨੂੰ ਕੰਟੀਨ 'ਤੇ ਮਿਲਦੀ ਸੀ। ਉਹ ਤਾਂ ਅਸਾਧਾਰਨ ਔਰਤ ਹੁੰਦੀ। ਇਕ ਅਜਿਹੀ ਔਰਤ ਜਿਸ ਨਾਲ ਕਿਸੇ ਵੀ ਵਿਸ਼ੇ 'ਤੇ ਖੁੱਲ੍ਹ ਕੇ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਏਸੇ ਸੋਚ ਨੇ ਮੈਨੂੰ ਉਸ ਵੱਲ ਖਿੱਚਿਆ ਸੀ। ਮੈਂ ਉਸ ਦੇ ਨੇੜੇ ਹੋ ਗਿਆ ਸੀ। ਸਤਨਾਮ ਨਾਲ ਗੱਲਾਂ ਬਾਤਾਂ ਕਰਕੇ ਉਹਨੂੰ ਸਕੂਨ ਮਿਲ ਜਾਂਦਾ। ਉਹਦਾ ਗੋਲਾ ਟਿਕਾਣੇ 'ਤੇ ਆ ਜਾਂਦਾ। ਮੇਰੀਆਂ ਬਹੁਤੀਆਂ ਗੱਲਾਂ ਦਾ ਉਸ 'ਤੇ ਅਸਰ ਹੋ ਜਾਂਦਾ ਸੀ। ਉਸ ਦੀਆਂ ਨਜ਼ਰਾਂ 'ਚ ਸ਼ੁਕਰਾਨੇ ਦਾ ਭਾਵ ਉਭਰਦੇ। ਉਹਨੂੰ ਨਸ਼ੇ ਦੀ ਗੋਲੀ ਦੇ ਕੇ ਅਸੀਂ ਉਨ੍ਹਾਂ ਦੇ ਬੈੱਡ ਰੂਮ ਵਿਚ ਆ ਕੇ ਬੈਠ ਜਾਂਦੇ। ਉਹ ਨਿਝੱਕ ਕਹਿੰਦੀ, ''ਮੈਂ ਅਠਾਰ੍ਹਾਂ ਸਾਲਾਂ ਦੀ ਸੀ ਜਦੋਂ ਦੀ ਸੈਕਸ ਬਾਰੇ ਜਾਣਦੀ ਹਾਂ। ਮੈਨੂੰ ਇਹੀ ਦੱਸਿਆ ਗਿਆ ਸੀ ਕਿ ਇਹ ਪਾਪ ਵਰਗਾ ਹੁੰਦਾ। ਵਰਜਤ ਫਲ ਵਰਗਾ। ਮੈਂ ਸੋਚਦੀ-ਜੇ ਇਹ ਪਾਪ ਵਰਗਾ ਤਾਂ ਇਹ ਦੁਨੀਆਂ ਪਵਿੱਤਰ ਕਿਉਂ ਨ੍ਹੀਂ?'' ਮੇਰੇ ਅੰਦਰ ਹੀ ਅੰਦਰ ਵੀ ਇਕ ਅਜਿਹਾ ਕੁਝ ਨਾ ਕੁਝ ਚੱਲ ਰਿਹਾ ਹੁੰਦਾ-ਪਰ ਇਹ ਮੈਂ ਜ਼ਾਹਰ ਨਾ ਕਰਦਾ। ਮੈਨੂੰ ਲੱਗਦਾ ਕਿ ਜੋ ਕੁਝ ਮੇਰੇ ਨਾਲ ਵਾਪਰ ਰਿਹਾ ਸੀ ਉਸ ਦਾ ਬੋਝ ਉਸ ਦੇ ਮਨ 'ਤੇ ਵੀ ਸੀ। ਪਰ ਉਹ ਹਲੀਮੀ ਦੀ ਵਜ੍ਹਾ ਕਰਕੇ ਕੁਝ ਪੁੱਛ ਨਹੀਂ ਰਹੀ ਸੀ। ਮੈਨੂੰ ਲੱਗਦਾ ਕਿ ਉਹ ਇਹਨਾਂ ਪਲਾਂ 'ਚ ਮੈਨੂੰ ਖੁਦ ਨਾਲੋਂ ਵੀ ਵੱਧ ਪਿਆਰ ਕਰਦੀ ਸੀ। ਉਹ ਕਹਿੰਦੀ, ''ਤੁਹਾਡੀ ਸਮੱਸਿਆ ਮੈਂ ਨ੍ਹੀਂ ਆਂ। ਸਗੋਂ ਤੁਸੀਂ ਆਪ ਵੀ ਹੋ। ਕਦੇ ਇਕੱਲੇ ਬੈਠ ਕੇ ਸੋਚਿਓ।'' ਮੈਂ ਸੋਚਣ ਲੱਗਦਾ ਤਾਂ ਉਹ ਕਹਿੰਦੀ, ''ਪੁਰਾਣੀਆਂ ਕਦਰਾਂ-ਕੀਮਤਾਂ ਨੂੰ ਦਫ਼ਾ ਕਰੋ। ਅਸੀਂ ਇਕ ਦੂਜੇ ਨੂੰ ਸੰਭਾਲਣਾ। ਜਦੋਂ ਆਪਾਂ ਪੁਰਾਣੀਆਂ ਗੱਲਾਂ ਨੂੰ ਆਪਣੇ ਮਨ 'ਚੋਂ ਕੱਢ ਦਿੰਦੇ ਆਂ ਤਾਂ ਨਵੀਂ ਥਾਂ ਬਣ ਜਾਂਦੀ ਆ। ਸੰਤੁਸ਼ਟੀ ਦਾ ਇਕ ਰਹੱਸਮਈ ਇਹਸਾਸ ਸਾਨੂੰ ਆਪਣੇ ਕਲਾਵੇ 'ਚ ਲੈ ਲੈਂਦਾ।'' ਜਾਂ ''ਸਾਡੇ ਸਾਰਿਆਂ ਕੋਲ ਹੀ ਇਕ ਸ਼ਕਤੀ ਹੁੰਦੀ ਆਂ ਜਿਸ ਦੀ ਅਸੀਂ ਕਦੇ ਵਰਤੋਂ ਨ੍ਹੀਂ ਕਰਦੇ ਪਰ ਇਸ ਦਾ ਪਤਾ ਕਦੇ ਕਦਾਈ ਹੀ ਲੱਗਦਾ।'' ਉਸ ਦੀਆਂ ਮਿਲਣੀਆਂ ਨੇ ਇਕ ਵਾਰੀ ਤਾਂ ਮੇਰਾ ਜੀਵਨ ਬਦਲ ਦਿੱਤਾ ਸੀ।

ਉਹ ਕਦੇ ਵੀ ਮੇਰੇ ਦਫ਼ਤਰ ਜਾਂ ਘਰੇ ਨਹੀਂ ਆਈ। ਮੈਂ ਹੀ ਜਾਂਦਾ ਹਾਂ। ਦੋ ਚਾਰ ਰਾਤਾਂ ਮੈਂ ਉਸ ਦੇ ਘਰੇ ਵੀ ਰਹਿ ਚੁੱਕਾ ਹਾਂ। ਕੁਝ ਪਲਾਂ ਲਈ ਮੈਨੂੰ ਆਪਣਾ ਆਪਾ ਕਮੀਨਾ ਲੱਗਣ ਲੱਗ ਪੈਂਦਾ ਸੀ। ਮੈਂ ਜਾਣਦਾ ਸੀ ਕਿ ਅਸੀਂ ਇਕ ਦੂਜੇ ਨੂੰ ਸੰਭਾਲ ਰਹੇ ਹਾਂ। ਅਸੀਂ ਇਸ ਤੋਂ ਬਚ ਨਹੀਂ ਸਕਦੇ। ਦੂਰ ਨਹੀਂ ਦੌੜ ਸਕਦੇ। ਜਦੋਂ ਮੇਰੇ ਮਨ 'ਤੇ 'ਧੋਖਾ' ਜਿਹੇ ਸ਼ਬਦ ਭਾਰੂ ਹੋਣ ਲੱਗਦੇ ਹਨ ਤਾਂ ਮੈਂ ਦੂਰ ਹੋਣ ਦੀਆਂ ਸਕੀਮਾਂ ਘੜਦਾ। ਬਿਲੋ ਦਾ ਇਕੋ ਫੋਨ ਇਨ੍ਹਾਂ ਸਕੀਮਾਂ 'ਤੇ ਲੰਮੀ ਲੀਕ

ਮਾਰ ਦਿੰਦਾ। ਮੈਂ ਕਾਗਜ਼ 'ਤੇ ਲਿਖਦਾ-ਪ੍ਰਤਾਪ ਸਿੰਘ ਕਮੀਨਾ, ਘਟੀਆ, ਸੁਆਰਥੀ, ਖੁਦਗਰਜ਼......। ਮੈਂ ਇਸ ਸੰਬੰਧੀ ਬਿਲੋ ਨੂੰ ਵੀ ਦੱਸਿਆ ਸੀ। ਉਸ ਦਾ ਜਵਾਬ ਸੀ, ''ਇਨ੍ਹਾਂ ਸਥਿਤੀਆਂ 'ਚ ਝੂਠ ਵੀ ਸੱਚ ਵਰਗਾ ਹੁੰਦਾ।''

''ਆ ਰਹੇ ਹੋ ਕਿ ਨ੍ਹੀਂ?'' ਉਹ ਕਾਹਲੀ-ਕਾਹਲੀ ਪੁੱਛਦੀ ਹੈ।

ਮੈਂ ਬਿਲੋ ਨੂੰ ਦੱਸਦਾ ਹਾਂ ਕਿ ਮੈਂ ਸੱਤਿਆ ਨੂੰ ਸ਼ਾਮ ਨੂੰ ਡਾਕਟਰ ਕੋਲ ਲੈ ਕੇ ਜਾਣਾ ਹੈ। ਮੈਂ ਉਹਨੂੰ ਸ਼ਾਮ ਨੂੰ ਫੋਨ ਕਰਾਂਗਾ। ਉਹ ਬੱਚਿਆਂ ਵਾਂਗ ਜ਼ਿੱਦ ਕਰਦੀ ਕਹਿੰਦੀ ਹੈ, ''ਸ਼ਾਮ ਨੂੰ ਨ੍ਹੀਂ। ਅੱਧੇ ਘੰਟੇ 'ਚ।'' ਜਿਸ ਤਰ੍ਹਾਂ ਦੀ ਉਸ ਦੀ ਸਥਿਤੀ ਹੈ-ਠੀਕ ਉਵੇਂ ਦੀ ਮੇਰੀ ਹੈ। ਸੱਤਿਆ ਵੀ ਕੁਝ ਜ਼ਿਆਦਾ ਹੀ ਤਕਲੀਫ 'ਚ ਸੀ। ਕੱਲ੍ਹ ਉਹਨੇ ਚੁੰਨੀ ਨਾਲ ਸਿਰ ਘੁੱਟ ਕੇ ਬੰਨ੍ਹ ਰੱਖਿਆ ਸੀ। ਪਹਿਲਾਂ ਬੱਚਿਆਂ ਨੇ ਤੇ ਫੇਰ ਮੈਂ ਸਿਰ ਝੱਸਿਆ ਸੀ। ਉਹਨੂੰ ਕੁਝ ਪਲਾਂ ਲਈ ਆਰਾਮ ਮਿਲਿਆ ਸੀ। ਸਾਰੀ ਰਾਤ ਸੁੱਤ-ਉਨੀਂਦਰੇ 'ਚ ਬੀਤੀ ਸੀ। ਸਵੇਰ ਨੂੰ ਦਫ਼ਤਰ ਗਿਆ ਹੀ ਸੀ ਕਿ ਮਗਰੇ ਸੱਤਿਆ ਨੇ ਫੋਨ ਕੀਤਾ ਸੀ, ''ਹੁਣੇ ਆ ਜਾਓ।''

ਮੈਂ ਮੋਬਾਇਲ ਜੇਬ 'ਚ ਪਾ ਕੇ ਫੇਰ ਸੱਤਿਆ ਕੋਲ ਆ ਜਾਂਦਾ ਹਾਂ। ਉਹ ਦੋਹਾਂ ਹੱਥਾਂ ਨਾਲ ਸਿਰ ਘੁੱਟੀ ਬੈਠੀ ਹੈ। ਉਹ ਪੁੱਛਦੀ ਹੈ, ''ਕੌਣ ਸੀ? ਬੜਾ ਚਿਰ ਸਲਾਹੀਂ ਪਏ ਰਹੇ।''

''ਜਸਪਾਲ ਸੀ?''

''ਕਿਹੜਾ ਜਸਪਾਲ?''

''ਲਿੱਤਰਾਂ ਵਾਲੇ ਮਾਮੇ ਦਾ ਮੁੰਡਾ। ਤੇਰੇ ਬਾਰੇ ਪੁੱਛਦਾ ਸੀ।''

ਉਹ ਆਪਣਾ ਹੱਥ ਮੇਰੇ ਵੱਲ ਵਧਾਉਂਦਿਆਂ ਹੋਇਆਂ ਕਹਿੰਦੀ ਹੈ, ''ਮੈਂ ਵੀ ਬਹਿਰਾਮ ਫੋਨ ਕਰਨਾ। ਨੰਬਰ ਮਿਲਾ ਕੇ ਦਿਓ।''

ਬਹਿਰਾਮ ਵਾਲੀ ਭੈਣ ਨਾਲ ਗੱਲਾਂ ਕਰਕੇ ਉਹਨੇ ਮੋਬਾਇਲ ਆਪਣੇ ਕੋਲ ਹੀ ਰੱਖ ਲਿਆ ਸੀ। ਹੁਣ ਉਹ ਪਹਿਲਾਂ ਨਾਲੋਂ ਤੰਦਰੁਸਤ ਲੱਗਦੀ ਹੈ। ਮੈਨੂੰ ਇਸ਼ਾਰਾ ਕਰਦੀ ਹੈ ਕਿ ਮੈਂ ਵੀ ਉਸਦੇ ਨਾਲ ਹੀ ਲੇਟ ਜਾਵਾਂ। ਮੈਂ ਉਸ ਨਾਲ ਸਿੱਧਾ ਲੇਟ ਜਾਂਦਾ ਹਾਂ। ਮੇਰਾ ਤਨ ਉੱਥੇ ਹੈ। ਮੇਰਾ ਮਨ ਉੱਥੇ ਨਹੀਂ ਹੈ। ਮਨ ਤਾਂ ਬਿਲੋ ਵੱਲ ਹੈ। ਤਨ ਵੀ। ਮੈਥੋਂ ਸੱਤਿਆ ਦੇ ਮੂੰਹ ਵੱਲ ਦੇਖਿਆ ਨਹੀਂ ਜਾਂਦਾ। ਮੈਂ ਅੱਖਾਂ ਮੀਚ ਲੈਂਦਾ ਹਾਂ। ਉਹ ਮੈਨੂੰ ਆਪਣੇ ਨਾਲ ਘੁਟਦੀ ਹੈ। ਉਹਦਾ ਮੁਰਦਾ ਹੱਥ ਮੇਰੇ ਪੱਟ ਹੇਠਾਂ ਆ ਜਾਂਦਾ ਹੈ। ਮੈਂ ਹੋਰ ਉਤਸ਼ਾਹਹੀਣ ਹੋ ਜਾਂਦਾ ਹਾਂ। ਉਹ ਇਕ ਹੱਥ ਨਾਲ ਮੈਨੂੰ ਘੁੱਟਦੀ ਹੈ।

ਮੈਂ ਨਿਰਜਿੰਦ ਹੋਇਆ ਉਸਦੇ ਨਾਲ ਲੇਟਿਆ ਹੋਇਆ ਹਾਂ। ਉਹ ਮੇਰੇ ਕੰਨ ਕੋਲ ਮੂੰਹ ਲੈ ਜਾ ਕੇ ਕਹਿੰਦੀ ਹੈ, ''ਚਾਹ ਦੇ ਦੋ ਕੱਪ ਬਣਾ ਕੇ ਲਿਆਓ। ਬਹੁਤ ਦਿਨ ਹੋ ਗਏ ਤੁਹਾਡੇ ਹੱਥਾਂ ਦੀ ਬਣੀ ਚਾਹ ਪੀਤਿਆਂ।'' ਮੈਂ ਆਗਿਆਕਾਰੀ ਬੱਚੇ ਵਾਂਗ ਉਠਕੇ ਰਸੋਈ 'ਚ ਆ ਜਾਂਦਾ ਹਾਂ।

ਰਸੋਈ 'ਚ ਖੜ੍ਹਿਆਂ ਸੋਚਦਾ ਹਾਂ ਕਿ ਮੈਨੂੰ ਬਿਲੋ ਦੀ ਬਹੁਤ ਹੀ ਜ਼ਿਆਦਾ ਲੋੜ ਹੈ। ਉਹਨੇ ਵੀ ਇਕ ਦਿਨ ਕਿਹਾ ਸੀ, "ਜਨਾਬ! ਜੇ ਮੈਂ ਤੁਹਾਨੂੰ ਨਾ ਸੰਭਾਲਦੀ ਤਾਂ ਤੁਸੀਂ ਪਾਗ਼ਲ ਹੋ ਜਾਣਾ ਸੀ।"

ਮੈਂ ਉਹਨੂੰ ਕਹਿੰਦਾ ਹਾਂ, "ਮੈਂ ਅੱਧੇ ਘੰਟੇ ਬਾਅਦ ਆ ਰਿਹਾਂ।" ❑❑

[ 984, ਮਾਡਲ ਹਾਊਸ, ਜਲੰਧਰ ]



# ਜਬ੍ਹਾੜੇ

## ਮੁਖ਼ਤਿਆਰ ਸਿੰਘ

ਉਹ ਤਿੰਨੇ ਜਣੇ ਵੱਡੇ ਗੇਟ, ਵੱਡੇ ਲਾਨ ਤੇ ਵੱਡੀ ਕੋਠੀ ਦੇ ਡਰਾਇੰਗ ਰੂਮ ਵਿਚ ਫਿਕਰਮੰਦ ਹੋਏ ਬੈਠੇ ਨੇ। ਉਹਨਾਂ ਨੂੰ ਕੁਝ ਸੁੱਝ ਨਹੀਂ ਰਿਹਾ। ਉਹ ਆਪ ਹੈਰਾਨ ਨੇ ਕਿ ਐਨਾ ਕੁਝ ਕਰਦਿਆਂ, ਕਰਾਉਂਦਿਆਂ ਤੇ ਹੁੰਦਿਆਂ-ਸੁੰਦਿਆਂ ਮਤ 'ਤੇ ਪਰਦਾ ਕਿਉਂ ਪੈ ਗਿਐ? ਮੁੱਛਾਂ 'ਚ ਮੁਸਕਰਾਉਣ ਵਾਲਾ ਮੀਸਣਾ, ਉਹਨਾਂ ਵੱਲ ਬਿਟ ਬਿਟ ਝਾਕੀ ਜਾ ਰਿਹੈ। ਉਹ ਸੋਚ ਰਿਹੈ, ਇਹ ਕਿਉਂ ਨੀ ਕੁਝ ਮੂੰਹੋਂ ਫੁੱਟ ਰਹੇ। ਕੀ ਉਸ ਦੀ ਹੀ ਹਰ ਵਾਰ ਪਹਿਲ ਕਰਨ ਦੀ ਵਾਰੀ ਲਾਈ ਬੈਠੇ ਨੇ?

ਰਾਮੂ ਪਰਦਾ ਚੁੱਕ ਕੇ ਉਹਨਾਂ ਦੇ ਸਾਹਮਣੇ ਆ ਖੜ੍ਹਾ ਹੋਇਆ, "ਓ ਜੀ,ਓ ਜੀ ...ਚਿਲੀ ਤੇ ਟਿੱਕੀ ਬਨਗੇ ਹੈਗੇ ਐ ...ਗਿਲਾਸ ਲਿਆਵਾਂ?

ਤਿੰਨੇ ਜਣੇ ਸ਼ੇਰ ਵਾਂਗ, ਉਸ ਵੱਲ ਵੇਖਣ ਲੱਗ ਪਏ। ਕੋਠੀ ਵਾਲੇ ਨੇ ਬੋੜ੍ਹ ਮਾਰੀ, "ਓ ਜੀ,ਓ ਜੀ ਕੀ...ਲਿਆ ਸਣੇ ਮਲਾਈ।."

ਰਾਮੂ ਮੁੜ ਗਿਆ। ਮੀਸਣੇ ਦੀਆਂ ਵਰਾਛਾਂ ਖਿੜ ਗਈਆਂ, "ਆਹ ਹੋਈ ਗੱਲ ...ਹੁਣ ਕੋਈ ਨਾ ਕੋਈ ਸਕੀਮ ਬਣੀ ਸਮਝੋ। ਬੈਠੇ ਐ ਮੂੰਹ ਲਟਕਾਈ!"

ਦੂਜੇ ਜਣੇ ਵੀ ਉਸ ਨਾਲ ਸਹਿਮਤੀ 'ਚ ਹੱਸ ਪਏ ।

000

ਨਿਊ ਕਲੋਨੀ, ਛੋਟੀ ਸੜਕ 'ਤੇ ਫੁੱਲ-ਪੱਤੀਆਂ ਦੀਆਂ ਵੇਲਾਂ ਨਾਲ ਲੱਦੇ ਦੋ ਵੱਡੇ ਗੇਟਾਂ ਨਾਲ, ਹਰ ਇਕ ਆਉਣ ਵਾਲੇ ਦਾ ਸੁਆਗਤ ਕਰਦੀ ਹੈ। ਗੇਟ ਕੀਪਰ, ਆਉਣ ਵਾਲੇ ਦਾ ਨਾਂ ਅਤੇ ਪਤਾ, ਰਜਿਸਟਰ 'ਤੇ ਲਿਖ ਲੈਂਦਾ ਹੈ। ਅੰਦਰ ਕਿਸ ਨੂੰ ਮਿਲਣਾ ਹੈ, ਉਸ ਦਾ ਪੂਰਾ ਵੇਰਵਾ ਵੀ। ਉਹ ਹਰ ਰੋਜ਼ ਦੇ ਆਉਣ ਜਾਣ ਵਾਲਿਆਂ ਦਾ ਵਾਕਿਫ ਹੀ ਹੈ। ਉਹਨਾਂ ਨੂੰ ਦੂਰੋਂ ਵੇਖ ਕੇ ਗੇਟ ਖੋਲ੍ਹ ਦਿੰਦਾ ਹੈ।

ਜਿਹੜੀ ਕੋਠੀ ਵਿਚ ਉਹ ਤਿੰਨੇ ਜਣੇ ਬੈਠੇ ਨੇ, ਉਹ ਮੇਨ ਗੇਟ ਤੋਂ ਅੰਦਰਲੀ ਸੜਕ ਉੱਤੇ ਥੋੜ੍ਹੇ ਫਰਕ ਨਾਲ ਪਹਿਲੀ ਹੀ ਹੈ। ਕੋਠੀ ਦੇ ਅੰਦਰਲੇ ਪਾਸੇ ਦੋ ਸ਼ੇਰਾਂ ਵਰਗੇ ਕੁੱਤੇ ਬੰਨ੍ਹੇ ਹੋਏ ਨੇ, ਜਿਨ੍ਹਾਂ ਲਈ ਸ਼ਾਮੂ ਦੀ ਹਰ ਵੇਲੇ ਦੀ ਪੱਕੀ ਡਿਊਟੀ ਲਾਈ ਹੋਈ ਹੈ। ਕੋਠੀ ਵਾਲੇ ਦੇ ਬੱਚਿਆਂ ਦਾ ਕਿਸੇ ਨੂੰ ਬਹੁਤਾ ਪਤਾ ਨਹੀਂ, ਕਿੱਥੇ ਕਿੱਥੇ ਸੈੱਟ ਨੇ। ਉਸ ਦੀ ਘਰ ਵਾਲੀ ਕੋਠੀ ਦੇ ਅੰਦਰ ਹੀ ਰਹਿੰਦੀ ਹੈ। ਕਦੇ ਕਦੇ ਬੱਚਿਆਂ ਕੋਲ ਚਲੀ ਵੀ ਜਾਂਦੀ ਹੈ। ਉਦੋਂ ਕੋਠੀ ਮਾਲਕ ਇਕੱਲਾ ਹੀ ਹੁੰਦਾ ਹੈ। ਉਸ ਸਮੇਂ ਉਸ ਦੇ ਦੋਵੇਂ ਸਹਿਯੋਗੀ ਆਮ ਹੀ ਆਉਂਦੇ ਜਾਂਦੇ ਰਹਿੰਦੇ ਨੇ। ਉਹ ਸ਼ਾਮ ਨੂੰ ਇਕੱਠੇ ਹੋ ਹੀ ਜਾਂਦੇ ਨੇ। ਉਹਨਾਂ ਦੇ ਬੱਚਿਆਂ ਦਾ ਵੀ ਕਿਸੇ ਖਾਸ ਤੋਂ ਬਿਨਾਂ ਬਹੁਤਿਆਂ ਨੂੰ ਪਤਾ ਨਹੀਂ ਕਿੱਥੇ ਕਿੱਥੇ, ਕੀ ਕੀ ਕਰਦੇ ਨੇ।

ਰਾਮੂ ਜੋ ਕਹਿ ਗਿਆ ਸੀ, ਵੱਡੇ ਮੇਜ਼ ਉੱਤੇ ਲਿਆ ਰੱਖਿਆ। ਉਹ ਦੁਬਾਰਾ ਜਲਦੀ ਨਾਲ ਗਿਆ ਤੇ ਕੋਈ ਰਹਿ ਗਈ ਜ਼ਰੂਰੀ ਚੀਜ਼ ਵੀ ਲਿਆ ਰੱਖੀ।

ਮੀਸਣਾ ਬੋਲੇ ਬਿਨਾਂ ਨਾ ਰਹਿ ਸਕਿਆ, "ਮਾਂ ਦਿਆ ਖਸਮਾ ਗਲਾਸ ਤੇ ਪਲੇਟਾਂ 'ਚ 'ਉਹ' ਪਾ ਕੇ ਮੂਹਰੇ ਰੱਖ?" ਉਸ ਨੇ ਮੇਜ਼ ਦੇ ਸੈਂਟਰ ਵੱਲ ਉਂਗਲ ਕੀਤੀ।

ਰਾਮੂ ਚੁੱਪ 'ਚ ਹੀ ਉਹਨਾਂ ਦਾ ਕਿਹਾ ਕੰਮ ਕਰਕੇ ਬਾਹਰ ਨਿਕਲ ਗਿਆ।

"ਇਸ ਭੈਣ ਚੋ...ਨੂੰ ਦੂਰ ਰੱਖਿਆ ਕਰੋ ...ਇਹੋ ਜਿਹੇ ਸਭ ਕੁਝ ਮਾਂਜ ਕੇ ਤਿੱਤਰ ਹੁੰਦੇ ਨੇ...।" ਚੁੱਪ ਰਹਿਣ ਵਾਲੇ ਨੇ ਦੋਹਾਂ ਨਾਲ ਗਲਾਸ ਟਕਰਾ ਕੇ ਸਿਪ ਕਰਕੇ ਕਿਹਾ।

ਕੋਠੀ ਵਾਲਾ ਭੜਕ ਪਿਆ, "ਏਨੂੰ? ਸਾਲੇ ਨੂੰ ਪਹਿਲੇ ਦਿਨ ਹੀ ਪਿਸਟਲ ਦਾ ਮੂੰਹ ਵਿਖਾ ਦਿੱਤਾ ਸੀ, ਜਦੋਂ ਇਹਦੇ ਗਾਉਂ ਤੋਂ ਲੈ ਕੇ ਆਇਆਂ।"

ਚੁੱਪ ਰਹਿਣ ਵਾਲਾ ਬੋਲਿਆ, "ਮੈਂ ਵੇਖੇ ਐ? ਚੋਰੀ ਤਾਂ ਇਕ ਪਾਸੇ, ਧੀਆਂ-ਭੈਣਾਂ ਨੂੰ ਫਸਾ

ਕੇ ਲੈ ਜਾਂਦੇ ਐ?"

ਕੋਠੀ ਵਾਲੇ ਨੇ ਸਿਪ ਕਰਦਿਆਂ ਅੱਖਾਂ ਉਸ ਵੱਲ ਹੀ ਗੱਡੀਆਂ ਹੋਈਆਂ ਸੀ, "ਇਹ ਪਿੰਡਾਂ ਤੇ ਸ਼ਹਿਰਾਂ ਦੇ ਛੋਟੇ ਘਰਾਂ 'ਚ ਹੁੰਦਾ ਹੋਊ, ਜਿਨ੍ਹਾਂ ਦੇ ਬੰਦੇ ਤੇ ਮੁੰਡੇ ਨਸ਼ੇ 'ਚ ਧੁੱਤ ਹੋ ਕੇ ਪੈ ਜਾਂਦੇ ਨੇ। ਏਥੇ ਨੀ ਹਿਲਣ ਦਿੰਦੇ ਕਿਸੇ ਪਾਸੇ?"

ਮੀਸਣਾ ਵੀ ਬੋਲ ਪਿਆ, "ਉਹੋ ਜਿਹੇ ਨਸ਼ਈ ਤਾਂ ਉਲਟਾ ਭਈਆਂਣੀਆਂ ਨੂੰ ... ।"

ਚੁੱਪ ਰਹਿਣ ਵਾਲਾ ਫਿਕਰਮੰਦ ਹੋ ਗਿਆ, "ਇਹ ਤਾਂ ਕੌਮਾਂ 'ਚ ਨਸਲ ਘੁਸ-ਬੈਠ ਹੋਣ ਲੱਗ ਪਈ?"

ਕੋਠੀ ਵਾਲੇ ਨੇ ਗਲਾਸ ਟੱਕ ਦੀ ਆਵਾਜ਼ ਨਾਲ ਮੇਜ਼ ਉੱਤੇ ਰੱਖ ਦਿੱਤਾ, "ਯਾਰ ਇਹ ਆਪਣਾ ਮਸਲਾ ਨਹੀਂ, ਆਪਾਂ ਕਿਸ ਸਕੀਮ ਲਈ ਬੈਠੇ ਆਂ...ਗੱਲਾਂ ਹੋਰ ਈ ਚੱਲ ਪਈਆਂ?"

ਉਹ ਤਿੰਨੇ ਚੁੱਪ ਹੋ ਗਏ ਤੇ ਕੋਈ ਨਾ ਕੋਈ ਸਕੀਮ ਘੜਨ ਲਈ ਸੋਚਣ ਲੱਗ ਪਏ।

000

"ਲੈ ਬਈ ਇਸ ਨਿਊ ਕਲੋਨੀ ਦੇ ਜਿੰਨੇ ਕੁ ਪਲਾਟ ਵਿਕੇ, ਕੋਠੀਆਂ ਤਿਆਰ ਹੋਣ ਵਾਲੀਆਂ ਈ ਨੇ।" ਕੋਠੀ ਵਾਲੇ ਨੇ ਲੰਮਾ ਡਕਾਰ ਮਾਰ ਕੇ ਤਸੱਲੀ ਦਰਸਾਈ।

"ਹਾਂ ਹਾਂ ਮੁਨਾਫਾ ਤਾਂ ਕਮਾ ਈ ਲਿਐ ...ਨਾਲੇ ਉਹ ਕੋਠੀਆਂ ਬਣਾ ਕੇ ਦੇਣ ਵਾਲਾ ਠੇਕੇਦਾਰ ਬੜਾ ਹਿੰਮਤੀ ਬੰਦੈ? ਛੇਤੀ ਛੇਤੀ ਵਧੀਆ ਲਿਪਾ-ਪੋਚੀ ਕਰਕੇ ਮਾਲਕਾਂ ਦੇ ਹਵਾਲੇ ਕਰ ਦਿੰਦੈ।" ਮੀਸਣਾ ਬੋਲ ਪਿਆ ਸੀ।

"ਯਾਰ ਠੇਕੇਦਾਰ ਨੇ ਆਪਣਾ ਹਿੱਸਾ ਨੀ ਦਿੱਤਾ ਅਜੇ ਤਕ?" ਕੋਠੀ ਵਾਲੇ ਨੇ ਟਿੱਕੀ ਖਾਂਦੇ ਨੇ ਕਿਹਾ।

ਚੁੱਪ ਰਹਿਣ ਵਾਲਾ ਵੀ ਬੋਲ ਪਿਆ, "ਲੈ ਇਹ ਕਿਹੜੀ ਬਾਤ ਐ, ਲੈਣੇ ਆਉਂਦੇ ਨੇ, ਸਾਲੇ ਨੂੰ ਅਗਲੀਆਂ ਕੋਠੀਆਂ ਦਾ ਠੇਕਾ ਦੇਣ ਲਈ ਵੀ ਲਾਰਾ ਲਾਇਆ ਹੋਇਐ। ਦੋ ਵਾਰ ਆਪ ਮਿਲ ਚੁੱਕਿਐ।"

"ਛੱਡੋ ਯਾਰ, ਮਿਲ ਜਾਣਗੇ। ਤੁਸੀਂ ਅਗਲੇ ਦਾਅ ਬਾਰੇ ਸੋਚੋ ?" ਕੋਠੀ ਵਾਲੇ ਨੇ ਉਹਨਾਂ ਦਾ ਧਿਆਨ ਖਿੱਚਿਆ।

ਤਿੰਨੇ ਚੁੱਪ ਹੋ ਗਏ। ਸੋਫੇ ਲਾਗੇ ਛੋਟੇ ਸਟੂਲ ਉੱਤੇ ਸ਼ੇਰ ਦੀ ਸ਼ਕਲ ਦਾ ਟੈਡੀਬੀਅਰ, ਉਹਨਾਂ ਵੱਲ ਦੰਦ ਕੱਢੀ ਮੁਸਕਰਾ ਰਿਹੈ। ਦੂਜੇ ਕੋਨੇ 'ਚ ਦੌੜਿਆ ਜਾ ਰਿਹਾ ਹਿਰਨ। ਉਸ ਦੀ ਜੀਭ ਨਿਕਲੀ ਹੋਈ, ਪਿੱਛੇ ਗਰਦਨ ਕੀਤੀ ਹੋਈ, ਅੱਖਾਂ ਅੱਡੀਆਂ ਹੋਈਐਂ। ਸਾਹਮਣੇ ਵਾਲੀ ਕੰਧ ਉੱਤੇ ਵੱਡ-ਆਕਾਰੀ ਹਰਿਮੰਦਰ ਸਾਹਿਬ ਦੀ ਤਸਵੀਰ ਵਿਚ ਕਬੂਤਰ ਉਡੇ ਜਾ ਰਹੇ ਨੇ।

ਰਾਮੂ ਮੌਕਾ ਵੇਖ ਕੇ ਗਰਮ ਗਰਮ ਚਿਲੀ ਤੇ ਟਿੱਕੀਆਂ ਰੱਖ ਗਿਆ। ਬਾਕੀ ਸਮਾਨ 'ਤੇ ਵੀ ਨਿਗਾਹ ਮਾਰ ਗਿਆ। ਉਸ ਨੂੰ ਹਦਾਇਤ ਕੀਤੀ ਹੋਈ ਸੀ ਕਿ ਫਲਾਂ ਫਲਾਂ ਚਾਹੀਦੀ ਚੀਜ਼ ਦੀ ਕੋਈ ਕਮੀ ਨਹੀਂ ਹੋਣੀ ਚਾਹੀਦੀ।

000

ਉਹਨਾਂ ਨੂੰ ਥੋੜ੍ਹਾ ਥੋੜ੍ਹਾ ਸਰੂਰ ਹੋ ਗਿਆ। ਉਹ ਬਹੁਤੀ ਪੀਣ ਲਈ ਨਹੀਂ ਬੈਠਦੇ। ਖਾਸ ਕੰਮ ਲਈ ਹੀ ਮਿਲਦੇ ਨੇ, ਜਿਸ ਨਾਲ ਉਹ ਆਪਣਾ ਕਾਰੋਬਾਰ ਹੋਰ ਵਧਾ ਸਕਣ। ਉਹ ਸਿਪ ਕਰਕੇ ਗਲਾਸ ਰੱਖ ਦਿੰਦੇ ਨੇ। ਗਲਾਸ ਨੂੰ ਕਦੇ ਸੋਫੇ ਦੀ ਬਾਹੀ 'ਤੇ ਟਿਕਾ ਲੈਂਦੇ, ਕਦੇ ਦੂਜੇ ਹੱਥ ਵਿਚ । ਖਾਣ ਲਈ ਵੀ ਉਹ ਨਹੀਂ ਖਾਂਦੇ। ਸਿਰਫ ਮੂੰਹ 'ਚ ਰੱਖ ਕੇ ਸੁਆਦ ਚੱਖਣ ਲਈ।

ਮੀਸਣਾ ਵਾਰੀ ਵਾਰੀ ਦੋਹਾਂ ਵੱਲ ਝਾਕਿਆ। ਉਹਨਾਂ ਨੂੰ ਵੀ ਲੱਗਾ, ਹੁਣ ਕੁਝ ਕਹਿਣ ਵਾਲਾ ਹੈ। ਉਹਨਾਂ ਨੇ ਕੰਨ ਖੜ੍ਹੇ ਕਰ ਲਏ।

ਉਹ ਬੋਲਿਆ ,"ਏਹ ਜਿਹੜੀ ਨਿਊ ਕਲੋਨੀ ਦੇ ਪਿੱਛੇ ਦੂਰ ਤਕ ਜ਼ਮੀਨ 'ਚ ਫਸਲ ਅਤੇ



ਸਬਜ਼ੀ ਹੁੰਦੀ ਐ। ਕਿਹੜੇ ਕਿਹੜੇ ਜੱਟਾਂ ਦੀ ਹੈ? ਇਕੋ ਦੀ ਜਾਂ ਵਿਚ ਕਿਸੇ ਹੋਰ ਦੀ ਵੀ?"

ਕੋਠੀ ਵਾਲਾ ਝੱਟ ਬੋਲ ਪਿਆ, "ਮੈਨੂੰ ਪਤੈ? ਏਹ ਨਾਲ ਲੱਗਦੀ ਤਾਂ ਤਿੰਨ ਚਾਰ ਕੁ ਜਣਿਆਂ ਦੀ ਥੋੜ੍ਹੀ ਥੋੜ੍ਹੀ ਐ। ਸਿਰੇ 'ਤੇ ਮੇਰੇ ਦੂਰੋਂ ਨੇੜਿਉਂ ਰਿਸ਼ਤੇਦਾਰ ਗਿੱਲਾਂ ਦੇ ਪੰਦਰਾਂ ਸੋਲ੍ਹਾਂ ਕੀਲੇ ਹੋਣਗੇ। ਫਸਲ ਅਤੇ ਸਬਜ਼ੀ ਬੀਜਣ ਤੋਂ ਇਲਾਵਾ ਉਪਰਲੇ ਪਾਸੇ ਉਹਨਾਂ ਨੇ ਓਧਰਲੀ ਸੜਕ ਨਾਲ ਮਕਾਨ ਪਾਇਆ ਹੋਇਐ।"

"ਲੈ ਫੇਰ ਗੱਲ ਬਣਗੀ ਸਮਝੋ।" ਮੀਸਣੇ ਦਾ ਚਿਹਰਾ ਖਿੜ ਗਿਆ।

"ਏਨੀ ਛੇਤੀ ਨੀ ਬਣਦੀ?" ਚੁੱਪ ਰਹਿਣ ਵਾਲਾ ਬੋਲਿਆ, "ਹੌਲੀ ਹੌਲੀ ਬਣਜੂਗੀ।"

"ਯਾਰ ਇਹ ਤਾਂ ਸੱਠ ਕੁ ਕੀਲਿਆਂ ਦੀ ਨਿਊ ਕਲੋਨੀ ਨਾਲ ਮਿਲਾ ਕੇ, ਇਕੱਠੀ ਵੱਡੀ ਕਲੋਨੀ ਬਣਜੂ? ਪਰ ਐਨੀ ਰਕਮ ਕਿਵੇਂ ਕਰਾਂਗੇ?" ਕੋਠੀ ਵਾਲਾ ਫਿਕਰਮੰਦ ਹੋ ਗਿਆ ।

"ਆਪਣੀ ਜਾਇਦਾਤ ਦੀ ਬਥੇਰੀ ਕਮਾਈ ਐ। ਸ਼ਹਿਰ 'ਚ ਵੱਡੇ ਵੱਡੇ ਮਾਲ ਸਟੋਰ ਨੇ, ਪੈਟਰੋਲ ਪੰਪ, ਸਸਤੇ ਭਾਅ ਲਏ ਹੋਏ ਪਲਾਟ ਨੇ, ਯੂ. ਪੀ. 'ਚ ਵੱਡੇ ਵੱਡੇ ਫਾਰਮਾਂ ਦੀ ਆਮਦਨ ਤੇ ਆਪਣਾ 'ਉਹ' ਗੁਪਤ ਵਪਾਰ ਜਿਸ ਦਾ ਕਿਸੇ ਨੂੰ ਪਤਾ ਹੀ ਨਹੀਂ। ਬਾਕੀ ਬੈਂਕਾਂ ਤੋਂ ਕਰਜ਼ਾ ਲੈ ਲਵਾਂਗੇ।" ਮੀਸਣੇ ਨੇ ਤਿੰਨਾਂ ਜਣਿਆਂ ਦੀ ਆਮਦਨ ਦਾ ਅੰਦਾਜ਼ਾ ਲਾ ਕੇ ਕਿਹਾ।

000

ਉਸ ਦਿਨ ਉਹਨਾਂ ਨੂੰ ਸਕੀਮ ਤਾਂ ਸੁਝ ਗਈ ਸੀ। ਕੋਈ ਗੱਲ ਸਿਰੇ ਨਹੀਂ ਸੀ ਲੱਗੀ। ਵਿਚੇ ਰਾਮੂ ਆ ਟਪਕਿਆ ਸੀ। ਵਧੀਆ ਸਰੂਰ ਜਿਹੇ ਵਿਚ ਹੋ ਕੇ ਚੁੱਪ ਰਹਿਣ ਵਾਲਾ ਤੇ ਮੀਸਣਾ ਆਪਣੀਆਂ ਆਪਣੀਆਂ ਕੋਠੀਆਂ ਨੂੰ ਚਲੇ ਗਏ ਸਨ।

ਅੱਜ ਫਿਰ ਉਸੇ ਮਸਲੇ ਨੂੰ ਲੈ ਕੇ ਗੰਭੀਰ ਹੋਏ ਸਿਪ ਸਿਪ ਲਾਉਣ ਲੱਗ ਪਏ, ਜਿਵੇਂ ਗਲਾਸਾਂ ਨੂੰ ਹੀ ਬੁੱਲ੍ਹ ਲਾ ਕੇ ਪਰ੍ਹੇ ਕਰ ਦਿੰਦੇ ਹੋਣ।

"ਲਓ ਬਈ ਇੰਝ ਕਰਦੇ ਹਾਂ, ਮੋਨੀ ਨੂੰ ਫੜਦੇ ਹਾਂ, ਉਸ ਦੀ ਐੱਮ. ਐੱਲ. ਏ. ਨਾਲ ਚੰਗੀ ਹੈਗੀ ਐ। ਐੱਮ. ਐੱਲ. ਏ., ਪੁੱਡਾ ਅਥਾਰਟੀ ਅਤੇ ਮੰਤਰੀ ਨੂੰ ਮਿਲ ਕੇ ਜ਼ਮੀਨ ਜ਼ਬਤ ਕਰਨ ਦੀ ਗੱਲ ਤੋਰ ਦੇਵਾਂਗੇ।" ਚੁੱਪ ਰਹਿਣ ਵਾਲੇ ਨੇ ਸਕੀਮ ਘੜ ਕੇ ਦੋਹਾਂ ਨੂੰ ਸੁਣਾ ਦਿੱਤੀ।

ਮੀਸਣੇ ਦਾ ਅੱਧਾ ਫਿਕਰ ਲਹਿ ਗਿਆ, "ਪਰ ਆਪਾਂ ਉੱਪਰ ਤਕ ਪਹੁੰਚ ਕਰ ਸਕਾਂਗੇ?"

"ਛੱਡ ਉਏ ਨਕੰਮਿਆਂ, ਜਿੱਥੇ ਮਨੀ ਹੋਵੇ, ਭੱਜੇ ਫਿਰਨਗੇ। ਐੱਮ. ਐੱਲ. ਏ. ਨਾਲ ਉਸ ਦੀ ਖਾਸੋ-ਖਾਸ ਹੈ। ਉਹ ਮੁੱਠੀ 'ਚ ਹੈਗਾ ਏ।" ਕੋਠੀ ਵਾਲੇ ਨੇ ਆਪਣੀ ਪਹੁੰਚ ਵੀ ਸੁਣਾ ਦਿੱਤੀ। ਉਸ ਦੀ ਪਹੁੰਚ ਤਾਂ ਪੁਸ਼ਤਾਂ ਤੋਂ ਬਣੀ ਹੋਈ ਸੀ, ਜਦੋਂ ਉਸ ਦਾ ਪਿਉ ਮੰਤਰੀ ਰਹਿ ਚੁੱਕਿਆ ਸੀ। ਉਹ ਆਪ ਹੀ ਬਿਜਨਸ ਵਿਚ ਪੈ ਗਿਆ। ਪਿਉ ਵਾਂਗ ਰਾਜਨੀਤੀ ਵਿਚ ਆਇਆ ਹੀ ਨਹੀਂ, ਜਿਵੇਂ ਬਾਕੀਆਂ ਦੇ ਘਰਾਣਿਆਂ 'ਚ ਵਜ਼ੀਰ ਤੇ ਐੱਮ. ਐੱਲ. ਏ. ਬਣਨ ਦਾ ਜੱਦੀ ਹੱਕ ਹੋ ਗਿਆ ਹੈ।

000

"ਲਓ ਬਈ ਅੱਜ ਤਾਂ ਆਪਾਂ ਸਕੀਮ ਸਿਰੇ ਚੜ੍ਹਨ ਵਾਲੀ ਗੱਲ ਹੀ ਕਰਨੀ ਹੈ। ਹੁਣ ਤਕ ਕੀ ਕੀ ਕਾਰਵਾਈ ਕੀਤੀ ਗਈ।" ਕੋਠੀ ਵਾਲਾ ਖੁਸ਼ ਅਤੇ ਫਿਕਰਮੰਦ ਵੀ ਦਿਸ ਰਿਹਾ ਸੀ।

ਚੁੱਪ ਰਹਿਣ ਵਾਲਾ ਆਪਣੀ ਕੀਤੀ ਕਾਰਵਾਈ ਦੱਸਣ ਲੱਗ ਪਿਆ, "ਮੰਤਰੀ ਤੇ ਐੱਮ. ਐੱਲ. ਏ. ਰਾਹੀਂ ਪੁੱਡਾ ਅਥਾਰਟੀ ਨਾਲ ਗੱਲ ਹੋ ਗਈ ਸੀ। ਉਸ ਨੇ ਆਪਣੇ ਸ਼ਹਿਰ ਦੇ ਚਾਰੇ ਪਾਸੇ ਪੰਜ ਪਲਾਨ ਤਿਆਰ ਕਰਕੇ ਦਿੱਤੇ ਨੇ। ਇਹ ਸਾਰੀ ਜ਼ਮੀਨ ਜ਼ਬਤ ਕਰਨ ਦੀ ਸਕੀਮ ਵਿਚ ਆ ਗਈ ਹੈ।"

ਮੀਸਣਾ ਆਪਣਾ ਕੀਤਾ ਕੰਮ ਦੱਸਣ ਲਈ ਕਾਹਲਾ ਸੀ, " ਜ਼ਮੀਨ ਜ਼ਬਤ ਕਰਨ ਲਈ ਕਮੇਟੀ ਬਣਾਈ ਐ, ਉਸ ਵਿਚ ਇਸ ਵਾਰਡ ਦਾ ਐੱਮ. ਸੀ. ਵੀ ਮੈਂਬਰ ਲਿਆ ਗਿਆ ਹੈ। ਕਮੇਟੀ ਨੇ ਨਿਸ਼ਾਨਦੇਹੀ ਕਰਕੇ ਮੀਟਿੰਗਾਂ ਕਰ ਲਈਆਂ ਹਨ। ਕਮੇਟੀ ਦੀ ਕਾਰਵਾਈ ਲਿਖਤੀ ਰੂਪ 'ਚ ਆ

ਜਾਵੇਗੀ।"

"ਫਿਰ ਤਾਂ ਇਹਨਾਂ ਦੀ ਜ਼ਮੀਨ ਜ਼ਬਤ ਕਰਨ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੰਦੇ ਹਾਂ। ਰਿਸ਼ਤੇਦਾਰਾਂ ਨੂੰ ਮੈਂ ਭਰਮਾ ਲਵਾਂਗਾ। ਆਖਰ ਪੁਰਾਣੇ ਖਾਨਦਾਨੀਆਂ ਦਾ ਸਾਕ ਹੈ। ਊਂ ਵੀ ਨਰਮ ਤੇ ਸਾਊ ਬੰਦੇ ਐ। ਇਕ ਵਾਰ ਡਰਾਏ ਤੋਂ ਭੱਜੇ ਫਿਰਨਗੇ। ਦੂਜੇ ਤਾਂ ਥੋੜ੍ਹੇ ਕੀਲਿਆਂ ਵਾਲੇ ਨੇ। ਛੱਡ ਕੇ ਹੀ ਭੱਜ ਜਾਣਗੇ ...।" ਕੋਠੀ ਵਾਲਾ ਆਪਣੇ ਵਜ਼ੀਰ ਪਿਉ ਦੀ ਧੱਕੇਸ਼ਾਹੀ ਚਲਦੀ ਆਈ ਦਾ ਮਾਣ ਕਰ ਗਿਆ।

"ਫੇਰ ਤਾਂ ਪੌਂ ਬਾਰਾਂ ਨੇ। ਦੋਹਾਂ ਸੜਕਾਂ ਵਿਚਕਾਰ ਕਿਲੋਮੀਟਰ ਦੀ ਕਲੋਨੀ ਬਣਜੂਗੀ ...ਏਧਰ ਤਿੰਨ ਕੁ ਕੀਲੇ ਮੇਨ ਸੜਕ ਦੇ ਨੇੜੇ ਕਰਨ ਲਈ ਵੀ ਲੈ ਲਵਾਂਗੇ। ਬਸ ਫਿਰ ਸ਼ਹਿਰ ਦੀ ਸਭ ਤੋਂ ਵੱਡੀ ਤੇ ਮਹਿੰਗੀ ਕਲੋਨੀ ਹੋਵੇਗੀ।" ਚੁੱਪ ਰਹਿਣ ਵਾਲਾ ਕੰਨ ਖੁਰਕਦਾ ਬੋਲਿਆ।

ਮੀਸਣਾ ਸੋਚ ਕੇ ਬੋਲਿਆ, "ਐਨੀ ਮਹਿੰਗੀ ਕਲੋਨੀ 'ਚ ਮਹਿੰਗੇ ਪਲਾਟ ਕੌਣ ਲਊ?"

"ਲੈ ਤੂੰ ਮੁੱਛਾਂ 'ਚ ਮੁਸਕਰਾਉਂਦਾ ਰਿਹਾ ਕਰ। ਦਿਮਾਗ਼ ਨਾ ਖਰਚਿਆ ਕਰ। ਉਇ ਐਨੀ ਅਕਲ ਨੀ? ਮੈਂ ਦੱਸਦਾਂ, ਸ਼ਹਿਰ ਦੇ ਸਾਰੇ ਵੱਡੇ ਧਨਾਢ ਆਪਣੇ ਹੱਥਾਂ 'ਚ ਨੇ। ਵਜ਼ੀਰ ਦੇ ਹੱਥ 'ਚ ਐ। ਚਾਰ ਚਾਰ ਪਲਾਟ, ਦਸ ਧਨਾਢ ਲੈ ਸਕਦੇ ਨੇ। ਇਕ ਇਕ 'ਚ ਅਲੀਸ਼ਾਨ ਬੰਗਲੇ ਬਣਾ ਲੈਣਗੇ। ਬਾਕੀ ਮਹਿੰਗੇ ਭਾਅ ਹੌਲੀ ਹੌਲੀ ਵੇਚੀ ਜਾਣਗੇ। ਆਪਾਂ ਨੂੰ ਤਾਂ ਇਕ ਦਮ ਚਾਲੀ ਪਲਾਟਾਂ ਦਾ ਪੈਸਾ ਆਜੂਗਾ। ਉਸ ਨਾਲ ਕਲੋਨੀ ਦੀ ਉਸਾਰੀ ਕਰੀ ਜਾਵਾਂਗੇ।"

"ਹਾਂ ਬਈ ਹਾਂ, ਇਹ ਤਾਂ ਮੈਂ ਭੁੱਲ ਹੀ ਗਿਆ ਸੀ। ਏਹਨਾਂ ਨੂੰ ਜਦ ਮਰਜ਼ੀ ਫੜ ਲਓ। ਇਹ ਫੈਕਟਰੀਆਂ ਵਾਲੇ ਦਸ ਰੁਪਏ ਦਾ ਸੌ ਬਣਾਉਂਦੇ ਨੇ।"

ਕੋਠੀ ਵਾਲਾ ਗੱਲ ਨੂੰ ਸਮੇਟਦਾ ਹੋਇਆ ਬੋਲਿਆ,"ਚੱਕੋ ਫਿਰ ਸਿਪ ਸਿਪ ?"

ਉਹਨਾਂ ਇਕੱਠਿਆਂ ਹੀ ਗਲਾਸ ਚੁੱਕ ਲਏ। ਛੁਰੀਆਂ ਤੇ ਚਮਚਿਆਂ ਨਾਲ ਟਿੱਕੀ ਮੂੰਹ 'ਚ ਪਾ ਲਈ।

"ਬਹੁਤ ਸੁਆਦੀ ਬਣਾਇਆ ਰਾਮੂ ਨੇ। ਮੂੰਹ 'ਚ ਆਪੇ ਘੁਲਦਾ ਜਾਂਦੈ।" ਮੀਸਣੇ ਦੀਆਂ ਮੁੱਛਾਂ ਵੀ ਉੱਪਰ ਹੇਠਾਂ ਹਿਲ ਰਹੀਆਂ ਸਨ।

000

ਜਦੋਂ ਕੋਠੀ ਵਾਲੇ ਨੇ ਆਪਣਾ ਬੰਦਾ ਭੇਜ ਕੇ ਗਿੱਲਾਂ ਨੂੰ ਸੂਚਨਾ ਦਿੱਤੀ, "ਇਹ ਜ਼ਮੀਨ ਜ਼ਬਤ ਕਰਨ ਦੀ ਸਕੀਮ 'ਚ ਆ ਗਈ ਐ।" ਤਾਂ ਗਿੱਲ ਬੌਂਦਲ ਗਿਆ। ਉਹ ਹੀ ਨਹੀਂ ਸਾਰੇ ਟੱਬਰ ਨੂੰ ਹੱਥਾਂ ਪੈਰਾਂ ਦੀ ਪੈ ਗਈ,"ਹੈਂ?" ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ, ਕੀ ਕਰਨ? ਕਲੋਨੀ ਮਾਲਕਾਂ ਨੇ ਪੁੱਡਾ ਅਥਾਰਟੀ ਰਾਹੀਂ ਸਸਤੇ ਭਾਅ ਲੈ ਕੇ ਕਬਜ਼ਾ ਕਰ ਲੈਣਾ ਹੈ। ਹੋਰ ਕਿਸੇ ਨੇ ਐਨੀ ਛੇਤੀ ਲੈਣੀ ਵੀ ਨਹੀਂ। ਲੈਣ ਵਾਲੇ ਨੇ ਵੀ ਜ਼ਬਤ ਹੋਣ ਤੋਂ ਡਰਨਾ ਹੈ। ਕੋਈ ਜ਼ਮੀਨ ਖਰੀਦਣ ਲਈ ਤਿਆਰ ਨਹੀਂ ਹੋਵੇਗਾ।

ਉਹ ਸੋਚਦੇ ਰਿਸ਼ਤੇਦਾਰ ਤਾਂ ਝੂਠ ਬੋਲ ਹੀ ਨਹੀਂ ਸਕਦਾ। ਸੱਚ ਹੀ ਹੋਵੇਗਾ,ਤਾਂ ਹੀ ਬੰਦਾ ਭੇਜਿਆ। ਹੋਰ ਪਾਸਿਆਂ ਤੋਂ ਵੀ ਉਹ ਇਹੋ ਸੁਣਦੇ, "ਇਹ ਜ਼ਮੀਨ ਐਕੁਵਾਇਰ ਕਰ ਹੀ ਲੈਣੀ ਐ।"

ਸਾਰੇ ਪਾਸਿਆਂ ਤੋਂ ਇਹੋ ਆਵਾਜ਼ ਗਿੱਲਾਂ ਦੇ ਟੱਬਰ ਦੇ ਕੰਨਾਂ 'ਚ ਪੈਂਦੀ ਰਹੀ। ਉਹ ਘਬਰਾ ਕੇ ਕੋਠੀ ਵਾਲੇ ਕੋਲ ਜਾ ਬੈਠੇ, " ਇਹ ਕੀ ਭਾਣਾ ਵਰਤ ਗਿਆ। ਹੁਣ ਉੱਜੜ ਕੇ ਕਿੱਧਰ ਜਾਵਾਂਗੇ?"

ਕੋਠੀ ਵਾਲੇ ਨੇ ਨਰਮਾਈ ਨਾਲ ਹੌਸਲਾ ਦਿੱਤਾ, "ਕਿਤੇ ਹੋਰ ਸਸਤੇ ਭਾਅ ਏਦੋਂ ਵੱਧ ਜ਼ਮੀਨ ਦੁਆ ਦਿਆਂਗੇ। ਪਹਿਲਾਂ ਕਮੇਟੀ ਦੇ ਕਿਸੇ ਮੈਂਬਰ ਤੋਂ ਪੱਕ ਤਾਂ ਕਰੀਏ? ਇਹ ਗੱਲ ਸੱਚੀ ਵੀ ਹੈ?"

ਗਿੱਲਾਂ ਦੇ ਟੱਬਰ ਨੂੰ ਹੌਸਲਾ ਹੋਇਆ,"ਰੱਬ ਕਰੇ, ਅਫਵਾਹ ਝੂਠੀ ਹੀ ਹੋਵੇ।"

"ਚਲੋ ਆਪਾਂ ਹੁਣੇ ਚਲਦੇ ਆਂ।" ਕੋਠੀ ਵਾਲੇ ਨੇ ਐੱਮ. ਸੀ. ਨੂੰ ਫੋਨ 'ਤੇ ਮਿਲਣ ਲਈ ਕਹਿ ਦਿੱਤਾ।



ਉਹ ਐੱਮ. ਸੀ. ਕੋਲ ਚਲੇ ਗਏ। ਐੱਮ. ਸੀ. ਨੇ ਉਹਨਾਂ ਨੂੰ ਚਾਹ ਪਿਆਈ। ਮੁਹੱਲੇ ਦਾ ਦੁੱਖ ਦਰਦ ਪੁੱਛਣ ਤੋਂ ਪਹਿਲਾਂ ਹੀ ਹੋਰ ਗੱਲ ਛੇੜ ਲਈ, "ਆਪਣੇ ਵਾਰਡ 'ਚ ਸੀਵਰੇਜ ਛੇਤੀ ਪੈਣ ਵਾਲੈ। ਮੇਨ ਸੜਕ ਵਿਚ ਤਾਂ ਵੱਡੇ ਸੀਵਰੇਜ ਦਾ ਐਸਟੀਮੇਟ ਲੱਗ ਚੁੱਕਿਐ। ਕੰਮ ਛੇਤੀ ਸ਼ੁਰੂ ਹੋਣ ਜਾ ਰਿਹੈ। ਗਲੀਆਂ 'ਚ ਉਸ ਤੋਂ ਜਲਦੀ ਬਾਅਦ ਪੈ ਜਾਵੇਗਾ। ਜਦੋਂ ਗਲੀਆਂ ਵਿਚ ਸੀਵਰੇਜ ਪੈ ਗਿਆ, ਨਾਲ ਹੀ ਇੰਟਰਲੌਕ ਟਾਈਲਾਂ ਲਾ ਕੇ ਗਲ਼ੀਆਂ ਪੱਕੀਆਂ ਹੋ ਜਾਣਗੀਆਂ। ਵੇਖ ਲਓ, ਮੇਰੀ ਗਲੀ ਇੰਟਰਲੌਕ ਐ ਤੇ ਗਲ਼ੀ ਦੇ ਦੋਵੇਂ ਪਾਸੇ ਲੋਹੇ ਦੇ ਗੇਟ ਵੀ ਲੱਗ ਗਏ ਨੇ। ਇਸ ਗਲ਼ੀ ਦਾ ਸੀਵਰੇਜ ਦੂਜੇ ਪਾਸਿਉਂ ਵੱਡੇ ਸੀਵਰੇਜ 'ਚ ਪਾਇਆ ਗਿਐ। ਹਾਂ ਸੱਚ ਸੇਵਾ ਦੱਸੋ ਜੀ, ਮਸਾਂ ਸਾਡੇ ਕੋਲ਼ ਆਏ ਹੋ...?"

ਕੋਠੀ ਵਾਲਾ ਬੋਲਿਆ,"ਇਹਨਾਂ ਦੀ ਜ਼ਮੀਨ ਦਾ ਕੀ ਚੱਕਰ ਐ, ਐਕੁਵਾਇਰ ਹੁੰਦੀ ਐ?"

"ਓ ਤਾਂ ਜੀ ਮੀਟਿੰਗ ਦੇ ਫੈਸਲੇ ਵਾਲੀ ਰੀਪੋਰਟ ਆ ਗਈ ਐ...ਮੈਂ ਦਿਖਾਨਾਂ...।" ਉਹ ਜਲਦੀ ਨਾਲ ਉੱਠ ਕੇ ਦੂਜੇ ਕਮਰੇ 'ਚ ਗਿਆ ਤੇ ਫਾਈਲ ਲੈ ਆਇਆ,"ਆ ਵੇਖੋ ਜੀ ਨੋਟਿਸ ਕੱਢਣ ਲਈ ਤਿਆਰੀ ਹੋ ਰਹੀ ਹੈ। ਇਹਨਾਂ ਸਰਦਾਰ ਜੀ ਦੀ ਵੀ ਸਾਰੀ ਹੀ ਐਕੁਵਾਇਰ 'ਚ ਆਉਂਦੀ ਹੈ।"

ਗਿੱਲ ਉਹਨਾਂ ਵੱਲ ਬਿੱਟ ਬਿੱਟ ਝਾਕਣ ਲੱਗ ਪਿਆ। ਉਸ ਦਾ ਬੋਲ ਨਹੀਂ ਸੀ ਨਿਕਲ ਰਿਹਾ।

ਕੋਠੀ ਵਾਲਾ ਬੋਲਿਆ,"ਜੇ ਪਹਿਲਾਂ ਪਹਿਲਾਂ ਮਹਿੰਗੇ ਭਾਅ ਵੇਚ ਲੈਣ ...?"

"ਹਾਂ ਹਾਂ ਮੇਰੀ ਤਾਂ ਆਪ ਇਹੋ ਸਲਾਹ ਹੈ। ਮੈਂ ਤਾਂ ਆਪਣੇ ਬੰਦਿਆਂ ਦਾ ਫਾਇਦਾ ਸੋਚਦਾਂ।" ਐੱਮ. ਸੀ ਨੇ ਫਾਈਲ ਵਿਖਾ ਕੇ ਰੱਖ ਦਿੱਤੀ।

000

ਗਿੱਲ ਦੇ ਘਰ ਜਾਂਦੇ ਨੂੰ, ਉਸ ਦੇ ਨਾਲ ਲੱਗਦੀ ਥੋੜ੍ਹੀ ਥੋੜ੍ਹੀ ਜ਼ਮੀਨ ਵਾਲੇ ਤਿੰਨੇ-ਚਾਰੇ ਉਸ ਦੇ ਘਰ ਆ ਬੈਠੇ ਸਨ। ਗਿੱਲ ਨੇ ਜਾਂਦਿਆਂ ਹੀ ਉਹਨਾਂ ਨੂੰ ਕਿਹਾ,"ਅਸੀਂ ਤਾਂ ਉੱਜੜਗੇ?"

ਉਹ ਸੁਣ ਕੇ ਹੈਰਾਨ ਹੋ ਗਏ। ਤਿੰਨੇ-ਚਾਰੇ ਇਕੱਠੇ ਹੀ ਬੋਲ ਪਏ,"ਕਿਵੇਂ? ਤੁਸੀਂ ਆਪ ਤਾਂ ਮਰਜ਼ੀ ਨਾਲ ਵੇਚ ਕੇ ਚੱਲੇ ਹੋ।"

"ਹੈਂ? ਕੌਣ ਕਹਿੰਦੈ? ਅਸੀਂ ਤਾਂ ਨਾਂ ਨੀ ਲਿਆ ਅਜੇ ਤਕ ਕਿਸੇ ਕੋਲ ਵੀ?" ਗਿੱਲ ਹੋਰ ਪਰੇਸ਼ਾਨ ਹੋ ਗਿਆ।

"ਲੈ ਯਾਰ ਉਹ ਕਲੋਨੀ ਦੇ ਮਾਲਕਾਂ ਨੇ ਸਾਡੇ ਕੋਲ ਬੰਦਾ ਭੇਜਿਐ। ਅਖੇ, ਗਿੱਲਾਂ ਨਾਲ ਸੌਦਾ ਹੋ ਗਿਆ ਐਕੁਵਾਇਰ ਕਰਨ ਦੇ ਡਰੋਂ, ਤੁਸੀਂ ਵਿਚਕਾਰ ਆਉਂਦੇ ਹੋ। ਤੁਸੀਂ ਵੀ ਦਿਓਗੇ ਹੀ? ਨਹੀਂ ਤਾਂ ਸਸਤੇ ਭਾਅ ਐਕੁਵਾਇਰ ਕਰ ਹੀ ਲੈਣੀ ਹੈ। ਅਸੀਂ ਸੋਚ ਕੇ ਉਨ੍ਹਾਂ ਨੂੰ ਫਿਰ ਹਾਂ ਕੀਤੀ ਐ।" ਇਕ ਜਣੇ ਨੇ, ਜੋ ਉਹਨਾਂ ਨਾਲ ਗੱਲ ਹੋਈ ਸੀ, ਕਹਿ ਦਿੱਤੀ।

ਦੂਜਾ ਜਣਾ ਝੱਟ ਬੋਲ ਪਿਆ,"ਉਹ ਤਾਂ ਇਹ ਵੀ ਕਹਿ ਗਏ, ਗਿੱਲਾਂ ਨੇ ਇਸ ਜ਼ਮੀਨ ਦਾ ਸੌਦਾ ਕਰਕੇ, ਸਤਲੁਜ ਦੇ ਮੰਡ ਵਿਚ ਸਸਤੇ ਭਾਅ ਵੱਧ ਜ਼ਮੀਨ ਲੈਣ ਦੀ ਤਿਆਰੀ ਵੀ ਕਰ ਲਈ ਹੈ।"

ਤੀਜੇ ਜਣੇ ਨੇ ਰਹਿੰਦੀ ਗੱਲ ਵੀ ਕਹਿ ਦਿੱਤੀ,"ਕਹਿੰਦੇ ਗਿੱਲਾਂ ਦੇ ਨਾਲ ਹੀ ਮੰਡ 'ਚ ਜਾ ਲਉ ਤੁਸੀਂ ਵੀ। ਵੱਧ ਕੀਲੇ ਬਣ ਜਾਣਗੇ।"

ਗਿੱਲ ਸਿਰ ਫੜ ਕੇ ਬੈਠ ਗਿਆ। ਟੱਬਰ ਵੀ ਸੁਣ ਕੇ ਡੌਰ ਭੌਰ ਹੋ ਗਿਆ। ਉਹ ਸੋਚਦੇ ਇਹ ਬਣ ਕੀ ਗਿਆ? ਹੁਣ ਏਥੋਂ ਪੈਰ ਕਿਵੇਂ ਪੁੱਟੇ ਜਾਣਗੇ? ਇਹ ਘਰ ਤੇ ਜ਼ਮੀਨ? ਸਬਜ਼ੀ ਨਾਲ ਵਧੀਆ ਘਰ ਦੀ ਕਬੀਲਦਾਰੀ ਰੁੜ੍ਹਦੀ ਜਾ ਰਹੀ ਸੀ। ਕਿਸੇ ਗੱਲ ਦਾ ਫਿਕਰ ਨਹੀਂ ਸੀ।

ਉਹਨਾਂ ਤਿੰਨਾਂ-ਚਾਰਾਂ ਵਿਚੋਂ ਇਕ ਜਣਾ ਬੋਲਿਆ , "ਮੇਰਾ ਤਾਂ ਘਰ ਵੀ ਜ਼ਮੀਨ 'ਚ ਪਾਇਆ ਹੋਇਆ, ਚੁੱਕ ਕੇ ਕਿਧਰ ਲੈ ਜਾਊਂ ?"

ਦੂਜੇ ਬੰਬੀਆਂ ਵਾਲੇ ਰੋਣਹਾਕੇ ਹੋਏ ਬੋਲ ਪਏ,"ਅਸੀਂ ਕਿਧਰ ਨੂੰ ਜਾਵਾਂਗੇ?"

ਉਹਨਾਂ ਨੂੰ ਕੋਈ ਉੱਤਰ ਨਹੀਂ ਸੀ ਸੁਝ ਰਿਹਾ ।

000

ਗਿੱਲਾਂ ਦੇ ਟੱਬਰ ਨੂੰ ਪਤਾ ਲੱਗ ਗਿਆ ਸੀ ਕਿ ਉਹਨਾਂ ਦੀ ਜ਼ਮੀਨ ਐਕੁਵਾਇਰ ਹੋ ਹੀ ਜਾਣੀ ਹੈ। ਉਹਨਾਂ ਨੂੰ ਨਿਊ ਕਲੋਨੀ ਵਾਲਿਆਂ ਦਾ ਤਾਂ ਚਿੱਤ-ਚੇਤਾ ਵੀ ਨਹੀਂ ਸੀ ਕਿ ਉਹ ਹੀ ਆਪਣੀ ਕਲੋਨੀ ਨੂੰ ਵੱਡੀ ਕਰਨੀ ਚਾਹੁੰਦੇ ਨੇ। ਉਹਨਾਂ ਖੇਤੀ-ਬਾੜੀ ਵੱਲ ਹੀ ਪੂਰਾ ਧਿਆਨ ਲਾਇਆ ਹੋਇਆ ਸੀ। ਉਹ ਸ਼ਹਿਰ ਦੇ ਐਨ ਲਾਗੇ ਬੈਠੇ, ਮੌਸਮੀ ਸਬਜ਼ੀ-ਭਾਜੀ ਲਾ ਕੇ ਚੰਗਾ ਗੁਜ਼ਾਰਾ ਕਰਦੇ ਆ ਰਹੇ ਸੀ। ਕਿਸੇ ਨਾਲ ਉਹਨਾਂ ਨੂੰ ਲੈਣ-ਦੇਣ ਹੀ ਨਹੀਂ ਸੀ। ਗੋਭੀ ਸਮੇਂ ਗੋਭੀ ਤੇ ਫੁੱਲ-ਗੋਭੀ, ਮਟਰ, ਮੂਲੀਆਂ, ਗਾਜਰ, ਪਾਲਕ ਮੇਥੀ, ਸਰ੍ਹੋਂ ਦਾ ਸਾਗ ਬੀਜ ਕੇ ਵੇਚ ਲੈਂਦੇ। ਘੀਆ-ਕੱਦੂ, ਭਿੰਡੀ-ਤੋਰੀ, ਆਲੂ, ਪਿਆਜ, ਥੋੜ੍ਹੀ ਥੋੜ੍ਹੀ ਹਰ ਸਬਜ਼ੀ 'ਤੇ ਹੱਥ ਅਜਮਾਉਣ ਦੇ ਮਾਹਰ ਹੋ ਗਏ ਸੀ। ਦਿਨ ਵੇਲੇ ਤਾਂ ਵਿਹੜੇ ਵਾਲੀਆਂ ਜਨਾਨੀਆਂ, ਸਬਜ਼ੀ ਤੋੜ ਦਿੰਦੀਆਂ। ਤੜਕੇ ਗਿੱਲ ਹੋਰੀਂ ਆਪ ਟਰੈਕਟਰ 'ਤੇ ਲੱਦ ਕੇ ਸਬਜ਼ੀ ਮੰਡੀ ਲੈ ਜਾਂਦੇ। ਉਹਨਾਂ ਨੂੰ ਇਕ ਮਿੰਟ ਦਾ ਵਿਹਲ ਨਹੀਂ ਸੀ ਮਿਲਦਾ।

ਪਹਿਲਾਂ ਹੀ ਗਿੱਲਾਂ ਦੇ ਮਾਂ-ਪਿਉ ਨੂੰ ਉਜਾੜੇ ਦੇ ਹੱਥ ਲੱਗੇ ਹੋਏ ਸਨ। ਉਹਨਾਂ ਦਾ ਪਿਛਲਾ ਪਿੰਡ ਵੱਡੇ ਸ਼ਹਿਰ ਨੇ ਨਿਗਲ ਲਿਆ ਸੀ। ਉਥੋਂ ਜ਼ਮੀਨ ਵੇਚ ਕੇ ਏਥੇ ਸ਼ਹਿਰ ਤੋਂ ਕਾਫੀ ਦੂਰ ਹਟਵੀਂ, ਰੇਤ ਦੇ ਟਿੱਬਿਆਂ ਵਾਲੀ ਜ਼ਮੀਨ ਮੁੱਲ ਲੈ ਕੇ ਟਿੱਬੇ ਪੱਧਰੇ ਕੀਤੇ। ਬੰਬੀ ਲਾ ਕੇ ਵਾਹ ਵਹਾਈ ਕਰਕੇ ਫਸਲ ਵਧੀਆ ਹੋਣ ਲੱਗ ਪਈ ਸੀ। ਜਦੋਂ ਸ਼ਹਿਰ ਉਹਨਾਂ ਵੱਲ ਫੈਲਦਾ ਆਇਆ, ਜਿਸ ਦੀ ਉਸ ਸਮੇਂ ਬਿਲਕੁਲ ਹੀ ਆਸ ਨਹੀਂ ਸੀ ਤਾਂ ਸਬਜ਼ੀ ਦੀ ਖੇਤੀ ਸ਼ੁਰੂ ਕਰ ਦਿੱਤੀ ।

000

ਕੋਠੀ ਵਾਲੇ ਨੇ ਵਿਸ਼ੇਸ਼ ਮੀਟਿੰਗ ਬੁਲਾਈ। ਉਸ ਵਿਚ ਮੀਸਣਾ ਤੇ ਚੁੱਪ ਰਹਿਣ ਵਾਲੇ ਤੋਂ ਇਲਾਵਾ ਵਿਸ਼ੇਸ਼ ਮਹਿਮਾਨ ਪੁੱਡਾ ਅਥਾਰਟੀ ਦਾ ਮੁੱਖੀ ਤੇ ਮੰਤਰੀ, ਐੱਮ. ਐੱਲ. ਏ., ਅਤੇ ਐੱਮ. ਸੀ. ਸੱਦੇ ਗਏ। ਵੱਡੀ ਕਲੋਨੀ ਦੀ ਫਸਲ ਅਤੇ ਸਬਜ਼ੀ-ਭਾਜੀ ਵਾਲੀ ਜ਼ਮੀਨ ਕਬਜ਼ੇ 'ਚ ਕਰਨ ਲਈ ਉਹਨਾਂ ਦੀ ਖਾਸ ਮਿਹਨਤ ਕੀਤੀ ਹੋਈ ਮੰਨੀ ਗਈ। ਇਹਨਾਂ ਦੀ ਹਰ ਤਰ੍ਹਾਂ ਦੀ ਸੇਵਾ ਹੋ ਰਹੀ ਸੀ। ਰਾਮੂ ਨੇ ਪਹਿਲਾਂ ਹੀ ਸਾਰਾ ਇੰਤਜ਼ਾਮ ਕਰ ਲਿਆ। ਕਾਲੇ ਸ਼ੀਸ਼ੇ ਵਾਲੀ ਕਾਰ ਤੋਂ ਇਲਾਵਾ ਕਿਸੇ ਨੂੰ ਅੰਦਰ ਆਉਣ ਦੀ ਆਗਿਆ ਨਹੀਂ ਸੀ। ਕੋਠੀ ਦਾ ਬਾਹਰਲਾ ਗੇਟ ਸ਼ਾਮੂ ਕੋਲੋਂ ਬੰਦ ਕਰਾ ਦਿੱਤਾ ਗਿਆ।

ਕੋਠੀ ਵਾਲੇ ਨੇ ਵੱਡੀ ਸਕਰੀਨ ਵਾਲੇ ਟੀ. ਵੀ. ਉੱਤੇ ਉਹੋ ਜਿਹੀ ਸੀ. ਡੀ. ਚਲਾਈ ਕਿ ਸਾਰਿਆਂ ਦਾ ਧਿਆਨ ਉਸ ਪਾਸੇ ਲੱਗ ਗਿਆ। ਜਦੋਂ ਰਾਮੂ ਗਲਾਸਾਂ ਵਿਚ ਮਸਤ ਕਰਨ ਵਾਲੀ ਪਾ ਕੇ ਬਾਹਰ ਨਿਕਲ ਗਿਆ ਤਾਂ ਕੋਠੀ ਵਾਲੇ ਨੇ ਇਸ਼ਾਰਾ ਕੀਤਾ,"ਲਓ ਸਿਪ ਕਰੋ, ਬਰਫ ਖੁਰਨ ਲੱਗੀ ਐ।" ਉਸ ਨੇ ਟੀ. ਵੀ. ਵੱਲ ਮੂੰਹ ਕਰਕੇ ਫਿਰ ਕਿਹਾ,"ਇਹ ਕੀ ਚੀਜ਼ ਐ ਜੀ...ਥੋੜ੍ਹੇ ਚਿਰ ਨੂੰ ...ਜ਼ਰਾ ਸਰੂਰ 'ਚ ਤਾਂ ...ਹਾ ਹਾ ਹਾ ...।"

ਉਹ ਹੱਸ ਪਏ। ਉਹਨਾਂ ਦੇ ਚਿਹਰੇ ਖਿੜ ਗਏ। ਉਹਨਾਂ ਨੇ ਲੰਮੀ ਬਾਂਹ ਕਰਕੇ ਗਲਾਸ ਚੁੱਕ ਲਏ ਤੇ ਟੀ. ਵੀ. ਵੱਲ ਵੇਖਣ ਲੱਗ ਪਏ। ਉਹਨਾਂ ਨੂੰ ਕਿਸੇ ਹੋਰ ਚੀਜ਼ ਦੀ ਆਸ ਹੋ ਗਈ ।

ਐੱਮ. ਐੱਲ. ਏ. ਬੋਲਿਆ, "ਸ਼ਹਿਰ ਦੀ ਏ ਵਨ ਕਲੋਨੀ ਬਣਜੂ, ਮੁੱਖ ਮੰਤਰੀ ਤੋਂ ਉਦਘਾਟਨ ਕਰਾਵਾਂਗੇ।"

"ਇਹ ਤਾਂ ਤੁਹਾਡੀ ਮਿਹਰਬਾਨੀ ਹੋਈ ਐ।" ਮੀਸਣਾ ਉਸ ਨੂੰ ਫੂਕ ਛਕਾਉਣ ਲੱਗ ਪਿਆ।

ਕੋਠੀ ਵਾਲਾ ਬੋਲਿਆ,"ਸਾਰਿਆਂ ਨੇ ਹੀ ਰਲ ਕੇ ਹੰਭਲਾ ਮਾਰਿਐ, ਤਾਂ ਹੀ ਐਕੁਵਾਇਰ ਵਾਲੀ ਸਕੀਮ ਰੱਦ ਹੋਈ। ਅਗੇ ਨੂੰ ਵੀ ਇਹੋ ਆਸ ਕਰਾਂਗੇ, ਕੰਮ ਚਲਦਾ ਰਹੂ ਜੀ।" ਉਸ ਨੇ ਖਿੜੇ ਚਿਹਰਿਆਂ ਵੱਲ ਹੱਥ ਕੀਤਾ। ਉਹਨਾਂ ਦੀ ਛਾਤੀ ਨੇ ਭਰੀ ਹੋਈ ਜੇਬ ਦਾ ਅਹਿਸਾਸ ਕਰਾ ਦਿੱਤਾ ਸੀ। ਐੱਮ. ਸੀ. ਨੂੰ ਆਪਣੇ ਵਾਰਡ ਦੇ ਵੋਟਰ ਯਾਦ ਆ ਗਏ, "ਜ਼ਮੀਨਾਂ ਵਾਲਿਆਂ ਨੂੰ ਪੂਰੀ ਪੇਮੈਂਟ ਵੀ ਕਰ ਦਿੱਤੀ ਕਿ ਅਜੇ ਕੁਝ ਰਹਿੰਦੀ ਐ।"

ਚੁੱਪ ਰਹਿਣ ਵਾਲਾ ਬੋਲ ਪਿਆ,"ਅਜੇ ਤਾਂ ਅੱਧੀ ਕੀਤੀ ਐ, ਬਾਕੀ ਦੀ ਕਿਸ਼ਤਾਂ 'ਚ ਕਰਾਂਗੇ, ਜਿਵੇਂ



ਜਿਵੇਂ ਪਲਾਟ ਵਿਕਦੇ ਗਏ। ਐਨਾ ਪੈਸਾ ਕਿਥੋਂ ਲਿਆਈਏ? ਕਰਜ਼ਾ ਵੀ ਕਿਸ਼ਤਾਂ 'ਚ ਦੇ ਰਹੇ ਨੇ। ਕਹਿੰਦੇ ਉਸਾਰੀ ਵਿਖਾਓ। ਦੂਜੇ ਜਿਹਨਾਂ ਵੱਡੇ ਵਪਾਰੀਆਂ ਨੇ ਚਾਰ ਚਾਰ ਪਲਾਟ ਲਏ ਸੀ, ਉਹ ਵੀ ਕਹਿੰਦੇ ਕਿਸ਼ਤਾਂ 'ਚ ਦਿਆਂਗੇ। ਉਹਨਾਂ ਨੇ ਵੀ ਅੱਧੇ ਨਾਲੋਂ ਘੱਟ ਦਿੱਤੇ ਨੇ। ਅਜੇ ਅਸੀਂ ਸੜਕਾਂ ਬਣਾਉਣੀਆਂ ਨੇ। ਸੀਵਰੇਜ, ਬਿਜਲੀ ਦੀਆਂ ਤਾਰਾਂ, ਸੜਕਾਂ ਗਲੀਆਂ 'ਚ ਮਿੱਟੀ ਢੇਰਾਂ ਦੇ ਢੇਰ ਪੈਣੀ ਐ।"

ਐੱਮ. ਐੱਲ. ਏ. ਨੂੰ ਵੀ ਆਪਣੇ ਵੋਟਰਾਂ ਦਾ ਫਿਕਰ ਜਾਗ ਪਿਆ,"ਉਹਨਾਂ ਨੇ ਅੱਗੇ ਮੰਡ 'ਚ ਜ਼ਮੀਨ ਲੈ ਲਈ ਕਿ ਅਜੇ...?"

ਕੋਠੀ ਵਾਲਾ ਗੱਲ ਸਾਂਭ ਗਿਆ,"ਥੋੜ੍ਹੀ ਬਹੁਤੀ ਲੈ ਲਈ ਹੋਏਗੀ। ਏਧਰੋਂ ਪੂਰੇ ਪੈਸੇ ਹੀ ਨਹੀਂ ਮਿਲੇ। ਜਿਵੇਂ ਜਿਵੇਂ ਕਿਸ਼ਤਾਂ 'ਚ ਮਿਲੀ ਜਾਣਗੇ, ਉਸ ਤਰ੍ਹਾਂ ਕਿਸ਼ਤਾਂ 'ਚ ਉਹ ਅੱਗੇ ਲੈ ਲੈਣਗੇ। ਨਾਲੇ ਆਪਾਂ ਨੂੰ ਕੀ? ਆਪਣਾ ਕਬਜ਼ਾ ਹੋ ਗਿਆ।"

ਡਰਾਇੰਗ ਰੂਮ ਦੇ ਅਟੈਚਡ ਕਮਰੇ ਦਾ ਦਰਵਾਜ਼ਾ ਥੋੜ੍ਹਾ ਖੁੱਲ੍ਹਿਆ,'ਟੱਕ ਟੱਕ' ਦੀ ਆਵਾਜ਼ ਤੋਂ ਉਹਨਾਂ ਦਾ ਧਿਆਨ ਓਧਰ ਗਿਆ। ਇਕੋ ਝਲਕ ਨਾਲ ਉਹਨਾਂ ਦੀਆਂ ਅੱਖਾਂ ਚੁੰਧਿਆ ਗਈਆਂ। ਦਰਵਾਜ਼ਾ ਉਸੇ ਵੇਲੇ ਬੰਦ ਹੋ ਗਿਆ। ਉਹ ਛੇਤੀ ਛੇਤੀ ਦੋ ਤਿੰਨ ਸਿਪਾਂ ਕਰ ਗਏ ਤੇ ਗਲਾਸ ਮੇਜ਼ ਉੱਤੇ ਰੱਖ ਦਿੱਤੇ। ਛੁਰੀ-ਚਮਚੇ ਨਾਲ ਚਿੱਲੀ-ਟਿੱਕੀ ਦੰਦਾਂ ਹੇਠ ਦੇ ਲਈ ।

000

ਕੋਠੀ ਵਾਲਾ ਆਪਣੇ ਦੋਵੇਂ ਸਾਥੀਆਂ ਨਾਲ ਨਿਊ ਕਲੋਨੀ ਨੂੰ ਮਿਲਾਉਂਦੀ ਨਵੀਂ ਤੇ ਵੱਡੀ ਕਲੋਨੀ ਵੱਲ ਨਿਕਲੇ। ਸ਼ਾਮ ਦੀ ਸੈਰ ਦਾ ਸਮਾਂ। ਹਵਾ ਥੋੜ੍ਹੀ ਥੋੜ੍ਹੀ ਰੁਮਕਦੀ। ਮੌਸਮ ਸੁਹਾਵਣਾ। ਆਸਮਾਨ ਸਾਫ ਤੇ ਸੂਰਜ ਡੁੱਬਣ ਲਈ ਕਾਹਲੀ ਨਾਲ ਥੱਲੇ ਜਾ ਰਿਹਾ। ਧੁੱਪ ਦਾ ਰੰਗ ਥੋੜ੍ਹਾ ਥੋੜ੍ਹਾ ਗੁਲਾਬੀ ਹੋ ਰਿਹਾ। ਪੂਰਬ ਵੱਲੋਂ ਹੁਣੇ ਨਿਕਲੀਆਂ ਬੱਦਲੀਆਂ ਉੱਤੇ ਸੂਰਜ ਦੀ ਰੋਸ਼ਨੀ ਦੀਆਂ ਕਿਰਨਾਂ ਨਾਲ ਬੱਦਲੀਆਂ ਦੇ ਰੰਗ ਬਦਲਦੇ ਰਹੇ। ਕਲੋਨੀ ਦੇ ਵਿਚਕਾਰ ਵੱਡੀ ਚੌੜੀ ਸੜਕ ਦੇ ਦੋਵੇਂ ਪਾਸੇ ਚਾਰ ਚਾਰ ਫੁੱਟ ਪੱਕੀ ਕੰਧ ਹੋ ਗਈ ਸੀ। ਸੜਕ 'ਚ ਮਿੱਟੀ ਲਈ ਬਾਹਰੋਂ ਵੱਡੇ ਟਰਾਲੇ ਲਗਾਤਾਰ ਘੁੰਮ ਰਹੇ ਨੇ। ਵੱਡੀ ਸੜਕ ਤੋਂ ਜਾਂਦੀਆਂ ਛੋਟੀਆਂ ਸੜਕਾਂ ਦੇ ਆਲੇ ਦੁਆਲੇ ਵੀ ਕੰਧਾਂ ਹੋ ਚੁੱਕੀਆਂ ਨੇ। ਛੋਟੀਆਂ ਸੜਕਾਂ ਵਿਚ ਮਿੱਟੀ ਪਾਉਣ ਲਈ ਵੱਡੇ ਪਲਾਟਾਂ ਵਿਚੋਂ ਟਰੈਕਟਰਾਂ ਮਗਰ ਕਰਾਹ ਨਾਲ ਮਿੱਟੀ ਖਿੱਚੀ ਜਾ ਰਹੀ ਹੈ। ਪਹਿਲਾਂ ਪਲਾਟਾਂ ਨੂੰ ਵਾਹ ਲਿਆ, ਫਿਰ ਕਰਾਹ ਨਾਲ ਮਿੱਟੀ ਸੌਖੀ ਖਿੱਚੀ ਗਈ। ਇਹ ਪਲਾਟ ਦੋ ਦੋ ਫੁੱਟ ਹੋਰ ਡੂੰਘੇ ਹੋ ਗਏ ਨੇ। ਮੇਨ ਸੜਕ, ਗਲੀਆਂ ਵਾਲੀਆਂ ਸੜਕਾਂ ਨਾਲੋਂ ਛੇ ਤੋਂ ਅੱਠ ਫੁੱਟ ਡੂੰਘੇ। ਜਿਹੜਾ ਕੋਈ ਜਣਾ ਪਲਾਟ ਲਏਗਾ, ਉਸ ਨੂੰ ਘੱਟੋ ਘੱਟ ਛੇ ਤੋਂ ਅੱਠ ਫੁੱਟ ਤਕ ਮਿੱਟੀ ਦੀ ਭਰਤੀ ਪਾਉਣੀ ਪਏਗੀ। ਜਿਹੜੀ ਮਿੱਟੀ ਕਦੇ ਮੁਫਤ ਚੁਕਾਈ ਜਾਂਦੀ ਰਹੀ ਸੀ, ਉਹ ਹੁਣ ਲੱਖਾਂ 'ਚ ਵਿਕਦੀ ਹੈ।

ਮੀਸਣੇ ਨੇ ਹਾਸੇ ਤੇ ਮਜ਼ਾਕ ਦੀ ਹੀ ਗੱਲ ਕੀਤੀ ,"ਯਾਰ ਏਨੀ ਛੇਤੀ ਕਿਵੇਂ ਸਭ ਕੁਝ ਬਣ ਗਿਆ?"

"ਹਾਂ ਯਾਰ, ਹੁਣ ਵੇਖੀਂ, ਅੱਗੇ ਕਮਾਈ ਹੀ ਕਮਾਈ ਹੈ।" ਕੋਠੀ ਵਾਲੇ ਨੇ ਖੁਸ਼ ਹੋ ਕੇ ਕਿਹਾ।

ਚੁੱਪ ਰਹਿਣ ਵਾਲਾ ਵੀ ਬੋਲ ਪਿਆ,"ਕੱਲ ਏਸੇ ਟੈਮ ਅਗਲੇ ਦਾਅ ਦੀ ਸਕੀਮ ਬਣਾਉਣ ਲਈ ਬੈਠਾਂਗੇ ... ਹੁਣ ਕਿੱਥੇ ਕਾਂਟਾ ਫਿਟ ਕਰਨਾ ਹੈ?"

ਉਹ ਹੱਸ ਪਏ। ਮੂੰਹ ਹਨੇਰਾ ਹੋਣ ਤੋਂ ਪਹਿਲਾਂ, ਉਹ ਮੁੜ ਆਏ। ਕੋਠੀ ਦੇ ਗੇਟ 'ਤੇ ਸ਼ਾਮੂ ਸਿੱਧਾ ਖੜ੍ਹਾ ਹੋ ਗਿਆ ਤੇ ਕੁੱਤਿਆਂ ਨੇ ਪੂਛਾਂ ਹਿਲਾਈਆਂ। ਡਰਾਇੰਗ ਰੂਮ ਵਿਚ ਆ ਕੇ ਉਹ ਬੈਠ ਗਏ। ਇਕ ਪਾਸੇ ਛੋਟੇ ਮੇਜ਼ ਉੱਤੇ ਸ਼ੇਰ, ਮੂੰਹ ਅੱਡ ਕੇ ਬੈਠਾ ਹੋਇਐ ਤੇ ਦੂਜੇ ਪਾਸੇ ਹਿਰਨ ਦੀ ਜੀਭ ਨਿਕਲੀ ਹੋਈ ਐ। ਸਾਹਮਣੇ ਕੰਧ 'ਤੇ ਹਰਿਮੰਦਰ ਸਾਹਿਬ ਦੀ ਵੱਡੀ ਤਸਵੀਰ ਵਿਚ,ਅਥਾਹ ਸ਼ਰਧਾ ਲਈ, ਅਥਾਹ ਭੀੜ ਹੈ ।ਸਰੋਵਰ ਉਪਰੋਂ ਕਬੂਤਰ, ਇਕ ਪਾਸੇ ਤੋਂ ਦੂਜੇ ਨੂੰ ਉਡਾਰੀਆਂ ਮਾਰ ਰਹੇ ਨੇ ।❑❑

| ਸੁਨੇਤ ਨਗਰ ,ਅਮਲੋਹ ਰੋਡ (ਗਲਵੱਡੀ) ਖੰਨਾ, ਮੋਬਾਇਲ : 9872823511 |

# ਦੇਸ਼ ਕਾਲ ਵਾਲਾ ਦੇਸ਼ ਅਤੇ ਸਰਮਾਇਆ

## ਸੁਰਜੀਤ ਹਾਂਸ

SPACES OF CAPITAL (Towards a Critical Geography), David Harvey, Routledge, New York, 2001, Rs. 2609

ਕੋਈ ਪੰਜਾਹ ਕੁ ਸਾਲ ਹੋਏ ਜਦੋਂ ਅਸੀਂ ਜੁਗਰਾਫ਼ੀ ਨੂੰ ਐਵੇਂ ਜਿਹਾ ਮਜ਼ਮੂਨ ਸਮਝਦੇ ਸੀ; ਅੱਜ ਜੁਗਰਾਫ਼ੀ ਸਮ-ਸਮਾਜਵਾਦੀ ਇਨਕਲਾਬ ਵਿਚ ਹਿੱਸਾ ਪਾਉਣ ਦਾ ਦਾਅਵੇਦਾਰ ਹੈ। ਇਹ ਕਿਵੇਂ ਹੋਇਆ? ਜੁਗਰਾਫ਼ੀ ਨੂੰ ਏਸ ਮੰਜ਼ਲ 'ਤੇ ਅਪੜਾਉਣ ਲਈ 'ਸ਼ਹਿਰੀ ਸਮਾਜ-ਵਿਗਿਆਨ' (Urban Sociology) ਅਤੇ 'ਮਨੁੱਖੀ ਜੁਗਰਾਫ਼ੀ' (Human Geography) ਦਾ ਤਕੜਾ ਹਿੱਸਾ ਹੈ।

ਸੰਨ 1960ਵਿਆਂ ਵਿਚ ਅਮਰੀਕੀ ਅਸ਼ਵੇਤ ਵੱਲੋਂ ਸ਼ਹਿਰਾਂ ਦੀ ਸਾੜ ਫੂਕ ਹੋ ਰਹੀ ਸੀ। ਸ਼ਹਿਰੀ ਸੰਕਟ ਦੇ ਮੁਹਾਂਦਰੇ ਵਿਚ ਸਮਾਜਕ ਨਾ-ਬਰਾਬਰੀ, ਅਲਪ ਉੱਤੇ ਦਮਨ ਅਤੇ ਸਮਾਜਕ ਵਿਸਫੋਟ ਦੀ ਆਪਸੀ ਸਾਂਝ ਨਜ਼ਰ ਆਈ ਜਾਂਦੀ ਸੀ। ਮਿਊਂਸਪਲ (municipal) ਕਮੇਟੀਆਂ ਇਹਦਾ ਉਪਾਉ ਕਰਨ ਜੋਗੀਆਂ ਨਹੀਂ ਸੀ। ਇਹਦੇ ਲਈ ਕਿਸੇ ਹੋਰ ਵਿਚਾਰ ਅਤੇ ਉੱਦਮ ਦੀ ਲੋੜ ਸੀ।

ਮਨੁੱਖੀ ਜੁਗਰਾਫ਼ੀ ਦੀ ਦੱਖਣੀ ਅਫ਼ਰੀਕਾ ਦੀ ਮਿਸਾਲ ਹੈ। ਸੰਨ 2005-06 ਵਿਚ 49% ਅਫ਼ਰੀਕੀ ਟੱਬਰ 210 ਡਾਲਰ ਮਹੀਨਾ ਤੋਂ ਘੱਟ ਕਮਾ ਰਹੇ ਸੀ। ਮੁਕਾਬਲੇ 'ਚ ਗੋਰੇ ਟੱਬਰਾਂ ਦੀ ਇਹੀ ਹਾਲਤ ਸਿਰਫ਼ 2% ਦੀ ਸੀ। ਵਿਅਕਤੀ ਤੌਰ 'ਤੇ 55% ਅਫ਼ਰੀਕੀ 2004 ਵਿਚ 50 ਡਾਲਰ ਮਹੀਨਾ ਤੋਂ ਘੱਟ ਕਮਾ ਰਹੇ ਸੀ, ਇਹਨਾਂ 'ਚੋਂ 2006 ਵਿਚ 16% 13 ਡਾਲਰ ਮਹੀਨਾ ਤੋਂ ਘੱਟ ਕਮਾਉਂਦੇ ਸੀ।

2005-06 ਵਿਚ ਗੋਰੇ ਦੱਖਣੀ ਅਫ਼ਰੀਕੀ ਟੱਬਰ ਦਾ ਖਰਚ ਅਫ਼ਰੀਕੀ ਟੱਬਰ ਨਾਲੋਂ 6.5 ਗੁਣਾ ਸੀ। ਇਸਤਰੀ-ਅਧੀਨ ਟੱਬਰ ਦੀ ਹਾਲਤ ਅਨੁਪਾਤ ਤੋਂ ਵਧੀਕ ਮਾੜੀ ਸੀ। ਇਹਨਾਂ ਦੀ ਰੋਜ਼ਗਾਰ ਵੀ ਥੋੜ੍ਹੀ ਅਤੇ (ਸਮੇਂ ਅਨੁਸਾਰ ਨਹੀਂ) ਨਗ-ਅਨੁਸਾਰ ਸੀ। ਸੋ ਨਿਮਨ ਰੇਖਾ ਅਫ਼ਰੀਕੀ ਦਾ ਚਰਿੱਤਰ ਦੁਖਿਤ ਅ-ਸੁਰਕਸ਼ਤ ਸੀ ਜਿਸਦੀ ਰੋਗ, ਹਾਦਸਾ ਜਾਂ ਮਰਗ ਝੱਲਣ ਦੀ ਸਮਰੱਥਾ ਨਹੀਂ ਸੀ। ਜਿਵੇਂ 'ਗੁਰ ਸਤਿਗੁਰ ਦਾ ਜੋ ਸਿਖ ਅਖਾਏ' ਮ.4, 305-06 ਵਿਚ ਬ੍ਰਹਮ ਵਿੱਦਿਆ ਦੀ ਸ਼ਬਦਾਵਲੀ ਵਿਚ 16ਵੀਂ ਸਦੀ ਦੇ ਸਿੱਖ ਦੀ ਤਸ਼ਬੀਹ (portrait) ਹੈ, ਇੱਥੇ ਆਰਥਿਕ ਅੰਕੜਿਆਂ ਰਾਹੀਂ ਅਸ਼ਵੇਤ ਅਫ਼ਰੀਕੀ ਦੀ ਮਸੱਵਰੀ ਕੀਤੀ ਹੈ।

ਜਿੱਥੇ ਕਿੱਥੇ ਵੱਡੇ ਸ਼ਹਿਰਾਂ ਦੇ ਕੇਂਦਰਾਂ ਵਿਚ ਨਗਰੀ ਨਵੀਨਣ Urban Renewal ਦੀ ਕੋਸ਼ਿਸ਼ ਹੋਈ ਤਾਂ ਜੁਗਰਾਫ਼ਰਾਂ ਦੀ ਦਰਿੱਦਰਤਾ ਨਾਲ ਸੁਭਾਵਕ ਵਾਕਫ਼ੀਅਤ ਹੋ ਗਈ।

ਭੂ-ਦ੍ਰਿਸ਼ (landscape) ਦਾ ਕਿਰਤ-ਕਰਮ ਨਾਲ ਤੁਆਲਕ ਹੁੰਦਾ ਹੈ। ਪਹਾੜੀਆਂ 'ਤੇ ਢਾਰੇ ਹੁੰਦੇ ਹਨ; ਮੈਦਾਨਾਂ ਵਿਚ ਪਿੰਡ। ਉਦਯੋਗੀ ਖੇਤਰ ਦਾ ਪੈਦਾਵਾਰੀ ਭੂ-ਦ੍ਰਿਸ਼ ਹੁੰਦਾ ਹੈ। ਖਪਤ ਦਾ ਦ੍ਰਿਸ਼ ਬਸਤੀਆਂ ਦਾ ਹੁੰਦਾ ਹੈ ਜਿੱਥੇ ਪੈਦਾ ਕੀਤੀਆਂ ਚੀਜ਼ਾਂ ਦੀ ਸ਼੍ਰਮਕਾਂ, ਬੁਰਜਵਾਜ਼ੀ ਦੇ ਜਨ ਸੁਭਾਉ ਅਨੁਸਾਰ ਖਪਤ ਹੁੰਦੀ ਹੈ।

ਸਿੰਘਾਪੁਰ ਇੰਨਾ ਛੱਤਿਆ ਗਿਆ ਕਿ ਉਹਦਾ ਕੋਈ ਭੂ-ਦ੍ਰਿਸ਼ ਨਹੀਂ।

ਸਪੇਨ ਦੇ ਸਾਹਲਾਂ 'ਤੇ ਕਈ ਥਾਵਾਂ 'ਤੇ ਸੈਲਾਨੀ ਉਦਯੋਗ (Travel Industry) ਨੇ ਇੰਨੀ ਉਸਾਰੀ ਕੀਤੀ ਹੈ ਕਿ ਸਥਾਨਕ ਲੋਕਾਂ ਨੂੰ ਸਮੁੰਦਰ ਨਜ਼ਰ ਆਉਣਾ ਬੰਦ ਹੋ ਗਿਆ ਹੈ।

2008 ਦਾ ਅਮਰੀਕੀ ਫਿਨਾਂਸ਼ਲ ਸੰਕਟ ਕਿਸੇ ਹੱਦ ਤਕ ਨਿਚਲੀ ਸ਼੍ਰੇਣੀਆਂ ਨੂੰ ਸੌਖੇ



ਕਰਜ਼ੇ ਨਾਲ ਘਰ-ਮਾਲਕ ਬਣਾ ਕੇ ਜਾਇਦਾਦ ਦੇ ਧਰਮ (Religion of Property) ਦੇ ਅਨੁਯਾਈ ਬਣਾਉਣਾ ਸੀ, ਜਿਹੜਾ ਐਵੇਂ ਦੇ ਸਹਾਰੇ ਸਿਰੇ ਨਾ ਚੜ੍ਹ ਸਕਿਆ।

000

ਮਾਰਕਸ ਵਿਚ ਸਰਮਾਏ (Capital) ਦਾ ਅਧਿਐਨ ਹੈ ਜਿਸਦੀ ਪ੍ਰਫੁੱਲਤਾ ਉਤਪਾਦਨ 'ਤੇ ਨਿਰਭਰ ਹੈ। ਉਤਪਾਦਨ ਉਤਪਾਦਕਤਾ (productivity) ਦਾ ਪਰਿਣਾਮ ਹੈ ਜਿਹੜੀ ਮਸ਼ੀਨੀ ਕੁਸ਼ਲਤਾ (efficiency) ਅਤੇ ਸ਼੍ਰਮਕ ਅਨੁਸ਼ਾਸਨ 'ਤੇ ਨਿਰਭਰ ਹੈ, ਜਿਹਨਾਂ ਰਾਹੀਂ ਕਾਲ-ਮਾਨਿਤ (time measured) ਮੁਨਾਫ਼ੇ ਦਾ ਫ਼ੈਸਲਾ ਹੁੰਦਾ ਹੈ- ਰਕਮ ਦਾ ਸੂਦ ਸਾਲਾਨਾ ਹੁੰਦਾ ਹੈ। ਇੰਝ ਸਰਮਾਏਦਾਰੀ ਸਮੇਂ 'ਤੇ ਜੈਤਾ ਹੁੰਦੀ ਹੈ।

ਮਾਰਕਸਵਾਦ ਵਿਚ ਸਰਮਾਏ ਅਤੇ ਦੇਸ਼ ਦੇ ਸੰਬੰਧ 'ਤੇ ਬਹੁਤੀ ਚਰਚਾ ਨਹੀਂ। ਮਾਰਕਸ ਪਿੰਡਾਂ ਅਤੇ ਸ਼ਹਿਰਾਂ ਦੀ ਗੱਲ ਕਰਦਾ ਹੈ। ਉਹ ਇੰਗਲੈਂਡ ਤੇ ਆਇਰਲੈਂਡ ਦੇ ਸੰਬੰਧ ਨੂੰ ਸ਼ਹਿਰ-ਪਿੰਡ ਵਾਂਗੂੰ ਦਰਸਾਉਂਦਾ ਹੈ। ਮਾਰਕਸ ਅਨੁਸਾਰ ਸਰਮਾਏ ਵਿਚ ਇਜਾਰੇ (monopoly) ਦੀ ਲਾਜ਼ਮੀ ਰੁਚੀ ਹੈ, ਜਿਹੜੀ ਕਾਲਿਕ ਹੈ।

ਲੈਨਿਨ ਅਨੁਸਾਰ ਸਰਮਾਏ ਦੇ ਵਿਕਾਸ ਦੀ ਧਿਰ ਸਾਮਰਾਜੀ, ਅਰਥਾਤ ਦੇਸ਼ਿਕ ਵੀ ਹੈ।

ਅੱਜੋਕੇ ਵਾਮਪੱਖੀ ਵਿਸ਼ਲੇਸ਼ਣ ਵਿਚ ਸਾਨੂੰ ਅਕਸਰ 'ਸਰਮਾਏ ਦੇ ਅ-ਸਮ ਵਿਕਾਸ' (uneven development) 'ਕੇਂਦਰ ਅਤੇ ਦੁਰਾਂਤ' (centre and periphery) 'ਉੱਤਰ ਅਤੇ ਦੱਖਣ' ਦੀ ਸ਼ਬਦਾਵਲੀ ਸੁਣਦੀ ਹੈ ਜਿਹੜੀ ਦੇਸ਼ਿਕ ਹੈ।

19ਵੀਂ ਸਦੀ ਵਿਚ ਦੋ ਜੁਗਰਾਫ਼ਰ ਹੋਏ ਹਨ ਜਿਹਨਾਂ ਨੇ ਜੁਗਰਾਫ਼ੀ ਨੂੰ ਸਿਆਸਤ ਨਾਲ ਜੋੜ ਦਿੱਤਾ ਸੀ। ਫ਼ਰਾਂਸੀਸੀ ਰੈਕਲੂ (Reclus 1830-1905) ਨੇ 19 ਜਿਲਦਾਂ ਵਿਚ Universal Geography ਲਿਖਿਆ। ਰੂਸੀ ਸ਼ਹਿਜ਼ਾਦਾ ਰੋਪਕਿਨ (Kropokin 1842-1921) ਵੀ ਜੁਗਰਾਫ਼ਰ ਸੀ।

ਇਹਨਾਂ ਦੀ ਸਥਾਨ ਅਤੇ ਮੁਕਾਮੀ ਭਾਈਚਾਰੇ ਬਾਰੇ ਸੰਵੇਦਨਾ-ਸ਼ੀਲ ਸੂਹਜ ਸੀ, ਨਾਲੇ ਵਿਅਕਤੀ ਭਾਈਚਾਰੇ-ਚੌਗਿਰਦ ਦਾ ਸੰਜੀਵੀ ਸੰਬੰਧ ਸੀ। ਇਕ ਤਰੀਕੇ ਨਾਲ ਸਥਾਨਕ ਦੇਸ਼ ਪਿਆਰ ਮੁਲਕ/ਰਾਸ਼ਟਰ ਦੇ ਉੱਦੇਸ਼ ਵਿਚ ਭੁੱਲ ਭੁਲਾਇਆ ਹੁੰਦਾ ਰਹਿੰਦਾ ਹੈ। ਪਰ ਇਹਨਾਂ ਨੂੰ ਇਹਦੀ ਜੈਵਿਕ, ਸਾਂਸਕ੍ਰਿਤਕ, ਭਾਈਚਾਰਕ ਅਤੇ ਚੌਗਿਰਦਵਾਰ ਭਿੰਨਤਾ ਇੰਨੀ ਪਿਆਰੀ ਸੀ ਜੋ ਇਹਨੂੰ ਸਿਆਸੀ ਤੌਰ 'ਤੇ ਕਿਸੇ ਵਿਸ਼ਵ ਸੰਘ ਦੀਆਂ ਆਜ਼ਾਦ ਇਕਾਈਆਂ ਵਿਚ ਕਾਇਮ ਰੱਖਿਆ ਜਾਵੇ। ਇਹ ਚਿੰਤਕ ਅਰਾਜਕਵਾਦੀ (anarchist) ਸੀ ਅਤੇ ਉਪਰੋਕਤ ਅਵਲੋਕਨ ਵੀ ਉਹਨਾਂ ਦੇ ਰਾਜਨੀਤਕ ਚਿੰਤਨ ਦਾ ਅੰਗ ਸੀ।

ਵੀਹਵੀਂ ਸਦੀ ਵਿਚ ਸੋਮਿਆਂ ਦੇ ਸੰਕਟ (resource crunch) ਨੇ ਜੈਵ-ਮੰਡਲ (ecology) ਦੇ ਵਿਚਾਰ ਨੂੰ ਜਨਮ ਦਿੱਤਾ ਹੈ ਜਿਹੜਾ ਭੂਤਪੂਰਬ ਆਰਾਜਕਵਾਦੀਆਂ ਦੇ ਅਵਲੋਕਨ ਦਾ ਪ੍ਰਤੀਰੂਪ ਹੈ।

ਕਰਤਾ, ਹਾਰਵੀ ਦਾ ਮਨੋਰਥ ਦੇਸ਼ ਨੂੰ ਮਾਰਕਸਵਾਦ ਦਾ ਅੰਗ ਬਣਾ ਕੇ ਸਮ-ਸਮਾਜ ਦੀ ਪ੍ਰਾਪਤੀ ਰਾਹੀਂ ਜੈਵ-ਮੰਡਲ ਨੂੰ ਸਾਕਾਰ ਕਰਨਾ ਹੈ। ਤਾਂ ਹੀ ਮਨੁੱਖ ਅਤੇ ਪ੍ਰਕਿਰਤੀ ਦੇ ਵੈਰ ਦੀ ਥਾਉਂ ਆਪਸੀ ਸਾਂਝ ਸੰਭਵ ਹੋਣੀ ਹੈ।

000

ਹਾਰਵੀ ਬਾਲਟੀਮੋਰ 'ਚ ਜੁਗਰਾਫ਼ੀ ਦਾ ਪ੍ਰੋਫੈਸਰ ਸੀ ਜਿੱਥੇ ਉਹ ਨਾਗਰਿਕ ਹੰਭਲਿਆਂ ਵਿਚ ਵੀ ਹਿੱਸਾ ਲੈਂਦਾ ਰਿਹਾ। ਜੇਹਾ ਸ਼ਹਿਰ ਦਾ ਜੁਗਰਾਫ਼ਿਕ, ਆਰਥਿਕ, ਜਨ-ਗਰਾਫ਼ਿਕ

(demographic) ਭੂ-ਦਰਸ਼ਕ, ਇਤਿਹਾਸਕ, ਨਕਸ਼ਾ ਹਾਰਵੀ ਖਿੱਚਦਾ ਹੈ ਸ਼ਾਇਦ ਹੀ ਕਿਸੇ ਹੋਰ ਸ਼ਹਿਰ ਦਾ ਕਿਸੇ ਤੋਂ ਹੋ ਨਹੀਂ ਸਕਿਆ। ਅਜਿਹਾ ਕੰਮ ਅਕਾਦਮਿਕ ਅਧਿਐਨ ਤੋਂ ਉਪਰੰਤ ਜਨਤਕ ਵਿਹਾਰ 'ਚ ਸ਼ਾਮਲ ਹੋ ਕੇ ਹੀ ਕੀਤਾ ਜਾ ਸਕਦਾ ਹੈ।

ਨਗਰ ਦਾ ਕੇਂਦਰ ਸਮੇਂ ਇਤਿਹਾਸ ਦੀ ਖੁੱਲ੍ਹੀ ਕਿਤਾਬ ਜਿਹਾ ਹੁੰਦਾ ਹੈ। ਯੌਰਪ ਦੇ ਮੱਧ-ਕਾਲੀ ਸ਼ਹਿਰ ਧਰਮ ਅਤੇ ਅਸ਼ਰਾਫ਼ ਦੀ ਚੜ੍ਹਤ ਦਰਸਾਉਂਦੇ ਸੀ ਜਿਸ ਦੇ ਕਿਲੇ, ਗਿਰਜੇ ਇਹੀ ਕਹਿੰਦੇ ਸੀ। ਅਮਰੀਕਾ ਨੇ ਸਾਮੰਤੀ ਵਿਸ਼ਸ਼ਟਾਧਾਰ (aristocratic privilege) ਤੋਂ ਖਹਿੜਾ ਛਡਾਉਣ ਦੀ ਕੋਸ਼ਿਸ਼ ਕੀਤੀ ਪਰ ਬਾਲਟੀਮੋਰ ਦੇ ਕੇਂਦਰ ਫੈਡਰਲ ਹਿੱਲ ਤੋਂ ਬੈਂਕਾਂ ਅਤੇ ਫਿਨਾਂਸ਼ਲ ਸੰਸਥਾਵਾਂ ਸ਼ੀਸ਼ੇ, ਇੱਟ ਕੰਕਰੀਟ ਰਾਹੀਂ ਚੌਗਿਰਦ ਨੂੰ ਆਪਣੀ ਚੜ੍ਹਤ ਦੱਸੀ ਜਾਂਦੀਆਂ ਸਨ। ਗਿਰਜੇ ਤਾਂ ਹੁਣ ਅਲਪ-ਸੰਖਿਆਵਾਂ ਅਤੇ ਸ਼੍ਰਮਕਾਂ ਦੇ ਇਲਾਕਿਆਂ ਵਿਚ ਖਲੋਤੇ ਸਨ।

ਇੰਨਰ ਹਾਰਬਰ Inner Harbor ਕਦੇ ਸ਼ਹਿਰ 'ਚ ਦਾਖਲੇ ਲਈ ਪ੍ਰਮੁੱਖ ਸਥਾਨ ਸੀ, ਹੁਣ ਕੇਵਲ ਮਨੋਰੰਜਨ ਪਾਰਕ ਹੀ ਰਹਿ ਗਿਆ ਸੀ। ਭਾਵੇਂ ਸਕ੍ਰਾਂਤੀ 1950 ਤੋਂ ਸ਼ੁਰੂ ਹੁੰਦੀ ਹੈ ਜਿਹੜੀ 1970 ਵਿਚ ਸ਼ਹਿਰ ਦੀ ਨਵੀਂ ਸੂਰਤ ਬਣਾ ਦਿੰਦੀ ਹੈ। ਵਪਾਰ ਅਤੇ ਦੂਜੀ ਜੰਗ ਦੌਰਾਨ ਵਾਲੀ ਆਰਥਿਕ ਪ੍ਰਗਤੀ ਘਸਮੈਲੀ ਹੋ ਰਹੀ ਸੀ। ਵਸੋਂ, ਉਦਯੋਗ ਅਤੇ ਸ਼੍ਵੇਤ ਦੇ ਉਪਨਗਰਨ (suburbanization) ਨੇ ਅਤੇ ਗ੍ਰਾਮੀਨ ਅਫ਼ਰੀਕੀ-ਅਮਰੀਕੀ ਆਵਾਸ ਅਤੇ ਵਪਾਰਕ ਕੇਂਦਰ ਨੇ ਬੰਦਰਗਾਹ ਦੇ ਡੂੰਘੇ ਪਾਣੀ ਵੱਲ ਜਾਂਦੇ ਕਾਰੋਬਾਰ ਦੀ ਰੂਹ ਬਦਲ ਦਿੱਤੀ।

1956 ਵਿਚ ਬਿਜ਼ਨਸ ਲੀਡਰਾਂ ਨੇ Greater Baltimore Committee ਬਣਾਈ। ਇਹਦਾ ਮਨੋਰਥ ਵਪਾਰਕ ਕੇਂਦਰ (downtown) ਨੂੰ ਅਧੋਗਤੀ ਤੋਂ ਬਚਾਉਣਾ ਸੀ ਅਤੇ ਸਿਆਸੀ ਮਰਕਜ਼ ਅਤੇ ਚਿੰਨ੍ਹਵਾਰੀ ਮਾਤਨਗਰੀ (metropolitian) ਇਲਾਕੇ ਨੂੰ ਸ਼੍ਰਮਕਾਂ ਦੇ ਵਸ ਪੈਣ ਤੋਂ ਬਚਾ ਕੇ ਰੱਖਣਾ ਸੀ।

ਪ੍ਰੋਗਰਾਮ ਵਪਾਰਕ ਕੇਂਦਰ ਦਾ ਪੁਨਰ-ਨਵੀਨਣ, ਪ੍ਰਾਪਰਟੀ ਦੀ ਚੜ੍ਹਦੀ ਵਿਕਰੀ ਅਤੇ ਕਾਰਪੋਰੇਟ ਸ਼ਕਤੀ ਨੂੰ ਸਥਿਤ ਕਰਨਾ ਸੀ। ਅਰਧ-ਪਬਲਿਕ ਕਾਰਜਕਾਰੀ ਏਜੰਸੀਆਂ ਬਿਜ਼ਨਸ ਅਤੇ ਕਾਰਪੋਰੇਟ ਵਰਗ ਦੀਆਂ ਸਨ ਜਿਸ ਵਿਚ ਜਨ ਦਾ ਕੋਈ ਦਖਲ ਨਹੀਂ ਸੀ।

ਚਾਰਲਸ ਸੈਂਟਰ (Charles Centre) ਵਿਚ ਵਿਸ਼ਵ ਪ੍ਰਸਿੱਧ ਮਿਅਮਾਰ ਮਾਈਸ਼ ਵੈਨ ਡਰ ਰੋਹੇ (Mies Van der Rohe) ਦੀ ਬਿਲਡਿੰਗ ਹੈ। ਖ਼ਿਆਲ ਸੀ ਕਿ ਇਹਦਾ ਸ਼ਹਿਰ ਦੀ ਆਰਥਿਕਤਾ ਨੂੰ ਫ਼ਾਇਦਾ ਹੋਵੇਗਾ ਅਤੇ ਟੈਕਸ-ਉਗਰਾਹੀ ਖੇਤਰ ਵਿਚ ਵਾਧਾ ਹੋਵੇਗਾ। ਸ਼ਹਿਰ ਵਾਸੀਆਂ ਲਈ ਕਿਰਤ ਕੱਚੀ ਅਤੇ ਲਘੂ-ਵੇਤਨ ਵਾਲੀ ਹੀ ਸੀ। ਸਬਸਿਡੀ ਨਾਲ ਉਸਰੇ ਚਾਰਲਸ ਸੈਂਟਰ ਨੇ ਟੈਕਸ-ਖੇਤਰ ਵਿਚ ਵਾਧਾ ਤਾਂ ਕੀ ਕਰਨਾ ਸੀ ਸਗੋਂ ਆਪ ਸ਼ਹਿਰ ਨੂੰ ਮਹਿੰਗਾ ਪੈ ਰਿਹਾ ਸੀ।

ਬਾਲਟੀਮੋਰ ਕਦੇ ਜਲ-ਯਾਤਾਯਾਤ ਲਈ ਮਹੱਤਵਪੂਰਨ ਸੀ ਜਿਹੜਾ ਫੈਡਰਲ ਸਰਕਾਰ ਦੀ ਸਹਾਇਤਾ ਨਾਲ ਬਣੇ ਮਹਾ-ਮਾਰਗਾਂ ਨੇ ਨਕਾਰਾ ਕਰ ਦਿੱਤਾ ਸੀ।

1960-ਵਿਆਂ ਵਿਚ ਗ੍ਰਹਿ-ਮੰਡੀ ਵਿਚ ਵਿਤਕਰਾ (housing market) ਬੇਰੋਜ਼ਗਾਰੀ, ਸ਼ਕਤੀ-ਹੀਣਤਾ ਅਤੇ ਦਰਿੱਦਰਤਾ ਕਾਰਨ ਨਸਲੀ ਫ਼ਸਾਦ ਹੋਏ। ਸੰਨ 1968 ਵਿਚ ਮਾਰਟਿਨ ਲੂਥਰ ਦੇ ਕਤਲ ਹੋਣ 'ਤੇ ਛੇ ਵਿਅਕਤੀ ਮਾਰੇ ਗਏ, ਪੰਜ ਹਜ਼ਾਰ ਹਿਰਾਸਤ ਵਿਚ ਆਏ, ਗਲੀਆਂ ਵਿਚ ਫ਼ੌਜ ਨੂੰ ਪਹਿਰਾ ਦੇਣਾ ਪਿਆ।

ਸਰਮਾਇਆ-ਨਿਵੇਸ਼ਾਂ, ਸ਼ਹਿਰੀਆਂ, ਚਰਚ ਅਤੇ ਨਾਗਰਿਕ ਹੱਕਾਂ ਦੇ ਕਰਤਿਆਂ ਨੇ Greater Baltimore Committee ਤੋਂ ਵਧੇਰੇ ਵਿਸਤ੍ਰਿਤ ਸੰਸਥਾ ਬਣਾਈ।

ਨਸਲੀ ਫਸਾਦ ਤੋਂ ਮਗਰੋਂ ਸ਼ਹਿਰੀ ਕਮੇਟੀ ਦੇ ਕੁਝ ਵਿਅਕਤੀਆਂ ਨੂੰ ਨਾਗਰਿਕ ਵਿਕਾਸ ਹਿਤ ਗ੍ਰਾਮੀਨ ਮੇਲਾ ਲਾਉਣ ਦੀ ਸੁੱਝੀ। ਸੰਨ 1973 ਵਿਚ 20 ਲੱਖ ਬੰਦੇ ਮੇਲੇ 'ਚ



ਸ਼ਾਮਲ ਹੋਏ। ਹੁਣ ਮੇਲਾ ਚਾਰਲਸ ਸੈਂਟਰ 'ਚੋਂ ਉੱਠਕੇ Inner Harbour ਆ ਗਿਆ ਸੀ। ਸ਼ਹਿਰ ਨੂੰ ਸਮਾਜੀ ਮੁਸ਼ਕਲਾਂ ਨੂੰ ਦਬਾਉਣ ਵਾਲਾ ਪੁਰਾਤਨ ਰੋਮ ਦਾ 'ਡਬਲਰੋਟੀ ਸਰਕੱਸ' ਦਾ ਫਾਰਮੂਲਾ ਮੁੜ ਲੱਭ ਗਿਆ ਸੀ।

ਬਾਲਟੀਮੋਰ ਦਾ ਵਿਕਾਸ ਵਿਸਤ੍ਰਤ ਜਨ ਸੰਸਥਾ ਦੇ ਹੱਥੋਂ ਨਿਕਲਕੇ ਤਜਾਰਤੀ ਅਨਸਰ, ਪ੍ਰਾਪਰਟੀ ਦੇ ਧੰਦੇ ਅਤੇ ਫਿਨਾਂਸ਼ਲ ਸ਼ਕਤੀ ਦੇ ਨਿਯੰਤਰਨ ਵਿਚ ਆ ਗਿਆ। ਨਾਗਰਿਕ ਵਿਕਾਸ ਲਈ public (institution) and private (ਬਿਜ਼ਨਸ) ਦੀ ਸਾਂਝ ਦਾ ਨਾਅਰਾ ਲੱਗਿਆ। ਜਿਹੜਾ ਸ਼ਹਿਰ ਦੇ ਆਸ ਪਾਸ ਨੂੰ ਅਤੇ ਜਨ ਨੂੰ ਸਿਆਸੀ ਨਿਯੰਤਰਨ ਵਿਚ ਰੱਖਣ ਦਾ ਉੱਦਮ ਸੀ।

ਸੰਨ 1973-75 ਦਾ ਮੰਦਾ ਬਾਲਟੀਮੋਰ ਦੇ ਕਾਰੋਬਾਰ ਦੇ ਖ਼ਾਤਮੇ ਅਤੇ ਅਣ-ਉਦਯੋਗੀ -ਕਰਨ ਦਾ ਆਰੰਭ ਸੀ। ਸੰਨ 1973 ਵਿਚ ਨਿਕਸਨ ਨੇ ਸੰਕਟ-ਗ੍ਰਸਤ ਨਗਰਾਂ ਨੂੰ ਫ਼ੈਡਰਲ ਸਹਾਇਤਾ ਦਾ ਪ੍ਰੋਗਰਾਮ ਬੰਦ ਕਰਨਾ ਸ਼ੁਰੂ ਕੀਤਾ। ਪ੍ਰਧਾਨ ਰੇਗਨ ਦੀਆਂ ਬਜਟ ਕਾਟਾਂ ਨੇ ਫੈਡਰਲ ਸਹਾਇਤਾ ਨੂੰ ਖਤਮ ਕਰ ਦਿੱਤਾ। ਰਹਿੰਦੀ ਕਸਰ 1981-83 ਦੇ ਮੰਦੇ ਨੇ ਕੱਢ ਦਿੱਤੀ ਕਿਉਂਜੋ ਜਾਪਾਨ, ਪੱਛਮੀ ਯੌਰਪ, ਨਵੇਂ ਉਦਯੋਗੀ ਦੇਸ਼ ਬਾਲਟੀਮੋਰ ਨੂੰ ਮੁਸ਼ਕਲ ਖੜ੍ਹੀ ਕਰ ਰਹੇ ਸੀ। ਕਾਰਖਾਨਿਆਂ ਦੀ ਬੰਦੀ ਤੇ ਸ਼੍ਰਮਕਾਂ ਦੀ ਛੁੱਟੀ ਦੀ ਸੂਚੀ ਵਧਣ ਲੱਗੀ।

ਅੰਤ ਗੱਲ ਸੈਲਾਨੀ ਧੰਦੇ 'ਤੇ ਆ ਪਹੁੰਚੀ ਜੋ ਬਾਲਟੀਮੋਰ ਨੂੰ ਆਪਣਾ ਸਾਂਸਕ੍ਰਿਤਕ ਚਿੰਨ੍ਹ ਬੰਨ੍ਹਣ ਦੀ ਪੈ ਗਈ। Harborplace ਦੀ ਮਹਿਮੀ-ਵਡਿਆਈ ਹੋਣ ਲੱਗੀ। ਮੇਲਾ ਵਪਾਰ-ਪਰਾਇਣ ਹੋ ਗਿਆ, ਵਿ-ਜਾਤੀ ਤਿਉਹਾਰ, ਸੰਗੀਤ ਸਮਾਰੋਹ ਅਤੇ ਵਡ-ਪ੍ਰਦਰਸ਼ਨੀ ਕਾਰਜ ਹੋਣ ਲੱਗੇ। ਵਿਚਾਰ ਸੀ ਕਿ ਮਨੋਰੰਜਨ ਦੇ ਨਜ਼ਾਰੇ ਦਾ ਪੱਕਾ ਚਿੰਨ੍ਹ ਬਣ ਜਾਏ ਤਾਂ ਜੋ ਸ਼ਹਿਰ ਫਿਨਾਂਸ਼ਲ ਸੇਵਾਵਾਂ ਦਾ ਕੇਂਦਰ ਅਤੇ ਮਨੋਰੰਜਨ ਉਦਯੋਗ ਦਾ ਗੜ੍ਹ ਬਣ ਜਾਵੇ। ਬਾਲਟੀਮੋਰ ਦੀ ਵਿਸ਼ਵ ਮਾਨਤਾ ਹੋਣ ਲੱਗੀ।

ਕਿਸੇ ਨੇ 'ਚਮਕ ਦਮਕ ਥੱਲੇ ਸੜ੍ਹਿਆਂਦ' ਦੀ ਗੱਲ ਕੀਤੀ। ਪਿਛਲੇ 25 ਸਾਲਾਂ ਵਿਚ ਸ਼ਹਿਰ ਦੀ 1/5 ਆਬਾਦੀ ਘਟ ਗਈ। ਸੰਨ 1984 ਵਿਚ ਕਾਂਗਰਸ ਨੇ ਬਾਲਟੀਮੋਰ ਨੂੰ ਦੇਸ਼ ਦਾ ਪੰਜਵਾਂ ਬਦਤਰੀਨ ਸ਼ਹਿਰ ਥਾਪਿਆ। Gay Street ਦੇ ਇਲਾਕੇ ਵਿਚ 1968 ਵਿਚ ਸਭ ਤੋਂ ਚੰਡ ਫਸਾਦ ਹੋਇਆ। ਅਖਬਾਰ 'ਬਾਲਟੀਮੋਰ ਸਨ' ਦੇ ਸਰਵੇ (survey) ਅਨੁਸਾਰ ਗੇ ਸਟਰੀਟ ਦੀ ਦਰਿੱਦਰਤਾ ਵਿਚ 1966 ਤੋਂ 1988 ਦੌਰਾਨ ਕੋਈ ਫਰਕ ਨਹੀਂ ਪਿਆ ਸੀ। Harbor development 'ਤੇ 27 ਕਰੋੜ ਡਾਲਰ ਖਰਚ ਹੋਏ ਜਿਸਦਾ 90 ਫੀਸਦੀ ਹਿੱਸਾ ਜਨਤਕ ਖਜ਼ਾਨੇ 'ਚੋਂ ਆਇਆ ਪਰ ਸਾਰੇ ਪ੍ਰਾਜੈਕਟ ਦਾ ਪ੍ਰਬੰਧ ਕਾਰਪੋਰੇਟ ਹੱਥਾਂ ਵਿਚ ਹੀ ਰਿਹਾ।

ਵਿਕਾਸ ਦਾ ਲਾਭ ਕੇਵਲ ਵਿਕਾਸ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਹੋਇਆ। ਨਗਰ ਦੀ ਸਰਕਾਰ ਹਰ ਸਾਲ ਜਿੰਨਾ Inner Harbor 'ਤੇ ਖਰਚ ਕਰਦੀ ਹੈ ਉਹਦੇ ਨਾਲੋਂ ਇਕ ਕਰੋੜ ਸੱਤਰ ਲੱਖ ਡਾਲਰ ਘੱਟ ਇਹਨੂੰ ਇੱਥੋਂ ਟੈਕਸਾਂ 'ਚੋਂ ਮੁੜਦੇ ਹਨ। ਵਿਸ਼ਵ ਪ੍ਰਸਿੱਧ Benetton ਜਾਂ Laura Ashley ਤੋਂ ਵਸਤਾਂ ਖਰੀਦਣ ਨਾਲ ਸ਼ਹਿਰ ਦੀ ਆਰਥਿਕਤਾ ਨੂੰ ਉਤਸ਼ਾਹ ਨਹੀਂ ਮਿਲਦਾ।

ਫੈਡਰਲ ਹਿੱਲ ਨਾਲ ਰਸਟੀ ਸਕੱਪਰ (Rusty Scupper) ਰੈਸਟੋਰੈਂਟ ਅੰਤਰ-ਰਾਸ਼ਟਰੀ ਵਪਾਰ ਦੇ ਮਨਫੀ ਪੱਖ ਨੂੰ ਦਰਸਾਉਂਦਾ ਹੈ। ਸਥਾਨਕ ਆਕ੍ਰੋਸ਼ ਨੇ ਕੁਝ ਚਿਰ ਇਹਨੂੰ ਬਣਨ ਤੋਂ ਰੋਕੀ ਰੱਖਿਆ ਕਿਉਂਕਿ ਇਹਦਾ ਉਸਾਰਨਹਾਰ (developer) ਸਵਿੱਸ ਨੈਸਲੇ (Nestle) ਦਾ ਨਿਮਨ ਅੰਗ ਸੀ ਜਿਹੜੀ 1980ਵਿਆਂ ਵਿਚ ਤੀਜੇ ਜਗਤ ਵਿਚ ਹਜ਼ਾਰਾਂ ਸ਼ਿਸ਼ੂ ਮਾਰਨ ਦੀ ਭਾਗੀ ਸੀ ਜਿਸਨੇ ਮਾਤਰੀ ਸ-ਤਨੀ ਦੁੱਧ ਦੀ ਥਾਉਂ ਆਪਣੇ ਫਾਰਮੂਲੇ ਦਾ ਦੁੱਧ ਵੇਚਿਆ ਸੀ। ਰਸਟੀ ਸਕੱਪਰ ਉਦੋਂ ਹੀ ਖੁੱਲ੍ਹਿਆ ਜਦੋਂ ਕੰਪਨੀ ਆਪਣਾ ਵਿਹਾਰ ਬਦਲਣ ਲਈ ਮੰਨ ਗਈ।

ਬਾਲਟੀਮੋਰ ਦੇ ਇਲਾਕੇ ਦੀਆਂ ਬਚੀਆਂ ਖੁਚੀਆਂ ਫਰਮਾਂ defence contacts ’ਤੇ ਜੀਂਦੀਆਂ ਹਨ। ਬਾਲਟੀਮੋਰ ਦਾ ਇਹ ਪੱਖ ਨਹੀਂ ਬਦਲਿਆ ਭਾਵੇਂ ਸ਼ਾਂਤੀ-ਉਤਸੁਕ ਕਾਰਕੁਨ ਇਹਤਜਾਜ਼ ਕਰਦੇ ਰਹੇ ਹਨ ਕਿ ਸ਼ਹਿਰ ਦੀਆਂ ਸਮਾਜਕ ਲੋੜਾਂ ਵਧੇਰੇ ਜ਼ਰੂਰੀ ਹਨ।

ਬਾਲਟੀਮੋਰ ਬਰਾਂਚ ਸਨਅਤੀ ਸ਼ਹਿਰ ਹੈ ਜਿਸਨੂੰ ਉਦਯੋਗਪਤੀਆਂ ਦੇ ਫ਼ਿਨਾਨਸਰ ਚਲਾ ਰਹੇ ਹਨ। Bethlehem Steel, General Motors, Wastinghouse ਅਤੇ ਗਤ General Electric ਦਾ ਸ਼ਹਿਰ ਦੀ ਜ਼ਿੰਦਗੀ ਵਿਚ ਵੱਡਾ ਰੋਲ ਨਹੀਂ ਜਿਹਨਾਂ ਨੂੰ ਆਪਣੇ ਕਾਰਖਾਨੇ ਨੂੰ ਬੰਦ ਕਰਨ ਦਾ ਬਹੁਤ ਫਿਕਰ ਨਹੀਂ ਹੁੰਦਾ ਅਤੇ ਉਹ ਮੁਕਾਮੀ ਤਾਲੀਮ, ਸਾਂਸਕ੍ਰਿਤਕ ਸੰਸਥਾਵਾਂ ਵਿਚ ਬਹੁਤੀ ਦਿਲਚਸਪੀ ਨਹੀਂ ਲੈਂਦੀਆਂ।

ਸੰਨ 1968 ਦੀ ਕਾਂਗਰਸ ਰਿਪੋਰਟ ਅਨੁਸਾਰ ਬਾਲਟੀਮੋਰ ਉਹਨਾਂ ਸ਼ਹਿਰਾਂ ਵਿਚੋਂ ਸੀ ਜਿਹਨਾਂ ਦਾ ਫ਼ਿਨਾਂਸ਼ਲ ਪ੍ਰਬੰਧ ਇਜਾਰੇਦਾਰੀ ਵਾਲਾ ਸੀ। ਜਦੋਂ ਇਹਦੀ ਫ਼ਿਨਾਂਸ਼ਲ ਮਾਰਕੀਟ ਵਿਚ ਗ਼ੈਰ-ਸੂਬਾਈ ਬੈਂਕਾਂ ਆ ਗਈਆਂ ਤਾਂ ਸਥਾਨਕ ਫਿਨਾਂਨਸਰਾਂ ਦੀ ਜਕੜ ਮੁੱਕ ਗਈ।

ਮੇਰੀਲੈਂਡ ਸਾਇੰਸ ਸੈਂਟਰ 1976 ਵਿਚ ਖੁੱਲ੍ਹਿਆ ਸੀ। ਇਹਦੀਆਂ ਖਿੜਕੀਆਂ ਨਹੀਂ; ਕਿਲੇ ਵਰਗੀ ਸ਼ਕਲ ਹੈ। ਇਹਦੇ ‘ਪ੍ਰਵੇਸ਼’ ਦਾ ਮੂੰਹ ਨਾ ਕਿਸੇ ਜਨ ਵਸੋਂ ਵੱਲ ਹੈ, ਨਾ ਕਿਸੇ ਸੜਕ ਵੱਲ। ਇਹਦਾ ਨਕਸ਼ਾ 1968 ਦੇ ਨਸਲੀ ਦੰਗਿਆਂ ਮਗਰੋਂ ਬਣਿਆ ਸੀ ਜਦੋਂ ਅਫ਼ਰੀਕੀ-ਅਮਰੀਕਣ ਵਸੋਂ ਨੇੜੇ ਹੀ ਰਹਿੰਦੀ ਸੀ। ਕਿਲ੍ਹਾ-ਸਮਾਨ ਉਸਾਰੀ ਸਮਾਜੀ ਗੜਬੜ ਅਤੇ ਮਾਲੀ ਨੁਕਸਾਨ ਤੋਂ ਬਚਣ ਲਈ ਸੀ। ਇੰਝ ਮਾਰਟਨ ਲੂਥਰ ਕਿੰਗ ਬੁਲੇਵਾਰਡ ਵਪਾਰਕ ਆਮਦਨ ਅਤੇ ਥੋੜ੍ਹੀ ਆਮਦਨ ਵਾਲੇ ਅਫਰੀਕੀ-ਅਮਰੀਕੀ ਇਲਾਕੇ ਵਿਚਕਾਰ ਪਹਿਰਾ ਦੇਣ ਯੋਗ ਸੜਕ ਹੈ।

Harbor Court ਦੀ ਉਸਾਰੀ ਪਬਲਿਕ ਸਬਸਿਡੀ ਰਾਹੀਂ ਨਿਜੀ ਮਫਾਦ ਲਈ ਹੋਈ। ਮੇਅਰ ਪੰਜ ਲੱਖ ਡਾਲਰ ਦੇ ਘਾਟੇ ’ਤੇ ਜਗਾਹ ਵੇਚਣ ਨੂੰ ਮੰਨ ਗਿਆ। ਉਸਾਰਨ-ਹਾਰ ਦਾ ਕੇਵਲ ਵਾਹਦਾ ਸੀ ਕਿ ਉਹ ਅਸ਼ਵੇਤ ਪ੍ਰਚੂਨ ਇਲਾਕਾ ਬਣਾਏਗਾ। ਉਹ ਤਾਂ ਦਸ ਦਸ ਲੱਖ ਡਾਲਰ ਦੇ ਫਲੈਟ ਬਣਾ ਕੇ ਰਾਹ ਪਿਆ ਜਦੋਂ ਪਬਲਿਕ ਘਰਾਂ ਦੀ ਮੰਗ ਦੀ ਲੰਬੀ ਲਿਸਟ ਹੈ।

1980 ਵਿਚ ‘ਬਾਲਟੀਮੋਰ ਸੰਨ’ ਅਖਬਾਰ ਨੇ ਪੋਲ ਖੋਲ੍ਹਿਆ ਕਿ ਪਬਲਿਕ ਦੇ ਪੈਸੇ ਦਾ ਛਾਯਾ-ਪ੍ਰਬੰਧ ਸੀ ਜਿਸ ਨੂੰ ਨਿੱਜੀ ਮੰਤਵਾਂ ਵਿਚ ਲਾਇਆ ਜਾ ਰਿਹਾ ਸੀ। ਹਾਰਵੀ ਦਾ ਆਪਣੇ ਸ਼ਹਿਰ ਦਾ ਵਰਨਣ ਜਿੰਨਾ ਅਕਾਦਮਿਕ ਹੈ ਉਨਾ ਹੀ ਜਨਹਿਤ ਵਾਦੀ ਹੈ ਜਿਹੜਾ ਉਦਾਹਰਨ ਪ੍ਰਮਾਣ ਹੈ।

0 0 0

Globlization Glocali-zation ਵੀ ਪੈਦਾ ਕਰਦੀ ਹੈ। ਸਰਮਾਏਦਾਰੀ ਦੇ ਅ-ਸਮ ਵਿਕਾਸ ਦਾ ਸਿੱਧਾਂਤ ਬੜਾ ਪੁਰਾਣਾ ਹੈ। ਪਰ ਸ-ਤਰਾਂ (levels) ਦੀ ਭਿੰਨਤਾ ਦਾ ਰਾਜਨੀਤੀ ’ਤੇ ਕੀ ਅਸਰ ਹੁੰਦਾ ਹੈ? ਇਹਦੇ ਵੱਲ ਬਹੁਤਾ ਧਿਆਨ ਨਹੀਂ ਗਿਆ। ਉਦਯੋਗੀ ਵਿਕਾਸ ਦਾ ਸ਼੍ਰੇਣਿਕ ਸੰਘਰਸ਼ ਦਾ ਅਧਿਐਨ ਖੁਸ਼ ਆਮਦੇਦ ਹੈ ਪਰ ਅਜਿਹੇ ਸਥਾਨ ਵੀ ਹਨ ਜਿੱਥੇ ਆਰਥਿਕ ਵਿਕਾਸ ਦਾ ਸਫੁਟ ਅਸਰ ਨਜ਼ਰ ਨਹੀਂ ਆਉਂਦਾ ਜਾਂ ਚੇਤਨਾ ਦੇ ਸ-ਤਰ ’ਤੇ ਪ੍ਰਗਟ ਨਹੀਂ ਹੋਇਆ। ਸ਼੍ਰੇਣਿਕ ਸੰਘਰਸ਼ ਸਾਮਾਨਯ ਹੈ ਪਰ ਸਾਮਾਨਯ ਸੰਘਰਸ਼ ਵਿਕਾਸ ਤੋਂ ਵੰਚਿਤ ਬਥੇਰੇ ਸਥਾਨ ਹੁੰਦੇ ਹਨ।

ਇਹਨਾਂ ਸਥਾਨਾਂ ਦੇ ਆਪਣੇ ਆਪਣੇ ਭਾਈਚਾਰੇ ਹਨ ਜਿਹੜੇ ਦੇਸ਼ ਕਾਲ ਦੀ ਉਪਜ ਹਨ। ਵਾਰਿਸ ਸ਼ਾਹ ਅਨੁਸਾਰ 18ਵੀਂ ਸਦੀ ਵਿਚ ਭਾਈਚਾਰੇ ਦੀ ਹੱਦ ਉੱਥੋਂ ਤੋੜੀ ਸੀ ਜਿੱਥੇ ਤਾਈਂ ਕਿਸੇ ਦੀ ਬਦਨਾਮੀ ਪਹੁੰਚਦੀ ਹੋਵੇ। ਇਸ ਤੋਂ ਅੱਗੇ ਬਦਨਾਮੀ ’ਚ ਕੋਈ ਦਿਲਚਸਪੀ ਨਹੀਂ ਕਿਉਂਕਿ ਭਾਈਚਾਰਾ ਵੀ ਹੋਰ ਹੈ। ਡਾਕਟਰ ਅਮਰਜੀਤ ਕੌਰ ਰਿਆੜ ਦਾ ‘ਉਪਜਦੀ ਸਿੱਖ ਰਾਜਨੀਤੀ’ ਬਾਰੇ ਖੋਜ ਨਿਬੰਧ ਹੈ ਜਿਸ ਤੋਂ ਪਤਾ ਲਗਦਾ ਕਿ ’ਕੱਲੀ ਇਕਹਿਰੀ ਕੋਈ ਵੀ ਜਾਤ ਆਧੁਨਿਕ ਅੰਗਰੇਜ਼ੀ ਸੰਸਥਾਵਾਂ ਅਰਥਾਤ-ਸਕੂਲ, ਚੋਣ, ਪ੍ਰੈੱਸ, ਪਾਰਟੀ-ਚਲਾਉਣ ਦੇ ਯੋਗ ਨਹੀਂ ਸੀ ਜਿਸ ਲਈ ਵੱਖੋ ਵੱਖਰੀਆਂ ਜਾਤਾਂ ਨੂੰ ਫਿਰਕਾਪ੍ਰਸਤੀ ਦੇ ਉੱਚੇ ਥੱਲ ਇਕੱਠਾ ਹੋਣਾ ਪਿਆ 2) ਅਤੇ ਫਿਰਕਾਪ੍ਰਸਤ ਲਈ ਵੀ ਕੁਰਬਾਨੀਆਂ ਕਰਨੀਆਂ ਪਈਆਂ। ਪ੍ਰਸ਼ਾਸਨ ਦੀ ਹੱਦਬੰਦੀ ਹੀ ਫ਼ਿਰਕਾਦਾਰੀ ਦੀਆਂ ਹੱਦਾਂ ਸੀ।

ਹਾਰਵੀ ਸਥਾਨਕ ਜੁਝਾਰਵਾਦ ਦੀ ਗੱਲ ਕਰਦਾ ਹੈ। ਸਥਾਨਕ ਜੁਝਾਰਵਾਦ ਦਾ ਇਨਕਲਾਬੀ ਤਾਰੀਖ ਨਾਲ ਵੀ ਸੰਬੰਧ ਹੈ। ਪੈਰਿਸ ਕਮਯੂਨ ਵਿਚ ਸਥਾਨਕ ਭਾਈਚਾਰੇ ਦੀ ਸਰਗਰਮੀ ਸੀ। ਇੰਝ ਰੂਸੀ ਇਨਕਲਾਬ ਸਮੇਂ ਸਥਾਨਕ ਭਾਈਚਾਰੇ ਦਾ ਵਿੰਟਰ ਪੈਲਿਸ Winter Palace ’ਤੇ ਹਮਲੇ ਨਾਲ ਤੁਆਲਕ ਸੀ। ਮੌੜ ਪਿੰਡ ਦੇ ਭਾਈਚਾਰੇ ਨੇ ਆਪਣੇ ਸਿਰ ਜ਼ਿੰਮੇਵਾਰੀ ਲਈ ਹੋਈ ਸੀ ਕਿ ਪੁਲਿਸ ਭਾਵੇਂ ਰੋਜ਼ ਕਿੰਨੇ ਛਾਪੇ ਮਾਰੇ ਉਹਨੇ ਕਾਮਰੇਡ ਕੌਰ ਸਿੰਘ ਨੂੰ ਗ੍ਰਿਫਤਾਰ ਨਹੀਂ ਹੋਣ ਦੇਣਾ।

ਸਥਾਨਕ ਜੁਝਾਰਵਾਦ ਰਾਹੀਂ ਸਾਨੂੰ ਸ਼ਹਿਰਾਂ ਦੇ ਨਾਗਰਿਕ ਅੰਦੋਲਨਾਂ ਦੀ ਸਮਝ ਆ ਸਕਦੀ ਹੈ। ਸਥਾਨਕ ਜੁਝਾਰਵਾਦ ਕਈ ਥਾਵਾਂ ’ਤੇ ਉਪਨਗਰਾਂ ਤਕ ਹੀ ਸੀਮਤ ਹੈ ਜਿਹੜੇ ਦੂਸਰੇ ਇਲਾਕਿਆਂ ਦੀ ਕੀਮਤ ਉੱਤੇ ਆਪਣੀ ਬਿਹਤਰੀ ਕਾਇਮ ਰੱਖਣਾ ਚਾਹੁੰਦੇ ਹਨ। ਸਥਾਨਕ ਜੁਝਾਰਵਾਦ ਪ੍ਰਤੀਗਾਮੀ ਵੀ ਹੋ ਸਕਦਾ ਹੈ। ਇਹ ਪ੍ਰਗਤੀਵਾਦੀ ਵੀ ਹੋ ਸਕਦਾ ਹੈ। ਇਹਦੀਆਂ ਦੋ ਪ੍ਰਸਿੱਧ ਮਸਾਲਾ ਹਨ। ਬਰਾਜ਼ੀਲ ਵਿਚ ਪੋਰਟੋ ਅਲੈਗਰੋ ਨਗਰ ਆਪਣਾ ਬਜਟ ਲੌਕਿਕ ਗੋਸ਼ਟੀ ਅਨੁਸਾਰ ਪਾਸ ਕਰਦਾ। ਬੈਲਜੀਅਮ ਵਿਚ (Walloon) ਵੈਲੂਨ ਸੂਬਾਈ ਹਕੂਮਤ ਸੋਸ਼ਲਿਸਟਾਂ ਦੀ ਹੈ ਜਿਹੜੀ ਅੰਤਰ-ਰਾਸ਼ਟਰੀ ਨਵ-ਉਦਾਰਵਾਦ ਦੀ ਵਿਰੋਧਤਾ ਕਰਦੀ ਹੈ। ਉਹਦੇ ਅਨੁਸਾਰ ਆਰਥਿਕ ਸੁਧਾਰ ਦੇਸ਼ ਦੀ ਉਦਯੋਗੀ ਵ੍ਰਿਧੀ ਅਤੇ ਸ਼੍ਰਮਕਾਂ ਦੀ ਬਿਹਤਰੀ ਲਈ ਕਰਨੇ ਬਣਦੇ ਹਨ।

ਸਿੱਖ ਫਿਰਕਾਪ੍ਰਸਤੀ ਦਾ ਇਤਿਹਾਸ ਕਦੇ ਰਾਸ਼ਟਰਵਾਦੀ ਰਿਹਾ ਕਦੇ ਅ-ਰਾਸ਼ਟਰਵਾਦੀ।

ਕੇਵਲ ਆਪਣੇ ਲਈ ਸਥਾਨਕ ਜੁਝਾਰਵਾਦ ਅੰਨ੍ਹੀ ਗਲੀ ਹੈ। ਜੇ ਇਹ ਜਗਤ ਦੇ ਭਵਿੱਖ ਨਾਲ ਨਹੀਂ ਜੁੜਦਾ ਤਾਂ ਇਹਦੇ ਕੋਲ ਚਿੰਨ੍ਹਾਂ ਦੀ ਪ੍ਰਦਰਸ਼ਨੀ, ਵੱਡੇ ਦਾਅਵੇ, ਅਤੇ ਇਤਿਹਾਸ ਦਾ ਬਾਜਾ ਵਜਾਉਣ ਤੋਂ ਉਪਰੰਤ ਕੁਝ ਨਹੀਂ ਹੁੰਦਾ। ਇਹ ਵਰਤਮਾਨ ਵਿਚ ਤਾਂ ਵਿਚਰਦਾ ਹੀ ਨਹੀਂ; ਇਹਨੇ ਜਨ ਸਾਧਾਰਨ ਦਾ ਕੀ ਸੰਵਾਰਨਾ ਹੈ। ਸਥਾਨਕ ਜੁਝਾਰਵਾਦ ਦੀ ਸਰਗਰਮੀ ਕਾਬਲ-ਇ ਰਸ਼ਕ ਹੈ ਅਤੇ ਵਾਮ ਪੰਥ ਦੀ ਅਜਿਹੀ ਸਾਮਾਨਯ ਪ੍ਰਾਪਤੀ ਨਜ਼ਰ ਨਹੀਂ ਆਉਂਦੀ।

ਇਜ਼ਰਾਈਲ ਦਾ ਸਥਾਨਕ ਜੁਝਾਰਵਾਦ ਦਾ ਪਰਮ ਉਦਾਹਰਣ ਹੈ ਜਿਸਦੇ ਨਾਗਰਿਕਾਂ ਦਾ ਅੰਧ ਵਿਸ਼ਵਾਸ ਅਤੇ ਗਰਮਜੋਸ਼ੀ ਭਵਿੱਖ-ਦੁਸ਼ਮਣ ਹੈ। ਸਾਡੇ ਦੇਸ਼ ਦੇ ਕਈ ਸੰਪਰਦਾਈ ਇਜ਼ਰਾਈਲ ਦੇ ਉਪਾਸ਼ਕ ਹੋ ਰਹੇ ਹਨ ਜੋ ਮੁਲਕ ਦੇ ਭਵਿੱਖ ਲਈ ਅੱਛਾ ਸ਼ਗਨ ਨਹੀਂ।

ਸਥਾਨਕ ਜੁਝਾਰਵਾਦ ਦਾ ਵਿਕਲਪ ਸਾਨੂੰ ਵੀਹਵੀਂ ਸਦੀ ਦੇ ਭਾਰਤੀ ਇਤਿਹਾਸ ਨੂੰ ਸਮਝਣ ’ਚ ਸਹਾਈ ਹੋ ਸਕਦਾ ਹੈ। ਕਾਂਗਰਸ ਨੂੰ ਫ਼ਿਰਕਾਪ੍ਰਸਤੀ ਦੀ ਅਜਿਹੀ ਲੋੜੀਂਦੀ ਸਮਝ ਨਹੀਂ ਸੀ ਜੋ ਦੱਖਣੀ ਅਫਰੀਕਾ ਦੀ ਨੈਸ਼ਨਲ ਕਾਂਗਰਸ ਨੇ ਵਖਾਈ ਹੈ। ❑❑

[ 144, ਸੈਕਟਰ 65, ਫੇਜ਼ 11, ਐੱਸ. ਏ. ਐੱਸ. ਨਗਰ-160 062 ]

*ਸੁਰਜੀਤ ਹਾਂਸ ਪੰਜਾਬੀ ਸਾਹਿਤ ਤੇ ਅਕਾਦਮਿਕ ਜਗਤ ਵਿਚ ਇਕ ਨਿਵੇਕਲਾ ਵਰਤਾਰਾ ਹੈ। ਇਹ ਪ੍ਰਬੁੱਧ ਚਿੰਤਕ ਤੇ ਅਨੁਭਵੀ ਸਿਰਜਕ ਲਗਾਤਾਰ ਆਪਣੇ ਕੰਮ ਵਿਚ ਜੁਟਿਆ ਰਹਿੰਦਾ ਹੈ। ਹੁਣੇ ਜਿਹੇ ਕਈ ਵਰ੍ਹਿਆਂ ਦੀ ਮਿਹਨਤ ਪਿੱਛੋਂ ਉਸ ਨੇ ਸ਼ੇਕਸਪੀਅਰ ਦੀ ਸਮੁੱਚੀ ਰਚਨਾ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ ਹੈ, ਜੋ ਪੰਜਾਬੀ ਯੂਨੀਵਰਸਿਟੀ ਵੱਲੋਂ 39 ਜਿਲਦਾਂ ਵਿਚ ਪ੍ਰਕਾਸ਼ਤ ਕੀਤੀ ਗਈ ਹੈ। ਏਡਾ ਵੱਡਾ ਕਾਰਜ ਨੇਪਰੇ ਚੜ੍ਹਨ ’ਤੇ ਆਪਣੇ ਧੰਨਵਾਦ ਦੇ ਪਾਤਰਾਂ ਵਿਚ ਉਸਨੇ ਸਾਨੂੰ ਵੀ ਸ਼ਾਮਲ ਕੀਤਾ ਹੈ, ਪਤਾ ਨਹੀਂ ਕਿਉਂ? ਖ਼ੈਰ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਹ ਵੱਡਾ ਕਾਰਜ ਸੰਪੰਨ ਕਰਨ ’ਤੇ ਸੁਰਜੀਤ ਹਾਂਸ ਨੂੰ ਮੁਬਾਰਕਬਾਦ ਆਖੀਏ।...ਬਹੁਤ ਬਹੁਤ ਮੁਬਾਰਕਾਂ।*

# ਪੰਜਾਬੀ ਵਿਰਸਾ : ਗਲੋਬਲੀ ਪਰਿਪੇਖ

ਦੇਵਿੰਦਰ ਕੌਰ

ਪੰਜਾਬੀ ਵਿਰਸਾ ਪੰਜਾਬ ਦੀ ਧਰਤੀ, ਪੰਜਾਬੀ ਖਾਣ-ਪਹਿਨਣ-ਵਿਹਾਰ, ਪੰਜਾਬ ਦੇ ਕੁਦਰਤੀ ਨਜ਼ਾਰੇ, ਪੰਜਾਬ ਦਾ ਲੋਕ-ਯਾਨ, ਪੰਜਾਬ ਦੀ ਕਲਾ, ਪੰਜਾਬ ਦੀ ਸੰਸਕ੍ਰਿਤੀ, ਪੰਜਾਬ ਦੀਆਂ ਪੁਸਤਕਾਂ ਅਤੇ ਗ੍ਰੰਥ, ਪੰਜਾਬ ਦੀ ਭਾਸ਼ਾ ਅਤੇ ਪੰਜਾਬ ਦੇ ਗਿਆਨ ਦਾ ਐਸਾ ਸਭਿਆਚਾਰਕ ਖ਼ਜ਼ਾਨਾ ਹੈ ਜਿਸਦਾ ਨਿਕਾਸ ਤਾਂ ਭਾਵੇਂ ਪੰਜਾਬ ਵਿਚ ਹੋਇਆ ਲੇਕਿਨ ਕਈ ਸਦੀਆਂ ਦੇ ਇਤਿਹਾਸ ਦੀ ਪ੍ਰਕਿਰਿਆ ਰਾਹੀਂ ਅੱਜ ਵਿਸ਼ਵ ਦੀ ਗਲੋਬਲ ਪੱਧਰ ਤਕ ਫੈਲ ਚੁੱਕਾ ਹੈ।

ਵਿਰਸਾ ਭਾਵੇਂ ਕਿਸੇ ਵੀ ਕੌਮ, ਦੇਸ਼ ਜਾਂ ਉਸਦੀ ਭਾਸ਼ਾ ਦੀ ਅਤੀਤ ਵਿਚ ਨਿਹਿਤ ਵਿਰਾਸਤ ਹੁੰਦੀ ਹੈ ਲੇਕਿਨ ਹਰ ਵਿਰਸੇ ਦੀਆਂ ਕਦਰਾਂ-ਕੀਮਤਾਂ ਅਤੇ ਉਸਦੇ ਸਮੁੱਚੇ ਵਿਹਾਰ ਨੂੰ ਵਰਤਮਾਨ ਵਿਚ ਸੰਭਾਲਿਆ ਜਾਂਦਾ ਹੈ ਤਾਂ ਕਿ ਉਸਦਾ ਭਵਿੱਖ ਸੁਰੱਖਿਅਤ ਰਹਿ ਸਕੇ। ਇਸ ਤਰ੍ਹਾਂ ਕਿਸੇ ਵੀ ਵਿਰਸੇ ਦਾ ਆਦਿ-ਅਤੀਤ ਪੀੜ੍ਹੀ ਦਰ ਪੀੜ੍ਹੀ ਵਰਤਮਾਨ ਬਣਦਾ ਭਵਿੱਖਮੁਖੀ ਦਿਸ਼ਾ ਵੱਲ ਨਿਰੰਤਰ ਤੁਰਦਾ ਰਹਿੰਦਾ ਹੈ।

ਕਿਸੇ ਵੀ ਧਰਤੀ, ਉੱਥੋਂ ਦਾ ਸਭਿਆਚਾਰ, ਉੱਥੋਂ ਦੀ ਭਾਸ਼ਾ ਇਕ ਐਸਾ ਵਿਲੱਖਣ ਵਿਹਾਰ ਹੁੰਦਾ ਹੈ ਜੋ ਆਪਣੇ ਮੂਲ ਰੂਪ ਵਿਚ ਬਦਲਿਆ ਨਹੀਂ ਜਾ ਸਕਦਾ। ਉਸਦੀ ਬਾਹਰਲੀ ਨੁਹਾਰ ਕਈ ਵਾਰੀ ਸਮੇਂ ਦੇ ਬਦਲਣ ਨਾਲ ਕੁਝ ਬਦਲਦੀ ਨਜ਼ਰ ਆਉਂਦੀ ਹੈ ਲੇਕਿਨ ਉਸ ਵਿਚਲਾ ਅੰਦਰੂਨੀ ਤੱਤ ਬਦਲਿਆ ਨਹੀਂ ਜਾ ਸਕਦਾ। ਉਸ ਦੇ ਬਦਲਣ ਨਾਲ ਜਾਂ ਉਸਦੇ ਮਰਨ ਨਾਲ ਕਿਸੇ ਸਭਿਆਚਾਰ ਦੀ ਮੌਤ ਹੋ ਸਕਣ ਦਾ ਡਰ ਹੁੰਦਾ ਹੈ।

ਪੰਜਾਬੀ ਵਿਰਸੇ ਵਿਚ ਪੰਜਾਬੀ ਸਭਿਆਚਾਰ, ਪੰਜਾਬੀ ਲੋਕ ਯਾਨ, ਮਿਥਾਂ, ਪੰਜਾਬੀ ਭਾਸ਼ਾ ਅਤੇ ਸਾਹਿਤ ਦਾ ਅਹਿਮ ਰੋਲ ਹੈ। ਮੱਧ ਕਾਲ ਦਾ ਪੰਜਾਬੀ ਸਾਹਿਤ ਆਪਣੇ ਸਮੇਂ ਦੇ ਰੂਹਾਨੀ ਗਿਆਨ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਪੇਸ਼ਕਾਰੀ ਦਾ ਸੁਨਹਿਰੀ ਕਾਲ ਹੋਣ ਕਾਰਨ ਅੱਜ ਵੀ ਪੰਜਾਬੀ ਸਾਹਿਤ ਦੀ ਆਧਾਰ ਸੰਰਚਨਾ ਮੰਨਿਆ ਜਾ ਸਕਦਾ ਹੈ। ਇਸ ਸਾਹਿਤ ਵਿਚ ਮਨੁੱਖੀ ਜੀਵਨ ਦੀ ਸੰਪੂਰਨਤਾ ਦਾ ਪ੍ਰਗਟਾਅ ਹੋਇਆ ਹੈ। ਇਸ ਵਿਚ ਗੁਰਮਤਿ ਸਾਹਿਤ ਅਤੇ ਸੂਫ਼ੀ ਸਾਹਿਤ ਵਿਚਲੀ ਭਗਤੀ ਅਤੇ ਇਸ਼ਕ ਜਿੱਥੇ ਮਨੁੱਖੀ ਜੀਵਨ ਦੀ ਰੂਹ ਦੀ ਖ਼ੁਰਾਕ ਬਣਦੇ ਹਨ ਉੱਥੇ ਕਿੱਸਾ ਸਾਹਿਤ ਮਨੁੱਖੀ ਪ੍ਰੇਮ ਦੀ ਸੰਪੂਰਨਤਾ ਲਈ ਜੱਦੋਂ ਜਹਿਦ ਦੀ ਮਿਸਾਲ ਬਣਦਾ ਹੈ।

ਮੱਧ ਕਾਲ ਦਾ ਸਾਹਿਤ ਸਭਿਆਚਾਰਕ ਪੱਧਰ 'ਤੇ ਮਨੁੱਖੀ ਸਾਂਝ ਦੀਆਂ ਕਦਰਾਂ-ਕੀਮਤਾਂ ਦੀ ਗਵਾਹੀ ਭਰਦਾ ਹੈ। ਇਹ ਐਸੇ ਮਾਹੌਲ ਦੀ ਸਿਰਜਣਾ ਕਰਦਾ ਹੈ ਜਿੱਥੇ ਜਾਤੀਗਤ ਭੇਦ ਭਾਵ ਮਿਟਾਉਣ ਲਈ ਆਦਿ-ਗ੍ਰੰਥ ਦੀ ਸੰਪਾਦਨਾ ਦਾ ਕਾਰਜ ਨੇਪਰੇ ਚੜ੍ਹਦਾ ਹੈ। ਇਹ ਐਸਾ ਗ੍ਰੰਥ ਹੈ ਜਿਸ ਵਿਚ ਬਾਬਾ ਫ਼ਰੀਦ, ਗੁਰੂ ਨਾਨਕ, ਭਗਤ ਕਬੀਰ, ਭਗਤ ਰਵਿਦਾਸ ਇਤਿਆਦਿ ਮਨੁੱਖੀ ਪ੍ਰੇਮ ਦਾ ਸਾਂਝਾ ਸੰਦੇਸ਼ ਸਿਰਜਦੇ ਇਕ ਪਲੇਟਫ਼ਾਰਮ 'ਤੇ ਖੜ੍ਹੇ ਦਿਖਾਈ ਦੇਂਦੇ ਹਨ। ਉਸਦਾ ਕਾਰਨ ਇਨ੍ਹਾਂ ਗੁਰੂਆਂ ਅਤੇ ਭਗਤਾਂ ਨੇ ਆਪਣੇ ਅਧਿਆਤਮਕ ਵਿਰਸੇ ਨੂੰ ਜੀਵਨ ਦਾ ਆਧਾਰ ਮੰਨਿਆ ਹੈ ਅਤੇ ਆਪਣੀ ਜ਼ਿੰਦਗੀ ਵਿਚ ਅਧਿਆਤਮਕਤਾ ਦਾ ਨਿਰਮਾਣ ਕੀਤਾ ਹੈ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਵੀ ਮੱਧ ਕਾਲ ਦਾ ਸਾਹਿਤ ਮਨੁੱਖੀ ਸਾਂਝ ਦਾ ਪ੍ਰਤੀਕ ਬਣਦਾ ਹੈ।ਮੱਧ ਕਾਲੀ ਸਾਹਿਤ ਦੀ ਭਾਸ਼ਾ ਦੀ ਸਿਰਜਣਾ ਵਿਚ ਭਾਈਚਾਰੇ ਦੀ ਸਾਂਝ ਝਲਕਦੀ ਹੈ। ਪੰਜਾਬ ਵਿਚ ਰਹਿਣ ਵਾਲੇ ਸਾਰੇ ਧਰਮਾਂ ਦੇ ਲੋਕਾਂ ਵੱਲੋਂ ਪੰਜਾਬੀ ਸਾਹਿਤ ਦੀ ਸਿਰਜਣਾ ਦੇ ਪ੍ਰਮਾਣ ਇਸ ਗੱਲ ਦੀ ਗਵਾਹੀ ਦੇਂਦੇ ਹਨ ਕਿ ਮੱਧਕਾਲੀ ਪੰਜਾਬੀ ਸਭਿਆਚਾਰ ਮਨੁੱਖੀ ਸਾਂਝ ਦਾ, ਮਨੁੱਖੀ ਪ੍ਰੇਮ ਦੀ ਸੁਤੰਤਰਤਾ ਦੀ ਬਹਾਲੀ ਦਾ ਸਾਹਿਤ ਹੋਣ ਕਰਕੇ ਭਾਸ਼ਾ ਦੀ ਵਰਤੋਂ ਲਈ ਕਿਸੇ ਜਾਤੀ ਜਾਂ



ਧਾਰਮਿਕ ਝਗੜੇ ਵਿਚ ਨਹੀਂ ਉਲਝਦਾ। ਗੁਰਮਤਿ ਸਾਹਿਤ, ਕਿੱਸਾ ਸਾਹਿਤ ਅਤੇ ਸੂਫ਼ੀ ਸਾਹਿਤ ਇਸ ਦੀ ਜੀਂਦੀ ਜਾਗਦੀ ਮਿਸਾਲ ਹਨ।

ਕੁਦਰਤ ਦੀ ਦ੍ਰਿਸ਼ਟੀ ਤੋਂ ਪੰਜਾਬ ਦੀ ਧਰਤੀ ਪੰਜ ਦਰਿਆਵਾਂ ਦੀ ਧਰਤੀ ਹੈ। ਇਹ ਵੰਡ ਤੋਂ ਪਹਿਲਾਂ ਵਾਲੇ ਪੰਜਾਬ ਦੇ ਸਮੇਂ ਦੀ ਗੱਲ ਹੈ। ਪੰਜਾਬ ਖੇਤੀਬਾੜੀ ਵਾਲਾ ਖ਼ਿੱਤਾ ਹੋਣ ਕਰਕੇ ਮਿਹਨਤ, ਲਗਨ ਅਤੇ ਭਾਈਚਾਰੇ ਦੀ ਸਾਂਝ ਦਾ ਪ੍ਰਤੀਕ ਬਣਦਾ ਹੈ। ਪੂਰਨ ਸਿੰਘ ਵੀ ਆਪਣੀ ਕਵਿਤਾ ਵਿਚ ਜਦੋਂ ਪੁਰਾਣੇ ਪੰਜਾਬ ਨੂੰ ਯਾਦ ਕਰਦਾ ਹੈ ਤਾਂ ਪੰਜਾਬ ਦੇ ਲੋਕਾਂ ਦੀ ਸਾਦਗੀ, ਖੁੱਲ੍ਹੇਪਣ ਅਤੇ ਬਹਾਦਰੀ ਵਾਲੇ ਪੱਖ ਨੂੰ ਉਭਾਰਦਾ ਹੈ। ਇਸ ਤਰ੍ਹਾਂ ਭੂਗੋਲਕ, ਭਾਸ਼ਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਪੰਜਾਬੀ ਵਿਰਸਾ ਸਾਂਝੇ ਸਭਿਆਚਾਰ ਦੀ ਮਜ਼ਬੂਤ ਤਸਵੀਰ ਪੇਸ਼ ਕਰਦਾ ਹੈ।

ਪੰਜਾਬੀ ਸਾਹਿਤ ਅਤੇ ਸਭਿਆਚਾਰ ਆਪਣੀ ਸਮੁੱਚੀ ਇਤਿਹਾਸਕ ਪ੍ਰਕਿਰਿਆ ਵਿਚ ਕਈ ਪੜਾਵਾਂ 'ਚੋਂ ਗੁਜ਼ਰਿਆ ਹੈ। ਇਸ ਦੀ ਭਾਸ਼ਕ ਸਾਂਝ ਨੂੰ ਵੱਡੀ ਸੱਟ ਉਦੋਂ ਲੱਗੀ ਜਦੋਂ ਭਾਰਤ ਦੇ ਨਾਲ ਨਾਲ ਪੰਜਾਬ ਵੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਲੇਕਿਨ ਜੋ ਤ੍ਰਾਸਦਿਕ ਗੱਲ ਵਾਪਰੀ ਉਹ ਇਹ ਕਿ ਜਿੱਥੇ ਪੰਜਾਬ ਦੀ ਧਰਤੀ ਦੇ ਦੋ ਹਿੱਸੇ ਹੋਏ ਓਥੇ ਪੰਜਾਬੀ ਭਾਸ਼ਾ ਦੀ ਵਰਤੋਂ ਕਰਨ ਵਾਲੇ ਸਪੱਸ਼ਟ ਰੂਪ ਵਿਚ ਘੱਟ ਤੋਂ ਘੱਟ ਤਿੰਨ ਹਿੱਸਿਆਂ ਵਿਚ ਵੰਡੇ ਗਏ। ਇਸ ਵੰਡ ਦਾ ਆਧਾਰ ਧਰਮ ਬਣਿਆ। ਸੋ ਪੰਜਾਬੀ ਭਾਸ਼ਾ ਇਕੋ ਵੇਲੇ ਰਾਜਨੀਤਕ ਅਤੇ ਧਾਰਮਿਕ ਸੱਟ ਵਿਚੋਂ ਗੁਜ਼ਰੀ ਅਤੇ ਅੱਜ ਤਕ ਗੁਜ਼ਰ ਰਹੀ ਹੈ। ਭਾਸ਼ਾ ਦੀ ਵੰਡ ਕਾਰਣ ਸਾਹਿਤ ਸਿਰਜਣ ਵਾਲੇ ਸਾਹਿਤਕਾਰ ਵੀ ਵੰਡੇ ਗਏ ਅਤੇ ਪੰਜਾਬੀ ਹਿੰਦੂ, ਸਿੱਖ, ਈਸਾਈ ਅਤੇ ਮੁਸਲਮਾਨਾਂ ਦੀ ਸਾਂਝੀ ਜ਼ਬਾਨ ਹੋਣ ਦੇ ਬਾਵਜੂਦ ਕੇਵਲ ਸਿੱਖਾਂ ਦੀ ਝੋਲੀ ਵਿਚ ਪੈ ਗਈ। ਇਸ ਵੰਡ ਦਾ ਸਿੱਟਾ ਅੱਜ ਤਕ ਪੰਜਾਬੀ ਸਾਹਿਤ ਭੁਗਤ ਰਿਹਾ ਹੈ।

1960ਵਿਆਂ ਵਿਚ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਆਰਥਿਕ ਕਾਰਨਾਂ ਕਰਕੇ ਪਰਵਾਸ ਧਾਰਨ ਦੀ ਪ੍ਰਕਿਰਿਆ ਵਿਚ ਪੈਂਦੇ ਹਨ। ਹਾਲਾਂਕਿ ਇਸ ਤੋਂ ਪਹਿਲਾਂ ਵੀ ਪੰਜਾਬੀ ਇੰਗਲੈਂਡ ਅਤੇ ਹੋਰ ਦੇਸ਼ਾਂ ਵਿਚ ਗਏ ਹਨ ਪਰ ਵਿਕੋਲਿਤਰੇ ਰੂਪ ਵਿਚ। ਕੈਨੇਡਾ ਵਿਚ ਗਏ ਪੰਜਾਬੀਆਂ ਵਿਚੋਂ ਗ਼ਦਰੀ ਬਾਬਿਆਂ ਦਾ ਗ਼ਦਰ ਲਹਿਰ ਨੂੰ ਪੈਦਾ ਕਰਨ ਵਿਚ ਬੜਾ ਵੱਡਾ ਰੋਲ ਹੈ। ਇਸ ਲਹਿਰ ਨੇ ਏਸ਼ੀਅਨ ਭਾਈਚਾਰੇ ਦੇ ਸਾਂਝੇ ਹੱਕਾਂ ਲਈ ਲੜਾਈ ਲੜੀ। ਲੇਕਿਨ ਸਾਹਿਤ ਅਤੇ ਭਾਸ਼ਾ ਦੇ ਪੱਖ ਤੋਂ ਸਪੱਸ਼ਟ ਰੂਪ ਵਿਚ ਬਰਤਾਨੀਆ ਵਿਚ ਜਾਣ ਵਾਲੇ ਲੋਕਾਂ ਵੱਲੋਂ ਸੰਘਰਸ਼ ਸ਼ੁਰੂ ਹੁੰਦਾ ਹੈ। ਉਸ ਦਾ ਕਾਰਨ ਵਾਊਚਰ ਸਿਸਟਮ ਦੇ ਅਧੀਨ ਪੜ੍ਹੇ ਲਿਖੇ ਪ੍ਰੋਫੈਸ਼ਨਲ ਲੋਕਾਂ ਦਾ ਬਰਤਾਨੀਆ ਵਿਚ ਪ੍ਰਵੇਸ਼ ਕਰਨਾ ਹੈ। ਅਤੇ ਵਿਸ਼ੇਸ਼ ਗੱਲ ਹੈ ਕਿ ਇਨ੍ਹਾਂ ਪੰਜਾਬੀ ਲੋਕਾਂ ਵਿਚੋਂ ਕਲਾਕਾਰ ਲੋਕ ਅਤੇ ਖਾਸ ਕਰਕੇ ਕਵੀ ਅਤੇ ਨਾਵਲਕਾਰਾਂ ਦਾ ਬਰਤਾਨੀਆ ਵਿਚ ਪ੍ਰਵੇਸ਼। ਇਸ ਦਾ ਸਿੱਟਾ ਬਰਤਾਨੀਆ ਦੀ ਧਰਤੀ 'ਤੇ ਇਕ ਵੱਖਰੀ ਸਥਾਨਕ ਨੁਹਾਰ ਵਾਲੇ ਸਾਹਿਤ ਦਾ ਪੈਦਾ ਹੋਣਾ ਹੈ ਜੋ ਰੂਪ ਦੀ ਦ੍ਰਿਸ਼ਟੀ ਤੋਂ ਤਾਂ ਕਵਿਤਾ, ਨਾਵਲ ਅਤੇ ਕਹਾਣੀ ਦੀਆਂ ਵਿਧਾਵਾਂ ਦੀ ਸਿਰਜਣਾ ਕਰਦਾ ਹੈ ਲੇਕਿਨ ਥੀਮ ਦੇ ਪੱਖੋਂ ਪਰਵਾਸੀ ਜੀਵਨ ਦੇ ਵਿਕੋਲਿਤਰੇ ਆਰਥਿਕ, ਸਮਾਜਕ, ਰਾਜਨੀਤਕ, ਭਾਸ਼ਕ ਅਤੇ ਸਭਿਆਚਾਰਕ ਪੱਖਾਂ ਦੀ ਪੇਸ਼ਕਾਰੀ ਕਰਦਾ ਹੈ। ਆਪਣੇ ਮੁੱਢਲੇ ਰੂਪ ਵਿਚ ਮੋਟੇ ਤੌਰ 'ਤੇ ਇਹ ਸਾਹਿਤ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ, ਝੂਰੇਰਵੇ, ਹੇਰਵੇ ਅਤੇ ਅਜਨਬੀਅਤ ਵਾਲਾ ਸਾਹਿਤ ਅਤੇ ਸੰਘਰਸ਼ ਵਾਲਾ ਪ੍ਰਗਤੀਵਾਦੀ ਸਾਹਿਤ। ਇਨ੍ਹਾਂ ਦੋ ਤਰ੍ਹਾਂ ਦੇ ਸਾਹਿਤ ਵਿਚ ਇਕ ਅੰਤਰ ਸੰਵਾਦ ਚਲਦਾ ਹੈ ਜੋ ਵਿਸ਼ੇਸ਼ ਕਰਕੇ ਕਵਿਤਾ ਵਿਚ ਪੜ੍ਹਨ ਨੂੰ ਮਿਲਦਾ ਹੈ। ਆਪਣੇ ਪ੍ਰਗਟਾਵੇ ਵਿਚ ਭਾਵੇਂ ਇਸ ਸਾਹਿਤ ਨੇ ਵੱਖਰੀ ਵਿਚਾਰਧਾਰਾ ਦੀ ਪੇਸ਼ਕਾਰੀ ਕੀਤੀ ਹੈ ਲੇਕਿਨ ਪਰਵਾਸੀਆਂ ਦੀਆਂ ਦੁਸ਼ਵਾਰੀਆਂ ਅਤੇ ਦੁਸ਼ਵਾਰੀਆਂ ਨਾਲ ਲੜਨ ਦੀ ਪ੍ਰੇਰਨਾ ਇਸ ਸਾਹਿਤ ਵਿਚੋਂ ਮਿਲਦੀ ਹੈ। ਇਸ ਤਰ੍ਹਾਂ ਇਹ ਸਾਹਿਤ ਆਪਣੇ ਸਮੁੱਚੇ ਰੂਪ ਵਿਚ ਪੰਜਾਬੀ ਵਿਰਸੇ

ਵਿਚੋਂ ਮਨੁੱਖੀ ਹੱਕ ਅਤੇ ਸੱਚ ਲਈ ਲੜਨ ਵਾਲੇ ਪਹਿਲੂ ਨੂੰ ਆਤਮਸਾਤ ਕਰਦਿਆਂ ਪੰਜਾਬੀ ਸਾਹਿਤ ਨੂੰ ਪੰਜਾਬ ਅਤੇ ਭਾਰਤ ਤੋਂ ਬਾਹਰ ਬਰਤਾਨੀਆ ਦੇ ਏਸ਼ੀਅਨ ਭਾਈਚਾਰੇ ਦੇ ਨੁਮਾਇੰਦੇ ਵਜੋਂ ਵਿਸਤਾਰ ਦੇਂਦਾ ਹੈ ਅਤੇ ਪੰਜਾਬੀ ਸਾਹਿਤ ਦੇ ਥੀਮਕ ਪੱਖ ਵਿਚ ਵੰਨ ਸੁਵੰਨਤਾ ਦੀ ਸਿਰਜਣਾ ਵੀ ਕਰਦਾ ਹੈ। ਲੇਕਿਨ ਏਥੇ ਵੀ ਇਹ ਗੱਲ ਰੜਕਦੀ ਹੈ ਕਿ ਬਰਤਾਨੀਆ ਵਿਚ ਜਿੰਨਾ ਵੀ ਪੰਜਾਬੀ ਸਾਹਿਤ ਸਿਰਜਿਆ ਗਿਆ ਹੈ ਉਹ ਵਧੇਰੇ ਕਰਕੇ ਸਿੱਖਾਂ ਵੱਲੋਂ ਹੀ ਸਿਰਜਿਆ ਗਿਆ ਹੈ। ਇਸੇ ਕਰਕੇ ਬਰਤਾਨੀਆ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਈ ਜਿੰਨੀ ਵੀ ਜੱਦੋ ਜਹਿਦ ਹੋਈ ਹੈ ਉਸ ਵਿਚ ਸਿੱਖ ਪੰਜਾਬੀਆਂ ਅਤੇ ਗੁਰਦਵਾਰਿਆਂ ਦਾ ਵਿਸ਼ੇਸ਼ ਰੋਲ ਹੈ। ਇਹ ਯਤਨ ਆਪਣੇ ਆਪ ਵਿਚ ਸਾਰਥਕ ਵੀ ਹੈ ਅਤੇ ਸ਼ਲਾਘਾਯੋਗ ਵੀ ਪਰੰਤੂ ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਜਿਸ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਹੈ ਉਸ ਦਾ ਘੇਰਾ ਸੰਕੁਚਤ ਹੈ। ਧਾਰਮਿਕ ਅਦਾਰਿਆਂ ਦੀਆਂ ਆਪਣੀਆਂ ਸੀਮਾਵਾਂ ਹਨ ਜਿਸ ਨਾਲ ਪੰਜਾਬੀ ਦੇ ਵਡੇਰੇ ਪੱਧਰ 'ਤੇ ਵਿਕਾਸ ਕਰਨ ਦੇ ਮੌਕੇ ਸੀਮਤ ਹੋ ਜਾਂਦੇ ਹਨ। ਅੱਜ ਇਹ ਹਾਲਤ ਬਰਤਾਨੀਆ ਤੋਂ ਇਲਾਵਾ ਅਮਰੀਕਾ, ਕੈਨੇਡਾ ਅਤੇ ਹੋਰ ਯੂਰਪੀਨ ਦੇਸ਼ਾਂ ਵਿਚ ਵਸੇ ਪੰਜਾਬੀ ਭਾਈਚਾਰੇ ਵਿਚ ਵੀ ਵੇਖਣ ਨੂੰ ਮਿਲਦੀ ਹੈ। ਇਸ ਦੀ ਪੁਸ਼ਟੀ ਅੰਤਰ-ਰਾਸ਼ਟਰੀ ਪੰਜਾਬੀ ਚੈਨਲਾਂ ਜਿਵੇਂ, ਸਿੱਖ ਚੈਨਲ, ਸੰਗਤ ਚੈਨਲ ਆਦਿ ਵਿਚ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਵਿਚੋਂ ਹੁੰਦੀ ਹੈ। ਇਹ ਚੈਨਲ ਬਹੁਤਾ ਕਰਕੇ ਆਪਣਾ ਧਿਆਨ ਸਿੱਖ ਧਰਮ ਦੇ ਮਸਲਿਆਂ 'ਤੇ ਕੇਂਦਰਤ ਕਰਦੇ ਹਨ। ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਦੇ ਕੋਈ ਇਕਾ-ਦੁੱਕਾ ਪ੍ਰੋਗਰਾਮ ਹੀ ਹੁੰਦੇ ਹਨ ਜਿਸ ਨਾਲ ਇਨ੍ਹਾਂ ਚੈਨਲਾਂ ਦੇ ਦਰਸ਼ਕਾਂ ਦਾ ਘੇਰਾ ਬੜਾ ਸੀਮਤ ਹੈ। ਹਾਂ ਕੁਝ ਰੇਡੀਓ ਚੈਨਲ ਹਨ ਜਿਨ੍ਹਾਂ ਵਿਚ ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ ਪੰਜਾਬੀ ਸ਼ਾਇਰੀ ਨੂੰ ਸਰੋਤਿਆਂ ਤਕ ਜ਼ਰੂਰ ਪਹੁੰਚਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕੁਝ ਇਲੈਕਟ੍ਰਾਨਿਕ ਪਰਚੇ ਅਤੇ ਵੈੱਬਸਾਈਟਸ ਹਨ ਜਿਵੇਂ 'ਸੀਰਤ', 'ਲਿਖਾਰੀ ਡਾਟ ਕੌਮ', 'ਵਤਨ', 'ਆਰਸੀ','ਸੰਵਾਦ', 'ਮੀਡੀਆ ਪੰਜਾਬ' ਆਦਿ ਜਿੰਨ੍ਹਾਂ ਨੇ ਪੰਜਾਬੀ ਸਾਹਿਤ ਨੂੰ ਦੁਨੀਆ ਭਰ ਦੇ ਪਾਠਕਾਂ ਤਕ ਪਹੁੰਚਾਇਆ ਹੈ। ਇੰਗਲੈਂਡ ਵਿਚ ਸਥਾਨਕ ਪੱਧਰ 'ਤੇ ਦੇਸ ਪਰਦੇਸ, ਪੰਜਾਬ ਟਾਈਮਜ਼, ਮੱਨਜਿੱਤ ਅਤੇ ਇਸੇ ਤਰ੍ਹਾਂ ਹੋਰ ਦੇਸ਼ਾਂ ਵਿਚ ਨਿਕਲਣ ਵਾਲੇ ਪਰਚਿਆਂ ਨੇ ਵੀ ਪੰਜਾਬੀ ਸਾਹਿਤ ਦੇ ਵਿਸਤਾਰ ਵਿਚ ਅਹਿਮ ਰੋਲ ਅਦਾ ਕੀਤਾ ਹੈ।

ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਸਭਿਆਚਾਰ ਦੀ ਉਮਰ ਭਾਸ਼ਾ ਨਾਲੋਂ ਲੰਬੀ ਹੁੰਦੀ ਹੈ ਕਿਉਂਕਿ ਜੇਕਰ ਕਿਸੇ ਵੀ ਰਾਜਨੀਤਕ ਕਾਰਨਾਂ ਕਰਕੇ ਜੇ ਕਿਸੇ ਭਾਸ਼ਾ ਬੋਲਣ ਵਾਲਿਆਂ ਵਿਚ ਜ਼ਾਤੀ ਵੰਡੀਆਂ ਵੀ ਪੈ ਜਾਣ ਤਾਂ ਵੀ ਸਾਂਝੇ ਸਭਿਆਚਾਰ ਵਿਚ ਇਹ ਵੰਡੀਆਂ ਪਾਉਣੀਆਂ ਔਖੀਆਂ ਹੁੰਦੀਆਂ ਹਨ। ਸਭਿਆਚਾਰ ਲਿਖਿਤ ਨਾਲੋਂ ਜ਼ਿਆਦਾ ਵਿਹਾਰ ਵਿਚ ਜੀਂਦਾ ਹੈ ਅਤੇ ਵਿਹਾਰ ਬੜਾ ਸ਼ਕਤੀਸ਼ਾਲੀ ਹੁੰਦਾ ਹੈ ਕਿਉਂਕਿ ਇਸ ਵਿਚ ਸਦੀਆਂ ਲੱਗੀਆਂ ਹੁੰਦੀਆਂ ਹਨ। ਪੰਜਾਬੀ ਸਭਿਆਚਾਰ ਗਲੋਬਲ ਪੱਧਰ 'ਤੇ ਭਾਸ਼ਾ ਅਤੇ ਸਾਹਿਤ ਨਾਲੋਂ ਵਧੇਰੇ ਵਿਸਤ੍ਰਿਤ ਰੂਪ ਵਿਚ ਫੈਲਿਆ ਹੈ। ਇਸ ਵਿਚ ਪੰਜਾਬੀ ਖਾਣ-ਪਾਣ, ਸੰਗੀਤ ਅਤੇ ਨਾਚ ਵਿਸ਼ੇਸ਼ ਰੂਪ ਵਿਚ ਵਰਣਨ ਯੋਗ ਹਨ। ਪੰਜਾਬੀ ਸੰਗੀਤ ਅਤੇ ਨਾਚ ਕਿਧਰੇ ਸ਼ੁੱਧ ਪੰਜਾਬੀ ਅਤੇ ਕਿਧਰੇ ਪੱਛਮੀ ਸੰਗੀਤ ਅਤੇ ਨਾਚ ਦੇ ਮਿਸ਼ਰਣ ਨੂੰ ਪੇਸ਼ ਕਰਦਾ ਹੈ। ਪੰਜਾਬੀ ਸਭਿਆਚਾਰ ਆਮ ਸਟੇਜਾਂ ਤੋਂ ਲੈ ਕੇ ਇੰਟਰਨੈਸ਼ਨਲ ਪੰਜਾਬੀ ਅਤੇ ਵਿਦੇਸ਼ੀ ਚੈਨਲਾਂ ਤਕ ਆਪਣੀ ਧਾਂਕ ਜਮਾ ਚੁੱਕਾ ਹੈ। ਪੰਜਾਬ ਵਿਚ ਰਹਿਣ ਵਾਲੇ ਪੰਜਾਬੀ ਕਲਾਕਾਰਾਂ ਦੇ ਵਿਦੇਸ਼ਾਂ ਵਿਚ ਪੇਸ਼ ਕਰਨ ਵਾਲੇ ਪ੍ਰੋਗਰਾਮਾਂ ਨੇ ਪਰਵਾਸੀ ਪੰਜਾਬੀਆਂ ਅਤੇ ਹੋਰ ਸਭਿਆਚਾਰਾਂ ਦੇ ਲੋਕਾਂ ਤਕ ਪੰਜਾਬੀ ਵਿਰਸੇ ਨੂੰ ਸੰਗੀਤ, ਨਾਚ ਦੇ ਨਾਲ ਨਾਲ ਬੋਲਾਂ ਰਾਹੀਂ ਵੀ ਵਿਸਤਾਰਿਆ ਹੈ। ਲੇਕਿਨ ਗਲੋਬਲੀਕਰਣ ਨੇ ਦੁਨੀਆ ਭਰ ਵਿਚ ਜਿੱਥੇ ਵਸਤਾਂ ਵਰਤਾਰਿਆਂ ਦਾ ਵਪਾਰੀਕਰਣ ਤੇ ਬਾਜ਼ਾਰੀਕਰਣ ਕੀਤਾ ਹੈ ਓਥੇ ਸਭਿਆਚਾਰ ਦੀ ਨੁਮਾਇੰਦਗੀ ਕਰਨ ਵਾਲੇ



ਲੋਕ ਵੀ ਏਸ ਲਾਲਚ ਤੋਂ ਬਚ ਨਹੀਂ ਸਕੇ। ਕਈ ਵਾਰੀ ਵਿਦੇਸ਼ੀ ਪੰਜਾਬੀ ਚੈਨਲਾਂ 'ਤੇ ਸਭਿਆਚਾਰਕ ਚਿੰਨ੍ਹ ਵਿਕਦੇ ਦਿਖਾਈ ਦੇਂਦੇ ਹਨ। ਇਨ੍ਹਾਂ ਚੈਨਲਾਂ 'ਤੇ ਪ੍ਰੋਗਰਾਮ ਪੇਸ਼ ਕਰਨ ਵਾਲੇ ਬੜੇ ਫ਼ਖ਼ਰ ਨਾਲ ਪੱਗ ਬੰਨ੍ਹਣੀ ਸਿਖਾਉਣ ਲਈ ਭਾਰੀ ਰਕਮ ਵਸੂਲ ਕਰਨ ਦਾ ਬਿਆਨ ਦੇਂਦੇ ਹਨ। ਉਸ ਵਕਤ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੀ ਧਰਮ ਅਤੇ ਕੌਮ ਲਈ ਕੀਤੀ ਕੁਰਬਾਨੀ ਯਾਦ ਆਉਂਦੀ ਹੈ ਅਤੇ ਉਸ ਵਿਰਸੇ ਦੇ ਅੱਜ ਦੇ ਵਪਾਰੀਕਰਣ ਵਾਲੇ ਪਹਿਲੂ ਨੂੰ ਦੇਖਦਿਆਂ ਸ਼ਰਮ ਨਾਲ ਸਿਰ ਵੀ ਝੁਕਦਾ ਹੈ। ਸੰਗੀਤ-ਦੀ ਪੱਧਰ 'ਤੇ ਕਈ ਵਾਰੀ ਸੰਗੀਤ ਦੇ ਬੋਲਾਂ ਨੂੰ ਪੰਜਾਬੀ ਲੋਕ ਵਿਰਸੇ ਵਿਚੋਂ ਲਿਆ ਜਾਂਦਾ ਹੈ ਲੇਕਿਨ ਉਸ ਦੇ ਨਾਲ ਸ਼ਬਦ ਦਾ ਜੋ ਤਸਵੀਰੀਕਰਨ ਪੇਸ਼ ਕੀਤਾ ਜਾਂਦਾ ਹੈ ਉਸ ਵਿਚ ਵਿਰੋਧਾਭਾਸ ਨਜ਼ਰ ਆਉਂਦਾ ਹੈ। ਝਾਂਜਰਾਂ, ਚੁੰਨੀ, ਟਿੱਕੇ ਦੀ ਗੱਲ ਨਾਲ ਨਾਚ ਕਰਨ ਵਾਲੀਆਂ ਕੁੜੀਆਂ ਦੇ ਗਲੇ ਵਿਚ ਨਾ ਚੁੰਨੀ ਹੁੰਦੀ ਹੈ ਤੇ ਨਾ ਹੀ ਪੈਰ ਵਿਚ ਝਾਂਜਰ। ਉਨ੍ਹਾਂ ਦੇ ਤਨ 'ਤੇ ਪਏ ਹੋਏ ਕੱਪੜਿਆਂ ਦਾ ਮੇਲ ਕਿਸੇ ਵੀ ਪੱਛਮੀ ਸੰਗੀਤ ਨਾਲ ਹੋ ਸਕਦਾ ਹੈ ਲੇਕਿਨ ਕਿਸੇ ਵੀ ਭਾਰਤੀ ਜਾਂ ਪੰਜਾਬੀ ਸੰਗੀਤ ਨਾਲ ਨਹੀਂ। ਹਾਂ ਕੁਝ ਪੰਜਾਬੀ ਫ਼ਿਲਮਾਂ ਨੇ ਇਸ ਪਾਸੇ ਜ਼ਰੂਰ ਧਿਆਨ ਦਿੱਤਾ ਹੈ ਜਿਵੇਂ ਹਰਭਜਨ ਮਾਨ ਅਤੇ ਗੁਰਦਾਸ ਮਾਨ ਦੀਆਂ ਫ਼ਿਲਮਾਂ ਵਿਚ ਪੰਜਾਬੀ ਸਭਿਆਚਾਰ ਦੀ ਇੱਜ਼ਤ ਮਿਲਦੀ ਹੈ। ਲੇਕਿਨ ਕਈ ਪੰਜਾਬੀ ਸੰਗੀਤ ਜਿਵੇਂ ਜੈਜ਼ ਵਰਗਿਆਂ ਨੇ ਪੰਜਾਬੀ ਸੰਗੀਤ ਦਾ ਅਤੇ ਆਪਣੇ ਆਪ ਦਾ ਜੋ ਪ੍ਰਦਰਸ਼ਨ ਕੀਤਾ ਹੈ ਉਸ ਨਾਲ ਪੰਜਾਬੀ ਸਭਿਆਚਾਰ ਦੀ ਇੱਜ਼ਤ ਵਾਲਾ ਪੱਖ ਘਟਦਾ ਹੈ। ਮੁੱਕਦੀ ਗੱਲ ਇਹੋ ਜਿਹੇ ਸੰਗੀਤ ਦੀ ਸੁਰ ਮਨੁੱਖਤਾ ਨਾਲ ਜੁੜਣ ਦੀ ਬਜਾਏ ਬੜੇ ਹਾਸੋ ਹੀਣੇ ਢੰਗ ਨਾਲ ਕੁਝ ਕੁ ਖਾੜਕੂ ਕਿਸਮ ਦੇ ਸੁਰ ਦਾ ਪ੍ਰਭਾਵ ਸਿਰਜਦੀ ਨਜ਼ਰ ਆਉਂਦੀ ਹੈ।

ਵੀਹਵੀਂ ਸਦੀ ਦੇ ਅੱਧ ਤੋਂ ਲੈ ਕੇ ਅੱਜ ਤਕ ਪਹੁੰਚਦਿਆਂ ਮਨੁੱਖੀ ਸਮਾਜ ਖੇਤੀ ਤੋਂ ਉਦਯੋਗ ਤਕ ਪਹੁੰਚਦਿਆਂ ਤਕਨਾਲੋਜੀ ਦੀ ਉਸ ਹੱਦ 'ਤੇ ਅੱਪੜ ਗਿਆ ਹੈ ਜਿੱਥੇ ਆਮ ਮਨੁੱਖ ਲਈ ਲੋੜੋਂ ਵੱਧ ਭੌਤਿਕ ਗਿਆਨ, ਲੋੜੋਂ ਵੱਧ ਤਕਨਾਲੋਜੀ ਦੀ ਵਰਤੋਂ, ਲੋੜੋਂ ਵੱਧ ਪੈਸਾ ਬਣਾਉਣ ਦੀ ਲਲਕ, ਲੋੜੋਂ ਵੱਧ ਮਸ਼ਹੂਰੀ ਪ੍ਰਾਪਤ ਕਰਨ ਦੀ ਇੱਛਾ ਉਸਨੂੰ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਨਾਲ ਇਸ ਤਰ੍ਹਾਂ ਜਕੜ ਰਹੀ ਹੈ ਕਿ ਉਹਨਾਂ ਨਾਲ ਨਜਿੱਠਣਾ ਔਖਾ ਬਣਦਾ ਜਾ ਰਿਹਾ ਹੈ। ਏਥੋਂ ਤੱਕ ਕਿ ਇੱਛਾ, ਕਰਮ ਅਤੇ ਹੋਂਦ ਵੀ ਆਪਣੀਆਂ ਸੀਮਾਵਾਂ ਉਲੰਘਦੇ ਨਜ਼ਰ ਆਉਂਦੇ ਹਨ। ਇਸੇ ਵਿਚੋਂ ਹੀ ਮਨੁੱਖੀ, ਸਮਾਜਕ, ਰਾਜਨੀਤਕ, ਆਰਥਿਕ ਅਤੇ ਗਲੋਬਲ ਆਤੰਕ ਸਿਰ ਚੜ੍ਹ ਕੇ ਬੋਲਦੇ ਇਕ ਨਾ ਮੁੱਕਣ ਵਾਲੇ ਰਸਤੇ 'ਤੇ ਤੁਰ ਰਹੇ ਨਜ਼ਰ ਆ ਰਹੇ ਹਨ। ਇਸ ਸਭ ਕਾਸੇ ਵੱਲ ਪੰਜਾਬੀ ਲੋਕ-ਕਲਾਕਾਰਾਂ ਨੇ ਆਪਣੇ ਸੰਗੀਤਕ ਬੋਲਾਂ ਰਾਹੀਂ ਮਨੁੱਖ ਦਾ ਧਿਆਨ ਵੀ ਦਿਵਾਇਆ ਹੈ ਅਤੇ ਮਨੁੱਖ ਨੂੰ ਆਪਣੇ ਵਿਰਸੇ ਨਾਲ ਜੁੜਨ ਲਈ ਵੀ ਪ੍ਰੇਰਿਆ ਹੈ। ਇਸ ਸੰਦਰਭ ਵਿਚ ਗੁਰਦਾਸ ਮਾਨ ਦੇ 'ਆਪਣਾ ਪੰਜਾਬ ਹੋਵੇ' ਅਤੇ 'ਰੋਟੀ ਹੱਕ ਦੀ ਖਾਈਏ' ਆਦਿ ਗੀਤਾਂ ਦਾ ਮਹੱਤਵ ਪਤਾ ਲਗਦਾ ਹੈ।

ਜਿੱਥੇ ਪੰਜਾਬ ਦੀ ਧਰਤੀ ਏਨੀ ਉਪਜਾਊ ਹੁੰਦੀ ਸੀ ਕਿ ਫ਼ਸਲਾਂ ਨਾਲ ਲਹਿਲਹਾਉਂਦੇ ਖੇਤਾਂ ਦੀ ਬਹਾਰ ਉੱਪਰ, 'ਮੇਰੇ ਖੇਤੀ ਖਿੜੀ ਬਹਾਰ ਕੁੜੇ' ਵਰਗੇ ਗੀਤ ਰਚੇ ਜਾਂਦੇ ਸਨ, ਅੱਜ ਉਹ ਧਰਤੀ ਮੁਨਾਫ਼ੇ ਦੀ ਖ਼ਾਤਰ ਕਈ ਰਸਾਇਣਕ ਤੱਤਾਂ ਦੀ ਲੋੜੋਂ ਵੱਧ ਵਰਤੋਂ ਕਾਰਨ ਜ਼ਹਿਰੀਲੀ ਬਣਦੀ ਜਾ ਰਹੀ ਹੈ ਜਿਸ ਚੋਂ ਉੱਗਦੀ ਫ਼ਸਲ ਮਨੁੱਖ ਨੂੰ ਕੈਂਸਰ ਵਰਗੀਆਂ ਬਿਮਾਰੀਆਂ ਦੇ ਰਹੀ ਹੈ। ਜਿੱਥੇ ਕਦੇ ਪੰਜਾਬ ਦੇ ਦਰਿਆ ਪੰਜਾਬ ਦੀ ਪਵਿੱਤਰਤਾ ਦਾ ਕਾਰਨ ਬਣਦੇ ਸਨ ਅੱਜ ਉਨ੍ਹਾਂ ਵਿਚ ਵੀ ਰਸਾਇਣਕ ਤੱਤਾਂ ਦੇ ਮਿਲਣ ਕਾਰਨ ਜ਼ਹਿਰ ਫੈਲਦਾ ਜਾ ਰਿਹਾ ਹੈ। ਪੰਜਾਬ ਦੀ ਧਰਤੀ, ਓਥੋਂ ਦਾ ਪਾਣੀ ਗੰਧਲਾਅ ਰਹੇ ਹਨ । ਅੱਜ ਪਵਨ ਗੁਰੂ, ਪਾਣੀ ਪਿਤਾ ਵਾਲੇ ਬੋਲ ਝੂਠੇ ਪੈਂਦੇ ਜਾਪਦੇ ਹਨ। ਉਹ ਸਮਾ ਜਦੋਂ ਆਰਗੈਨਿਕ ਫ਼ਸਲ ਪੰਜਾਬ ਅਤੇ ਭਾਰਤੀ ਵਿਰਸੇ ਦਾ ਸਹਿਜ ਕਰਮ

ਸੀ, ਅੱਜ ਉਸ ਨੂੰ ਮੁੜ ਵਾਪਸ ਲਿਆਉਣ ਲਈ ਅਤੇ ਹੋਰ ਪੈਸਾ ਕਮਾਉਣ ਹਿਤ ਕੀਮਤੀ ਸਾਧਨਾ ਦੀ ਵਰਤੋਂ ਦੀ ਲੋੜ ਪੈ ਰਹੀ ਹੈ। ਮਨੁੱਖ ਨੇ ਆਪੇ ਹੀ ਜ਼ਿੰਦਗੀ ਦਾ ਜੋ ਸਹਿਜ ਗਵਾਇਆ ਹੈ ਉਸਨੂੰ ਵਾਪਸ ਲਿਆਉਣ ਲਈ ਅਸਹਿਜ ਢੰਗ ਅਪਣਾਏ ਜਾ ਰਹੇ ਹਨ। ਐਸੀ ਹਾਲਤ ਸਿਰਫ਼ ਪੰਜਾਬ ਦੀ ਹੀ ਨਹੀਂ ਸਮੁੱਚੇ ਗਲੋਬ 'ਤੇ ਕੁਦਰਤ ਦਾ ਵਿਨਾਸ਼ ਕੀਤਾ ਜਾ ਰਿਹਾ ਹੈ। ਅਤਿ ਵਿਕਸਤ ਤਕਨਾਲੋਜੀ ਦੀ ਲੋੜੋਂ ਵੱਧ ਵਰਤੋਂ ਕਰਨ ਨਾਲ ਵਾਤਾਵਰਣ ਦਾ ਜੋ ਤਾਪਮਾਨ ਵਿਗੜ ਰਿਹਾ ਹੈ, ਓਜ਼ੋਨ ਦੀ ਪਰਤ ਵਿਚਲੇ ਛੇਦਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਉਸ ਵੱਲ ਵੀ ਸਾਡੇ ਕਵੀਆਂ ਨੇ ਮਨੁੱਖ ਦਾ ਧਿਆਨ ਦਿਵਾਇਆ ਹੈ। ਕਹਿਣ ਤੋਂ ਭਾਵ ਪੰਜਾਬੀ ਜਿੱਥੇ ਕਿੱਥੇ ਵੀ ਵਸਦਾ ਹੈ, ਪੰਜਾਬ ਅਤੇ ਸਮੁੱਚੇ ਵਿਸ਼ਵ ਨਾਲ ਉਸਦਾ ਸਰੋਕਾਰ ਜੁੜਿਆ ਰਹਿੰਦਾ ਹੈ। ਪਰ ਇਸ ਦੇ ਜ਼ਿੰਮੇਵਾਰ ਲੋਕਾਂ ਦੀ ਆਤਮਾ ਵੀ ਕੀ ਸੋਚਦੀ ਹੈ?

ਦੁਨੀਆ ਦੇ ਗਲੋਬ 'ਤੇ ਫੈਲ ਰਹੇ ਗਲੋਬਲੀਕਰਣ ਅਤੇ ਵਪਾਰੀਕਰਣ ਨੇ ਸਮੁੱਚੇ ਵਿਸ਼ਵ ਵਿਚ ਉਪਭੋਗ, ਉਤਪਾਦਨ ਅਤੇ ਮੁਨਾਫ਼ੇ ਦੇ ਆਪਸੀ ਸੰਬੰਧਾਂ ਦਾ ਐਸਾ ਜਾਲ ਬੁਣਿਆ ਹੈ ਤੇ ਮਨੁੱਖ ਉਸ ਜਾਲ ਵਿਚ ਏਨਾ ਫਸਦਾ ਜਾ ਰਿਹਾ ਹੈ ਕਿ ਉਸ ਵਿਚੋਂ ਨਿਕਲ ਸਕਣ ਦਾ ਰਸਤਾ ਨਜ਼ਰ ਨਹੀਂ ਆ ਰਿਹਾ। ਮਨੁੱਖ ਦੀ ਜ਼ਿੰਦਗੀ ਏਨੀ ਜਟਿਲ ਅਤੇ ਤਣਾਓ ਯੁਕਤ ਹੁੰਦੀ ਜਾ ਰਹੀ ਹੈ ਕਿ ਉਹ ਜਟਿਲਤਾ ਅਤੇ ਤਣਾਓ ਸਾਹਿਤ ਦੇ ਥੀਮ ਦਾ ਵੀ ਹਿੱਸਾ ਬਣਦੇ ਜਾ ਰਹੇ ਹਨ। ਜਿੱਥੇ ਗੁਰਮਤਿ ਸਾਹਿਤ ਤਣਾਓ ਤੋਂ ਤਣਾਓ-ਮੁਕਤੀ ਦੀ ਪ੍ਰਕਿਰਿਆ ਦਾ ਸਾਹਿਤ ਬਣਦਾ ਸੀ, ਬੁਰਿਆਈ ਲੋਚ ਰਹੇ ਮਨ ਨੂੰ ਗੁਰੂ ਦੇ ਸ਼ਬਦ ਨਾਲ ਹੋੜਨ ਦਾ ਰਾਹ ਦੱਸਦਾ ਸੀ, ਜਿੱਥੇ ਸੂਫ਼ੀ ਸਾਹਿਤ ਮਨੁੱਖ ਨੂੰ ਸੱਚੇ ਇਸ਼ਕ ਦਾ ਰਾਹ ਦੱਸਦਾ ਸੀ, ਜਿੱਥੇ ਕਿੱਸੇ ਮਨੁੱਖ ਨੂੰ ਪ੍ਰੇਮ ਦੀ ਆਜ਼ਾਦੀ ਦਾ ਰਾਹ ਦੱਸਦੇ ਸਨ, ਜਿੱਥੇ ਜੋਗ-ਸਾਹਿਤ ਮਨੁੱਖ ਨੂੰ ਸੰਜਮ ਵਿਚ ਰਹਿਣ ਦੀ ਜਾਚ ਦੱਸਦਾ ਸੀ, ਉੱਥੇ ਅੱਜ ਦਾ ਸਾਹਿਤ ਵਿਅਕਤੀਵਾਦ ਦੇ ਰਸਤੇ 'ਤੇ ਏਨਾ ਚੱਲ ਰਿਹਾ ਹੈ ਕਿ ਤਕਰਾਰ, ਮਾਨਸਿਕ ਦੁਬਿਧਾ, ਤਣਾਓ, ਭਟਕਣ, ਉਲਝਣ ਇਸ ਦੇ ਵਿਸ਼ੇ ਬਣਦੇ ਜਾ ਰਹੇ ਹਨ। ਆਧੁਨਿਕਤਾ ਦੇ ਨਾਂ 'ਤੇ ਜ਼ਿੰਦਗੀ 'ਚੋਂ ਸਾਦਗੀ ਲੋਪ ਹੋ ਰਹੀ ਹੈ, ਵਸਤਾਂ ਦੀ ਚਕਾਚੌਂਧ ਮਾਨਸਿਕਤਾ ਨੂੰ ਉਲਝਾ ਰਹੀ ਹੈ, ਭਵਿੱਖ ਦੀ ਥਾਂ 'ਅੱਜ' ਅਤੇ 'ਹੁਣ' ਵਧੇਰੇ ਮਹੱਤਵਪੂਰਣ ਹੋ ਗਏ ਹਨ ਲੇਕਿਨ ਉਸ 'ਅੱਜ' ਵਿਚ ਮਨੁੱਖ ਸਮਾਜ ਦੀ ਚਿੰਤਾ ਕਰਨ ਦੀ ਥਾਂ ਆਪਣੀ ਚਿੰਤਾ ਕਰਨ ਲੱਗ ਪਿਆ ਹੈ, ਜਿਸ ਨਾਲ ਖ਼ੁਦਗਰਜ਼ੀ ਦਾ ਪਸਾਰ ਹੋ ਰਿਹਾ ਹੈ। ਜਿੱਥੇ ਮੱਧਕਾਲੀ ਸਾਹਿਤ ਸਮਾਜ ਦਾ ਸਾਹਿਤ ਸੀ, ਸਮਾਜ ਦੇ ਸਾਂਝੇ ਲੋਕਾਂ ਲਈ ਰਚਿਆ ਗਿਆ ਸਾਹਿਤ ਸੀ, ਉੱਥੇ ਅੱਜ ਸਾਹਿਤ ਵਿਚ ਨਿਰੋਲ ਮੈਂ ਦੇ ਪਸਾਰ ਵੀ ਹੋ ਰਹੇ ਹਨ ਜੋ ਮਨੁੱਖ ਨੂੰ ਸਮਾਜ ਨਾਲੋਂ ਤੋੜ ਰਹੇ ਹਨ। ਨਵੇਂ ਦੇ ਨਾਂ 'ਤੇ ਬਹੁਤ ਕੁਝ ਐਸਾ ਰਚਿਆ ਜਾ ਰਿਹਾ ਹੈ ਜਿਸ 'ਚੋਂ ਮਨੁੱਖੀ ਅਹਿਸਾਸ ਅਤੇ ਲੋਕ ਭਲਾਈ ਲਈ ਸੁਹਿਰਦਤਾ ਗ਼ਾਇਬ ਹੋ ਰਹੀ ਹੈ।

ਮੱਧਕਾਲੀ ਸਾਹਿਤ ਸਮਾਜ ਸੁਧਾਰ ਲਈ ਸਥਾਪਤੀ ਨਾਲ ਟਕਰਾਉਂਦਾ ਹੈ, ਉਸਦੀ ਭਾਵ-ਬਿਰਤੀ ਵਿਦਰੋਹੀ ਬਣਦੀ ਹੈ। ਅੱਜ ਦਾ ਸਾਹਿਤਕਾਰ ਕਈ ਵਾਰੀ ਇਨਾਮਾਂ ਦੀ ਕਤਾਰ ਵਿਚ ਖੜ੍ਹੇ ਹੋਣ ਲਈ ਸਥਾਪਤੀ ਦੇ ਹੱਕ ਵਿਚ ਸਾਹਿਤ ਰਚਦਾ ਹੈ। ਇਨਾਮ ਹਾਸਿਲ ਕਰਨ ਦੀ ਦੌੜ ਵਿਚ ਮਨੁੱਖੀ ਕਦਰਾਂ-ਕੀਮਤਾਂ ਦੀ ਪ੍ਰਵਾਹ ਕੀਤੇ ਬਗ਼ੈਰ ਇਕ ਦੂਜੇ ਨੂੰ ਲਤਾੜ ਕੇ ਅੱਗੇ ਲੰਘਣ ਦੀ ਦੌੜ ਵਿਚ ਸਾਡੇ ਕਈ ਸਾਹਿਤਕਾਰ ਜੁਟੇ ਹੋਏ ਹਨ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਸਾਡੇ ਬਹੁਤ ਸਾਰੇ ਉੱਚ ਪਾਏ ਦੇ ਸੁਹਿਰਦ ਸਾਹਿਤਕਾਰ ਖੁੱਡੇ ਲਾ ਦਿੱਤੇ ਜਾਂਦੇ ਹਨ। ਉਹ ਪੰਜਾਬੀ ਵਿਰਸਾ ਜਿਸ ਵਿਚ ਲੋਕ ਹਿੱਤ ਸਿਰ ਚੜ੍ਹ ਬੋਲਦਾ ਸੀ, ਉਸ ਵਿਰਸੇ ਦਾ ਵਰਤਮਾਨ ਕੁਝ ਵਿਅਕਤੀਆਂ ਦੇ ਜ਼ਾਤੀ ਮੋਢਿਆਂ 'ਤੇ ਛਾਲਾਂ ਮਾਰਦਾ ਨਜ਼ਰ ਆਉਂਦਾ ਹੈ। ਵਿਚਾਰਧਾਰਾ ਨਾਲੋਂ ਵਿਅਕਤੀ ਦੀ ਕਦਰ ਵਧੇਰੇ ਹੋ ਰਹੀ ਹੈ। ਏਸੇ ਲਈ ਅੱਜ ਦਾ ਚਿੰਤਕ ਪਰਿਭਾਸ਼ਾ ਦੇਣ ਤੋਂ



ਕਤਰਾਉਣ ਲੱਗ ਪਿਆ ਹੈ। ਐਸਾ ਕਰਨ ਨਾਲ ਮਨਮਾਨੀ ਕਰਨ ਦੇ ਰਸਤੇ ਵਧੇਰੇ ਖੁੱਲ੍ਹਦੇ ਹਨ।

ਸਿਰਫ਼ ਸਾਹਿਤਕਾਰ ਹੀ ਨਹੀਂ, ਆਮ ਮਨੁੱਖ ਵੀ ਜ਼ਾਤੀ ਹਿਤਾਂ ਲਈ ਅਸੂਲ ਤਿਆਗਦਾ ਹੈ। ਐਸਾ ਨਹੀਂ ਕੁਝ ਰਾਜਨੀਤਿਕ ਤੌਰ 'ਤੇ ਸੁਚੇਤ ਸਾਹਿਤਕਾਰ ਇਸ ਗੱਲ ਵੱਲ ਧਿਆਨ ਵੀ ਦਿਵਾਉਂਦੇ ਹਨ। ਪਾਸ਼ ਮੁਤਾਬਿਕ ਅੱਜ ਦਾ ਮਿਰਜ਼ਾ ਇਸ਼ਕ ਖਾਤਰ ਜੰਡ ਹੇਠ ਵੱਢਿਆ ਨਹੀਂ ਜਾਂਦਾ ਸਗੋਂ ਅੱਜ ਦਾ ਮਿਰਜ਼ਾ ਆਰਥਿਕ ਮਜਬੂਰੀ ਖਾਤਰ ਕੁਰਸੀ ਹੇਠ ਦਫ਼ਨ ਹੁੰਦਾ ਹੈ। ਸਥਾਪਤੀ ਦਾ ਵਿਰੋਧ ਕਰਨ ਦੀ ਥਾਂ ਅੱਜ ਦਾ ਮਨੁੱਖ ਸਥਾਪਤੀ ਦੇ ਹੱਥਾਂ ਦੀ ਕਠਪੁਤਲੀ ਬਣ ਗਿਆ ਹੈ। ਸੁਹਿਰਦਤਾ ਅੱਜ ਦੇ ਸਮਾਜ ਵਿਚੋਂ ਲੋਪ ਹੋ ਰਹੀ ਹੈ, ਖ਼ੁਦਗਰਜ਼ੀ ਲਈ ਦਾਅ-ਪੇਚ ਮਨੁੱਖ ਦਾ ਵਿਹਾਰ ਬਣਦੇ ਜਾ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਦੀ ਜ਼ਿੰਦਗੀ ਵਿਚੋਂ ਰੂਹਾਨੀਅਤ ਖ਼ਤਮ ਹੁੰਦੀ ਜਾ ਰਹੀ ਹੈ ਅਤੇ ਨਿਰੋਲ ਪਦਾਰਥਕਤਾ ਸਮੁੱਚੀ ਜ਼ਿੰਦਗੀ ਦਾ ਆਧਾਰ ਬਣਦੀ ਜਾ ਰਹੀ ਹੈ। ਇਹ ਨਹੀਂ ਕਿ ਮਨੁੱਖ ਕੰਮ ਨਹੀਂ ਕਰ ਰਿਹਾ, ਬਹੁਤ ਕਰ ਰਿਹਾ ਹੈ, ਅਨੇਕਾਂ ਵਸਤਾਂ ਦਾ ਉਤਪਾਦਨ ਕਰ ਰਿਹਾ ਹੈ, ਲੇਕਿਨ ਅਸਲੀ ਖ਼ੁਸ਼ੀ ਕਿੱਥੇ ਹੈ, ਜ਼ਿੰਦਗੀ ਦੀ ਦਿਸ਼ਾ ਕਿਹੜੀ ਹੈ? ਇਸ ਬਾਰੇ ਮਨੁੱਖ ਦੀ ਸੋਚ ਖ਼ਾਮੋਸ਼ ਹੈ। ਸਵਾਰਥੀ ਸੋਚ ਦਾ ਹਰ ਪਾਸੇ ਬੋਲਬਾਲਾ ਹੈ। ਵਸਤਾਂ ਦਾ ਉਤਪਾਦਨ ਹੋ ਰਿਹਾ ਹੈ ਲੇਕਿਨ ਵਿਚਾਰਾਂ ਦੀ ਹੋਲੀ ਬਾਲੀ ਜਾ ਰਹੀ ਹੈ।

ਕਿਹਾ ਜਾਂਦਾ ਹੈ ਕਿ ਕਿਸੇ ਕੌਮ ਦਾ ਭਵਿੱਖ ਉਸ ਦੀ ਨੌਜਵਾਨ ਪੀੜ੍ਹੀ ਹੁੰਦੀ ਹੈ ਕਿਉਂਕਿ ਇਸ ਪੀੜ੍ਹੀ ਨੇ ਮਨੁੱਖੀ ਕਦਰਾਂ-ਕੀਮਤਾਂ ਨੂੰ ਅੱਗੇ ਲੈ ਕੇ ਜਾਣਾ ਹੁੰਦਾ ਹੈ ਅਤੇ ਇਤਿਹਾਸ ਦੀ ਤੋਰ ਨੂੰ ਇਕ ਨਵੀਂ ਦਿਸ਼ਾ ਦੇਣੀ ਹੁੰਦੀ ਹੈ। ਅੱਜ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਕੁਝ ਹਿੱਸਾ ਐਸਾ ਹੈ ਜੋ ਨਸ਼ਿਆਂ ਵਿਚ ਡੁੱਬਦਾ ਜਾ ਰਿਹਾ ਹੈ। ਇਹ ਪੀੜ੍ਹੀ ਆਪਣੇ ਬਜ਼ੁਰਗਾਂ ਦਾ ਸਹਾਰਾ ਬਣਨ ਦੀ ਥਾਂ ਉਨ੍ਹਾਂ ਦੀ ਜ਼ਿੰਦਗੀ ਦਾ ਸਰਾਪ ਬਣਦੀ ਜਾ ਰਹੀ ਹੈ। ਪੰਜਾਬੀ ਵਿਰਸੇ ਨਾਲ ਸੰਬੰਧ ਰੱਖਣ ਵਾਲੀ ਇਹ ਪੀੜ੍ਹੀ ਭਾਵੇਂ ਪੰਜਾਬ ਵਿਚ ਰਹਿਣ ਵਾਲੀ ਹੋਵੇ ਭਾਵੇਂ ਵਿਦੇਸ਼ਾਂ ਵਿਚ, ਕਿਹੜੇ ਵਰਤਮਾਨ ਦਾ ਨਿਰਮਾਣ ਕਰ ਰਹੀ ਹੈ ਅਤੇ ਭਵਿੱਖ ਦੇ ਕਿਹੋ ਜਿਹੇ ਪਰਿਣਾਮ ਦਾ ਆਧਾਰ ਬਣ ਰਹੀ ਹੈ, ਇਸ ਬਾਰੇ ਸਾਨੂੰ ਸਾਰਿਆਂ ਨੂੰ ਵਿਚਾਰ ਕਰਨ ਦੀ ਲੋੜ ਹੈ।

ਸਵਾਲ ਪੈਦਾ ਹੁੰਦਾ ਹੈ, ਇਸ ਸਭ ਦਾ ਕਾਰਨ ਕੀ ਹੋ ਸਕਦਾ ਹੈ? ਜਵਾਬ ਸਪੱਸ਼ਟ ਹੈ ਕਿ ਮਨੁੱਖੀ ਸੋਚ ਸਰਬੱਤ ਦੇ ਭਲੇ ਦੀ ਥਾਂ ਆਪਣੇ ਭਲੇ ਵਾਲੀ ਹੋ ਗਈ ਹੈ। ਹਰ ਥਾਂ ਗੰਧਲੀ ਰਾਜਨੀਤੀ ਦਾ ਬੋਲਬਾਲਾ ਹੈ, ਵਿਰਸੇ ਦੀਆਂ ਕਦਰਾਂ-ਕੀਮਤਾਂ ਨੂੰ ਨਵੀਂ ਦਿਸ਼ਾ ਦੇਣ ਦੀ ਥਾਂ, ਦਿਸ਼ਾ ਹੀਣ ਬਣਾਇਆ ਜਾ ਰਿਹਾ ਹੈ। ਮਨੁੱਖ ਕਿਧਰ ਨੂੰ ਜਾ ਰਿਹਾ ਹੈ, ਸਭਿਅਤਾ ਦੇ ਨਾਂ 'ਤੇ ਕੀ ਕੁਝ ਹੋ ਰਿਹਾ ਹੈ, ਉਸ ਵੱਲ ਮਰਹੂਮ ਸ਼ਾਇਰ ਨਿਰੰਜਨ ਸਿੰਘ ਨੂਰ ਨੇ ਕੁਝ ਇਸ ਤਰ੍ਹਾਂ ਲਿਖਿਆ ਹੈ:-

*ਇਹ ਜ਼ਿੰਦਗੀ ਦਾ ਰਾਹੀ, ਕਿੱਥੋਂ ਕੁ ਚੱਲਿਆ ਹੈ*
*ਕਿੱਥੇ ਕੁ ਆ ਖਲੋਇਆ, ਮੇਰਾ ਦਿਲ ਹੀ ਜਾਣਦਾ ਹੈ*
*ਸਭਿਅਤਾ ਦੇ ਮੋਢਿਆਂ 'ਤੇ, ਅਰਥੀ ਖ਼ੁਸ਼ੀ ਦੀ ਨਿਕਲੀ*
*ਪਰ ਕੌਣ ਕੌਣ ਰੋਇਆ, ਮੇਰਾ ਦਿਲ ਹੀ ਜਾਣਦਾ ਹੈ।*

ਫੇਰ ਸਵਾਲ ਹੈ ਸ਼ਾਇਰ ਨੂੰ ਤਾਂ ਪਤਾ ਹੈ ਕਿ ਕੀ ਹੋ ਰਿਹਾ ਹੈ, ਕੀ ਰਾਜਨੀਤਕ ਲੀਡਰ ਇਸ ਬਾਰੇ ਸੋਚ ਰਹੇ ਹਨ, ਇਹ ਸਵਾਲ ਅਜੇ ਵੀ ਬਣਿਆ ਹੋਇਆ ਹੈ। ❑❑

**[ 239, Birmingham New Road, Wolverhampton, U.K., WV4 6LP ]**

## ਚੇਤਿਆਂ ਦੀ ਚਿਲਮਨ (ਯਾਦਾਂ) ਜਰਨੈਲ ਸਿੰਘ ਸੇਖਾ

ਜਰਨੈਲ ਸਿੰਘ ਸੇਖਾ ਦੀ ਪੁਸਤਕ 'ਚੇਤਿਆਂ ਦੀ ਚਿਲਮਨ' ਉਸ ਦੇ ਬਚਪਨ ਅਤੇ ਲੜਕਪਨ ਦੀਆਂ ਯਾਦਾਂ ਦਾ ਸੰਗ੍ਰਹਿ ਹੈ ਜਿਸ ਨੂੰ ਲੇਖਕ ਨੇ 'ਸਵੈ-ਜੀਵਨੀ' ਭਾਗ ਪਹਿਲਾ ਦਾ ਨਾਮ ਦਿੱਤਾ ਹੈ। ਜਿਸ ਵਿਚ ਦਰਜ ਕੁਲ ਇੱਕੀ ਲੇਖਾਂ ਰਾਹੀਂ ਲੇਖਕ ਆਪਣੇ ਜੀਵਨ ਅਨੁਭਵ ਨਾਲ ਜੁੜੀਆਂ ਹੋਈਆਂ ਸਿਮਰਤੀਆਂ ਦਾ ਸਿਮਰਨ ਕਰਦਾ ਹੈ। ਕਿਸੇ ਅਨੁਭਵ ਦੀ ਪੁਨਰ ਸੁਰਜੀਤੀ ਤੇ ਪੁਨਰਾਵਰਿਤੀ ਕਰਨ ਸਮੇਂ ਵਿਅਕਤੀ ਵਿਸ਼ੇਸ਼ ਦੇ ਅਨੇਕਾਂ ਪੱਖ ਅਜਿਹੇ ਹੋ ਸਕਦੇ ਹਨ ਜਿਹਨਾਂ ਨੂੰ ਵਿਚਾਰਦੇ ਵਿਸਤਾਰਦੇ ਸਮੇਂ ਉਹ ਪਾਠਕ ਦੀ ਸੰਭਾਵੀ ਸਵੀਕ੍ਰਿਤੀ ਅਸਵੀਕ੍ਰਿਤੀ ਨੂੰ ਪ੍ਰਤਿਕਰਮ ਦੇ ਰੂਪ ਵਿਚ ਚਿਤਵ ਲੈਂਦਾ ਹੋਵੇ। ਇਹੀ ਕਾਰਨ ਹੈ ਕਿ ਉਹ ਆਪਣੇ ਜੀਵਨ ਬਾਰੇ ਦੱਸਦਿਆਂ ਹੋਇਆਂ ਵੀ ਲੁਕਵੇਂ ਰੂਪ ਵਿਚ ਇਕ ਵਿੱਥ ਸਿਰਜ ਲੈਂਦਾ ਹੈ ਜਿਹੜੀ ਉਸਦੇ ਵਿਅਕਤੀਤਵ ਹਉਂ ਨੂੰ ਬਣਾਈ ਰੱਖਦੀ ਹੈ। ਸੁਭਾਵਕ ਹੈ ਕਿ ਹੱਥਲੀਆਂ ਰਚਨਾਵਾਂ ਦੀ ਸਿਰਜਣਾ ਸਮੇਂ ਵੀ ਲੇਖਕ ਨੇ ਅਜਿਹਾ ਕੀਤਾ ਹੋਣਾ ਹੈ।ਦੂਜੇ ਪਾਸੇ ਇਹਨਾਂ ਲੇਖਾਂ ਦਾ ਸੰਬੰਧ ਭਾਵੇਂ ਇਕ ਵਿਅਕਤੀ ਵਿਸ਼ੇਸ਼ ਨਾਲ ਹੈ ਪਰ ਉਹਨਾਂ ਵਿਚੋਂ ਸੰਚਾਰਤ ਹੁੰਦਾ ਵਿਆਪਕ ਅਰਥ ਜਰਨੈਲ ਸਿੰਘ ਸੇਖਾ ਦੇ ਜੀਵਨ ਅਨੁਭਵਾਂ ਰਾਹੀਂ ਉਸ ਸਮੇਂ ਦੇ ਰਾਜਨੀਤਕ, ਸਮਾਜਕ ਤੇ ਸਭਿਆਚਾਰਕ ਸਰੋਕਾਰਾਂ ਨਾਲ ਸੰਵਾਦੀ ਰਿਸ਼ਤਾ ਬਣਾਉਣ ਵੱਲ ਰੁਚਿਤ ਹੈ ਇਹ ਸੰਵਾਦ ਪੁਰਾਤਨ ਵਿਰਸੇ , ਸੰਸਕਾਰਾਂ, ਕੀਮਤਾਂ, ਰਹੁ-ਰੀਤਾਂ, ਅਨੁਸ਼ਠਾਨਾਂ, ਵਿਸ਼ਵਾਸ਼ਾਂ ਤੋਂ ਹੁੰਦਾ ਹੋਇਆ ਆਧੁਨਿਕ ਬੋਧ, ਵਿਵੇਕ ਤੇ ਤਰਕਸ਼ੀਲਤਾ ਨਾਲ ਜਾ ਜੁੜਦਾ ਹੈ। ਜਿਸ ਵਿਚ ਇਕ ਪਾਸੇ ਪੁਰਾਤਨਤਾ ਪ੍ਰਤਿ ਸਤਿਕਾਰ ਤੇ ਮੋਹ ਪਿਆ ਹੈ ਤਾਂ ਦੂਜੇ ਪਾਸੇ ਆਧੁਨਿਕ ਵਿਗਿਆਨ ਤੇ ਤਕਨੋਲੋਜੀ ਪ੍ਰਤਿ ਵਡਿਆਈ ਭਾਵ ਸੰਚਾਰਤ ਹੁੰਦਾ ਹੈ, ਜਿਸ ਨੇ ਆਮ ਜਨ ਜੀਵਨ ਨੂੰ ਪ੍ਰਭਾਵਤ ਕਰਨ ਤੋਂ ਇਲਾਵਾ ਮਨੁੱਖ ਦੀ ਸੂਝ ਨੂੰ ਅਗਾਧਤਾ ਬਖ਼ਸ਼ੀ ਹੈ।

'ਜਦੋਂ ਮੈਂ ਤੁਰਨਾ ਭੁੱਲਿਆਂ' ਲੇਖ ਵਿਚ ਲੇਖਕ ਦੋ ਘਟਨਾਵਾਂ ਦਾ ਤੁਲਨਾਤਮਕ ਪਰਿਪੇਖ ਸਿਰਜਦਾ ਹੈ ਜਿਸ ਵਿਚ ਇਕ ਘਟਨਾ ਉਸਦੇ ਬਚਪਨ ਵਿਚ ਟਾਈਫਾਈਡ ਬੁਖਾਰ ਕਾਰਨ ਲੰਮੇਂ ਸਮੇਂ ਤਕ ਬਿਮਾਰ ਰਹਿਣ ਦੀ ਹੈ, ਜਿਸ ਦਾ ਕਾਰਨ 'ਫੁੱਲ ਮਾਤਾ' ਦੀ ''ਕਿਰਪਾ ਜਾਂ ਕਰੋਪੀ' ਦੱਸਿਆ ਜਾਂਦਾ ਸੀ। ਇਸ ਪਛੜੇਪਨ ਦਾ ਕਾਰਨ ਉਹ ਡਾਕਟਰੀ ਸਹਾਇਤਾ ਦਾ ਸਮੇਂ ਸਿਰ ਨਾ ਮਿਲਣਾ ਅਤੇ ਅਨਪੜ੍ਹਤਾ ਹੋਣਾ ਮੰਨਦਾ ਹੈ। ਪਰ ਦੂਜੀ ਘਟਨਾ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੰਤ ਵਿਚ ਬਿਲਕੁਲ ਉਸੇ ਤਰ੍ਹਾਂ ਦੀ ਅੰਧ ਵਿਸ਼ਵਾਸੀ ਮਾਨਸਿਕਤਾ ਨੂੰ ਦਰਸਾਉਂਦੀ ਹੈ। ਇਹਨਾਂ ਦੋਹਾਂ ਘਟਨਾਵਾਂ ਵਿਚ ਅੱਧੀ ਸਦੀ ਤੋਂ ਵੱਧ ਦਾ ਅੰਤਰਾਲ ਹੈ।ਪਰ ਸਥਿਤੀ ਵਿਚ ਕੋਈ ਬਹੁਤੀ ਤਬਦੀਲੀ ਨਹੀਂ ਵਾਪਰੀ। ਇਸ ਤਰ੍ਹਾਂ ਵਿਗਿਆਨਕ ਤੇ ਤਾਰਕਿਕ ਸੋਚ ਦੀ ਮੰਗ ਨੂੰ ਸਾਹਮਣੇ ਰੱਖਦਿਆਂ ਲੇਖਕ ਕਹਿੰਦਾ ਹੈ ਕਿ ਮੀਡੀਆ ਨੂੰ ਸਾਡੇ ਪਛੜੇਪਨ ਅਤੇ ਅੰਧਵਿਸ਼ਵਾਸ਼ਾਂ ਨੂੰ ਘੱਟ ਕਰਨ ਅਤੇ ਤਰਕਵਾਦੀ ਸੋਚ ਨੂੰ ਉਤਸ਼ਾਹਤ ਕਰਨ ਵਿਚ ਸਹਾਈ ਹੋਣਾ ਚਾਹੀਦਾ ਸੀ। ਪਰ ਉਹ ਅੰਧਵਿਵਾਸਾਂ ਨੂੰ ਵਧਾਉਣ ਵਿਚ ਸਹਾਈ ਹੋ ਰਿਹਾ ਹੈ ਅਤੇ ਇਸ ਪਿੱਛੇ ਕਿਹੜੀ ਸੋਚ ਭਾਰੂ ਹੈ? ਅਜਿਹੇ ਪ੍ਰਸ਼ਨਾਂ ਨਾਲ ਲੇਖਾਂ ਦਾ ਅੰਤ ਕਰਕੇ ਲੇਖਕ ਸਮੇਂ ਸਮੇਂ ਸੱਤਾ ਵਿਚ ਰਹੀਆਂ ਸਰਕਾਰਾਂ ਦੀ ਬਣਦੀ ਜ਼ਿੰਮੇਂਵਾਰੀ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ, ਜਿਹਨਾਂ ਨੇ ਲੋੜ ਅਨੁਸਾਰ ਵਿਗਿਆਨਕ ਅਤੇ ਸੰਤੁਲਤ ਸੋਚ ਨੂੰ ਵਿਕਸਤ ਕਰਨ ਤੋਂ ਹਮੇਸ਼ਾ ਕੰਨੀ ਕਤਰਾਈ ਹੈ।

ਭਾਵੇਂ ਪੁਸਤਕ 'ਚੇਤਿਆਂ ਦੀ ਚਿਲਮਨ' ਦੇ ਲੇਖ ਪ੍ਰੌੜ ਉਮਰ ਵਿਚ ਲਿਖੇ ਗਏ



ਹਨ ਪਰ ਇਹਨਾਂ ਵਿਚ ਵਿਦਮਾਨ ਬਾਲ ਮਨੋਵਿਗਿਆਨ ਨੂੰ ਵਿਸ਼ੇਸ਼ ਧਿਆਨ ਵਿਚ ਰੱਖਿਆ ਗਿਆ ਹੈ। ਜਿਵੇਂ 'ਭਿੱਟੇ ਜਾਣ ਦੀ ਵਾਰਤਾ' ਜਿਸ ਵਿਚ ਲੇਖਕ ਇਕ ਬਾਲ ਦੇ ਨਾਤੇ ਇਹ ਗੱਲ ਸਮਝਣ ਤੋਂ ਅਸਮਰੱਥ ਹੈ ਕਿ ਉਹ ਨੀਵੀਂ ਜਾਤੀ ਦੇ ਬੱਚਿਆਂ ਨਾਲ ਖੇਡ ਕੇ ਜਾਂ ਉਹਨਾਂ ਦੇ ਘਰੋਂ ਕੁਝ ਖਾ ਕੇ ਭਿੱਟਿਆ ਕਿਵੇਂ ਗਿਆ। ਭਾਵੇਂ ਇਸ ਘਟਨਾ ਦਾ ਵਰਤਮਾਨ ਪਰਿਪੇਖ ਬਰਾਬਰਤਾ ਵਾਲੇ ਸੰਤੁਲਤ ਸਮਾਜ ਦੀ ਸਿਰਜਣਾ ਕਰਨ ਵਿਚ ਆਪਣਾ ਸਾਰਥਕ ਯੋਗਦਾਨ ਪਾਉਣ ਵਿਚ ਨਹਿਤ ਹੈ, ਪਰ ਉਸ ਲੇਖ ਵਿਚ ਕੁਝ ਗੱਲਾਂ ਦਾ ਤਰਕ ਬਾਲ ਮਨ 'ਤੇ ਪਏ ਮੁੱਢਲੇ ਪ੍ਰਭਾਵਾਂ ਦੇ ਰੂਪ ਵਿਚ ਹੀ ਅੰਕਿਤ ਕੀਤਾ ਗਿਆ ਹੈ। ਅਜਿਹਾ ਸ਼ਾਇਦ ਸੇਖਾ ਦੇ ਇਕ ਸਮਰੱਥ ਗਲਪਕਾਰ ਹੋਣ ਕਰਕੇ ਵੀ ਵਾਪਰਿਆ ਹੋ ਸਕਦਾ ਹੈ।

ਜਰਨੈਲ ਸਿੰਘ ਸੇਖਾ ਦੇ ਜੀਵਨ ਨਾਲ ਸੰਬੰਧਤ ਹੋਣ ਕਾਰਨ ਜਿੱਥੇ ਇਹ ਲੇਖ ਉਸਦੇ ਮੁੱਢਲੇ ਡੇਢ ਦਹਾਕੇ ਦੇ ਸੂਝ-ਬੂਝ ਦੇ ਪੱਲ੍ਹਰਨ ਵਿਗਸਣ ਦਾ ਪ੍ਰਮਾਣ ਪੇਸ਼ ਕਰਦੇ ਹਨ ਉਥੇ ਇਹਨਾਂ ਲੇਖਾਂ ਦੇ ਕੇਂਦਰ ਵਿਚ ਇਕ ਵਿਸ਼ੇਸ਼ ਕਾਲ ਨਾਲ ਸਾਂਝ ਵੀ ਬਣੀ ਰਹਿੰਦੀ ਹੈ, ਜਿਸ ਨੂੰ ਅਸੀਂ ਬਸਤੀਵਾਦ ਅਤੇ ਉਤਰ-ਬਸਤੀਵਾਦ ਦਾ ਨਾਮ ਦੇ ਸਕਦੇ ਹਾਂ। ਇਸ ਕਾਲ ਨਾਲ ਸੰਬੰਧਤ ਰਚਨਾਵਾਂ ਮੁੱਖ ਰੂਪ ਵਿਚ ਜਿਹਨਾਂ ਸੁਆਲਾਂ ਦੇ ਸਨਮੁਖ ਹੁੰਦੀਆਂ ਹਨ'।ਉਹਨਾਂ ਵਿਚ ਵਿਸ਼ੇਸ਼ ਕਰਕੇ ਦੂਜੀ ਸੰਸਾਰ ਜੰਗ ਸਮੇਂ ਭਾਰਤੀ ਫੌਜ ਭਾਵ 'ਇਤਹਾਦੀ ਫੌਜ' ਦੇ ਲੜਨ ਤੇ ਮਾਰੇ ਜਾਣ ਤੋਂ ਲੈ ਕੇ ਉਹਨਾਂ ਅੰਦਰ ਆਪਣੇ ਦੇਸ਼ ਲਈ ਸ਼ਹੀਦ ਹੋਣ ਦੇ ਜਜ਼ਬੇ ਦਾ ਵਿਕਸਤ ਹੋਣਾ, ਆਜ਼ਾਦ ਹਿੰਦ ਫੌਜ ਦਾ ਸੰਗਠਤ ਹੋਣਾ ਅਤੇ ਉਸ ਵੇਲੇ ਦੀ ਰਾਜ-ਸੱਤਾ 'ਤੇ ਕਾਬਜ਼ ਧਿਰ ਅੰਗਰੇਜ਼ ਸਰਕਾਰ ਨੇ ਆਪਣੀ ਪ੍ਰਭੁਤਾ ਬਣਾਈ ਰੱਖਣ ਲਈ ਅਖੀਰਲੀਆਂ ਸ਼ਤਰੰਜੀ ਯੋਜਨਾਵਾਂ ਕਿਵੇਂ ਉਲੀਕੀਆਂ ਆਦਿ ਦਾ ਪ੍ਰਮਾਣ ਇਹਨਾਂ ਲੇਖਾਂ ਦੀ ਤਹਿ ਵਿਚ ਪਿਆ ਹੈ। ਭਾਰਤ ਦੀ ਆਜਾਦੀ ਉਪਰੰਤ ਕਿਸ ਤਰ੍ਹਾਂ ਅੰਗਰੇਜ਼ੀ ਸਰਕਾਰ ਵੱਲੋਂ 'ਬਾਗੀ' ਕਰਾਰ ਦਿੱਤੇ ਗਏ ਆਜ਼ਾਦੀ ਘੁਲਾਟੀਏ ਸੱਤਾ ਵਿਚ ਆਈ ਨਵੀਂ ਦੇਸੀ ਸਰਕਾਰ ਲਈ ਵੀ ਕਿਸੇ ਮਾਨਤਾ ਦੇ ਹੱਕਦਾਰ ਨਹੀਂ ਸਨ, ਵਿਸ਼ੇਸ਼ ਕਰਕੇ ਕਾਮਾਗਾਟਾਮਾਰੂ, ਗ਼ਦਰ ਲਹਿਰ, ਅਤੇ ਜੈਤੋ ਦੇ ਮੋਰਚੇ ਵਿਚ ਭਾਗ ਲੈਣ ਵਾਲੇ ਯੋਧੇ, ਜਿਸ ਨਾਲ ਲੇਖਕ ਦੇ ਪਿੰਡ ਦੇ ਵੀ ਕੁਝ ਵਿਅਕਤੀ ਜੁੜੇ ਹੋਏ ਸਨ। ਜਿਹਨਾਂ ਨੂੰ ਸਰਕਾਰੇ ਦਰਬਾਰੇ ਤਾਂ ਭਾਵੇਂ ਲੋੜੀਂਦਾ ਸਤਿਕਾਰ ਪ੍ਰਾਪਤ ਨਹੀਂ ਸੀ ਹੋਇਆ ਪਰ ਅੰਗਰੇਜ਼ਾਂ ਵਿਰੁੱਧ ਚੱਲੀਆਂ ਲੋਕ ਲਹਿਰਾਂ ਵਿਚ ਭਾਗ ਲੈਣ ਕਰਕੇ ਪਿੰਡ ਦੇ ਲੋਕਾਂ ਦੇ ਸਨਮਾਨ ਤੇ ਆਦਰ ਉਹਨਾਂ ਨਾਇਕਾਂ ਦਾ ਹਾਸਲ ਸੀ। ਲੇਖਕ ਨੇ ਕੁਝ ਇਕ ਅਜਿਹੇ ਹੀ ਵਿਅਕਤੀਆਂ ਨੂੰ ਆਧਾਰ ਬਣਾ ਕੇ ਆਜ਼ਾਦੀ ਲਈ ਲੜੀਆਂ ਗਈਆਂ ਲੋਕ ਲਹਿਰਾਂ ਦਾ ਬਿਰਤਾਂਤ ਪੇਸ਼ ਕੀਤਾ ਹੈ।

ਇਸ ਤਰ੍ਹਾਂ ਵੰਡ ਦੇ ਨਾਲ ਸੰਬੰਧਤ ਘਟਨਾਵਾਂ ਦਾ ਜ਼ਿਕਰ ਕਰਦਿਆਂ ਲੇਖਕ ਦੀ ਦ੍ਰਿਸ਼ਟੀ ਮਾਨਵਵਾਦੀ ਹੈ। ਉਹ ਉਸ ਸਮੇਂ ਵਾਪਰੇ ਦੁਖਾਂਤ 'ਤੇ ਆਪਣੀਆਂ ਭਾਵਪੂਰਤ ਟਿੱਪਣੀਆਂ ਰਾਹੀਂ ਸਥਿਤੀ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ ਅਤੇ ਵੱਖੋ ਵੱਖਰੀਆਂ ਧਿਰਾਂ ਦਾ ਰਾਜਨੀਤਕ ਅਵਚੇਤਨ ਪੇਸ਼ ਕਰਨ ਦਾ ਸਾਰਥਕ ਯਤਨ ਕਰਦਾ ਹੈ।ਇਕ ਪਾਸੇ ਵੰਡ ਉਪਰੰਤ ਡਰ ਤੇ ਸਹਿਮ ਦੇ ਮਾਹੌਲ ਨੂੰ ਚਿਤਰਿਆ ਗਿਆ ਹੈ, ਜਿਸ ਵਿਚ ਦੂਜੀ ਕੌਮ ਪ੍ਰਤਿ ਬਦਲਾ/ਨਫਰਤ ਦਾ ਭਾਵ ਸੀ। ਦੂਜੇ ਪਾਸੇ ਮੁਸਲਮਾਨ ਭਾਈਚਾਰੇ ਨਾਲ ਸਾਂਝ-ਸਰੋਕਾਰਾਂ ਵਿਚੋਂ ਪੈਦਾ ਹੋਈ ਨਿੱਘ-ਨੇੜਤਾ ਅਤੇ ਅਪਣੱਤ ਦੇ ਅਹਿਸਾਸਾਂ ਨੂੰ ਬਿਆਨਿਆ ਗਿਆ ਹੈ, ਜਿਸ ਵਿਚ ਉਸ ਦੇ ਪਿੰਡ ਦੇ ਲੋਕਾਂ ਦਾ ਮੁਸਲਮਾਨ ਭਾਈਚਾਰੇ ਦੀ ਮਦਦ ਕਰਨਾ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਉਣਾ ਸ਼ਾਮਲ ਹੈ। ਵੰਡ ਨਾਲ ਸੰਬੰਧਤ ਕੁਝ ਘਟਨਾਵਾਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਗਿਆ ਹੈ ਜਿਸ ਤੋਂ ਉਸ ਦੇ ਬਾਲ

ਮਨ ’ਤੇ ਪਏ ਪ੍ਰਭਾਵਾਂ ਦਾ ਪਤਾ ਚਲਦਾ ਹੈ ਕਿ ਕਿਵੇਂ ਇਨ੍ਹਾਂ ਸਾਰੀਆਂ ਘਟਨਾਵਾਂ ਨੇ ਉਸ ਦੇ ਅਵਚੇਤਨ ਵਿਚ ਹਮੇਸ਼ਾ ਲਈ ਆਪਣਾ ਇਕ ਵਿਸ਼ੇਸ਼ ਸਥਾਨ ਗ੍ਰਹਿਣ ਕਰ ਲਿਆ। ਮਾਨਸਿਕ ਜਗਤ ’ਤੇ ਵਾਪਰੀਆਂ ਘਟਨਾਵਾਂ ਨੂੰ ਮੁੜ ਚਿਤਵਦਿਆਂ ਨਿਸ਼ਚੇ ਹੀ ਉਸ ਵਕਤ ਤਕ ਗ੍ਰਹਿਣ ਕੀਤੇ ਅਨੁਭਵ ਦਾ ਵਿਸ਼ਾਲ ਹਿੱਸਾ ਘਟਨਾਵਾਂ ਦੀ ਪੇਸ਼ਕਾਰੀ ਸਮੇਂ ਉਹਨਾਂ ਵਿਚ ਸ਼ਾਮਲ ਰਹਿੰਦਾ ਹੈ। ਇਕ ਪਾਸੇ ਘਟਨਾਵਾਂ ਦੀ ਲੜੀ ਬਾਹਰੀ ਜਗਤ ਨਾਲ ਜੁੜੀ ਹੋਈ ਹੈ, ਦੂਜੇ ਪਾਸੇ ਲੇਖਕ ਦੀ ਨਿੱਜੀ ਜ਼ਿੰਦਗੀ ਵਿਚੋਂ ਗ੍ਰਹਿਣ ਕੀਤੇ ਅਨੁਭਵ ਨਾਲ, ਜਿਸ ਨੂੰ ਲੇਖਕ ਆਪਣੀ ਬਿਰਤਾਂਤ ਨੁਮਾ ਲਿਖਤ ਨਾਲ ਪਾਠਕਾਂ ਨਾਲ ਸਾਂਝੇ ਕਰਦਾ ਹੈ। ਇਸ ਦੀ ਇਕ ਨਿੱਗਰ ਮਿਸਾਲ ‘ਨੰਗੀਆਂ ਲਾਸ਼ਾਂ’ ਲੇਖ ਵਿਚੋਂ ਲੱਭੀ ਜਾ ਸਕਦੀ ਹੈ। ਆਪਣੇ ਬਚਪਨ ਦੇ ਤੰਗੀ ਤੁਰਸ਼ੀ ਦੇ ਦਿਨਾਂ ਨੂੰ ਲੇਖਕ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ ਕਿ ਉਸ ਵਿਚ ਜਿੱਥੇ ਬਾਲ ਮਨ ਦੀਆਂ ਰੀਝਾਂ ਉਮੰਗਾਂ ਦਾ ਜ਼ਿਕਰ ਹੈ, ਉੱਥੇ ਨਾਲ ਹੀ ਇਹ ਵਿਆਖਿਆਨ ਸਿਰਫ ਇਕ ਪਰਿਵਾਰ ਦੀ ਆਰਥਿਕ ਤੰਗੀ ਦੀ ਕਹਾਣੀ ਹੀ ਨਹੀਂ ਦੱਸਦਾ ਸਗੋਂ ਉਸ ਵੇਲੇ ਦੇ ਬਹੁਤੇ ਪਰਿਵਾਰਾਂ ਦੀ ਕਹਾਣੀ ਨੂੰ ਬਿਆਨ ਕਰਦਾ ਹੈ। ਆਰਥਿਕ ਸਮੱਸਿਆਵਾਂ ਦਾ ਹੱਲ ਲੇਖਕ ਆਪਣੀ ਚੇਤਨ ਬੁੱਧੀ ਨਾਲ ਕਰਦਾ ਹੈ ਅਤੇ ਆਪਣੀ ਪੜ੍ਹਨ ਲਿਖਣ ਦੀ ਇੱਛਾ-ਪੂਰਤੀ ਲਈ ਸਮਰੱਥਾ ਮੁਤਾਬਕ ਲੋੜੀਂਦਾ ਸੰਘਰਸ਼ ਵੀ ਕਰਦਾ ਹੈ। ਇਸ ਦਾ ਬਿਰਤਾਂਤ ‘ਮੇਰਾ ਹਾਈ ਸਕੂਲ ਵਿਚ ਦਾਖਲਾ’ ਅਤੇ ‘ਅੱਕ ਦੇ ਪੱਤੇ’ ਲੇਖਾਂ ਵਿਚ ਬਿਆਨਿਆ ਮਿਲਦਾ ਹੈ।

ਕੁਝ ਇਕ ਲੇਖਾਂ ਵਿਚ ਵਿਅੰਗ ਵਿਧੀ ਦੀ ਵਰਤੋਂ ਕੀਤੀ ਗਈ ਹੈ ਜਿਵੇਂ ‘ਗੁਰਦਾਨਾ ਢਾਬ’ ਵਿਚ ਲੇਖਕ ਦੱਸਦਾ ਹੈ ਕਿ ਕਿਸ ਤਰ੍ਹਾਂ ਇਸ ਢਾਬ ਦੀ ਉਸਾਰੀ ਹੋਈ ਤੇ ਕਿਵੇਂ ਇੱਥੇ ਸ਼ਰਾਬ ਚੜ੍ਹਨੀ ਸ਼ੁਰੂ ਹੋਈ ਅਤੇ ਹੌਲੀ ਹੌਲੀ ਹੋਰ ਵੀ ਅਜਿਹੀਆਂ ਪੱਕੀਆਂ ਇਮਾਰਤਾਂ ਦਾ ਨਿਰਮਾਣ ਹੋਇਆ। ਇਸ ਦੇ ਟਾਕਰੇ ਵਿਦਿਆ ਦੀਆਂ ਅਸਲੀ ਇਮਾਰਤਾਂ ਭਾਵ ਸਕੂਲ ਢਹਿ ਢੇਰੀ ਹੋ ਰਹੇ ਹਨ। ਲੇਖਕ ਅੰਤ ’ਤੇ ਕਹਿੰਦਾ ਹੈ ਕਿ ‘ਇਹ ਹੈ ਮੇਰੇ ਪਿੰਡ ਦੇ ਲੋਕਾਂ ਦਾ ਹਾਲ, ਜਿਸ ਦੇ ਸਕੂਲ ਦੀਆਂ ਛੱਤਾਂ ਤਾਂ ਡਿੱਗ ਰਹੀਆਂ ਹਨ ਅਤੇ ਇਸ ਤਰ੍ਹਾਂ ਦੇ ਧਾਰਮਿਕ ਅਸਥਾਨ ਉਸਰ ਰਹੇ ਹਨ।’ ਇਹ ਬਿਆਨ ਨਿਸ਼ਚੇ ਹੀ ਸਿੱਖਿਆ ਦੇ ਖੇਤਰ ਵਿਚ ਲੋੜੀਂਦੇ ਸੁਧਾਰਾਂ ਦੀ ਮੰਗ ਨੂੰ ਦੁਹਰਾਉਂਦਾ ਪ੍ਰਤੀਤ ਹੁੰਦਾ ਹੈ।

ਸਾਰੀਆਂ ਯਾਦਾਂ ਦਾ ਆਧਾਰ ਭਾਵੇਂ ਯਥਾਰਥ ਹੈ ਪਰ ਉਹਨਾਂ ਵਿਚਲੇ ਗਲਪ ਤਰਾਸ਼ੀ ਦੇ ਅੰਸ਼ ਪਾਠਕ ਦੀ ਰੌਚਕਤਾ ਤੇ ਜਗਿਆਸਾ ਨੂੰ ਬਣਾਈ ਰੱਖਣ ਵਿਚ ਸਹਾਈ ਹੁੰਦੇ ਹਨ। ਇਉਂ ਪਾਠਕ ਘਟਨਾਵਾਂ ਦੇ ਵਿਭਿੰਨ ਪੱਖਾਂ ਨੂੰ ਸਮਝਣ ਵਿਚਾਰਨ ਦੇ ਯੋਗ ਹੋ ਜਾਂਦਾ ਹੈ। ਆਰਥਿਕ ਤੰਗੀਆਂ, ਸਿੱਖਿਆ-ਪ੍ਰਬੰਧ, ਦੂਸਰੀ ਸੰਸਾਰ ਜੰਗ ਦੀ ਸਥਿਤੀ ਸਮੇਂ ਭਾਰਤ ਵਰਗੇ ਗੁਲਾਮ ਦੇਸ਼ਾਂ ਦੀ ਤ੍ਰਾਸਦੀ ਵਾਲੀ ਸਥਿਤੀ ਨੂੰ ਗਲਪ ਸ਼ੈਲੀ ਵਿਚ ਹੀ ਚਿਤਰਿਆ ਗਿਆ ਹੈ। ਕੁੱਲ ਮਿਲਾ ਕੇ ਪੁਸਤਕ ‘ਚੇਤਿਆਂ ਦੀ ਚਿਲਮਨ’ (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨੇ 172, ਮੁੱਲ 225 ਰੁਪਏ) ਅੱਧੀ ਸਦੀ ਤੋਂ ਪਹਿਲਾਂ ਦੇ ਸਮਾਜ ਨੂੰ ਵਿਭਿੰਨ ਕੋਣਾਂ ਤੋਂ ਦੇਖਣ ਸਮਝਣ ਦਾ ਇਕ ਸੁਤੰਤਰ ਮੌਕਾ ਦਿੰਦੀ ਹੈ।❑❑

-ਸਤਿੰਦਰਪਾਲ ਸਿੰਘ

## ਖ਼ੂਨ ਦੀ ਹੋਲੀ (ਨਾਵਲ) ਅਵਤਾਰ ਸਿੰਘ ਹੰਸਰਾ

‘ਖ਼ੂਨ ਦੀ ਹੋਲੀ’ (ਚੇਤਨਾ ਪ੍ਰਕਾਸ਼ਨ, ਲੁਧਿਆਣਾ,ਪੰਨੇ 184, ਮੁੱਲ 200 ਰੁਪਏ) ਅਵਤਾਰ ਸਿੰਘ ਹੰਸਰਾ ਦਾ ਦੂਸਰਾ ਨਾਵਲ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਉਹ ਲਿਖਤ ਰਾਹੀਂ ਮਾਨਵਵਾਦੀ ਪ੍ਰਵਿਰਤੀ ਨੂੰ ਪ੍ਰਵਾਨਤ ਕਰਵਾਉਣ ਪ੍ਰਤਿ ਯਤਨਸ਼ੀਲ ਹੈ। ਉਸ ਦਾ ਹੱਥਲਾ ਨਾਵਲ



ਪੰਜਾਬੀ ਸਮਾਜ ਅਤੇ ਮਨੁੱਖਤਾ ਨੂੰ 1947 ਦੇ ਦਰਦਨਾਕ ਅਤੇ ਅਕਹਿ ਸੰਕਟਾਂ ਦੇ ਦਰਪੇਸ਼ ਹੋਣ ਦੀਆਂ ਅਣਮਨੁੱਖੀ ਘਟਨਾਵਾਂ ਨੂੰ ਵਰਣਤ ਕਰਦਾ ਹੈ। ਨਾਵਲ ਦਾ ਸਮੁੱਚਾ ਲੋਕੇਲ 1947 ਦੇ ਸਮੇਂ ਤੋਂ ਲੈ ਕੇ 1971 ਤਕ ਦੀ ਭਾਰਤ-ਪਾਕਿ ਜੰਗ ਤਕ ਦਾ ਪੂਰਬੀ ਅਤੇ ਪੱਛਮੀ ਪੰਜਾਬ ਹੈ। ਬਿਰਤਾਂਤ ਅਧੀਨ ਬਿਰਤਾਂਤਕਾਰ ਨੇ 1947 ਸਮੇਂ ਦੀ ਦਹਿਸ਼ਤਗਰਦੀ ਤੋਂ ਲੈ ਕੇ ਅਖੌਤੀ ਆਜ਼ਾਦੀ ਦੇ ਮਸਨੂਈ ਅਮਨ ਸ਼ਾਂਤੀ ਭਰਪੂਰ ਮਾਹੌਲ ਅਤੇ ਭਾਰਤ-ਪਕਿਸਤਾਨ ਦੀਆਂ ਜੰਗਾਂ ਦੇ ਵਹਿਸ਼ਤੀ ਇਤਿਹਾਸ ਨੂੰ ਖੱਬੇ ਪੱਖੀ ਸਿਆਸੀ ਚੇਤਨਾ ਅਧੀਨ ਗਲਪਤ ਕੀਤਾ ਹੈ। ਨਾਵਲਕਾਰ ਦੀ ਸਿਆਸੀ ਚੇਤਨਾ ਦੇ ਪ੍ਰਿਜ਼ਮ ਵਿਚੋਂ ਸਥਿਤੀਆਂ ਨੂੰ ਪਰਖਣ ਅਤੇ ਬਿਰਤਾਂਤਣ ਵਾਲਾ ਨਾਵਲ ਦਾ ਚੇ ਤਨ ਨਾਮੀ ਪ੍ਰਮੁੱਖ ਪਾਤਰ ਹੈ, ਜਿਸ ਦੇ ਬਿਰਤਾਂਤਕ ਸੰਵਾਦਾਂ ਰਾਹੀਂ ਨਾਵਲਕਾਰ ਆਜ਼ਾਦੀ ਸਮੇਂ ਹੋਈ ਭਾਰਤ-ਪਾਕਿ ਵੰਡ, ਅਤੇ ਪੂਰਬੀ ਅਤੇ ਪੱਛਮੀ ਪੰਜਾਬ ਵਿਚ ਹੋਈ ਕਤਲੋ.ਗਾਰਤ ਪਿੱਛੇ ਕਾਰਜਸ਼ੀਲ ਸਿਆਸੀ ਖੇਡ ਨੂੰ ਬਿਆਨਦਾ ਹੈ। ਨਾਵਲ ਦਾ ਬਿਰਤਾਂਤੀਕਰਨ ਨਿਮਨ ਪੁਰਖੀ ਵਿਧੀ ਰਾਹੀਂ ਕੀਤਾ ਗਿਆ ਹੈ ਪਰੰਤੂ ਫੋਕਸੀਕਰਨ ਦੀਆਂ ਬਦਲਦੀਆਂ ਪਰਤਾਂ ਦੇ ਸੁਚੱਜੇ ਪ੍ਰਯੋਗ ਅਧੀਨ ਸਥਿਤੀਆਂ ਦੀ ਪੇਸ਼ਕਾਰੀ ਵੱਖੋ-ਵੱਖਰੇ ਦ੍ਰਿਸ਼ਟੀ -ਬਿੰਦੂਆਂ ਤੋਂ ਕੀਤੀ ਗਈ ਹੈ। ਕਾਂਡ ਨੰਬਰ ਪੰਦਰਾਂ ਵਿਚ 14 ਅਗਸਤ 1947 ਦੀ ਸ਼ਾਮ ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਮੰਤਰੀ ਮੰਡਲ ਵੱਲੋਂ ਲਾਲ ਕਿਲੇ ’ਤੇ ਤਰੰਗਾ ਲਹਿਰਾਉਣ ਦੀ ਕਾਰਵਾਈ ਤੇ ਜਵਾਹਰ ਲਾਲ ਨਹਿਰੂ ਦੇ ਭਾਸ਼ਨ ਦੀ ਪ੍ਰਿਸ਼ਠ ਭੂਮੀ ਵਿਚਲੇ ਰਾਜਨੀਤਕ ਚਰਿੱਤਰ ਨੂੰ ਕਾਮਰੇਡ ਅਤੇ ਭੋਲੇ ਨਾਂ ਦੇ ਪਾਤਰਾਂ ਦੇ ਆਪਸੀ ਸੰਵਾਦਾਂ ਰਾਹੀਂ ਪ੍ਰਗਟਾਇਆ ਗਿਆ ਹੈ। ਇਹਨਾਂ ਪਾਤਰਾਂ ਵਿਚਲੇ ਵਾਰਤਾਲਾਪ ਰਾਹੀਂ ਭਾਰਤ-ਪਾਕਿ ਵੰਡ ਪਿੱਛੇ ਕਾਰਜਸ਼ੀਲ ਸਰਕਾਰ ਦੀਆਂ ਭ੍ਰਿਸ਼ਟ ਸ਼ਾਸਨੀ ਕਾਰਵਾਈਆਂ ਨੂੰ ਉਭਾਰਿਆ ਗਿਆ ਹੈ। ਮਨੁੱਖਤਾ ਦਾ ਘਾਣ ਕਰਨ ਵਾਲੀ ਮਿਸਾਲ ਸਿਰਜਣ ਉਪਰੰਤ ਲਾਲ ਕਿਲੇ ’ਤੇ ਜਸ਼ਨ ਮਨਾਉਣ ਦੀਆਂ ਅਸੁਹਿਰਦ ਕਾਰਵਾਈਆਂ ਪ੍ਰਤਿ ਇਹਨਾਂ ਪਾਤਰਾਂ ਦਾ ਰੋਹ ਸਮੇਂ ਦੀ ਭ੍ਰਿਸ਼ਟ ਰਾਜਨੀਤੀ ਦੇ ਪਾਜ ਉਘਾੜਦਾ ਹੈ ।‘...ਹੁਣ ਇਹਨਾਂ ਨੂੰ ਆਹ ਆਤਸ਼ਬਾਜੀਆਂ ਚਲਾਉਂਦਿਆਂ ਸ਼ਰਮ ਆਉਣੀ ਚਾਹੀਦੀ ਹੈ ਜਦੋਂ ਕਿ ਬੰਗਾਲ ਅਤੇ ਪੰਜਾਬ ਵਿਚ ਮਨੁੱਖ ਦੇ ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ ਨੇ।’ ਨਾਵਲ ਦੇ ਬਿਰਤ ਤ ਅਧੀਨ ਪੰਜਾਬ ਦੇ ਦਹਿਸ਼ਤਜ਼ਦਾ ਇਤਿਹਾਸਕ ਸੰਕਟ ਦੌਰਾਨ ਔਰਤਾਂ ਨਾਲ ਜਬਰ-ਜ਼ੁਲਮ, ਮੁਸਲਮਾਨਾਂ ਵੱਲੋਂ ਸਿੱਖਾਂ ਦੇ ਕਤਲ, ਹਿੰਦੂਆਂ ਤੇ ਸਿੱਖਾਂ ਵੱਲੋਂ ਮੁਸਲਮਾਨਾਂ ਦੀ ਕਤਲੋ.ਗਾਰਤ, ਜਬਰੀ ਧਰਮ ਪਰਿਵਰਤਨ ਵਰਗੀਆਂ ਵਿਭਿੰਨ ਅਣਮਨੁੱਖੀ ਘਟਨਾਵਾਂ ਦੇ ਵਿਸ਼ਾਦ ਨੂੰ ਸਾਕਾਰ ਕਰਨ ਦਾ ਸੁਚੇਤ ਯਤਨ ਕੀਤਾ ਗਿਆ ਹੈ। ਸੇਠ ਪ੍ਰਭ ਦਿਆਲ ਦੇ ਜਬਰੀ ਧਰਮ ਪਰਿਵਰਤਨ ਦੀ ਘਟਨਾ ਅਧੀਨ ਉਸਦੇ ਪਰਿਵਾਰ ਦੇ ਜੀਆਂ ਦੇ ਨਾਵਾਂ ਦਾ ਇਸਲਾਮੀਕਰਨ ਅਤੇ ਉਸ ਦੀ ਧੀ ਲਾਜਵੰਤੀ ਦਾ ਜਬਰੀ ਨਿਕਾਹ ਪੜ੍ਹਾਉਣ ਪਿੱਛੇ ਉਸ ਦੀ ਬੇਬਸ ਅਤੇ ਲਾਚਾਰ ਹੋਂਦ ਸਹਿਜੇ ਹੀ ਸਨਮੁੱਖ ਹੁੰਦੀ ਹੈ। ਹੋਣੀ ਦੀ ਜਟਿਲਤਾ ਉਦੋਂ ਵਧ ਜਾਂਦੀ ਹੈ ਜਦੋਂ ਪ੍ਰਭ ਦਿਆਲ ਤੋਂ ਬਣੇ ਅੱਲਾਦੀਨ ਨੂੰ ਪਤਾ ਲਗਦਾ ਹੈ ਕਿ ਉਸਦੇ ਸਾਥੀ ਬਘੇਲ ਸਿੰਘ ਦਾ ਸਾਰਾ ਪਰਿਵਾਰ ਮਾਰਿਆ ਗਿਆ ਹੈ। ਇਹ ਘਟਨਾ ਉਪਰੋਕਤ ਘਟਨਾ ਦੇ ਸਮਵਿੱਥ ਬਘੇਲ ਸਿੰਘ ਦੀ ਸੂਰਮਤਾਈ ਨੂੰ ਦਰਸਾਉਂਦੀ ਹੈ, ਜਿਸ ਨੇ ਆਪਣੇ ਅਕੀਦੇ ਅਤੇ ਸਵੈਮਾਨ ਦੀ ਰਾਖੀ ਲਈ ਆਪਣੀ ਧੀ ਨੂੰ ਹੱਥੀਂ ਵੱਢ ਦਿੱਤਾ। ਇਸ ਬਾਰੇ ਪਤਾ ਲੱਗਣ ’ਤੇ ਪ੍ਰਭ ਦਿਆਲ ਮਨੁੱਖੀ ਸ਼ਨਾਖਤ ਦੇ ਸਭਿਆਚਾਰਕ ਅਕੀਦਿਆਂ ਵਿਚ ਉਲਝਿਆ, ਇਨਸਾਨੀਅਤ ਦੀ ਹੈਵਾਨੀਅਤ ਦੇ ਦੌਰ ਵਿਚ ਆਪਣੇ ਆਪ ਨੂੰ ਠੱਗਿਆ ਗਿਆ ਅਤੇ ਇਕੱਲਾ ਰਹਿ ਗਿਆ ਮਹਿਸੂਸ ਕਰਦਾ ਹੈ।

ਪੰਜਾਬੀ ਮਨੁੱਖਾਂ ਵੱਲੋਂ ਹੰਢਾਏ ਫਿਰਕੂ ਮਾਹੌਲ ਦੇ ਦਹਿਸ਼ਤੀ ਸੰਕਟ ਨੂੰ ਨਾਵਲ ਵਿਚ ਗਲਪਤ ਕਰਨ ਦੇ ਨਾਲ ਨਾਲ ਹਿੰਦੂ ਸਿੱਖ ਮੁਸਲਮ ਭਾਈਚਾਰਕ ਸਾਂਝ ਦੇ ਮੁੱਲਵਾਨ ਮਾਨਵੀ ਪਰਿਪੇਖ ਨੂੰ ਉਸਾਰਨ ਵਾਲੀਆਂ ਸਥਿਤੀਆਂ ਦਾ ਉਲੇਖ ਵੀ ਵਰਨਣਯੋਗ ਹੈ। ਚੌਧਰੀ ਆਫਤਾਬ ਵੱਲੋਂ ਬਘੇਲ ਸਿੰਘ ਨੂੰ ਦਿੱਤੇ ਆਦਰ ਸਤਿਕਾਰ ਅਤੇ ਸੁਰੱਖਿਆ ਦਾ ਅਹਿਸਾਸ ਭਾਈਚਾਰਕ ਸਾਂਝ

ਦਾ ਠੋਸ ਪ੍ਰਮਾਣ ਸਿਰਜਦਾ ਹੈ।

ਨਾਵਲ ਦੀ ਲੜੀਵਾਰ ਬਿਰਤਾਂਤਕਾਰੀ ਅਧੀਨ 1947 ਦੇ ਉਜਾੜੇ ਅਤੇ ਮੁੜ ਵਸੇਬੇ ਦੇ ਵਿਆਪਕ ਮਾਨਵੀ ਵਿਹਾਰ ਦੀਆਂ ਗਲਪੀ ਘਟਨਾਵਾਂ ਵਿਚ ਮਨੁੱਖ ਦੀ ਜੀਵਨ ਜਿਉਣ ਦੀ ਮਹੱਤਵਅਕਾਂਖਿਆ ਦੇ ਸਾਪੇਖ ਅਤੇ ਸਾਰਥਕ ਚਿਤਰ ਮਿਲਦੇ ਹਨ। ਇਸੇ ਨਿਰੰਤਰ ਪ੍ਰਵਾਹ ਵਿਚ ਇਕ ਦੌਰ ਉਧਾਲੀਆਂ ਹੋਈਆਂ ਮੁਸਲਮ ਅਤੇ ਹਿੰਦੂ ਔਰਤਾਂ ਦੀ ਬਰਾਮਦਗੀ ਅਤੇ ਵਤਨ-ਵਾਪਸੀ ਦਾ ਆਉਂਦਾ ਹੈ। ਇੱਥੇ ਉਹਨਾਂ ਉਧਾਲੀਆਂ ਔਰਤਾਂ ਦੀ ਮਨੁੱਖੀ ਹੋਂਦ ਦੀ ਅਨਿਸ਼ਚਤਤਾ ਅਤੇ ਮਾਨਸਿਕ ਪੀੜਾ ਦਾ ਇਕ ਹੋਰ ਸੱਚ ਪੇਸ਼ ਹੁੰਦਾ ਹੈ। ਇਹ ਮੁਸਲਮਾਨ ਤੋਂ ਸਿੱਖ ਜਾਂ ਸਿੱਖ ਤੋਂ ਮੁਸਲਮਾਨ ਬਣੀਆਂ ਔਰਤਾਂ ਹੁਣ ਤਕ ਕਿਸੇ ਨਾ ਕਿਸੇ ਦੀਆਂ ਪਤਨੀਆਂ ਅਤੇ ਉਹਨਾਂ ਦੇ ਬੱਚਿਆਂ ਦੀਆਂ ਮਾਵਾਂ ਬਣ ਚੁੱਕੀਆਂ ਹਨ। ਉਹ ਪਹਿਲੀ ਦੁਖਾਂਤਕ ਸਥਿਤੀ ਦੇ ਸੱਚ ਨੂੰ ਸਵੀਕਾਰ ਕਰਕੇ ਨਵੇਂ ਸਮਾਜਕ ਅਤੇ ਪਰਿਵਾਰਕ ਰਿਸ਼ਤਿਆਂ ਦੇ ਭਾਵਪੂਰਤ ਬੰਧਨ ਵਿਚ ਬੱਝ ਚੁੱਕੀਆਂ ਹਨ ਪਰੰਤੂ ਹੋਣੀ ਦਾ ਦੂਸਰਾ ਹੱਲਾ ਵੀ ਉਹਨਾਂ ਨੂੰ ਪਰਿਵਾਰ ਵਿਛੋੜੇ ਦੀ ਮਾਨਸਿਕ ਪੀੜਾ ਦਿੰਦਾ ਹੈ। ਬੰਤਾ ਸਿੰਘ ਦੀ ਪਤਨੀ ਨੂਰੀ ਦੀ ਬਰਾਮਦਗੀ ਅਤੇ ਪਕਿਸਤਾਨ ਮੁੜ ਵਾਪਸੀ ਦੀ ਘਟਨਾ ਦਾ ਬਿਰਤਾਂਤ ਨੂਰੀ ਦੇ ਬੇਵਸ, ਲਾਚਾਰ ਮਾਨਸਿਕ ਸੰਕਟ ਦਾ ਬਿੰਬ ਚਿਤਰਦਾ ਹੈ। ਇਹ ਸਥਿਤੀ-ਪ੍ਰਸੰਗ ਸਿਆਸੀ ਸਮਝੌਤਿਆਂ ਅਤੇ ਸਾਧਾਰਨ ਲੋਕਾਈ ਦੇ ਜ਼ਮੀਨੀ ਪੱਧਰ ਦੇ ਵਿਹਾਰਕ ਤਰਕਾਂ ਵਿਚਲੇ ਵਿਰੋਧੀ ਪਰਿਪੇਖ ਨੂੰ ਵੀ ਸਾਹਮਣੇ ਲਿਆਉਂਦਾ ਹੈ।

ਇਸ ਸਮੁੱਚੇ ਫਿਰਕੂ ਵਰਤਾਰੇ ਪਿੱਛੇ ਕਾਰਜਸ਼ੀਲ ਰਾਜਨੀਤਕ ਦੰਭ ਅਤੇ ਤਤਕਾਲੀ ਸੱਤਾ ਦੇ ਅਨਿਆਈਂ, ਅਨਿਯਮਤ ਸ਼ਾਸਨੀ ਸਰੂਪ ਨੂੰ ਉਘਾੜਨਾ ਇਸ ਨਾਵਲ ਦੀ ਕੇਂਦਰੀ ਸੁਰ ਹੈ। ਮਾਨਵੀ ਵਿਹਾਰ ਵਿਚਲੇ ਮੋਹ, ਸਾਂਝ, ਸੁਹਿਰਦਤਾ ਅਤੇ ਸਦਭਾਵਨਾ ਫਿਰਕੂ ਦਹਿਸ਼ਤ ਅਤੇ ਵਹਿਸ਼ਤ ਦਾ ਅਕੱਟ ਹਥਿਆਰ ਸਾਬਤ ਹੁੰਦੇ ਹਨ। ਪਰੰਤੂ ਸਿਆਸੀ ਕੂਟਨੀਤੀਆਂ ਦੇ ਹਨੇਰ ਜਾਲ ਵਿਚ ਮਾਨਵੀ ਵਿਹਾਰ ਦੇ ਸਾਰੇ ਸੁਹਿਰਦ ਵਿਵੇਕ ਅਲੋਪ ਹੋ ਜਾਂਦੇ ਹਨ। ਬਿਰਤਾਂਤਕਾਰ ਨੇ ਭਾਰਤ-ਪਾਕਿ ਵੰਡ ਦੀ ਸਿਆਸੀ ਖੇਡ ਦੇ ਫਿਰਕੂ ਸੱਚ ਨੂੰ 1971 ਦੀ ਲੜਾਈ ਦੇ ਵਿਸਤ੍ਰਿਤ ਰੂਪ ਵਿਚ ਤਬਦੀਲ ਹੁੰਦਿਆਂ ਦਿਖਾਇਆ ਹੈ। ਜਿਸ ਵਿਚ ਭਾਰਤ-ਪਕਿ ਦੀਆਂ ਫੌਜਾਂ ਦੀ ਆਹਮੋ-ਸਾਹਮਣੀ ਲੜਾਈ ਵਿਚ ਅੰਤ 'ਤੇ ਭਰਾ ਦੇ ਹੱਥੋਂ ਭਰਾ ਦਾ ਕਤਲ ਹੁੰਦਾ ਦਿਖਾ ਕੇ, ਸਥਿਤੀ ਦੇ ਵਿਅੰਗ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕੀਤਾ ਹੈ। ਨੂਰੀ ਅਤੇ ਬੰਤੇ ਦੇ ਮੁੰਡੇ ਪਿਆਰੇ ਦੇ ਹੱਥੋਂ ਪਾਕਿ-ਫੌਜ ਦਾ ਸਿਪਾਹੀ ਮਹਿਬੂਬ ਹੁਸੈਨ ਮਾਰਿਆ ਜਾਂਦਾ ਹੈ, ਜੋ ਪਕਿਸਤਾਨ ਵਿਚ ਨੂਰੀ ਅਤੇ ਸ਼ਕੀਲ ਦਾ ਬੇਟਾ ਹੈ। ਪਿਆਰੇ ਦੇ ਹੱਥੋਂ ਆਪਣੇ ਭਰਾ ਦੇ ਕਤਲ ਹੋਣ ਉਪਰੰਤ ਉਸਦਾ ਮਾਨਸਿਕ ਤਵਾਜ਼ਨ ਡੋਲ ਜਾਂਦਾ ਹੈ ਅਤੇ ਉਸ ਨੂੰ ਗਹਿਰੀ ਮਾਨਸਿਕ ਪੀੜਾ ਦਾ ਅਹਿਸਾਸ ਹੁੰਦਾ ਹੈ। ਇਸ ਪਾਤਰ ਦੇ ਮਾਨਸਿਕ ਦਰਦ ਅਤੇ ਵਿਸ਼ਾਦ ਵਿਚੋਂ ਪੰਜਾਬ ਦੇ ਸਮੂਹਕ ਅਵਚੇਤਨ ਦੇ ਸੰਕਟਮਈ ਗਹਿਰ ਗੰਭੀਰ ਯਥਾਰਥ ਦਾ ਚਿਤਰਨ ਸਹਿਜੇ ਹੀ ਹੋਇਆ ਹੈ।

ਪੰਜਾਬ ਦੀ ਜਰਖੇਜ਼ ਜ਼ਮੀਨ ਆਰੰਭ ਤੋਂ ਹੀ ਧਾੜਵੀਆਂ ਦੇ ਆਕਰਸ਼ਣ ਦਾ ਕੇਂਦਰ ਰਹੀ ਹੈ। ਪੰਜਾਬੀ ਮਨੁੱਖ ਦੀ ਬਹਾਦਰੀ ਅਤੇ ਸੂਰਮਤਾਈ ਦੀਆਂ ਮਿਸਾਲਾਂ ਦੇ ਇਤਿਹਾਸ ਪੰਜਾਬੀ ਸਭਿਅਤਾ ਤੇ ਸਭਿਆਚਾਰ ਵਿਚੋਂ ਉਲੀਕੇ ਜਾ ਸਕਦੇ ਹਨ। ਜੰਗਾਂ, ਯੁੱਧਾਂ, ਲੁੱਟਾਂ, ਖੋਹਾਂ ਉੱਜੜਨ-ਵਸਣ ਦੀ ਪ੍ਰਵਿਰਤੀ ਪੰਜਾਬੀ ਇਤਿਹਾਸ ਦੀ ਗੌਰਵਤਾ ਦਾ ਵਿਸ਼ੇਸ਼ ਪਹਿਲੂ ਹੈ। ਭਾਰਤ-ਪਕਿ ਵੰਡ ਅਤੇ ਭਾਰਤ-ਪਾਕਿ ਦੀਆਂ ਲੜਾਈਆਂ ਦੇ ਅਣਮਨੁੱਖੀ ਸੰਕਟ ਵਿਚੋਂ ਉਭਰਨਾ ਪੰਜਾਬੀ ਮਾਣ-ਮਤ ਅਤੇ ਗੌਰਵ ਦੀਆਂ ਸਿਖਰਲੀਆਂ ਮਿਸਾਲਾਂ ਹਨ। ਇਸ ਘੋਰ-ਸੰਕਟਮਈ ਦੁਖਾਂਤ ਦੇ ਇਤਿਹਾਸਕ ਪ੍ਰਵਚਨ ਨੂੰ ਗਲਪਤ ਕਰਨ ਵਾਲੀ ਕਿਰਤ ਪੰਜਾਬੀ ਗਲਪ-ਜਗਤ ਦੇ ਸੁਹਿਰਦ ਰਚਨਾਤਮਕ ਵਿਵੇਕ ਦੀ ਜ਼ਾਮਨ ਬਣਦੀ ਹੈ, ਅਵਤਾਰ ਸਿੰਘ ਹੰਸਰਾ ਦਾ ਨਾਵਲ ਇਸ ਪਰਿਪੇਖ ਵਿਚ ਪੰਜਾਬੀ ਗਲਪ-ਜਗਤ ਦਾ ਮੁਲਵਾਨ ਹਾਸਲ ਹੈ। ❑❑

-ਡਾ.ਰਾਜਵੰਤ ਕੌਰ



## ਮੈਂ ਵੀ ਆਦਿ ਜੁਗਾਦਿ (ਕਾਵਿ ਸੰਗ੍ਰਹਿ) ਬਲਵਿੰਦਰ ਸੰਧੂ

ਬਲਵਿੰਦਰ ਸੰਧੂ ਦਾ 'ਇਕ ਗੀਤ ਅਧੂਰਾ' (1999) ਤੋਂ ਸ਼ੁਰੂ ਹੋਇਆ ਕਾਵਿ ਸਫਰ 'ਕੋਮਲ ਸਿੰਘ ਆਖਦਾ ਹੈ' (2002), 'ਘਾੜਤ' (2006) ਦੇ ਮੀਲ ਪੱਥਰ ਗੱਡਦਾ ਹੋਇਆ 'ਮੈਂ ਵੀ ਆਦਿ ਜੁਗਾਦਿ' (2013) ਤਕ ਪਹੁੰਚਿਆ ਹੈ। ਇਸ ਦੋ ਦਹਾਕੇ ਤੋਂ ਵਧੇਰੇ ਦੇ ਸਮੇਂ ਵਿਚ ਉਸ ਦੀ ਪੁਸਤਕ ਦੇ ਸਰਵਰਕ 'ਤੇ ਛਪੀ ਸੁਨੱਖੇ ਨਕਸ਼ਾਂ ਵਾਲੀ ਸੁੰਦਰ ਤਸਵੀਰ ਦੀ ਦਾਹੜੀ ਵਿਚ ਉਸ ਦੀ ਪੱਗ ਵਰਗੇ ਚਿੱਟੇ ਰੰਗ ਦੇ ਵਾਲ ਹੀ ਪ੍ਰਗਟ ਨਹੀਂ ਹੋਏ ਸਗੋਂ ਕਾਵਿ ਅਨੁਭਵ ਵਿਚ ਵੀ ਵਧੇਰੇ ਪ੍ਰੌਢਤਾ ਅਤੇ ਦਾਰਸ਼ਨਿਕ ਗਹਿਰਾਈ ਆਈ ਹੈ। ਸੁਰਜੀਤ ਪਾਤਰ ਹੋਰੀਂ ਠੀਕ ਫਰਮਾਉਂਦੇ ਹਨ ਕਿ ਬਲਵਿੰਦਰ ਕਣ ਕਣ ਵਿਚ ਕਵਿਤਾ ਦੇਖਦਾ ਹੈ ਅਤੇ ਕਵਿਤਾਵਾਂ ਪੜ੍ਹਦਿਆਂ ਅਸੀਂ ਮਸ਼ੀਨਾਂ ਤੋਂ ਮੁੜ ਮਾਨਵ ਬਣਦੇ ਹਾਂ। ਮੈਨੂੰ ਬਲਵਿੰਦਰ ਸੰਧੂ ਵੀ ਚੰਗਾ ਲਗਦਾ ਹੈ ਅਤੇ ਉਸ ਦੀ ਕਵਿਤਾ ਵੀ। ਇਸ ਦਾ ਕਾਰਨ ਉਸ ਦਾ ਹਲੀਮ ਕਾਵਿ ਵਿਦਿਆਰਥੀ ਹੋਣਾ ਵੀ ਹੈ ਅਤੇ ਉਸ ਦਾ ਚੰਗਾ ਕਵੀ ਹੋਣਾ ਵੀ ਹੈ।

'ਮੈਂ ਵੀ ਆਦਿ ਜੁਗਾਦਿ' ਪੁਸਤਕ ਵਿਚ ਜ਼ਿੰਦਗੀ ਦੇ ਕਈ ਰੰਗਾਂ ਨਾਲ ਸੰਬੰਧਤ ਕਵਿਤਾਵਾਂ ਹਨ ਪਰ ਜੇ ਮੋਟੇ ਤੌਰ 'ਤੇ ਵਿਸ਼ੇਵਾਰ ਵੰਡਣੀਆਂ ਹੋਣ ਤਾਂ ਕਵਿਤਾ ਬਾਰੇ, ਬਾਹਰਲੀ-ਅੰਦਰਲੀ ਬਦਲਦੀ ਰੁੱਤ ਤੇ ਮੌਸਮ ਦੀ ਵਿਥਿਆ ਅਤੇ ਦਿਨੋਂ-ਦਿਨ ਵਧ ਰਹੇ ਅਮੀਰੀ-ਗਰੀਬੀ ਦੇ ਪਾੜੇ ਬਾਰੇ ਕਵਿਤਾਵਾਂ ਹਨ।

*ਹੇ ਕਵੀ ਮਨ!*
*ਕਵਿਤਾ ਜੇ ਨਹੀਂ ਔੜਦੀ*
*ਤਾਂ ਨਾ ਤਿਲਮਿਲਾ*
*ਵਰ੍ਹਾ ਛਿਮਾਹੀ ਜਾਂ ਤਿਮਾਹੀ*
*ਚੁੱਪ ਹੰਢਾ...ਕਵਿਤਾ ਮਾਅ*
*ਕਵਿਤਾ ਜੇ ਨਹੀਂ ਔੜਦੀ*

ਕਵੀ ਨੇ ਸੱਚਮੁੱਚ ਕਵਿਤਾ ਤਿਲਮਿਲਾ ਕੇ ਨਹੀਂ ਸਗੋਂ ਕਮਾ ਕੇ ਲਿਖੀ ਹੈ। ਲਗਪਗ ਪੰਜ ਸਾਲਾਂ ਵਿਚ ਇਕ ਪੁਸਤਕ ਤੇ ਇਸ ਪੁਸਤਕ ਵਿਚ 58 ਕਵਿਤਾਵਾਂ ਹਨ। ਔਸਤਨ ਦੋ-ਤਿੰਨ ਮਹੀਨਿਆਂ ਵਿਚ ਇਕ ਅੱਧ ਕਵਿਤਾ। ਸੱਚਮੁੱਚ ਉਸ ਦੀਆਂ ਕਵਿਤਾਵਾਂ ਕਮਾ ਕੇ ਲਿਖੀਆਂ ਹਨ।

ਉਸ ਦੀਆਂ ਜਿਹੜੀਆਂ ਕਵਿਤਾਵਾਂ ਕਾਲ /ਰੁੱਤ /ਮੌਸਮ ਬਦਲਣ ਨਾਲ ਸੰਬੰਧਤ ਹਨ ਉਨ੍ਹਾਂ ਵਿਚ ਨਿੱਜੀ ਅਨੁਭਵ ਭਾਰੂ ਹੈ ਅਤੇ ਤਬਦੀਲੀ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਗਿਆ ਹੈ। ਇਨ੍ਹਾਂ ਕਵਿਤਾਵਾਂ ਵਿਚ ਬੀਤੇ ਦਾ ਉਦਰੇਵਾਂ ਵਧੇਰੇ ਦਿਖਾਈ ਦਿੰਦਾ ਹੈ। ਅਜਿਹੀਆਂ ਕਵਿਤਾਵਾਂ ਵਿਚ ਅਚੇਤ/ਸੁਚੇਤ ਪੰਜਾਬੀ ਦੀ ਬਾਰਾਂਮਾਂਹ ਕਾਵਿ ਪਰੰਪਰਾ ਝਾਤੀਆਂ ਮਾਰਦੀ ਹੈ। ਇਸ ਪ੍ਰਸੰਗ ਵਿਚ ਘਰ 'ਪਹਿਲਾ', 'ਦੂਜਾ', 'ਤੀਜਾ', 'ਪੋਹ', 'ਧੁੰਦ', 'ਸੈਰ', 'ਬਚਪਨ' ਆਦਿ ਕਵਿਤਾਵਾਂ ਦੇਖੀਆਂ ਜਾ ਸਕਦੀਆਂ ਹਨ। ਕਵੀ ਨਵੀਂ ਰੁੱਤ ਦੀ ਤਬਦੀਲੀ ਅਤੇ ਭੌਤਿਕ ਸੰਸਾਰ ਦੀ ਤਬਦੀਲੀ ਨੂੰ ਨਾਲੋ ਨਾਲ ਲੰਮੇ ਕਾਲ 'ਤੇ ਫੈਲਾ ਲੈਂਦਾ ਹੈ ਅਤੇ ਅਜਿਹਾ ਕਰਦਿਆਂ ਉਹ ਪ੍ਰੇਮੀ-ਪ੍ਰੇਮਿਕਾ ਜਾਂ ਆਤਮਾ-ਪਰਮਾਤਮਾ ਦੀ ਰਵਾਇਤ ਦੀ ਥਾਵੇਂ ਅਮੀਰ-ਗਰੀਬ, ਸਾਧਨਹੀਣ-ਸਾਧਨਵੰਤ ਦਾ ਵਿਰੋਧ-ਜੁੱਟ ਲੈ ਆਉਂਦਾ ਹੈ, ਜਿਸ ਨਾਲ ਕਾਵਿ-ਪਰੰਪਰਾ ਤੇ ਉੱਤਰ

ਆਧੁਨਿਕਤਾ ਦਾ ਸੁੰਦਰ ਸੁਮੇਲ ਹੋ ਜਾਂਦਾ ਹੈ। ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਵਿਸ਼ਵੀਕਰਨ ਅਧੀਨ ਫੈਲ ਰਹੇ ਮੰਡੀ ਜਾਲ ਦੀ ਆਰਥਿਕਤਾ ਵਿਚ ਫਾਥੇ ਬੰਦੇ ਦੀ ਹੋਣੀ ਦੀਆਂ ਕਵਿਤਾਵਾਂ ਹਨ। ਇਸ ਵਿਸ਼ੇ ਬਾਰੇ ਪੰਜਾਬੀ ਵਿਚ ਢੇਰ ਕੁਝ ਲਿਖਿਆ ਮਿਲਦਾ ਹੈ ਪਰ ਬਹੁਤਾ ਕੁਝ ਸਥਿਤੀ ਬਾਰੇ ਸਹੀ ਸਿਆਸੀ-ਆਰਥਿਕਤਾ ਦੇ ਨੁਕਤੇ ਤੋਂ ਗਿਆਨ ਮਾਤਰ ਹੈ ਜਿਸ ਵਿਚ ਕਵਿਤਾ ਬਹੁਤ ਘੱਟ ਹੈ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ 'ਸ਼ਾਪਿੰਗ ਮਾਲ ਤੇ ਕੀੜੀਆਂ', 'ਸੁੰਦਰੀ ਸੀਤਲਾ' ਅਤੇ 'ਸ਼ੀਸ਼ਿਆਂ ਦੇ ਆਰਪਾਰ' ਸੱਚਮੁੱਚ ਕਾਵਿ ਸੰਗ੍ਰਹਿ ਦਾ ਹਾਸਲ ਹਨ, ਕਿਉਂਕਿ ਇਹ ਵਿਰਾਟ ਬਦਲਦੇ ਪੂੰਜੀਵਾਦੀ ਯਥਾਰਥ ਦੇ ਸੱਚ ਨੂੰ ਸੂਚਨਾ ਦੀ ਥਾਵੇਂ ਅਨੁਭਵੀ ਬਿੰਬਾਂ ਵਿਚ ਢਾਲ ਕੇ ਪੇਸ਼ ਕਰਦਾ ਹੈ। ਇਸ ਸੰਗ੍ਰਹਿ ਵਿਚ ਕਵੀ ਨੇ ਕੇਵਲ ਸਮਕਾਲੀ ਯਥਾਰਥ ਨੂੰ ਹੀ ਨਹੀਂ ਪਕੜਿਆ ਸਗੋਂ ਉਹ ਆਪਣੀ ਕਾਵਿ ਪਰੰਪਰਾ ਵੱਲ ਵੀ ਪਰਤਿਆ ਹੈ। ਉਸ ਨੇ ਕਾਲ ਕਾਵਿ ਵਿਚੋਂ ਬਾਰਾਂ ਮਾਂਹ ਅਤੇ ਅੱਖਰ-ਕਾਵਿ ਵਿਚੋਂ ਪੱਟੀ ਨੂੰ ਚੁਣਿਆ ਹੀ ਨਹੀਂ ਸਗੋਂ ਉਸ ਨੇ ਪਰੰਪਰਕ ਅਲੰਕਾਰਾਂ ਖ਼ਾਸ ਕਰਕੇ ਸ਼ਬਦ ਅਲੰਕਾਰਾਂ ਨੂੰ ਪੁਨਰ ਸੁਰਜੀਤ ਕਰਨ ਦੀ ਅੱਛੀ ਵੀ ਕੋਸ਼ਿਸ਼ ਕੀਤੀ ਹੈ।

*ਨ-ਨੱਕ-ਨਮੂਜ਼ ਨੇ ਨੱਕ ਰੱਖਣੇ ਲਈ*
*ਕਿੱਲਾ ਜਿਮੀਂ ਦਾ ਬੈਅ ਕਰਵਾ ਦਿੱਤਾ*
*ਕਾਰ ਲੈਣੀਆ ਨਵੀਂ ਨਕੋਰ ਭਾਈਆ*
*ਕਰਜਾ ਟਰੈਕਟਰ ਦਾ ਬਿਲੇ ਲਗਾ ਦਿੱਤਾ*
*ਓਹਲਾ ਰਿਹਾ ਨਾ ਉਦੋਂ ਕੋੜਮੇ ਤੋਂ*
*ਗਹਿਣਾ ਧੰਨੋ ਦਾ ਗਹਿਣੇ ਵੀ ਪਾ ਦਿੱਤਾ*

ਉਸ ਦੀ ਕਵਿਤਾ ਪੜ੍ਹਦਿਆਂ ਅਹਿਸਾਸ ਹੋਇਆ ਕਿ ਸਮਕਾਲੀ ਯਥਾਰਥ ਦੇ ਅਨੁਭਵ ਅਤੇ ਕਾਵਿ ਪਰੰਪਰਾ ਦੇ ਮੰਥਨ ਵਿਚੋਂ ਚੰਗੀ ਕਵਿਤਾ ਦਾ ਉਦੇ ਹੁੰਦਾ ਹੈ। 'ਨਾਨਕ ਤੋਂ ਨਾਂਦੇੜ ਬਰਾਸਤਾ ਅਨੰਦਪੁਰ' ਬਲਵਿੰਦਰ ਸੰਧੂ ਦੇ ਕਾਵਿ ਹਿਸਾਬ ਨਾਲ ਛੇ ਸਫਿਆਂ 'ਤੇ ਫੈਲੀ ਲੰਮੀ ਬਿਰਤਾਂਤਕ ਕਵਿਤਾ ਹੈ। ਪਰ ਜਿਸ ਤਰ੍ਹਾਂ ਉਸ ਨੇ ਢਾਈ ਸਦੀਆਂ ਦੇ ਵੱਡੇ ਇਤਿਹਾਸ ਨੂੰ ਕੇਵਲ ਇਕ ਸਿਰਲੇਖ ਵਿਚ ਸਮੇਟਿਆ ਹੈ, ਇਸ ਤਰ੍ਹਾਂ ਹੀ ਉਸ ਨੇ ਛੇ ਪੰਨਿਆਂ ਵਿਚ ਸਾਰਾ ਗੁਰੂ ਕਾਲ ਦਾ ਕਾਵਿ ਇਤਿਹਾਸ ਦਰਜ ਕੀਤਾ ਹੈ। ਇਹ ਨਜ਼ਮ ਵੀ ਸੰਗ੍ਰਹਿ ਦੀ ਪ੍ਰਾਪਤੀ ਹੈ। ਖ਼ਾਸ ਕਰਕੇ ਇਸ ਦਾ ਭਾਸ਼ਾ ਪ੍ਰਯੋਗ ਵਿਸ਼ੇਸ਼ ਧਿਆਨ ਮੰਗਦਾ ਹੈ:

*ਹਯਾਤੀ ਦੇ ਸੱਤਰਵਿਆਂ 'ਚ*
*ਜਾਂ ਚੋਲਾ ਉਸ ਘਿਸਿਆ ਘਿਸਿਆ ਜਾਪਿਆ*
*ਤਾਂ ਲਹਿਣੇ ਨੂੰ ਸੱਦ ਆਖਿਓਸ*
*ਭਾਈ ਲਹਿਣਿਆ ਤੂੰ ਹੁਣ ਅੰਗਦ ਹੋ ਜਾ*
*ਅਸਾਂ ਹੁਣ ਘਰ ਪਰਤਣੈਂ*
*ਤੂੰ ਏਂ ਕਿ ਜਿਸ ਨੇ ਸੰਗਤ ਨਾਲ ਵਰਤਣੈਂ*

ਵਿਸ਼ੇ, ਵਿਚਾਰਧਾਰਾ, ਭਾਸ਼ਾ ਅਤੇ ਕਾਵਿ ਰੂਪਾਂ ਪੱਖੋਂ ਇਹ ਕਾਵਿ ਪੁਸਤਕ ਬਲਵਿੰਦਰ ਸੰਧੂ ਦੀ ਹੀ ਨਹੀਂ ਸਗੋਂ ਸਮਕਾਲੀ ਪੰਜਾਬੀ ਕਵਿਤਾ ਦਾ ਵੀ ਹਾਸਿਲ ਹੈ।

-ਰਾਜਿੰਦਰ ਪਾਲ ਸਿੰਘ



## ਜਲਾਵਤਨ (ਕਾਵਿ ਸੰਗ੍ਰਹਿ) ਪ੍ਰੋ. ਜਗੀਰ ਕਾਹਲੋਂ

'ਜਲਾਵਤਨ' (ਪੰਨੇ:ਇਕ ਸੌ ਗਿਆਰਾਂ,ਮੁੱਲ:ਸੌ ਰੁਪਏ,ਪੰਜ ਆਬ ਪ੍ਰਕਾਸ਼ਨ,ਜਲੰਧਰ) ਜਗੀਰ ਕਾਹਲੋਂ ਦਾ ਪਹਿਲਾ ਕਾਵਿ-ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਉਸਦੇ ਸਵੈ-ਕਥਨ ਵੀ ਦਰਜ ਹਨ। ਉਹਨਾਂ ਕਥਨਾਂ ਤੋਂ ਪਤਾ ਚਲਦਾ ਹੈ ਕਿ ਕਾਹਲੋਂ ਦਾ ਪਿੰਡ ਧੀਦੋਵਾਲ ਚੜ੍ਹਦੇ ਪੰਜਾਬ ਵਿਚ ਰਾਵੀ ਅਤੇ ਸਰਹੱਦ ਤੋਂ ਦੱਖਣੀ ਪਾਸੇ ਓਨਾ ਕੁ ਹੀ ਹੈ ਜਿੰਨਾ ਕੁ ਬਾਬੇ ਨਾਨਕ ਦਾ ਕਰਤਾਰਪੁਰ ਰਾਵੀ ਦਰਿਆ ਦੇ ਪਹਾੜੀ ਪਾਸੇ ਲਹਿੰਦੇ ਪੰਜਾਬ ਵਿਚ ਹੈ। ਰਾਵੀ ਦਰਿਆ ਦੇ ਦੱਖਣੀ ਕੰਢੇ ਉੱਤੇ ਉਸਦਾ ਬਚਪਨ ਬੀਤਿਆ। ਸਰਹੱਦੀ ਖੇਤਰ ਦੀਆਂ ਦੁਸ਼ਵਾਰੀਆਂ ਖਾਸਕਰ ਬਰਸਾਤੀ ਮੌਸਮ ਵਿਚ ਹੜ੍ਹਾਂ ਦੀ ਤਬਾਹੀ ਤੇ ਭਾਰਤ-ਪਾਕਿ ਜੰਗਾਂ ਦੌਰਾਨ ਹੋਈ ਪਿੰਡਾਂ ਦੀ ਤਬਾਹੀ ਨੂੰ ਉਸਨੇ ਨੇੜਿਓਂ ਤੱਕਿਆ, ਸਮਝਿਆ ਤੇ ਹੰਢਾਇਆ ਵੀ। ਸਕੂਲ ਵਿਚ ਪੜ੍ਹਦਿਆ ਤੁਕਾਂ ਜੋੜ ਜੋੜ ਕੇ ਆਪਣੇ ਅਧਿਆਪਕਾਂ ਨੂੰ ਸੁਣਾ ਕੇ ਉਸਨੇ ਸ਼ਾਇਰੀ ਨਾਲ ਬਚਪਨ ਤੋਂ ਹੀ ਮੋਹ ਦਾ ਰਿਸ਼ਤਾ ਗੰਢ ਲਿਆ ਸੀ। ਆਪਣੇ ਸਕੂਲ ਦੇ ਦੋ ਅਧਿਆਪਕਾਂ ਦੇ ਮਾਰਕਸਵਾਦੀ ਵਿਚਾਰਾਂ ਦੇ ਪ੍ਰਭਾਵ ਸਦਕਾ ਉਹ ਕੇਵਲ ਮਾਰਕਸਵਾਦੀ ਵਿਚਾਰਾਂ ਦਾ ਧਾਰਨੀ ਹੀ ਨਹੀਂ ਬਣਿਆ ਸਗੋਂ ਦਸਵੀਂ ਪਾਸ ਕਰਨ ਉਪਰੰਤ ਸੀ.ਪੀ.ਆਈ (ਐੱਮ) ਦਾ ਕੁਲਵਕਤੀ ਕਾਰਕੁਨ ਵੀ ਬਣ ਗਿਆ ਸੀ। ਮਗਰੋਂ ਉਚੇਰੀ ਪੜ੍ਹਾਈ ਕਰਨ ਉਪਰੰਤ ਪੰਜਾਬ ਦੇ ਵਿਭਿੰਨ ਸਰਕਾਰੀ ਕਾਲਿਜਾਂ ਵਿਚ ਅਧਿਆਪਨ ਦੀ ਸੇਵਾ ਨਿਭਾਉਂਦਿਆਂ ਉਹ ਆਪਣੀ ਜਥੇਬੰਦਕ ਸੋਚ ਮੁਜਬ ਕਾਲਿਜ ਅਧਿਆਪਕਾਂ ਦੀ ਲਹਿਰ ਦਾ ਇਕ ਸਾਰਥਕ ਅੰਗ ਬਣਿਆ ਰਿਹਾ। ਛੇਕੜ, ਕੈਨੇਡਾ ਪਰਵਾਸ ਧਾਰਨ ਕਰ ਗਿਆ।

ਜਥੇਬੰਦਕ ਕਾਰਜਾਂ ਦੇ ਰੁਝੇਵਿਆਂ ਕਾਰਨ ਬਚਪਨ ਵਿਚ ਗੰਢੇ ਸ਼ਾਇਰੀ ਨਾਲ ਮੋਹ ਦੇ ਰਿਸ਼ਤੇ ਨੂੰ ਬੂਰ ਪੈਣ ਲਈ ਜ਼ਿਆਦਾ ਸਮਾਂ ਲੱਗ ਗਿਆ। ਲੰਮੇ ਕਾਲ-ਅੰਤਰਾਲ ਨੇ ਉਸਦੇ ਅਨੁਭਵ ਨੂੰ ਡੂੰਘੇਰਾ ਤੇ ਚੌੜੇਰਾ ਕੀਤਾ। ਅਜਿਹੇ ਡੂੰਘੇ ਤੇ ਵਿਸ਼ਾਲ ਅਨੁਭਵ ਨੂੰ ਪ੍ਰੋ. ਜਗੀਰ ਕਾਹਲੋਂ ਨੇ 'ਜਲਾਵਤਨ' ਵਿਚ ਨਜ਼ਮ,ਗੀਤ,ਗ਼ਜ਼ਲ ਤੇ ਦੋਹੇ ਕਾਵਿ-ਰੂਪਾਂ ਰਾਹੀਂ ਸਾਕਾਰ ਕੀਤਾ ।

ਕਾਵਿ-ਸੰਗ੍ਰਹਿ 'ਜਲਾਵਤਨ' ਨੂੰ ਪੜ੍ਹ ਕੇ ਇਹ ਵਿਚਾਰ ਸਹਿਜੇ ਹੀ ਬਣ ਸਕਦਾ ਹੈ ਕਿ ਸਾਹਿਤ-ਰੂਪ 'ਕਵਿਤਾ' ਤਾਂ ਯਾਦਾਂ ਨੂੰ ਸਿਰਜਣ ਵਾਲਾ ਲੈਅਮਈ ਵਿਚਾਰਧਾਰਕ ਸਰਮਾਇਆ ਹੁੰਦਾ ਹੈ। ਵਿਚਾਰਧਾਰਕ ਸਰਮਾਇਆ ਹੀ ਕਿਉਂ? ਇਹ ਤਾਂ ਆਮ ਲੋਕਾਈ ਦੀ ਚੁੱਪ ਨੂੰ ਅਰਥ ਦੇ ਕੇ ਰਾਜ ਦੀਆਂ ਅਮਾਨਵੀ ਛਵੀਆਂ ਦੇ ਘੁੰਡ ਮੋੜਨ ਦੀ ਕਲਾਤਮਕ ਸ਼ਕਤੀ ਵੀ ਰੱਖਦਾ ਹੈ। ਹੱਥਲੇ ਕਾਵਿ-ਸੰਗ੍ਰਹਿ ਦੀ ਸਿਰਲੇਖਕ ਕਵਿਤਾ 'ਜਲਾਵਤਨ' ਵਿਚਲੇ ਜੱਗੇ ਨਾਮਕ ਕਾਵਿ-ਪਾਤਰ ਦੀ ਜੰਡਿਆਲੇ,ਜੀਤੋ ਤੇ ਜਿੰਦੇ ਦੀ ਤਲਾਸ਼ ਇਸ ਵਿਚਾਰ ਦੀ ਉਗਾਹੀ ਹੈ।

ਕਾਹਲੋਂ ਨੇ ਜੱਗੇ ਦੀ ਅਜਿਹੀ ਤਲਾਸ਼ ਕਰਨ ਦੇ ਉੱਦਮ ਨੂੰ ਸਥਾਨ ਤੇ ਰਿਸ਼ਤਿਆਂ ਨਾਲ ਜੋੜ ਕੇ ਕੈਨੇਡਾ 'ਚ ਪਰਵਾਸ ਧਾਰਨ ਕਰ ਚੁੱਕੇ ਇਕ ਐਸੇ ਪਰਵਾਸੀ ਪੰਜਾਬੀ ਵਿਅਕਤੀ ਦੀ ਹੋਣੀ ਨੂੰ ਸਾਕਾਰ ਕੀਤਾ ਹੈ ਜੋ ਪੰਜਾਬ ਵਿਚੋਂ ਅੱਤਵਾਦ ਦੇ ਸਮੇਂ ਦੌਰਾਨ ਨਾਸਮਝੀ ਤੇ ਆਪਣੀ ਮਾੜੀ ਆਰਥਿਕ ਸਥਿਤੀ ਕਾਰਨ ਜਲਾਵਤਨ ਹੋ ਕੇ ਕੈਨੇਡਾ ਵਿਖੇ ਪਰਵਾਸ ਧਾਰਨ ਕਰਦਾ ਹੈ। ਵਾਪਸ ਉਹ ਆਪਣੇ ਵਤਨ ਆ ਨਹੀਂ ਸਕਦਾ। ਟੋਰਾਂਟੋ ਦਾ ਬਸ਼ਿੰਦਾ ਬਣਿਆ ਉਹ ਆਪਣੇ ਆਪ ਨੂੰ ਪਨਾਹਗੀਰ ਅਥਵਾ ਜਲਾਵਤਨ ਸਮਝਦਾ ਤੇ ਦੂਜਿਆਂ ਨੂੰ ਆਪਣੇ ਜਲਾਵਤਨ ਹੋਣ ਦੀ ਸੋਝੀ ਪ੍ਰਦਾਨ ਕਰਦਾ ਹੈ। ਉਸਦੀ ਅਜਿਹੀ ਇਮਾਨਦਾਰਾਨਾ ਸੋਚ ਕਾਹਲੋਂ ਦੀ ਕਾਵਿ-ਦ੍ਰਿਸ਼ਟੀ ਦਾ ਹੀ ਇਕ ਰੂਪ ਹੈ ਜੋ ਕੈਨੇਡੀਅਨ ਪੰਜਾਬੀ ਵਿਅਕਤੀ ਦੇ ਪਰਵਾਸ ਧਾਰਨ ਕਰਨ ਵਾਲੇ ਅਸਲ ਨਕਸ਼ਾਂ ਨੂੰ ਭਾਲ ਕੇ ਨਿਹਾਰਦੀ ਹੋਈ 'ਜੱਗੇ' ਦੇ ਰੂਪ ਵਿਚ ਪਾਠਕਾਂ ਸਨਮੁਖ ਰੱਖਦੀ ਹੈ। ਸ਼ਾਇਦ ਇਸ ਦਾ ਮੂਲ ਉਦੇਸ਼ ਇਸ ਭਾਵਨਾ ਨੂੰ ਸਾਕਾਰ ਕਰਨਾ ਹੋਵੇ ਕਿ ਮੁਹੱਬਤ ਦੇ ਨਕਸ਼ ਨਾ ਧੁੰਦਲੇ ਹੁੰਦੇ ਨੇ, ਨਾ ਮਿਟਦੇ ਨੇ, ਸਗੋਂ ਵਕਤ ਬੀਤਣ ਨਾਲ ਹੋਰ ਗੂੜ੍ਹੇ ਹੁੰਦੇ ਜਾਂਦੇ ਨੇ। ਕਾਹਲੋਂ ਦੀ ਕਵਿਤਾ ਦਾ ਇਹ ਕੇਂਦਰੀ ਸਰੋਕਾਰ ਹੈ ਜੋ ਉਸ ਦੀਆਂ ਸਮੁੱਚੀਆਂ ਕਵਿਤਾਵਾਂ ਦੇ ਆਰ-ਪਾਰ ਫੈਲਿਆ ਹੋਇਆ ਹੈ।

ਇੰਝ ਕਾਹਲੋਂ ਦਾ ਕਾਵਿ-ਪਾਤਰ ਗਲਤ ਸਮਾਜਕ ਕੀਮਤਾਂ ਖਿਲਾਫ਼ ਲੜਨ ਦਾ ਸਹੀ ਨਜ਼ਰੀਆ ਪ੍ਰਸਤੁਤ ਕਰਕੇ ਪਾਠਕਾਂ ਨੂੰ ਸਹੀ ਤੇ ਗਲਤ ਪੈਂਤੜਿਆਂ ਦੀ ਪਛਾਣ ਕਰਨ ਦਾ ਸਬਕ ਦਿੰਦਾ ਹੈ,ਸੱਤਾ ਤੇ ਸਮਾਜ ਦੇ ਟਕਰਾਉ ਦੇ ਕਾਰਣਾਂ ਦੀ ਸਮਝ ਪ੍ਰਦਾਨ ਕਰਦਾ ਹੈ ਅਤੇ ਕਰਮ ਨੂੰ ਅਮਲ ਵਿਚ ਲਿਆਉਣ ਵਾਲਾ ਸੰਦੇਸ਼ ਉਚਾਰਦਾ ਹੈ। ਏਸੇ ਲਈ ਕਾਹਲੋਂ ਦੀ ਕਵਿਤਾ ਪੁਰਾਣੀ ਤੇ ਨਵੀਂ ਸੋਚ ਦੇ ਟਕਰਾਉ ਰਾਹੀਂ ਚੰਗਾ ਸਮਾਜਕ ਪ੍ਰਬੰਧ ਸਿਰਜਣ ਦਾ ਬਦਲ ਰੱਖਦੀ ਹੈ। 'ਅਮਲ-1, ਅਮਲ-2, ਅਮਲ-3' ਨਜ਼ਮਾਂ ਦੀ ਸਾਂਝੀ ਵਸਤੂ ਇਸ ਵਿਚਾਰ ਦਾ ਸਿਰਜਣਾਤਮਕ ਪ੍ਰਮਾਣ ਹੈ। ਇਹਨਾਂ ਨਜ਼ਮਾਂ ਦੀ ਸੁਝਾਉਣੀ ਹੈ ਕਿ ਸਦੀਆਂ ਤੋਂ ਸਮਾਜਕ,ਆਰਥਿਕ ਤੇ ਰਾਜਨੀਤਕ ਪਰਿਸਥਿਤੀਆਂ ਦੇ ਕਰੂਰ ਸੁਭਾਅ ਨੂੰ ਬਦਲਣ ਲਈ ਲੋੜੀਂਦੇ 'ਤਾਪ'ਅਥਵਾ ਲੋੜੀਂਦੀ ਕ੍ਰਾਂਤੀਕਾਰੀ ਸੋਚ ਦੀ ਜ਼ਰੂਰਤ ਹਮੇਸ਼ਾ ਬਣੀ ਰਹੀ ਹੈ। ਵਿਵੇਕਸ਼ੀਲ ਕ੍ਰਾਂਤੀਕਾਰੀ ਸੋਚ ਹੀ ਪੁਰਾਣੇ ਨੂੰ ਢਾਹ ਕੇ ਨਵਾਂ ਸਾਰਥਕ ਬਦਲ ਦੇ ਸਕਦੀ ਹੈ। ਉਸ ਨੇ ਕਵਿਤਾ ਰਾਹੀਂ ਇਹ ਇਤਿਹਾਸਕ ਪਾਠ ਵੀ ਪੜ੍ਹਾਇਆ ਹੈ:

*ਈਸਾ ਦੀ ਸਲੀਬ ਨੂੰ ਵੇਖੋ / ਗੋਬਿੰਦ ਦੀ ਤਹਿਜ਼ੀਬ ਨੂੰ ਵੇਖੋ*
*ਭਗਤ ਸਿੰਘ ਦੀ ਤਰਕੀਬ ਨੂੰ ਵੇਖੋ/ਊਧਮ ਸਿੰਘ ਵਰਗਾ ਉੱਦਮ ਕਰੋ*
*ਦੋਸਤੋ... ਇਰਾਦੇ ਬੁਲੰਦ ਜਿੱਤਦੇ ਨੇ/ਆਦਮ ਦੇ ਫਰਜ਼ੰਦ ਜਿੱਤਦੇ ਨੇ*
*ਬੰਦੇ ਹੀ ਤਾਂ ਸਰਹੰਦ ਜਿੱਤਦੇ ਨੇ/ਅੱਜ ਫਿਰ ਬੰਦੇ ਵਾਲਾ ਦਾਅ ਫੜੋ*

ਕਾਹਲੋਂ ਦੀ ਵਿਚਾਰਧਾਰਕ ਦ੍ਰਿਸ਼ਟੀ ਅਨੁਸਾਰ ਤੀਸਰੀ ਦੁਨੀਆਂ ਦੇ ਮੁਲਕਾਂ ਨੂੰ ਆਪਣੇ ਆਪਣੇ ਸਥਾਨਕ ਸਭਿਆਚਾਰਾਂ ਵਿਚ ਯਕੀਨ ਬਨ੍ਹਾਉਣਾ ਜ਼ਰੂਰੀ ਹੈ। ਲਗਦੈ,ਅਜਿਹੀ ਜ਼ਰੂਰਤ ਦੀ ਪੂਰਤੀ ਲਈ ਕਾਹਲੋਂ ਨੇ 'ਪੰਜਾਬ' ਨਾਂਅ ਦੀ ਕਵਿਤਾ ਰਚੀ ਹੈ। ਇਸ ਕਵਿਤਾ ਵਿਚ ਉਸਨੇ ਪੰਜਾਬ ਨੂੰ ਕਾਵਿ ਪਾਤਰ ਦੇ ਤੌਰ ਉੱਤੇ ਲੈ ਕੇ ਆਪਣੇ ਲੋਕਾਂ ਸਾਹਵੇਂ ਇੰਝ ਸੰਬੋਧਤ ਹੁੰਦਿਆਂ ਵਿਖਾਇਆ ਹੈ:

*ਤੁਸੀਂ ਆਪਣੀਆਂ ਨਰੋਈਆਂ ਦੇਹੀਆਂ ਦੀ ਖ਼ੈਰ ਮੰਗੋ*
*ਜੇ ਕੋਈ ਫਿਕਰ ਕਰਨਾ ਹੈ/ਤਾਂ ਇੰਝ ਕਰਿਓ*
*ਮੈਨੂੰ ਕਦੇ ਵੀ ਬੇਗਾਨੇ ਵੱਸ ਨਾ ਪਾਇਓ*
*ਮੇਰੀ ਕੀਤੀ ਕਰਾਈ 'ਤੇ ਪਾਣੀ ਨਾ ਫੇਰਿਓ*
*ਕਿਤੇ ਚੁਗਲ ਖੋਰਾਂ ਦੇ ਆਖੇ ਲੱਗ/ਮੇਰਾ ਝੁੱਗਾ ਚੌੜ ਨਾ ਕਰਾਇਓ*
*ਤੁਸੀਂ ਖੇਡੋ ਮੱਲੋ/ਭੱਜੋ ਦੌੜੋ ਖੌਰੂ ਪਾਓ*
*ਪਰ ਮੈਨੂੰ ਕਿਸੇ ਸ਼ਰੀਕ ਦੀ/ਪ੍ਰਯੋਗਸ਼ਾਲਾ ਨ ਬਣਨ ਦਿਓ*
*ਤੇ ਨ ਹੀ ਬਿਗਾਨਿਆਂ ਅੱਗੇ ਗਹਿਣੇ ਧਰਿਓ*

ਕਾਹਲੋਂ ਨੂੰ ਰੁੰਡ-ਮਰੁੰਡ ਹੁੰਦੇ ਜਾ ਰਹੇ ਅੱਜੋਕੇ ਪੰਜਾਬ ਦੀ ਚਿੰਤਾ ਖਾ ਰਹੀ ਹੈ ਅਤੇ ਏਸੇ ਚਿੰਤਾ ਵਿਚੋਂ ਉਗਮਦੀ ਹੈ-'ਕਲਮਾਂ ਬਾਂਝ ਨਾ ਹੋਣ' ਵਰਗੀ ਕਵਿਤਾ। ਇਸ ਕਵਿਤਾ ਦਾ ਪਾਤਰ ਗਰੀਬੀ, ਬੇਰੁਜ਼ਗਾਰੀ, ਕਰਫਿਊ, ਫਸਾਦਾਂ ਆਦਿ ਵਰਗੀਆਂ ਆਰਥਿਕ ਤੇ ਰਾਜਨੀਤਕ ਸਰੂਪ ਦੀਆਂ ਅਲਾਮਤਾਂ ਭੋਗਦਾ ਹੈ। ਉਸਨੂੰ ਅਜਿਹੀਆਂ ਅਲਾਮਤਾਂ ਦਾ ਇਲਾਜ 'ਨਸੀਹਤ' ਨਾਂ ਦੀ ਕਵਿਤਾ ਵਿਚ ਦੱਸਿਆ ਗਿਆ ਹੈ। ਭਾਵੇਂ ਕਿ ਇਹ ਕਵਿਤਾ ਕਾਹਲੋਂ ਨੇ ਆਪਣੇ ਬੇਟੇ ਬਿਪਲਵ ਦੇ ਨਾਂ ਕੀਤੀ ਹੈ ਪਰ ਇਸਦਾ ਸੁਨੇਹਾ ਤਾਂ ਸਮੁੱਚੀ ਲੋਕਾਈ ਲਈ ਹੀ ਹੈ :

*ਮੇਰੇ ਬੇਟੇ!*
*ਤੂੰ ਜ਼ਿੰਦਗੀ ਵਿਚ ਬਹੁਤ ਕੁਝ ਕਰੀਂ*
*ਢੇਰ ਸਾਰਾ ਜੀਵੀਂ/ਖਾਵੀਂ ਪੀਵੀਂ*
*ਇਸ ਵਿਚ ਸੁਹਣੇ ਸੁਹਣੇ ਰੰਗ ਭਰੀਂ*
*ਪਰ ਇਹ ਜ਼ਰੂਰੀ ਕਰੀਂ*
*ਲਾਜ਼ਮੀ ਹੀ ਤਾਰੂ ਬਣੀਂ/ਸ਼ਾਹ ਅਸਵਾਰ ਥੀਵੀਂ*



*ਸ਼ਸਤਰ ਵਿਦਿਆ ਧਾਰਨ ਕਰੀਂ/ਤਾਂਕਿ ਮੇਰੇ ਪੋਤੇ ਪੋਤੀਆਂ*
*ਬੇਵਸੀਆਂ ਦੀ ਜੂਨ ਨਾ ਹੰਢਾਉਣ*
*ਤੇ ਤੇਰੇ ਮੇਰੇ ਤੇ/ਕੋਈ ਇਲਜ਼ਾਮ ਨਾ ਲਾਉਣ।*

ਕਾਹਲੋਂ ਦੀ ਕਵਿਤਾ ਵਿਚ ਇਕ ਧਿਰ ਲੋਕ ਹਨ ਤੇ ਦੂਸਰੀ ਧਿਰ ਭਾਰਤੀ ਰਾਜ ਹੈ। ਭਾਰਤੀ ਰਾਜ ਨੂੰ ਚਲਾਉਣ ਦਾ ਕੇਂਦਰ ਦਿੱਲੀ ਹੈ ਤੇ ਦਿੱਲੀ ਆਮ ਲੋਕਾਂ ਦੇ ਦਿਲਾਂ ਨੂੰ ਸਦਾ ਤੋਂ ਹੀ ਡੰਗਦੀ ਆਈ ਹੈ:

*ਇਹ ਦਿੱਲੀ ਦਿਲ ਦੀ ਕਿੰਨੀ ਕਾਲੀ ਐ ਯਾਰੋ*
*ਸਿਤਮ ਢਾਹੁੰਦੀ ਐ ਸਦਾ ਇਨਸਾਫ ਦੇ ਨਾਂ ਤੇ।*

ਕਾਹਲੋਂ ਦੀ ਕਵਿਤਾ ਵਿਚ ਵਿਭਿੰਨ ਪ੍ਰਤੀਕੂਲ ਸਥਿਤੀਆਂ ਸੰਗ ਟਕਰਾਉਣ ਵਾਲੇ ਐਸੇ ਕਾਵਿ-ਸੂਰੇ ਦੀ ਸਿਰਜਣਾ ਕੀਤੀ ਗਈ ਹੈ, ਜੋ ਸਮਾਜ ਵਿਚ ਮੁਹੱਬਤ ਦੇ ਸੂਰਜ ਨੂੰ ਅਸਤ ਹੋਣ ਤੋਂ ਬਚਾਉਣਾ ਲੋਚਦਾ ਹੈ, ਜੋ ਬਦਲਦੇ ਸਮਾਜਕ ਮੌਸਮਾਂ ਨੂੰ ਤਾਂ ਪਛਾਣਦਾ ਹੈ ਪਰ ਆਪ ਉਹਨਾਂ ਤੋਂ ਅਭਿੱਜ ਰਹਿੰਦਾ ਹੈ, ਜੋ ਧਰਤੀ ਦਾ ਪੁੱਤਰ ਬਣ ਕੇ ਵਿਚਰਦਾ ਹੈ, ਜੋ ਸਰਹੱਦਾਂ ਦੀਆ ਲੜਾਈਆਂ ਵਿਚ ਗੁਆਚੇ ਨੌਜਵਾਨਾਂ ਦੀਆਂ ਮਾਵਾਂ ਦੇ ਹਉਕਿਆਂ ਦੀ ਜ਼ੁਬਾਨ ਬਣਦਾ ਹੈ, ਜੋ ਭਾਰਤ-ਪਾਕਿ ਸਰਹੱਦ ਨੂੰ ਮੇਲਣਾ ਚਾਹੁੰਦਾ ਹੈ, ਜੋ ਸਿਆਸਤ ਦੀ ਅੱਗ ਵਿਚ ਝੁਲਸੇ ਜਾ ਰਹੇ ਪੰਜਾਬ ਬਾਰੇ ਫਿਕਰਮੰਦ ਹੈ ਤੇ ਫਿਕਰਮੰਦ ਹੈ- ਲਾਸ਼ਾਂ ਦੇ ਢੇਰ ਉੱਤੇ ਉਸਾਰੇ ਮੰਦਰ ਦੀ ਕਾਰਗੁਜ਼ਾਰੀ ਬਾਰੇ, ਜੋ ਰਾਜ ਸਿਰਜਿਤ ਅਦਾਲਤਾਂ ਦੀ ਥਾਂ ਲੋਕ-ਅਦਾਲਤਾਂ ਲਗਵਾਉਣ ਦਾ ਵਿਸ਼ਵਾਸੀ ਹੈ, ਜੋ ਕੁੱਖਾਂ ਵਿਚ ਰੋਂਦੀਆਂ ਧੀਆਂ ਦੇ ਵਿਰਲਾਪ ਸੁਣਦਾ ਹੀ ਨਹੀਂ ਸਗੋਂ ਪੰਜਾਬੀ ਸਮਾਜ ਵਿਚ ਕੁੜੀ-ਮਾਰਾਂ ਦੀ ਉਲਝੀ ਤਾਣੀ ਦੀਆਂ ਤੰਦਾਂ ਨੂੰ ਵੀ ਥਾਂ ਸਿਰ ਕਰਨ ਲਈ ਯਤਨਸ਼ੀਲ ਹੈ। ਇਉਂ ਕਾਹਲੋਂ ਦਾ ਕਾਵਿ-ਪਾਤਰ ਇੱਕੀਵੀਂ ਸਦੀ ਦੇ ਰਾਜਤੰਤਰ ਵਿਚਲੇ ਬੇਸਬਰੇ ਬੰਦੇ ਦੀ ਬੇਸਬਰੀ ਨੂੰ ਪਛਾਣਦਾ ਹੋਇਆ ਉਸਦੇ ਸਿਰ ਆਈ ਹਰ ਬਲ਼ਾ ਨੂੰ ਆਪਣੀ ਵਿਚਾਰਧਾਰਕ ਸ਼ਕਤੀ ਰਾਹੀਂ ਟਾਲਣ ਦੇ ਸਮਰੱਥ ਹੈ।

ਪ੍ਰੋ.ਕਾਹਲੋਂ ਨੇ ਉਪਰੋਕਤ ਗੁਣਾਂ ਭਰਪੂਰ ਕਾਵਿ-ਪਾਤਰ ਦੀ ਸਿਰਜਣਾ ਕਰਨ ਸਮੇਂ ਇਸ ਕਲਾਤਮਕ ਵਿਚਾਰ ਦਾ ਵੀ ਖਿਆਲ ਰੱਖਿਆ ਹੈ ਕਿ 'ਨਜ਼ਮ ਹਥਿਆਰ ਤਾਂ ਹੈ ਪਰ ਤਲਵਾਰ ਜਾਂ ਕਾਰਬਾਈਨ ਨਹੀਂ'। ਕਵੀ ਜਾਣਦਾ ਹੈ ਕਿ ਨਜ਼ਮ ,ਤਲਵਾਰ ਤੇ ਕਾਰਬਾਈਨ ਦਾ ਆਪਣਾ ਆਪਣਾ ਧਰਮ ਹੈ,ਆਪਣਾ ਆਪਣਾ ਕਰਮ ਹੈ। ਕਾਹਲੋਂ ਦਾ ਕਾਵਿ-ਮਨ ਅਲਾਦੀਨ ਦੇ ਚਿਰਾਗ਼ ਵਰਗੀ ਸ਼ਕਤੀ ਨੂੰ ਸਮੋਈ ਬੈਠਾ ਹੈ ਅਤੇ ਅਜਿਹੀ ਸ਼ਕਤੀ ਨੂੰ ਪੈਦਾ ਕਰਨ ਲਈ ਉਸਨੇ ਅਨੇਕਾਂ ਇਤਿਹਾਸਕ ਤੇ ਸਾਹਿਤਕ ਸ਼ਖ਼ਸੀਅਤਾਂ ਦੇ ਨਾਂਵਾਂ ਨੂੰ ਆਪਣੀਆਂ ਨਜ਼ਮਾਂ, ਦੋਹਿਆਂ, ਗੀਤਾਂ ਤੇ ਗ਼ਜ਼ਲਾਂ ਦੇ ਸ਼ੇਅਰਾਂ ਵਿਚ ਦੂਜ ਦੇ ਚੰਨ ਦੀ ਤਰ੍ਹਾਂ ਵਿਖਾਇਆ ਹੈ; ਆਪਣੀ ਵਿਚਾਰਕ ਤੇ ਕਾਵਿਕ ਸ਼ਕਤੀ ਨੂੰ ਜਗਾਉਣ ਤੇ ਵਧਾਉਣ ਲਈ ਅਤੇ ਆਪਣੇ ਨਾਲ ਕੀਤੇ ਇਸ ਕੌਲ ਨੂੰ ਪੁਗਾਉਣ ਲਈ ਵੀ, ਕਿ ਉਹ ਸ਼ਾਇਰ ਹੈ, ਕਿਸੇ ਰਾਜੇ ਦਾ ਵਜ਼ੀਰ ਨਹੀਂ। ਏਸੇ ਲਈ ਤਾਂ ਪ੍ਰੋ.ਕਾਹਲੋਂ ਹਰ ਉਸ ਵਸਤੂ-ਸਥਿਤੀ, ਸੰਸਥਾ, ਸਿਆਸਤ ਆਦਿ ਨੂੰ ਲੰਮੇ ਹੱਥੀਂ ਲੈਂਦਾ ਹੈ, ਜੋ ਮਾਨਵ-ਵਿਰੋਧੀ ਹਨ। ਮਾਨਵ-ਵਿਰੋਧੀ ਪਰਿਸਥਿਤੀਆਂ, ਮਾਨਵ ਨੂੰ ਆਪਣੇ ਵਤਨ ਤੋਂ ਹੀ ਜਲਾਵਤਨ ਨਹੀਂ ਕਰਦੀਆਂ ਬਲਕਿ ਆਪਣੇ ਹੀ ਵਤਨ ਵਿਚ ਵੀ ਉਸਨੂੰ ਜਲਾਵਤਨ ਹੋਣ ਵਰਗੀ ਹੋਣੀ ਭੋਗਣ ਲਈ ਮਜਬੂਰ ਕਰ ਦਿੰਦੀਆਂ ਹਨ। ਰਾਜ ਦੇ ਅਜਿਹੇ ਨਕਾਰਕ ਪੱਖਾਂ ਨੂੰ ਮਾਨਵਵਾਦੀ-ਪ੍ਰਗਤੀਸ਼ੀਲ ਵਿਚਾਰਧਾਰਾ ਅਨੁਸਾਰ ਨਕਾਰਨਾ ਜ਼ਰੂਰੀ ਹੈ ਅਤੇ 'ਜਲਾਵਤਨ' ਇਸ ਉਮੀਦ ਉੱਤੇ ਖ਼ਰੀ ਉਤਰੀ ਹੈ। -ਚੰਦਰ ਮੋਹਨ

## ਪ੍ਰਾਪਤ ਪੁਸਤਕਾਂ

**ਨਵੀਂ ਸਦੀ ਦੀ ਨਵੀਂ ਨਸਲ** (ਕਾਵਿ ਸੰਗ੍ਰਹਿ) ਰਵਿੰਦਰ ਰਵੀ
ਪੰਨੇ 128, ਮੁੱਲ 200 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ,ਦਿੱਲੀ

**ਮੇਰੇ ਕਾਵਿ-ਨਾਟਕ-4** (ਸੈਂਚੀ ਚੌਥੀ 2008-2010) ਰਵਿੰਦਰ ਰਵੀ
ਪੰਨੇ 334, ਮੁੱਲ 475 ਰੁਪਏ, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ,ਦਿੱਲੀ

**The Hues of Rainbow** (Poems) Gurcharan Rampuri, Tr. S.N.Sewak
ਪੰਨੇ 128, ਮੁੱਲ 150 ਰੁਪਏ,ਪੌਂਡ 10, $ 15, ਨੈਸ਼ਨਲ ਬੁੱਕ ਸ਼ਾਪ, ਚਾਂਦਨੀ ਚੌਕ,ਦਿੱਲੀ

**ਦਰਦ ਦਾਮਨ-ਦਾਮਨ** (ਗ਼ਜ਼ਲ-ਸੰਗ੍ਰਹਿ) ਗੁਰਦੀਪ
ਪੰਨੇ 104, ਮੁੱਲ 150 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

**ਯਾਤਰੀ ਹਾਲੇ ਪਰਤੇ ਨਹੀਂ** (ਕਾਵਿ ਸੰਗ੍ਰਹਿ) ਜੈ ਪਾਲ
ਪੰਨੇ 104, ਮੁੱਲ 150 ਰੁਪਏ, ਲੋਕ ਗੀਤ ਪ੍ਰਕਾਸ਼ਨ, ਸੈਕਟਰ 34-ਏ, ਚੰਡੀਗੜ੍ਹ

**ਤ੍ਰੈਕਾਲ ਤੇ ਤ੍ਰਿਵੇਣੀ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104+104, ਮੁੱਲ 200 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਪ੍ਰਕਰਮਾਂ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਆਧੁਨਿਕ ਵਿਸ਼ਵ** (ਇਕ ਲੰਬੀ ਕਵਿਤਾ) ਚਰਨ ਸਿੰਘ
ਪੰਨੇ 274, ਮੁੱਲ 200 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਅਨੁਭਵ ਤੇ ਪ੍ਰਛਾਵੇਂ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104+104, ਮੁੱਲ 200 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਦੀਵੇ ਜਗਦੇ ਨੈਣ** (ਅਗ਼ਜ਼ਲ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਰਿਸ਼ਮਾਂ ਤੇ ਦਰਪਣ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104+104, ਮੁੱਲ 200 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਅੰਤਰੀਵ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਸੂਰਜ ਤੇ ਕਿਰਨਾਂ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਤੁਪਕਾ ਤੁਪਕਾ ਸੂਰਜ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਪੰਜਾਬ ਬੁੱਕ ਸੈਂਟਰ, ਸੈਕਟਰ 22, ਚੰਡੀਗੜ੍ਹ

**ਮੁੜ੍ਹਕੋ ਮੁੜ੍ਹਕੀ ਪੌਣ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

**ਬਿੰਦੂ ਤੇ ਦਾਇਰੇ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

**ਵਿਪਰੀਤ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 104, ਮੁੱਲ 130 ਰੁਪਏ, ਤਰਲੋਚਨ ਪਬਲਿਸ਼ਰਜ਼, ਸੈਕਟਰ 15-ਡੀ, ਚੰਡੀਗੜ੍ਹ

**ਗਗਨ ਮੇਂ ਥਾਲੁ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 120, ਮੁੱਲ 125 ਰੁਪਏ, ਕੁਕਨਸ ਪ੍ਰਕਾਸ਼ਨ, ਜਲੰਧਰ

**ਸ਼ੀਸ਼ੇ ਵਿਚਲਾ ਸੂਰਜ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 120, ਮੁੱਲ 125 ਰੁਪਏ, ਕੁਕਨਸ ਪ੍ਰਕਾਸ਼ਨ, ਜਲੰਧਰ

**ਰੁੱਖ ਤੇ ਜੰਗਲ** (ਕਾਵਿ ਸੰਗ੍ਰਹਿ) ਚਰਨ ਸਿੰਘ
ਪੰਨੇ 120, ਮੁੱਲ 125 ਰੁਪਏ, ਕੁਕਨਸ ਪ੍ਰਕਾਸ਼ਨ, ਜਲੰਧਰ

**ਮੇਰੇ ਮੱਥੇ ਦਾ ਸਮੁੰਦਰ** (ਕਾਵਿ ਸੰਗ੍ਰਹਿ) ਪ੍ਰੋ, ਹਰਬੰਸ ਸਿੰਘ
ਪੰਨੇ 69, ਮੁੱਲ 100 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**17 ਰਾਨਡੇ ਰੋਡ** (ਨਾਵਲ) ਰਵਿੰਦਰ ਕਾਲੀਆ, ਅਨੁਵਾਦ: ਤਰਸੇਮ
ਪੰਨੇ 304, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, ਖ-24,ਹੌਜ਼ ਖਾਸ, ਨਵੀਂ ਦਿੱਲੀ

**ਲਿਖਤ ਪੜ੍ਹਤ** (ਵਾਰਤਕ) ਅਮਰਜੀਤ ਚੰਦਨ
ਪੰਨੇ 138, ਮੁੱਲ 125 ਰੁਪਏ, ਨਵਯੁਗ ਪਬਲਿਸ਼ਰਜ਼, ਖ-24,ਹੌਜ਼ ਖਾਸ, ਨਵੀਂ ਦਿੱਲੀ

**ਭਾਰਤੀ ਲੋਕਰਾਜ-ਇਤਿਹਾਸਕ ਪਰਿਪੇਖ** (ਵਾਰਤਕ) ਪ੍ਰੋ. ਕੇ. ਸੀ. ਸ਼ਰਮਾ
ਪੰਨੇ 152, ਮੁੱਲ 100 ਰੁਪਏ, ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ❑❑



'ਸ਼ਗਨ', 'ਸਫਰ ਤੇ ਸੂਰਜ', 'ਗੁੰਗਾ ਦਰਦ', 'ਆਵਾਜ਼'
'ਹੁਣ ਧੀਆਂ ਦੀ ਵਾਰੀ' ਅਤੇ 'ਦੋਸਤੀ ਦੀ ਰੁੱਤ' ਦੇ ਰਚੇਤਾ
ਪ੍ਰੌਢ ਕਾਵਿ ਚੇਤਨਾ ਵਾਲੇ ਕਵੀ ਸੁਰਿੰਦਰ ਗਿੱਲ ਦਾ ਨਵਾਂ ਕਾਵਿ ਸੰਗ੍ਰਹਿ




ਫੋਕੇ ਗੀਤ ਨਾ ਗਾਈਏ
ਆਓ ਗੀਤ ਜੂਨ ਹੰਢਾਈਏ
ਆਓ ਕਵਿਤਾ ਜੀਵੀਏ।

ਇਕ ਉਮਰ
ਇਕ ਲੋਰ ਖੁਮਾਰੀ
ਟੇਪਾ ਟੇਪਾ ਪੀਵੀਏ।

ਪੰਨੇ 104 ਮੁੱਲ 150 ਰੁਪਏ

ਪਰੰਪਰਾ ਪਬਲਿਸ਼ਿੰਗ ਹਾਊਸ, ਚੰਡੀਗੜ੍ਹ

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ : ਰਘਬੀਰ ਸਿੰਘ ਪ੍ਰਕਾਸ਼ਨ ਮਿਤੀ : 1 ਜੁਲਾਈ, 2013

**SIRJANA** Literary Punjabi Quarterly Chandigarh

No. 169 July-September 2013

Registered with the Registrar of Newspapers for India vide R.N. 10215/65

## ਦੁਨੀਆਂ ਭਰ ਦੇ ਨਾਮਵਰ ਦਾਸ਼ਨਿਕਾਂ, ਚਿੰਤਕਾਂ, ਵਿਗਿਆਨੀਆਂ ਤੇ ਸਾਹਿਤਕਾਰਾਂ ਦੇ ਰੱਬ ਦੀ ਹੋਂਦ/ਅਣਹੋਂਦ ਬਾਰੇ ਕਥਨਾਂ ਦਾ ਸਾਧੂ ਬਿਨਿੰਗ ਵੱਲੋਂ ਕੀਤਾ ਅਨੁਵਾਦ ਤੇ ਸੰਗ੍ਰਹਿ




ਪਿਛਲੇ ਸਮੇਂ ਦੌਰਾਨ ਕਾਫੀ ਕੁਝ ਅਜਿਹਾ ਛਪਿਆ ਹੈ ਜਿਸ ਦੇ ਅਧਿਐਨ ਨਾਲ ਸਮਾਜ ਨੂੰ ਤਰਕਵਾਦੀ ਲੀਹਾਂ 'ਤੇ ਤੋਰਿਆਂ ਜਾ ਸਕਦਾ ਹੈ। ਹੱਥਲੀ ਪੁਸਤਕ ਵੀ ਇਸੇ ਤਰ੍ਹਾਂ ਦੀ ਇਕ ਹੋਰ ਕੋਸ਼ਿਸ਼ ਹੈ। ਇਸ ਰਾਹੀਂ ਜਿੱਥੇ ਨਾਸਤਿਕਤਾ, ਵਿਗਿਆਨਕ ਸੂਝ ਅਤੇ ਪਹੁੰਚ ਬਾਰੇ ਵੱਖ-ਵੱਖ ਚਿੰਤਕਾਂ ਦੀਆਂ ਉਕਤੀਆਂ ਪਾਠਕ ਨੂੰ ਨਵੀਂ ਸੂਝ ਪ੍ਰਦਾਨ ਕਰਨਗੀਆਂ, ਉਥੇ ਇਸ ਗੱਲ ਦੀ ਆਸ ਵੀ ਕੀਤੀ ਜਾ ਸਕਦੀ ਹੈ ਕਿ ਇਸ ਨਾਲ ਪੰਜਾਬੀ ਲੇਖਕਾਂ ਤੇ ਚਿੰਤਕਾਂ ਨੂੰ ਵਿਗਿਆਨਕ ਸੂਝ ਦੇ ਪਾਸਾਰ ਲਈ ਲੋੜੀਂਦਾ ਹੌਂਸਲਾ ਵੀ ਮਿਲੇਗਾ।

ਪੰਨੇ 172 ਸੁੰਦਰ ਦਿੱਖ ਮੁੱਲ 225 ਰੁਪਏ

ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ